ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

13-19 ਅਗਸਤ 2025

ਸਾਲ 16ਵਾਂ - ਅੰਕ 33



email : info@sadelok.com

Ph. : 510-706-1300

Fax : 925-373-1300





(ਦੇਖੋ ਸਫ਼ਾ 29 'ਤੇ)

## ਸਿੰਘ ਸਾਹਿਬ ਭਾਈ ਹਰਪਾਲ ਸਿੰਘ ਫਤਹਿਗੜ੍ਹ ਸਾਹਿਬ ਵਾਲਿਆਂ ਦਾ ਅਮਰੀਕਨ ਪਾਰਲੀਮੈਂਟ 'ਚ ਵਿਸ਼ੇਸ਼ ਸਨਮਾਨ



ਫਤਿਹਗੜ੍ਹ ਸਾਹਿਬ : ਬੀਤੇ ਦਿਨੀਂ ਅਮਰੀਕਨ ਪਾਰਲੀਮੈਂਟ ਹਾਊਸ ਵੱਲੋਂ ਭਾਈ ਸਾਹਿਬ ਭਾਈ ਹਰਪਾਲ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਫਤਹਿਗੜ੍ਹ ਸਾਹਿਬ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮਾਤਾ ਗੁਜਰੀ ਜੀ ਦੀਆਂ ਮਹਾਨ ਕੁਰਬਾਨੀਆਂ ਅਤੇ ਸਫ਼ਰ ਏ ਸ਼ਹਾਦਤ ਨੂੰ ਅਮਰੀਕਨ ਪਾਰਲੀਮੈਂਟ ਹਾਊਸ ਵਿਚ ਸਨਮਾਨ ਸਹਿਤ ਦਰਜ ਕਰਨ ਉਪਰੰਤ ਸਫ਼ਰ ਏ ਸ਼ਹਾਦਤ ਲਹਿਰ ਚਲਾ ਕੇ

(ਦੇਖੋ ਸਫ਼ਾ 11 'ਤੇ)

## ਪੰਜਾਬ ਦੀ ਪਹਿਚਾਣ ਬਦਲਣ ਵਾਲੀ ਲੈਂਡ ਪੂਲਿੰਗ ਸਕੀਮ ਦਾ ਨੋਟੀਫਿਕੇਸ਼ਨ ਰੱਦ

ਚੰਡੀਗੜ੍ਹ : ਪੰਜਾਬ 'ਚ ਕਿਸਾਨਾਂ ਦੀ ਵੱਡੀ ਜਿੱਤ ਹੋਈ ਹੈ। ਦਅਰਸਲ ਪੰਜਾਬ ਕੈਬਨਿਟ ਨੇ ਲੈਂਡ ਪੂਲਿੰਗ ਸਕੀਮ ਦਾ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਗਿਆ ਹੈ। ਦੱਸ ਦਈਏ ਕਿ ਬੀਤੀ 11 ਅਗਸਤ ਨੂੰ ਸਰਕਾਰ ਵੱਲੋਂ ਕਿਸਾਨਾਂ ਅਤੇ ਵਿਰੋਧੀ ਪਾਰਟੀਆਂ ਦੇ ਭਾਰੀ ਵਿਰੋਧ ਦੇ ਚੱਲਦੇ ਸਕੀਮ ਨੂੰ ਵਾਪਸ ਲੈ ਲਿਆ ਸੀ। ਸ਼੍ਰੋਮਣੀ ਅਕਾਲੀ ਦਲ ਨੇ ਵੀ ਲੈਂਡ ਪੂਲਿੰਗ ਖਿਲਾਫ਼ ਵੱਡੇ ਪੱਧਰ 'ਤੇ ਸੰਘਰਸ਼ ਵਿੱਢਿਆ ਸੀ। ਮਿਲੀ ਜਾਣਕਾਰੀ ਮੁਤਾਬਿਕ ਪੰਜਾਬ ਸਰਕਾਰ ਦੀ ਕੈਬਨਿਟ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਹੈ। ਸਰਕਾਰ ਨੇ ਲੈਂਡ ਪੂਲਿੰਗ ਨੀਤੀ ਨੂੰ ਡੀਨੋਟੀਫਾਈ ਕਰ ਦਿੱਤਾ ਹੈ। ਇਹ ਮੀਟਿੰਗ ਚੰਡੀਗੜ੍ਹ ਸਥਿਤ ਮੁੱਖ

(ਦੇਖੋ ਸਫ਼ਾ 26 'ਤੇ)







## ਅਮਰੀਕਾ 'ਚ ਸਿੱਖ ਬਜ਼ੁਰਗ 'ਤੇ ਜਾਨਲੇਵਾ ਹਮਲਾ



ਲਾਸ ਏਂਜਲਸ/ਸੈਕਰਾਮੈਂਟੋ : ਉੱਤਰੀ ਹਾਲੀਵੁੱਡ, ਲਾਸ ਏਂਜਲਸ ਪੁਲਿਸ ਲੰਕਰਸ਼ਿਮ ਬੁਲੇਵਾਰਡ ਤੇ ਗੁਰਦੁਆਰਾ ਸਾਹਿਬ ਦੇ ਨੇੜੇ ਸਟੋਰ ਦੇ ਬਾਹਰ ਇਕ 70 ਸਾਲ ਦੇ ਬਜ਼ੁਰਗ ਸਿੱਖ 'ਤੇ ਬੇਰਹਿਮੀ ਨਾਲ ਹਮਲਾ ਕੀਤੇ ਜਾਣ ਤੋਂ ਬਾਅਦ ਇਸ ਘਟਨਾ ਨੂੰ ਇਕ ਸਾਫ਼ ਨਫ਼ਰਤੀ ਅਪਰਾਧ ਵਜੋਂ ਵੇਖਦਿਆਂ ਸਥਾਨਕ ਪੁਲਿਸ ਵਲੋਂ ਜਾਂਚ ਕੀਤੀ ਜਾ ਰਹੀ ਹੈ। ਇਸ ਨਸਲੀ ਹਮਲੇ 'ਚ ਬੁਰੀ ਤਰ੍ਹਾਂ ਲਹੂ-ਲੁਹਾਣ ਹੋਇਆ ਭਾਰਤੀ ਮੂਲ ਦਾ ਹਰਪਾਲ ਸਿੰਘ ਅਮਰੀਕੀ ਨਾਗਰਿਕ ਹੈ ਜੋ ਹਮਲੇ ਤੋਂ ਬਾਅਦ ਪ੍ਰੋਵੀਡੈਂਸ ਹੋਲੀ ਕਰਾਸ ਮੈਡੀਕਲ

**ਇਹ ਤਾਂ ਚੌਂਕਾਣ ਵਾਲੀ ਅਤੇ ਮੰਦਭਾਗੀ ਗੱਲ ਹੈ ਕਿ ਲਾਸ ਏਂਜਲਸ ਪੁਲਿਸ ਨੇ ਅਜੇ ਤੱਕ ਇਸ ਮਾਮਲੇ 'ਚ ਨਫ਼ਰਤੀ ਅਪਰਾਧ (Hatecrime) ਕੇਸ ਦਰਜ ਨਹੀਂ ਕੀਤਾ। -ਸਮਝ ਤੋਂ ਪਰੇ ਹੈ ਕਿ ਪੁਲਿਸ ਅਜਿਹੇ ਭਿਆਨਕ ਹਮਲੇ 'ਚ ਕਿਵੇਂ ਫ਼ੈਸਲਾ ਕਰ ਸਕਦੀ ਹੈ ਕਿ ਇਹ ਨਫ਼ਰਤੀ ਜੁਰਮ ਨਹੀਂ।**

(ਦੇਖੋ ਸਫ਼ਾ 5 'ਤੇ)

## ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਉਪ ਕੁਲਪਤੀ ਪ੍ਰੋ. ਕਰਮਜੀਤ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ



ਅੰਮ੍ਰਿਤਸਰ: ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਉਪ ਕੁਲਪਤੀ ਪ੍ਰੋਫੈਸਰ ਕਰਮਜੀਤ ਸਿੰਘ ਨੂੰ ਉਨ੍ਹਾਂ ਵਲੋਂ ਦੱਖਣ ਭਾਰਤ ਵਿਚ ਹੋਏ ਇਕ

(ਦੇਖੋ ਸਫ਼ਾ 31 'ਤੇ)

## ਗਿਆਨੀ ਹਰਪ੍ਰੀਤ ਸਿੰਘ ਬਣੇ ਨਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ

### ਬੀਬੀ ਸਤਵੰਤ ਕੌਰ ਨੂੰ ਪੰਥਕ ਕੌਂਸਲ ਦੀ ਚੇਅਰਪਰਸਨ ਬਣਾਇਆ



ਅੰਮ੍ਰਿਤਸਰ : 2 ਦਸੰਬਰ, 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਬਣਾਈ ਗਈ 5 ਮੈਂਬਰੀ (ਪਹਿਲਾਂ 7 ਮੈਂਬਰੀ) ਭਰਤੀ ਕਮੇਟੀ ਵਲੋਂ ਆਰੰਭੀ ਚੋਣ ਪ੍ਰਕਿਰਿਆ ਦੇ ਆਖਰੀ ਪੜਾਅ 'ਤੇ ਪ੍ਰਧਾਨ ਦੀ ਚੋਣ ਲਈ ਸਥਾਨਕ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਵਿਖੇ ਕਰਵਾਏ ਗਏ ਵਿਸ਼ਾਲ ਡੈਲੀਗੇਟ ਇਜਲਾਸ ਦੌਰਾਨ ਹਾਜ਼ਰ ਡੈਲੀਗੇਟਸ ਵਲੋਂ ਸਰਬਸੰਮਤੀ ਨਾਲ ਜੈਕਾਰਿਆਂ ਦੀ ਗੂੰਜ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ।

(ਦੇਖੋ ਸਫ਼ਾ 22-23 'ਤੇ)




Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigration Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

BHHS
CJ Singh
License # 24012019
Real Estate Broker
NORTHWEST REAL ESTATE
BERKSHIRE HATHAWAY
HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
ESQ, Abogado
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property






Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ’ਚ ਇੱਕ ਹੋਰ ਹਿੰਦੂ ਮੰਦਰ ’ਤੇ ‘ਹਮਲਾ’ ! ਸਵਾਮੀਨਾਰਾਇਣ ਮੰਦਿਰ ਦੀ ਕੀਤੀ ਬੇਅਦਬੀ

ਵਾਸ਼ਿੰਗਟਨ : ਇੱਕ ਵਾਰ ਫਿਰ ਅਮਰੀਕਾ ਦੇ ਅੰਦਰ ਇੱਕ ਹਿੰਦੂ ਮੰਦਰ ਨਸਲੀ ਨਫ਼ਰਤ ਦਾ ਸ਼ਿਕਾਰ ਹੋ ਗਿਆ ਹੈ। ਇਸ ਵਾਰ ਅਮਰੀਕਾ ਦੇ ਇੰਡੀਆਨਾ ਰਾਜ ਦੇ ਗ੍ਰੀਨਵੁੱਡ ਵਿੱਚ ਬੋਚਾਸਨਵਾਸੀ ਸ਼੍ਰੀ ਅਕਸ਼ਰ ਪੁਰਸ਼ੋਤਮ ਸਵਾਮੀਨਾਰਾਇਣ ਸੰਸਥਾ (BAPS) ਸਵਾਮੀਨਾਰਾਇਣ ਮੰਦਰ ਦੇ ਮੁੱਖ ਸਾਈਨ ਬੋਰਡ ਨਾਲ ਛੇੜਛਾੜ ਕੀਤੀ ਗਈ ਹੈ, ਇਸ ’ਤੇ ਸਪ੍ਰੇ ਪੇਂਟ ਨਾਲ ਭਾਰਤ ਵਿਰੋਧੀ ਗੱਲਾਂ ਲਿਖੀਆਂ ਗਈਆਂ ਹਨ।




ਅਮਰੀਕਾ ਦੇ ਸ਼ਿਕਾਗੋ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਇਸ ਘਟਨਾ ਦੀ ਨਿੰਦਾ ਕੀਤੀ ਹੈ ਅਤੇ ਲਿਖਿਆ ਹੈ ਕਿ ਗ੍ਰੀਨਵੁੱਡ, ਇੰਡੀਆਨਾ ਵਿੱਚ ਬੀਏਪੀਐਸ ਸਵਾਮੀਨਾਰਾਇਣ ਮੰਦਰ ਦੇ ਮੁੱਖ ਸਾਈਨ ਬੋਰਡ ਦੀ ਬੇਅਦਬੀ ਨਿੰਦਣਯੋਗ ਹੈ।

ਕੌਂਸਲੇਟ ਜਨਰਲ ਨੇ ਆਪਣੀ ਐਕਸ ਪੋਸਟ ਵਿੱਚ ਲਿਖਿਆ ਕਿ ਕੌਂਸਲੇਟ ਭਾਈਚਾਰੇ ਦੇ ਸੰਪਰਕ ਵਿੱਚ ਹੈ ਅਤੇ ਤੁਰੰਤ ਕਾਰਵਾਈ ਲਈ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਕੋਲ ਮਾਮਲਾ ਉਠਾਇਆ ਹੈ। ਅੱਜ ਕੌਂਸਲ ਜਨਰਲ ਨੇ ਗ੍ਰੀਨਵੁੱਡ ਦੇ ਮਾਨਯੋਗ ਮੇਅਰ ਸਮੇਤ ਸ਼ਰਧਾਲੂਆਂ ਅਤੇ ਸਥਾਨਕ ਲੀਡਰਸ਼ਿਪ ਦੇ ਇਕੱਠ ਨੂੰ ਸੰਬੋਧਨ ਕੀਤਾ, ਜਿਸ ਵਿੱਚ ਸ਼ਰਾਰਤੀ ਅਨਸਰਾਂ ਵਿਰੁੱਧ ਏਕਤਾ, ਏਕਤਾ ਅਤੇ ਚੌਕਸੀ ਦੀ ਮੰਗ ਕੀਤੀ ਗਈ।

ਇੰਸਟਾਗ੍ਰਾਮ ’ਤੇ ਇੱਕ ਪੋਸਟ ਵਿੱਚ ਬੀਏਪੀਐਸ ਪਬਲਿਕ ਅਫੇਅਰਜ਼ ਨੇ ਕਿਹਾ ਕਿ ਤਾਜ਼ਾ ਘਟਨਾ ਨੇ ਭਾਈਚਾਰੇ ਦੇ ਧਰਮ-ਵਿਰੋਧੀ ਵਿਵਹਾਰ ਵਿਰੁੱਧ ਇੱਕਜੁੱਟ ਹੋਣ ਦੇ ਇਰਾਦੇ ਨੂੰ ਮਜ਼ਬੂਤ ਕੀਤਾ ਹੈ। ਸੰਗਠਨ ਨੇ ਪੋਸਟ ਕੀਤਾ ਕਿ ਇੱਕ ਸਾਲ ਤੋਂ ਵੀ ਘੱਟ ਸਮੇਂ ਵਿੱਚ ਚੌਥੀ ਵਾਰ, ਸਾਡੇ ਮੰਦਰ ਨੂੰ ਇੱਕ ਨਫ਼ਰਤ ਭਰੇ ਕੰਮ ਦੁਆਰਾ ਅਪਵਿੱਤਰ ਕੀਤਾ ਗਿਆ ਹੈ। ਗ੍ਰੀਨਵੁੱਡ ਆਈਐਨ ਵਿੱਚ ਬੀਏਪੀਐਸ ਮੰਦਰ ਵਿਰੁੱਧ ਹਿੰਦੂ-ਵਿਰੋਧੀ ਨਫ਼ਰਤ ਅਪਰਾਧ ਨੇ ਸਾਡੇ ਭਾਈਚਾਰੇ ਦੇ ਇਰਾਦੇ ਨੂੰ ਹੋਰ ਵੀ ਮਜ਼ਬੂਤ ਕੀਤਾ ਹੈ ਅਤੇ ਅਸੀਂ ਧਰਮ-ਵਿਰੋਧੀ ਵਿਵਹਾਰ ਵਿਰੁੱਧ ਆਪਣੇ ਸਟੈਂਡ ਵਿੱਚ ਇੱਕਜੁੱਟ ਹਾਂ।

ਅਮਰੀਕੀ ਕਾਂਗਰਸਮੈਨ ਟੌਮ ਸੁਓਜ਼ੀ ਨੇ ਵੀ ਮੰਦਰ ਨੂੰ ਅਪਵਿੱਤਰ ਕਰਨ ਦੀ ਕੋਸ਼ਿਸ਼ ਦੀ ਨਿੰਦਾ ਕੀਤੀ ਹੈ। ਸੁਓਜ਼ੀ ਨੇ ਲੋਕਾਂ ਨੂੰ ਨਫ਼ਰਤ ਅਤੇ ਕੱਟੜਤਾ ਤੋਂ ਛੁਟਕਾਰਾ ਪਾਉਣ ਲਈ ਕਿਹਾ।

ਅਮਰੀਕਾ ਵਿੱਚ ਹਿੰਦੂ ਮੰਦਰਾਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਿਸਦੀ ਭਾਰਤੀ ਅਧਿਕਾਰੀਆਂ ਅਤੇ ਭਾਈਚਾਰਕ ਸੰਗਠਨਾਂ ਦੁਆਰਾ ਸਖ਼ਤ ਨਿੰਦਾ ਕੀਤੀ ਗਈ ਹੈ। ਇਸ ਸਾਲ ਦੇ ਸ਼ੁਰੂ ਵਿੱਚ, 9 ਮਾਰਚ ਨੂੰ, ਭਾਰਤ ਨੇ ਕੈਲੀਫੋਰਨੀਆ, ਅਮਰੀਕਾ ਵਿੱਚ ਇੱਕ ਹਿੰਦੂ ਮੰਦਰ ਦੀ ਬੇਅਦਬੀ ਦੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਸੀ।

ਇਸੇ ਤਰ੍ਹਾਂ, ਲਾਸ ਏਂਜਲਸ ਵਿੱਚ ਕੁਝ ਦਿਨ ਪਹਿਲਾਂ, ਕੈਲੀਫੋਰਨੀਆ ਦੇ ਚਿਨੋ ਹਿਲਜ਼ ਵਿੱਚ ਸਥਿਤ ਇੱਕ BAPS ਹਿੰਦੂ ਮੰਦਰ ਨੂੰ ਅਪਵਿੱਤਰ ਸੰਦੇਸ਼ਾਂ ਨਾਲ ਨੁਕਸਾਨ ਪਹੁੰਚਾਇਆ ਗਿਆ ਸੀ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

Get more BENEFITS at No Cost $0 Premium







Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com




Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences



ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ ’ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ ’ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ ’ਚ ਬਦਲਾਂਗੇ।



S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS



## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਅਮਰੀਕਾ ’ਚ ਸਿੱਖ ਬਜ਼ੁਰਗ ’ਤੇ ਜਾਨਲੇਵਾ ਹਮਲਾ

**ਇਹ ਤਾਂ ਚੌਂਕਾਣ ਵਾਲੀ ਅਤੇ ਮੰਦਭਾਗੀ ਗੱਲ ਹੈ ਕਿ ਲਾਸ ਏਂਜਲਸ ਪੁਲਿਸ ਨੇ ਅਜੇ ਤੱਕ ਇਸ ਮਾਮਲੇ ’ਚ ਨਫ਼ਰਤੀ ਅਪਰਾਧ (Hatecrime) ਕੇਸ ਦਰਜ ਨਹੀਂ ਕੀਤਾ। -ਸਮਝ ਤੋਂ ਪਰੇ ਹੈ ਕਿ ਪੁਲਿਸ ਅਜਿਹੇ ਭਿਆਨਕ ਹਮਲੇ ’ਚ ਕਿਵੇਂ ਫ਼ੈਸਲਾ ਕਰ ਸਕਦੀ ਹੈ ਕਿ ਇਹ ਨਫ਼ਰਤੀ ਜੁਰਮ ਨਹੀਂ।**





ਸਾਨ ਫਰਾਂਸਿਸਕੋ/ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਉੱਤਰੀ ਹਾਲੀਵੁੱਡ, ਲਾਸ ਏਂਜਲਸ ਪੁਲਿਸ ਲੰਕਰਸ਼ਿਮ ਬੁਲੇਵਾਰਡ ਤੇ ਗੁਰਦੁਆਰਾ ਸਾਹਿਬ ਦੇ ਨੇੜੇ ਸਟੋਰ ਦੇ ਬਾਹਰ ਇਕ 70 ਸਾਲ ਦੇ ਬਜ਼ੁਰਗ ਸਿੱਖ ’ਤੇ ਬੇਰਹਿਮੀ ਨਾਲ ਹਮਲਾ ਕੀਤੇ ਜਾਣ ਤੋਂ ਬਾਅਦ ਇਸ ਘਟਨਾ ਨੂੰ ਇਕ ਸਾਫ਼ ਨਫ਼ਰਤੀ ਅਪਰਾਧ ਵਜੋਂ ਵੇਖਦਿਆਂ ਸਥਾਨਕ ਪੁਲਿਸ ਵਲੋਂ ਜਾਂਚ ਕੀਤੀ ਜਾ ਰਹੀ ਹੈ। ਇਸ ਨਸਲੀ ਹਮਲੇ ’ਚ ਬੁਰੀ ਤਰ੍ਹਾਂ ਲਹੂ-ਲੁਹਾਣ ਹੋਇਆ ਭਾਰਤੀ ਮੂਲ ਦਾ ਹਰਪਾਲ ਸਿੰਘ ਅਮਰੀਕੀ ਨਾਗਰਿਕ ਹੈ ਜੋ ਹਮਲੇ ਤੋਂ ਬਾਅਦ ਪ੍ਰੋਵੀਡੈਂਸ ਹੋਲੀ ਕਰਾਸ ਮੈਡੀਕਲ ਸੈਂਟਰ ਵਿਚ ਗੰਭੀਰ ਹਾਲਤ ’ਚ ਜ਼ੇਰੇ ਇਲਾਜ ਹੈ। ਪਰਿਵਾਰਕ ਮੈਂਬਰਾਂ ਅਨਸਾਰ ਉਸ ਦੇ ਸਿਰ ਅਤੇ ਚਿਹਰੇ ਦੀਆਂ ਗੰਭੀਰ ਸੱਟਾਂ ਦੇ ਇਲਾਜ ਲਈ ਘੱਟੋ-ਘੱਟ ਤਿੰਨ ਸਰਜਰੀਆਂ ਹੋਈਆਂ ਹਨ, ਜਿਸ ਵਿਚ ਦਿਮਾਗ ’ਚੋਂ ਖ਼ੂਨ ਵਹਿਣਾ ਅਤੇ ਅੱਖਾਂ ਦੀ ਸਰਜਰੀ ਸ਼ਾਮਲ ਹੈ। ਉਹ ਆਈ.ਸੀ.ਯੂ. ਵਿਚ ਬੇਹੋਸ਼ੀ ਦੀ ਹਾਲਤ ’ਚ ਹੈ। ਪੁਲਿਸ ਸੂਤਰਾਂ ਅਨੁਸਾਰ ਹਮਲਾ ਦੁਪਹਿਰ 3 ਵਜੇ ਦੇ ਕਰੀਬ ਹੋਇਆ ਜਦੋਂ ਹਰਪਾਲ ਸਿੰਘ ਨੂੰ ਇਕ ਸਾਈਕਲ ਸਵਾਰ ਵਿਅਕਤੀ ਨੇ ਹਿੰਸਕ ਢੰਗ ਨਾਲ ਬੁਰੀ ਤਰ੍ਹਾਂ ਕੁੱਟਿਆ। ਇਕ ਗਵਾਹ ਨੇ ਹਮਲੇ ਨੂੰ ਦੇਖਣ ਦੀ ਰਿਪੋਰਟ ਦਿੱਤੀ ਪਰ ਅਜੇ ਤੱਕ ਕੋਈ ਸਪੱਸ਼ਟ ਸ਼ੱਕੀ ਬਾਰੇ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ। ਪੁਲਿਸ ਸੀ.ਸੀ.ਟੀ ਵੀ ਕੈਮਰਿਆਂ ਦੀ ਮਦਦ ਨਾਲ ਮੁਲਜ਼ਮ ਤੱਕ ਪਹੁੰਚਣ ਲਈ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ। ਹਰਪਾਲ ਸਿੰਘ ਸਥਾਨਕ ਸਿੱਖ ਭਾਈਚਾਰੇ ਦੇ ਇਕ ਸ਼ਾਂਤ ਸਮਰਪਿਤ ਮੈਂਬਰ ਵਜੋਂ ਜਾਣੇ ਜਾਂਦੇ ਹਨ ਜੋ ਲੰਕਰਸ਼ਿਮ ਗੁਰਦੁਆਰੇ ਵਿਚ ਰਹਿੰਦੇ ਸਨ, ਜਿੱਥੇ ਉਹ ਲੰਗਰ ਤੇ ਪਾਠ ਦੀ ਸੇਵਾ ਕਰਦੇ ਸਨ। ਇਸ ਦੌਰਾਨ, ਸਿੱਖ ਕੋਲੀਸ਼ਨ ਤੇ ਇਕ ਰਾਸ਼ਟਰੀ ਵਕਾਲਤ ਸਮੂਹ ਦੇ ਬੁਲਾਰੇ ਨੇ ਕਿਹਾ ਕਿ ਇਸ ਘਟਨਾ ਨਾਲ ਸਿੱਖ ਭਾਈਚਾਰਾ ਸਦਮੇ ’ਚ ਹੈ। ਉਨ੍ਹਾਂ ਹਮਲੇ ਨੂੰ ਇਕ ਸਪਸ਼ਟ ਨਫ਼ਰਤ-ਪ੍ਰੇਰਿਤ ਘਟਨਾ ਦੱਸਿਆ। ਪੁਲਿਸ ਸਰਗਰਮੀ ਨਾਲ ਸੁਰਾਗਾਂ ਦੀ ਭਾਲ ਵਿਚ ਲੱਗੀ ਹੋਈ ਹੈ ਅਤੇ ਹਮਲਾਵਰ ਬਾਰੇ ਜਾਣਕਾਰੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ ਲਾਸ ਏਂਜਲਸ ਪੁਲਿਸ ਵਿਭਾਗ ਨਾਲ ਸੰਪਰਕ ਕਰਨ ਲਈ ਕਿਹਾ ਗਿਆ ਹੈ।

ਇਸੇ ਦੌਰਾਨ ਲਾਸ ਏਂਜਲਸ ਪੁਲਿਸ ਵਿਭਾਗ (LAPD) ਨੇ ਜਾਣਕਾਰੀ ਦਿੱਤੀ ਹੈ ਕਿ ਬਜ਼ੁਰਗ ਸਿੱਖ ਹਰਪਾਲ ਸਿੰਘ ਜੀ ’ਤੇ ਹੋਏ ਬੇਰਹਿਮ ਹਮਲੇ ਦੇ ਮਾਮਲੇ ’ਚ ਇੱਕ ਸ਼ੱਕੀ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਹਾਲਾਂਕਿ, ਇਸ ਵੇਲੇ LAPD ਇਸ ਮਾਮਲੇ ਦੀ ਜਾਂਚ ਨਫਰਤੀ ਅਪਰਾਧ (Hate Crime) ਵਜੋਂ ਨਹੀਂ ਕਰ ਰਹੀ।

ਯਾਦ ਰਹੇ, ਹਰਪਾਲ ਸਿੰਘ ਜੀ ’ਤੇ ਪਿਛਲੇ ਸੋਮਵਾਰ 4 ਅਗਸਤ ਨੂੰ ਉਸ ਵੇਲੇ ਹਮਲਾ ਕੀਤਾ ਗਿਆ ਜਦੋਂ ਉਹ ਲਾਸ ਏਂਜਲਸ ਸਿੱਖ ਗੁਰਦੁਆਰੇ ਦੇ ਨੇੜੇ ਆਪਣੀ ਰੋਜ਼ਾਨਾ ਦੀ ਸੈਰ ਕਰ ਰਹੇ ਸਨ। ਇਸ ਹਮਲੇ ’ਚ ਉਹਨਾਂ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਹ ਅਜੇ ਵੀ ਨਾਜ਼ੁਕ ਹਾਲਤ ਵਿੱਚ ਹਸਪਤਾਲ ਵਿੱਚ ਦਾਖ਼ਲ ਹਨ।

**ਸਿੱਖ ਕੋਅਲੀਸ਼ਨ ਦਾ ਸਟੈਂਡ**

ਸਿੱਖ ਕੋਅਲੀਸ਼ਨ ਨੇ ਕਿਹਾ ਹੈ ਕਿ ਇਸ ਮੰਚ ‘ਤੇ ਇਹ ਕਹਿਣਾ ਕਿ ਇਹ Hate Crime ਨਹੀਂ ਸੀ, ਸੰਭਵ ਨਹੀਂ ਹੈ। ਸ਼ੱਕੀ ਵਿਅਕਤੀ ਨੂੰ ਗ੍ਰਿਫ਼ਤਾਰ ਹੋਏ 24 ਘੰਟੇ ਤੋਂ ਘੱਟ ਸਮਾਂ ਹੋਇਆ ਹੈ ਅਤੇ ਹਰਪਾਲ ਸਿੰਘ ਜੀ ਬੇਹੋਸ਼ ਹੋਣ ਕਰਕੇ ਅਜੇ ਤੱਕ ਪੇਸ਼ੇਵਰ ਅਨੁਵਾਦ ਸਹਾਇਤਾ ਨਾਲ ਪੁਲਿਸ ਇੰਟਰਵਿਊ ਨਹੀਂ ਦੇ ਸਕੇ। ਜਦੋਂ ਇਹ ਇੰਟਰਵਿਊ ਹੋਵੇਗਾ, ਜੇ LAPD ਫਿਰ ਵੀ ਇਹ ਮੰਨਦੀ ਹੈ ਕਿ ਇਹ Hate Crime ਨਹੀਂ ਸੀ, ਤਾਂ ਉਹਨਾਂ ਨੂੰ ਜਨਤਕ ਤੌਰ ’ਤੇ ਸਪਸ਼ਟ ਕਰਨਾ ਚਾਹੀਦਾ ਹੈ ਕਿ ਉਹਨਾਂ ਨੇ ਇਹ ਨਤੀਜਾ ਕਿਵੇਂ ਕੱਢਿਆ।

**ਪਰਿਵਾਰ ਦੀ ਪ੍ਰਤੀਕ੍ਰਿਆ**

“ਮੇਰੇ ਭਰਾ ’ਤੇ ਹੋਏ ਬੇਰਹਿਮ ਹਮਲੇ ਦੇ ਸ਼ੱਕੀ ਦੀ ਗ੍ਰਿਫ਼ਤਾਰੀ ’ਤੇ ਮੈਂ ਸ਼ੁਕਰਗੁਜ਼ਾਰ ਹਾਂ, ਪਰ ਸਾਨੂੰ ਇਹ ਵੀ ਜਾਣਨਾ ਚਾਹੀਦਾ ਹੈ ਕਿ ਇਹ ਹਮਲਾ ਕਿਉਂ Hate Crime ਨਹੀਂ ਮੰਨਿਆ ਜਾ ਰਿਹਾ, “ਡਾ. ਗੁਰਦਿਆਲ ਸਿੰਘ ਰੰਧਾਵਾ, ਹਰਪਾਲ ਸਿੰਘ ਜੀ ਦੇ ਭਰਾ ਨੇ ਕਿਹਾ।” ਇਨਸਾਫ਼ ਹੋਣਾ ਚਾਹੀਦਾ ਹੈ ਅਤੇ ਸਾਡੇ ਸਿੱਖ ਭਾਈਚਾਰੇ ਨੂੰ ਯਕੀਨ ਹੋਣਾ ਚਾਹੀਦਾ ਹੈ ਕਿ ਗੁਰਦੁਆਰੇ ਦਾ ਇਲਾਕਾ ਹਰ ਕਿਸੇ ਲਈ ਸੁਰੱਖਿਅਤ ਹੈ।

**ਸੰਗਤ ਅਤੇ ਨੇਤਾਵਾਂ ਦੀ ਹਾਜ਼ਰੀ**

ਨਾਰਥ ਹਾਲੀਵੁੱਡ ਵਿੱਚ ਸਿੱਖ ਕੋਅਲੀਸ਼ਨ ਵੱਲੋਂ ਹਰਪਾਲ ਸਿੰਘ ਜੀ ਦੇ ਪਰਿਵਾਰ ਦੇ ਹੱਕ ’ਚ ਇਕੱਠ ਕੀਤਾ ਗਿਆ, ਜਿਸ ’ਚ ਕਈ ਨੇਤਾਵਾਂ ਅਤੇ ਸੰਸਥਾਵਾਂ ਦੇ ਪ੍ਰਤਿਨਿਧੀਆਂ ਨੇ ਹਿੱਸਾ ਲਿਆ। ਬੋਲਣ ਵਾਲਿਆਂ ਵਿੱਚ ਡਾ. ਗੁਰਦਿਆਲ ਸਿੰਘ ਰੰਧਾਵਾ, ਕੌਂਸਲ ਮੈਂਬਰ ਐਡ੍ਰਿਨ ਨਜ਼ਾਰੀਆਂ, ਕੌਂਸਲਵੂਮਨ ਮੋਨਿਕਾ ਰੋਡਰੀਗੇਜ਼, ਕਾਂਗਰਸਮੈਨ ਸ਼ਰਮਨ ਦੇ ਸਟਾਫ਼ਰ ਸੈਰਾਹ ਮਾਰਟਿਨ, ਐਲ.ਏ. ਕਾਊਂਟੀ ਹਿਊਮਨ ਰਿਲੇਸ਼ਨਜ਼ ਕਮਿਸ਼ਨ ਦੇ ਰੋਬਿਨ ਟੋਮਾ, Stop AAPI Hate ਦੀ ਕੋ-ਫਾਊਂਡਰ ਮੰਜੂ ਕੁਲਕਰਨੀ, ਅਤੇ ਲਾਸ ਏਂਜਲਸ ਸਿੱਖ ਗੁਰਦੁਆਰੇ ਦੇ ਪ੍ਰਤਿਨਿਧੀ ਨਿਰੰਜਨ ਸਿੰਘ ਸ਼ਾਮਲ ਸਨ।

**ਅੱਗੇ ਦੀ ਕਾਰਵਾਈ**

ਸਿੱਖ ਕੋਅਲੀਸ਼ਨ ਨੇ ਕਿਹਾ ਕਿ ਜਦੋਂ ਵੀ ਮਾਮਲੇ ’ਚ ਨਵੀਂ ਜਾਣਕਾਰੀ ਮਿਲੇਗੀ, ਉਹ ਸਾਂਝੀ ਕੀਤੀ ਜਾਵੇਗੀ। ਇਸ ਸਮੇਂ, ਸਾਡੀਆਂ ਦੁਆਵਾਂ ਹਰਪਾਲ ਸਿੰਘ ਜੀ ਅਤੇ ਉਹਨਾਂ ਦੇ ਪਰਿਵਾਰ ਨਾਲ ਹਨ। ਸਿੱਖ ਕੋਅਲੀਸ਼ਨ ਹਮੇਸ਼ਾਂ ਦੀ ਤਰ੍ਹਾਂ ਸੰਗਤ ਨੂੰ ਆਪਣਾ ਧਰਮ ਨਿਡਰ ਹੋ ਕੇ ਅਦਾ ਕਰਨ ਦੀ ਅਪੀਲ ਕਰਦੀ ਹੈ।

# ਅਲਾਸਕਾ ਵਿੱਚ ਉੱਚ-ਖ਼ਤਰੇ ਵਾਲੇ ਸਿਖਰ ਸੰਮੇਲਨ ’ਚ ਟਰੰਪ-ਪੂਤਿਨ ਰਿਸ਼ਤੇ ਦੀ ਵੱਡੀ ਪਰਖ





ਅਲਾਸਕਾ (ਸਾਡੇ ਲੋਕ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਵੀ. ਪੂਤਿਨ ਬਾਰੇ ਅਕਸਰ ਨਰਮ ਰਵੱਈਆ ਰੱਖਿਆ ਹੈ। ਭਾਵੇਂ ਕਿ ਪਿਛਲੇ ਕੁਝ ਹਫ਼ਤਿਆਂ ਦੌਰਾਨ ਟਰੰਪ ਨੇ ਯੂਕਰੇਨ ਯੁੱਧ ਖ਼ਤਮ ਕਰਨ ਲਈ ਰੂਸ ਦੇ ਰਵੱਈਏ ‘ਤੇ ਨਾਰਾਜ਼ਗੀ ਜ਼ਾਹਰ ਕੀਤੀ ਹੈ, ਪਰ ਉਸ ਨੇ ਪੂਤਿਨ ਉੱਤੇ ਨਿੱਜੀ ਤੌਰ ‘ਤੇ ਕਦੇ ਵੀ ਕੜੀ ਟਿੱਪਣੀ ਨਹੀਂ ਕੀਤੀ। ਹੁਣ, ਅਲਾਸਕਾ ਵਿੱਚ ਹੋਣ ਜਾ ਰਿਹਾ ਇਹ ਉੱਚ-ਖ਼ਤਰੇ ਵਾਲਾ ਸਿਖਰ ਸੰਮੇਲਨ ਦੋਨੋਂ ਨੇਤਾਵਾਂ ਦੇ ਰਿਸ਼ਤਿਆਂ ਲਈ ਇਕ ਮਹੱਤਵਪੂਰਨ ਮੋੜ ਸਾਬਤ ਹੋ ਸਕਦਾ ਹੈ। ਇਹ ਮੀਟਿੰਗ ਉਸ ਸਮੇਂ ਹੋ ਰਹੀ ਹੈ ਜਦੋਂ ਯੂਕਰੇਨ ਵਿੱਚ ਜੰਗ ਖ਼ਤਮ ਕਰਨ ਲਈ ਕੀਤੀਆਂ ਜਾ ਰਹੀਆਂ ਕੂਟਨੀਤਿਕ ਕੋਸ਼ਿਸ਼ਾਂ ਅਜੇ ਵੀ ਰੁਕਾਵਟਾਂ ਦਾ ਸ਼ਿਕਾਰ ਹਨ ਅਤੇ ਰੂਸ ਵਲੋਂ ਕਿਸੇ ਵੱਡੇ ਸਮਝੌਤੇ ਦੇ ਸੰਕੇਤ ਨਹੀਂ ਮਿਲ ਰਹੇ। ਵਾਈਟ ਹਾਊਸ ਅੰਦਰ ਵੀ ਇਸ ਗੱਲ ‘ਤੇ ਚਰਚਾ ਹੋ ਰਹੀ ਹੈ ਕਿ ਟਰੰਪ ਇਸ ਮੀਟਿੰਗ ਵਿੱਚ ਪੂਤਿਨ ਨਾਲ ਕਿੰਨਾ ਸਖ਼ਤ ਰਵੱਈਆ ਅਪਣਾਉਣਗੇ ਜਾਂ ਫਿਰ ਆਪਣਾ ਪੁਰਾਣਾ ਦੋਸਤਾਨਾ ਸਲੂਕ ਜਾਰੀ ਰੱਖਣਗੇ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਹ ਮੀਟਿੰਗ ਅਮਰੀਕਾ-ਰੂਸ ਰਿਸ਼ਤਿਆਂ ਦੇ ਭਵਿੱਖ ਤੇ ਅਤੇ ਯੂਕਰੇਨ ਸੰਘਰਸ਼ ਦੇ ਹੱਲ ਤੇ ਸਿੱਧਾ ਅਸਰ ਪਾ ਸਕਦੀ ਹੈ।

# ਭਾਰਤ ਥੋੜ੍ਹਾ ਜ਼ਿੱਦੀ ਰਵੱਈਆ ਅਪਣਾ ਰਿਹਾ, ਝੁਕਣ ਵਾਲਾ ਨਹੀਂ : ਅਮਰੀਕੀ ਵਿੱਤ ਮੰਤਰੀ ਸਕਾਟ ਬੇਸੈਂਟ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ’ਤੇ ਭਾਰੀ ਟੈਰਿਫ ਲਗਾਏ ਹਨ। ਹਾਲਾਂਕਿ, ਅਮਰੀਕਾ ਨੂੰ ਅਜੇ ਵੀ ਉਮੀਦ ਹੈ ਕਿ ਉਹ ਭਾਰਤ ਨਾਲ ਵਪਾਰ ਸਮਝੌਤਾ ਕਰ ਸਕਦੇ ਹਨ। ਅਮਰੀਕੀ ਵਿੱਤ ਮੰਤਰੀ ਸਕਾਟ ਬੇਸੈਂਟ ਨੇ ਆਪਣੇ ਇੱਕ ਬਿਆਨ ਵਿੱਚ ਅਜਿਹੇ ਸੰਕੇਤ ਦਿੱਤੇ। ਉਨ੍ਹਾਂ ਇਹ ਵੀ ਮੰਨਿਆ ਕਿ ਵਪਾਰ ਗੱਲਬਾਤ ਪ੍ਰਤੀ ਭਾਰਤ ਦਾ ਰਵੱਈਆ ਥੋੜ੍ਹਾ ਜ਼ਿੱਦੀ ਹੈ।

**ਟਰੰਪ ਨੇ ਭਾਰਤ ’ਤੇ ਲਾਇਆ 50 ਫੀਸਦੀ ਟੈਰਿਫ :** ਸਕਾਟ ਬੇਸੈਂਟ ਨੇ ਕਿਹਾ ਕਿ ਭਾਰਤ ਅਮਰੀਕਾ ਨਾਲ ਵਪਾਰਕ ਗੱਲਬਾਤ ਵਿੱਚ ਜ਼ਿੱਦੀ ਰਵੱਈਆ ਅਪਣਾ ਰਿਹਾ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ ਤੋਂ ਤੇਲ ਖਰੀਦ ਦਾ ਹਵਾਲਾ ਦਿੰਦੇ ਹੋਏ ਭਾਰਤ ’ਤੇ 25 ਫੀਸਦੀ ਵਾਧੂ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ। ਇਸ ਤੋਂ ਪਹਿਲਾਂ ਵੀ ਟਰੰਪ ਨੇ ਭਾਰਤ ’ਤੇ 25 ਫੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ। ਇਸ ਤਰ੍ਹਾਂ, ਅਮਰੀਕਾ ਨੇ ਭਾਰਤ ’ਤੇ 50 ਫੀਸਦੀ ਟੈਰਿਫ ਲਗਾਇਆ ਹੈ। 25 ਫੀਸਦੀ ਵਾਧੂ ਟੈਰਿਫ 27 ਅਗਸਤ ਤੋਂ ਲਾਗੂ ਹੋਵੇਗਾ।

**ਭਾਰਤ ਥੋੜ੍ਹਾ ਜ਼ਿੱਦੀ ਰਵੱਈਆ ਅਪਣਾ ਰਿਹਾ :** ਇੱਕ ਪ੍ਰੋਗਰਾਮ ਦੌਰਾਨ, ਸਕਾਟ ਬੇਸੈਂਟ ਨੇ ਕਿਹਾ ਕਿ ‘ਸਵਿਟਜ਼ਰਲੈਂਡ ਅਤੇ ਭਾਰਤ ਸਮੇਤ ਕੁਝ ਵੱਡੇ ਵਪਾਰਕ ਸੌਦੇ ਅਜੇ ਵੀ ਹੋਣੇ ਹਨ ਜਾਂ ਸਹਿਮਤ ਹੋਣੇ ਬਾਕੀ ਹਨ।’ ਉਨ੍ਹਾਂ ਉਮੀਦ ਪ੍ਰਗਟਾਈ ਕਿ ਟੈਰਿਫ ਗੱਲਬਾਤ ਅਕਤੂਬਰ ਤੱਕ ਪੂਰੀ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ’ਸਵਿਟਜ਼ਰਲੈਂਡ ਨਾਲ ਗੱਲਬਾਤ ਚੱਲ ਰਹੀ ਹੈ। ਭਾਰਤ ਥੋੜ੍ਹਾ ਜ਼ਿੱਦੀ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਅਸੀਂ ਸਾਰੇ ਵੱਡੇ ਦੇਸ਼ਾਂ ਨਾਲ ਵਪਾਰ ਸਮਝੌਤੇ ਦੀਆਂ ਸ਼ਰਤਾਂ ’ਤੇ ਸਹਿਮਤ ਹੋ ਗਏ ਹਾਂ।’ ਅਮਰੀਕੀ ਵਿੱਤ ਮੰਤਰੀ ਨੇ ਕਿਹਾ ਕਿ ਟੈਰਿਫ ਗੱਲਬਾਤ ਅਕਤੂਬਰ ਤੱਕ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ’ਮੈਨੂੰ ਲੱਗਦਾ ਹੈ ਕਿ ਅਸੀਂ ਚੰਗੀ ਸਥਿਤੀ ਵਿੱਚ ਹਾਂ।’

**ਅਮਰੀਕਾ ਚਾਹੁੰਦੈ ਭਾਰਤ ਦੇ ਖੇਤੀਬਾੜੀ ਤੇ ਡੇਅਰੀ ਖੇਤਰ ਤੱਕ ਪਹੁੰਚ :** ਦਰਅਸਲ, ਅਮਰੀਕਾ ਵਪਾਰ ਸਮਝੌਤੇ ਤਹਿਤ ਭਾਰਤ ਦੇ ਡੇਅਰੀ ਅਤੇ ਖੇਤੀਬਾੜੀ ਖੇਤਰ ਨੂੰ ਖੋਲ੍ਹਣ ਦੀ ਮੰਗ ਕਰ ਰਿਹਾ ਹੈ, ਪਰ ਭਾਰਤ ਇਸ ਲਈ ਤਿਆਰ ਨਹੀਂ ਹੈ। ਇਸਦਾ ਕਾਰਨ ਇਹ ਹੈ ਕਿ ਸਾਡੇ ਦੇਸ਼ ਵਿੱਚ ਕਰੋੜਾਂ ਛੋਟੇ ਕਿਸਾਨ ਹਨ ਅਤੇ ਉਹ ਅਮਰੀਕਾ ਦੇ ਖੇਤੀਬਾੜੀ ਖੇਤਰ ਨਾਲ ਮੁਕਾਬਲਾ ਨਹੀਂ ਕਰ ਸਕਣਗੇ। ਅਜਿਹੀ ਸਥਿਤੀ ਵਿੱਚ, ਜੇਕਰ ਖੇਤੀਬਾੜੀ ਖੇਤਰ ਅਮਰੀਕਾ ਲਈ ਖੋਲ੍ਹ ਦਿੱਤਾ ਜਾਂਦਾ ਹੈ, ਤਾਂ ਇਨ੍ਹਾਂ ਕਰੋੜਾਂ ਕਿਸਾਨਾਂ ਅਤੇ ਪਸ਼ੂ ਪਾਲਕਾਂ ਲਈ ਇੱਕ ਵੱਡੀ ਸਮੱਸਿਆ ਖੜ੍ਹੀ ਹੋ ਜਾਵੇਗੀ।

ਅਮਰੀਕੀ ਰਾਸ਼ਟਰਪਤੀ ਟਰੰਪ ਨੇ 6 ਅਗਸਤ ਨੂੰ ਭਾਰਤ ਤੋਂ ਆਯਾਤ ’ਤੇ 25 ਫੀਸਦੀ ਵਾਧੂ ਟੈਰਿਫ ਲਗਾਉਣ ਲਈ ਇੱਕ ਕਾਰਜਕਾਰੀ ਆਦੇਸ਼ ’ਤੇ ਦਸਤਖਤ ਕੀਤੇ, ਜਿਸ ਨਾਲ ਭਾਰਤ ’ਤੇ ਕੁੱਲ ਟੈਰਿਫ 50 ਫੀਸਦੀ ਹੋ ਗਿਆ। ਅਮਰੀਕਾ ਨੇ ਰੂਸ ਤੋਂ ਤੇਲ ਖਰੀਦਣ ਲਈ ਭਾਰਤ ’ਤੇ ਇਹ ਟੈਰਿਫ ਲਗਾਇਆ ਹੈ। ਹਾਲਾਂਕਿ, ਭਾਰਤ ਨੇ ਇਸਦਾ ਵਿਰੋਧ ਕੀਤਾ ਅਤੇ ਇਸ ਟੈਰਿਫ ਨੂੰ ਅਣਉਚਿਤ ਅਤੇ ਤਰਕਹੀਣ ਕਿਹਾ। ਭਾਰਤੀ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਕਿ ਭਾਰਤ ਆਪਣੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਲਈ ਸਾਰੇ ਜ਼ਰੂਰੀ ਕਦਮ ਚੁੱਕੇਗਾ।

# ਅਮਰੀਕਾ ਅਤੇ ਪਾਕਿਸਤਾਨ ਮਿਲ ਕੇ ਅੱਤਵਾਦੀ ਸੰਗਠਨਾਂ ਦਾ ਕਰਨਗੇ ਖਾਤਮਾ !



ਇਸਲਾਮਾਬਾਦ : ਪਾਕਿਸਤਾਨ ਅਤੇ ਅਮਰੀਕਾ ਵਿਚਾਲੇ ਨੇੜਤਾ ਵਧਦੀ ਜਾ ਰਹੀ ਹੈ। ਹੁਣ ਪਾਕਿਸਤਾਨ ਅਤੇ ਅਮਰੀਕਾ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀ.ਐਲ.ਏ.), ਇਸਲਾਮਿਕ ਸਟੇਟ-ਖੋਰਾਸਨ ਅਤੇ ਤਾਲਿਬਾਨ ਸਮੇਤ ਪ੍ਰਮੁੱਖ ਅੱਤਵਾਦੀ ਸੰਗਠਨਾਂ ਨਾਲ ਨਜਿੱਠਣ ਲਈ ਦੁਵੱਲੇ ਸਹਿਯੋਗ ਨੂੰ ਹੋਰ ਡੂੰਘਾ ਕਰਨ ’ਤੇ ਸਹਿਮਤ ਹੋਏ ਹਨ। ਇਹ ਸਮਝੌਤਾ ਮੰਗਲਵਾਰ ਨੂੰ ਇਸਲਾਮਾਬਾਦ ਵਿੱਚ ਹੋਈ ਦੁਵੱਲੀ ਅੱਤਵਾਦ ਵਿਰੋਧੀ ਗੱਲਬਾਤ ਦੌਰਾਨ ਹੋਇਆ, ਜਿਸ ਤੋਂ ਇੱਕ ਦਿਨ ਪਹਿਲਾਂ ਅਮਰੀਕਾ ਨੇ ਪਾਕਿਸਤਾਨ ਸਥਿਤ ਬੀ.ਐਲ.ਏ. ਨੂੰ ਵਿਦੇਸ਼ੀ ਅੱਤਵਾਦੀ ਸੰਗਠਨ ਘੋਸ਼ਿਤ ਕੀਤਾ ਸੀ।

ਮੀਟਿੰਗ ਦੀ ਸਹਿ-ਪ੍ਰਧਾਨਗੀ ਪਾਕਿਸਤਾਨ ਦੇ ਸੰਯੁਕਤ ਰਾਸ਼ਟਰ ਮਾਮਲਿਆਂ ਦੇ ਵਿਸ਼ੇਸ਼ ਸਕੱਤਰ ਨਬੀਲ ਮੁਨੀਰ ਅਤੇ ਅਮਰੀਕੀ ਵਿਦੇਸ਼ ਵਿਭਾਗ ਵਿੱਚ ਕਾਰਜਕਾਰੀ ਅੱਤਵਾਦ ਵਿਰੋਧੀ ਕੋਆਰਡੀਨੇਟਰ ਗ੍ਰੈਗਰੀ ਡੀ. ਲੋਰੇਂਜੋ ਨੇ ਕੀਤੀ। ਮੀਟਿੰਗ ਤੋਂ ਬਾਅਦ ਜਾਰੀ ਕੀਤੇ ਗਏ ਇੱਕ ਸਾਂਝੇ ਬਿਆਨ ਅਨੁਸਾਰ ਦੋਵਾਂ ਧਿਰਾਂ ਨੇ ‘ਸਾਰੇ ਰੂਪਾਂ ਦੇ ਅੱਤਵਾਦ’ ਨਾਲ ਲੜਨ ਲਈ ਆਪਣੀ ਸਾਂਝੀ ਵਚਨਬੱਧਤਾ ਨੂੰ ਦੁਹਰਾਇਆ। ਬਿਆਨ ਵਿੱਚ ਕਿਹਾ ਗਿਆ ਹੈ ਕਿ ‘ਦੋਵਾਂ ਵਫ਼ਦਾਂ ਨੇ ਬਲੋਚਿਸਤਾਨ ਲਿਬਰੇਸ਼ਨ ਆਰਮੀ, ਆਈ.ਐਸ.-ਖੋਰਾਸਨ ਅਤੇ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੁਆਰਾ ਪੈਦਾ ਕੀਤੇ ਗਏ ਅੱਤਵਾਦੀ ਖਤਰਿਆਂ ਦਾ ਮੁਕਾਬਲਾ ਕਰਨ ਲਈ ਪ੍ਰਭਾਵਸ਼ਾਲੀ ਰਣਨੀਤੀਆਂ ਵਿਕਸਤ ਕਰਨ ਦੀ ਮਹੱਤਤਾ ’ਤੇ ਜ਼ੋਰ ਦਿੱਤਾ।’ ਪਾਕਿਸਤਾਨ ਅਤੇ ਅਮਰੀਕਾ ਵਿਚਕਾਰ ‘ਲੰਬੇ ਸਮੇਂ ਤੋਂ ਚੱਲੀ ਆ ਰਹੀ ਭਾਈਵਾਲੀ’ ਨੂੰ ਦੁਹਰਾਉਂਦੇ ਹੋਏ, ਦੋਵਾਂ ਧਿਰਾਂ ਨੇ ਕਿਹਾ ਕਿ ਅੱਤਵਾਦ ਦਾ ਮੁਕਾਬਲਾ ਕਰਨ ਅਤੇ ਸ਼ਾਂਤੀ ਅਤੇ ਸਥਿਰਤਾ ਨੂੰ ਉਤਸ਼ਾਹਿਤ ਕਰਨ ਲਈ ‘ਨਿਰੰਤਰ ਗੱਲਬਾਤ’ ਬਹੁਤ ਜ਼ਰੂਰੀ ਹੈ। ਅਮਰੀਕਾ ਨੇ ਪਾਕਿਸਤਾਨ ਦੀਆਂ ‘ਖੇਤਰ ਅਤੇ ਦੁਨੀਆ ਵਿੱਚ ਸ਼ਾਂਤੀ ਅਤੇ ਸੁਰੱਖਿਆ ਲਈ ਖ਼ਤਰਾ ਪੈਦਾ ਕਰਨ ਵਾਲੇ ਅੱਤਵਾਦੀ ਸੰਗਠਨਾਂ ਨੂੰ ਰੋਕਣ ਵਿੱਚ ਲਗਾਤਾਰ ਸਫਲਤਾਵਾਂ’ ਦੀ ਸ਼ਲਾਘਾ ਕੀਤੀ। ਦੋਵਾਂ ਵਫ਼ਦਾਂ ਨੇ ਸੁਰੱਖਿਆ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਅੱਤਵਾਦੀ ਉਦੇਸ਼ਾਂ ਲਈ ਉੱਭਰ ਰਹੀਆਂ ਤਕਨਾਲੋਜੀਆਂ ਦੀ ਵਰਤੋਂ ਨੂੰ ਰੋਕਣ ਲਈ ਮਜ਼ਬੂਤ ਸੰਸਥਾਗਤ ਢਾਂਚੇ ਬਣਾਉਣ ਅਤੇ ਸਮਰੱਥਾਵਾਂ ਵਿਕਸਤ ਕਰਨ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸੰਯੁਕਤ ਰਾਸ਼ਟਰ ਸਮੇਤ ਬਹੁ-ਪੱਖੀ ਫੋਰਮਾਂ ਵਿੱਚ ਨੇੜਿਓਂ ਸਹਿਯੋਗ ਕਰਨ ਅਤੇ ‘ਅੱਤਵਾਦ ਦਾ ਮੁਕਾਬਲਾ ਕਰਨ ਲਈ ਪ੍ਰਭਾਵਸ਼ਾਲੀ ਅਤੇ ਟਿਕਾਊ ਤਰੀਕਿਆਂ ਨੂੰ ਉਤਸ਼ਾਹਿਤ ਕਰਨ’ ਦੇ ਆਪਣੇ ਇਰਾਦੇ ਨੂੰ ਵੀ ਦੁਹਰਾਇਆ। ਹਾਲ ਹੀ ਦੇ ਮਹੀਨਿਆਂ ਵਿੱਚ ਪਾਕਿਸਤਾਨ ਅਤੇ ਅਮਰੀਕਾ ਦੇ ਸਬੰਧਾਂ ਵਿੱਚ ਕਾਫ਼ੀ ਸੁਧਾਰ ਹੋਇਆ ਹੈ, ਜਿਸਦਾ ਸਬੂਤ ਫੌਜ ਮੁਖੀ ਫੀਲਡ ਮਾਰਸ਼ਲ ਅਸੀਮ ਮੁਨੀਰ ਦੇ ਅਮਰੀਕਾ ਦੇ ਲਗਾਤਾਰ ਦੌਰਿਆਂ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਸਮੇਤ ਉੱਚ-ਪੱਧਰੀ ਮੀਟਿੰਗਾਂ ਤੋਂ ਮਿਲਦਾ ਹੈ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋੱਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਅਮਰੀਕਾ 'ਚ ਬੱਚਿਆਂ ਲਈ ਬਦਲੇ Green card ਦੇ ਨਿਯਮ

ਵਾਸ਼ਿੰਗਟਨ: ਅਮਰੀਕਾ ਵਿਚ ਬੱਚਿਆਂ ਲਈ ਗ੍ਰੀਨ ਕਾਰਡ ਦੇ ਨਿਯਮ ਬਦਲ ਗਏ ਹਨ ਅਤੇ ਇਸਦੇ ਪ੍ਰਭਾਵ ਦੂਰਗਾਮੀ ਹੋਣਗੇ। ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੇ ਗ੍ਰੀਨ ਕਾਰਡ ਦੇ ਨਿਯਮਾਂ ਵਿੱਚ ਬਦਲਾਅ ਕੀਤਾ ਹੈ, ਜਿਸ ਨਾਲ ਉਨ੍ਹਾਂ ਬੱਚਿਆਂ 'ਤੇ ਅਸਰ ਪਵੇਗਾ ਜੋ ਆਪਣੇ ਮਾਪਿਆਂ ਦੀਆਂ ਪਟੀਸ਼ਨਾਂ 'ਤੇ ਗ੍ਰੀਨ ਕਾਰਡ ਲਈ ਅਰਜ਼ੀ ਦਿੰਦੇ ਹਨ। ਭਾਵੇਂ ਇਹ ਬਦਲਾਅ ਤਕਨੀਕੀ ਲੱਗ ਸਕਦਾ ਹੈ, ਪਰ ਇਸਦਾ ਪ੍ਰਭਾਵ ਬਹੁਤ ਨਿੱਜੀ ਹੈ। ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਦੇ ਨਵੇਂ ਨਿਯਮ ਵਿੱਚ ਕਿਹਾ ਗਿਆ ਹੈ ਕਿ ਹੁਣ ਅਰਜ਼ੀ ਦਾਇਰ ਕਰਨ ਦੀਆਂ ਤਰੀਕਾਂ ਦੀ ਬਜਾਏ ਬੱਚੇ ਦੀ ਉਮਰ ਦੀ ਗਣਨਾ ਕਰਨ ਲਈ ਅੰਤਿਮ ਕਾਰਵਾਈ ਮਿਤੀ ਦੀ ਵਰਤੋਂ ਕੀਤੀ ਜਾਵੇਗੀ। ਇਸਦਾ ਮਤਲਬ ਹੈ ਕਿ ਬੱਚਿਆਂ ਨੂੰ ਜਲਦੀ ਹੀ ਬਾਲਗ ਮੰਨਿਆ ਜਾਵੇਗਾ। ਨਵਾਂ ਨਿਯਮ 15 ਅਗਸਤ ਤੋਂ ਲਾਗੂ ਹੋ ਰਿਹਾ ਹੈ।

ਅਮਰੀਕਾ ਦੇ ਮੌਜੂਦਾ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਨਿਯਮਾਂ ਤਹਿਤ ਪਰਿਵਾਰ-ਪ੍ਰਯੋਜਿਤ, ਰੁਜ਼ਗਾਰ-ਅਧਾਰਤ ਜਾਂ ਵਿਭਿੰਨਤਾ ਵੀਜ਼ਾ ਲਈ ਆਪਣੇ ਮਾਪਿਆਂ ਦੀ ਪ੍ਰਵਾਨਿਤ ਪਟੀਸ਼ਨ ਦੇ ਆਧਾਰ 'ਤੇ ਅਮਰੀਕਾ ਵਿਚ ਵੈਧ ਸਥਾਈ ਨਿਵਾਸੀ ਦਾ ਦਰਜਾ ਹਾਸਲ ਕਰਨ ਲਈ ਇੱਕ ਅਣਵਿਆਹੇ ਵਿਦੇਸ਼ੀ ਬੱਚੇ ਦੀ ਉਮਰ 21 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ। ਜੇਕਰ ਉਹ ਇਮੀਗ੍ਰੇਸ਼ਨ ਪ੍ਰਕਿਰਿਆ ਦੌਰਾਨ 21 ਸਾਲ ਦੇ ਹੋ ਜਾਂਦੇ ਹਨ, ਤਾਂ ਉਨ੍ਹਾਂ ਦੀ ਉਮਰ ਖ਼ਤਮ ਹੋ ਜਾਂਦੀ ਹੈ ਅਤੇ ਉਹ ਆਮ ਤੌਰ 'ਤੇ ਮਾਪਿਆਂ ਦੀ ਪਟੀਸ਼ਨ ਦੇ ਆਧਾਰ 'ਤੇ ਇਮੀਗ੍ਰੇਸ਼ਨ ਲੈਣ ਦੇ ਯੋਗ ਨਹੀਂ ਰਹਿੰਦੇ।




15 ਅਗਸਤ ਤੋਂ USCIS ਵੀਜ਼ਾ ਬੁਲੇਟਿਨ ਵਿੱਚ ਅੰਤਿਮ ਕਾਰਵਾਈ ਮਿਤੀ ਦੇ ਆਧਾਰ 'ਤੇ ਬੱਚੇ ਦੀ ਉਮਰ ਨਿਰਧਾਰਤ ਕਰੇਗਾ। ਪਹਿਲਾਂ ਇਸਨੂੰ ਅਰਜ਼ੀ ਦੀ ਮਿਤੀ ਤੋਂ ਲਿਆ ਜਾਂਦਾ ਸੀ। ਇਸ ਬਦਲਾਅ ਦਾ ਮਤਲਬ ਹੈ ਕਿ ਬੱਚੇ ਦੇ 21ਵੇਂ ਜਨਮਦਿਨ ਦੀ ਉਲਟੀ ਗਿਣਤੀ ਅੰਤਿਮ ਕਾਰਵਾਈ ਤੱਕ ਗਿਣੀ ਜਾਵੇਗੀ, ਜੋ ਆਮ ਤੌਰ 'ਤੇ ਹੌਲੀ ਹੋਵੇਗੀ। ਇਹ ਬਦਲਾਅ ਸੰਭਾਵਤ ਤੌਰ 'ਤੇ ਵਧੇਰੇ ਨੌਜਵਾਨ ਬਿਨੈਕਾਰਾਂ ਨੂੰ ਉਨ੍ਹਾਂ ਦੀਆਂ ਅਰਜ਼ੀਆਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਅਯੋਗ ਕਰ ਦੇਵੇਗਾ। ਨਿਯਮਾਂ ਵਿੱਚ ਇਹ ਬਦਲਾਅ ਭਾਰਤ ਵਰਗੇ ਉੱਚ-ਮੰਗ ਵਾਲੇ ਦੇਸ਼ਾਂ ਵਿੱਚ ਪਰਿਵਾਰਾਂ ਨੂੰ ਕਾਫ਼ੀ ਪ੍ਰਭਾਵਿਤ ਕਰ ਸਕਦਾ ਹੈ, ਜੋ ਪਹਿਲਾਂ ਹੀ ਲੰਬੇ ਸਮੇਂ ਤੋਂ ਗ੍ਰੀਨ ਕਾਰਡ ਲਈ ਅਰਜ਼ੀ ਦੇ ਰਹੇ ਹਨ।

ਅਮਰੀਕੀ ਕਾਨੂੰਨ ਅਨੁਸਾਰ ਇੱਕ ਅਣਵਿਆਹੇ ਬੱਚੇ ਦੀ ਉਮਰ ਮਾਪਿਆਂ ਤੋਂ ਪ੍ਰਵਾਨਿਤ ਪਟੀਸ਼ਨ ਰਾਹੀਂ ਗ੍ਰੀਨ ਕਾਰਡ ਪ੍ਰਾਪਤ ਕਰਨ ਲਈ 21 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ। ਇਹ ਪਰਿਵਾਰ-ਪ੍ਰਯੋਜਿਤ, ਰੁਜ਼ਗਾਰ-ਅਧਾਰਤ ਅਤੇ ਵਿਭਿੰਨਤਾ ਵੀਜ਼ਾ ਦੇ ਸਾਰੇ ਤਰੀਕਿਆਂ ਲਈ ਇੱਕੋ ਜਿਹੀ ਹੈ। ਜੇਕਰ ਬੱਚਾ ਪ੍ਰਕਿਰਿਆ ਦੌਰਾਨ 21 ਸਾਲ ਦਾ ਹੋ ਜਾਂਦਾ ਹੈ, ਤਾਂ ਉਹ ਆਮ ਤੌਰ 'ਤੇ ਯੋਗਤਾ ਗੁਆ ਦਿੰਦਾ ਹੈ ਅਤੇ ਉਸ ਨੂੰ ਇੱਕ ਵੱਖਰੀ ਅਰਜ਼ੀ ਸ਼ੁਰੂ ਕਰਨੀ ਪੈਂਦੀ ਹੈ। ਇਸ ਵਿੱਚ ਅਕਸਰ ਬਹੁਤ ਲੰਮੀ ਉਡੀਕ ਸ਼ਾਮਲ ਹੁੰਦੀ ਹੈ।

# ਭਾਰਤ ਅਤੇ ਪਾਕਿਸਤਾਨ ਜੰਗਬੰਦੀ ਨੂੰ ਰੋਕਣ ਲਈ ਅਮਰੀਕਾ ਦੀ ਅਹਿਮ ਭੂਮਿਕਾ : ਟੈਮੀ ਬਰੂਸ

ਵਾਸ਼ਿੰਗਟਨ : ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਭਾਰਤ ਅਤੇ ਪਾਕਿਸਤਾਨ ਨਾਲ ਉਸਦੇ ਸਬੰਧ ਪਹਿਲਾਂ ਵਾਂਗ ਹੀ ਚੰਗੇ ਹਨ ਅਤੇ ਉਹ ਖੇਤਰੀ ਅਤੇ ਵਿਸ਼ਵਵਿਆਪੀ ਭਲਾਈ ਲਈ ਦੋਵਾਂ ਨਾਲ ਕੰਮ ਕਰਨ ਲਈ ਵਚਨਬੱਧ ਹੈ। ਵਿਦੇਸ਼ ਵਿਭਾਗ ਦੀ ਬੁਲਾਰਨ ਟੈਮੀ ਬਰੂਸ ਨੇ ਵਾਸ਼ਿੰਗਟਨ ਵਿੱਚ ਵਿਦੇਸ਼ ਵਿਭਾਗ ਦੇ ਮੁੱਖ ਦਫਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲ ਹੀ ਵਿੱਚ ਹੋਏ ਫੌਜੀ ਟਕਰਾਅ ਦਾ ਹਵਾਲਾ ਦਿੱਤਾ। ਉਸਨੇ ਅਮਰੀਕੀ ਲੀਡਰਸ਼ਿਪ ਦੇ ਇਸ ਦਾਅਵੇ ਨੂੰ ਦੁਹਰਾਇਆ ਕਿ ਵਿਦੇਸ਼ ਮੰਤਰੀ ਮਾਰਕੋ ਰੂਬੀਓ, ਉਪ ਰਾਸ਼ਟਰਪਤੀ ਜੇਡੀ ਵੈਂਸ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੋ ਦੱਖਣੀ ਏਸ਼ੀਆਈ ਗੁਆਂਢੀਆਂ ਵਿਚਕਾਰ ਟਕਰਾਅ ਨੂੰ ਰੋਕ ਕੇ 'ਭਿਆਨਕ ਸਥਿਤੀ ਦੇ ਡਰ' ਨੂੰ ਟਾਲਣ ਵਿੱਚ ਮਦਦ ਕੀਤੀ।

ਭਾਰਤ ਅਤੇ ਪਾਕਿਸਤਾਨ ਨਾਲ ਅਮਰੀਕਾ ਦੇ ਸਬੰਧਾਂ ਬਾਰੇ ਉਸਨੇ ਕਿਹਾ, 'ਦੋਵਾਂ ਦੇਸ਼ਾਂ ਨਾਲ ਸਾਡੇ ਸਬੰਧ ਪਹਿਲਾਂ ਵਾਂਗ ਹੀ ਚੰਗੇ ਹਨ। ਮੈਂ ਇਹ ਕਹਿਣਾ ਚਾਹਾਂਗੀ ਕਿ ਇਸ ਸਮੇਂ ਸਾਡੇ ਕੋਲ ਇੱਕ ਅਜਿਹਾ ਰਾਸ਼ਟਰਪਤੀ ਹੈ ਜੋ ਸਾਰਿਆਂ ਨੂੰ ਜਾਣਦਾ ਹੈ। ਇਸੇ ਲਈ ਅਸੀਂ ਇਸ ਮਾਮਲੇ ਵਿੱਚ ਮਤਭੇਦਾਂ ਨੂੰ ਸੁਲਝਾਉਣ ਵਿੱਚ ਸਫਲ ਰਹੇ ਹਾਂ।' ਉਸਨੇ ਕਿਹਾ ਕਿ ਅਮਰੀਕੀ ਡਿਪਲੋਮੈਟ ਖੇਤਰੀ ਅਤੇ ਵਿਸ਼ਵਵਿਆਪੀ ਲਾਭਾਂ ਲਈ ਦੋਵਾਂ ਦੇਸ਼ਾਂ (ਭਾਰਤ ਅਤੇ ਅਮਰੀਕਾ) ਨਾਲ ਕੰਮ ਕਰਨ ਲਈ ਵਚਨਬੱਧ ਹਨ। ਬਰੂਸ ਨੇ ਕਿਹਾ ਕਿ ਪਾਕਿਸਤਾਨ ਨੇ ਅਮਰੀਕਾ ਨਾਲ ਦੁਵੱਲੀ ਗੱਲਬਾਤ ਵਿੱਚ ਅੱਤਵਾਦ ਵਿਰੁੱਧ ਲੜਾਈ ਵਿੱਚ ਸਹਿਯੋਗ ਕਰਨ ਦੀ ਆਪਣੀ ਵਚਨਬੱਧਤਾ ਪ੍ਰਗਟ ਕੀਤੀ ਹੈ। ਤਾਜ਼ਾ ਗੱਲਬਾਤ ਵਿੱਚ ਪਾਕਿਸਤਾਨ ਇਸ ਮਾਮਲੇ ਵਿੱਚ ਸਹਿਯੋਗ ਨੂੰ ਹੋਰ ਵਧਾਉਣ ਲਈ ਸਹਿਮਤ ਹੋਇਆ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੀ



ਇਹ ਵਚਨਬੱਧਤਾ ਉਸ ਖੇਤਰ ਅਤੇ ਪੂਰੀ ਦੁਨੀਆ ਲਈ ਚੰਗੀ ਗੱਲ ਹੈ।

ਟਰੰਪ ਨੇ ਬਰੂਸ ਨੂੰ ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਮਿਸ਼ਨ ਦੀ ਡਿਪਟੀ ਚੀਫ਼ ਨਿਯੁਕਤ ਕੀਤਾ ਹੈ। ਭਾਰਤ ਨਾਲ ਸਬੰਧਾਂ ਬਾਰੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਉਨ੍ਹਾਂ ਕਿਹਾ, 'ਯਕੀਨਨ ਸਾਡੇ ਕੋਲ ਪਾਕਿਸਤਾਨ ਅਤੇ ਭਾਰਤ ਬਾਰੇ ਇੱਕ ਤਜਰਬਾ ਹੈ, ਜਦੋਂ ਦੋਵਾਂ ਦੇਸ਼ਾਂ ਵਿਚਕਾਰ ਟਕਰਾਅ ਸ਼ੁਰੂ ਹੋ ਗਿਆ ਸੀ, ਜੋ ਕਿ ਭਿਆਨਕ ਹੋ ਸਕਦਾ ਸੀ।' ਜੰਗਬੰਦੀ ਨੂੰ ਰੋਕਣ ਅਤੇ ਸੰਭਾਵੀ ਭਿਆਨਕ ਸਥਿਤੀ ਨੂੰ ਰੋਕਣ ਵਿੱਚ ਅਮਰੀਕਾ ਦੀ ਭੂਮਿਕਾ ਬਾਰੇ ਟਰੰਪ ਦੇ ਦਾਅਵਿਆਂ ਅਨੁਸਾਰ ਉਨ੍ਹਾਂ ਕਿਹਾ ਕਿ ਤੁਰੰਤ ਚਿੰਤਾ ਟਕਰਾਅ ਨੂੰ ਰੋਕਣਾ ਸੀ। ਉਸਨੇ ਪੱਤਰਕਾਰਾਂ ਨੂੰ ਕਿਹਾ, 'ਮੈਂ ਇਸੇ ਕਮਰੇ ਤੋਂ ਅਗਲੇ ਦਿਨ (ਜੰਗਬੰਦੀ ਤੋਂ ਅਗਲੇ ਦਿਨ ਹੋਈ ਪ੍ਰੈਸ ਕਾਨਫਰੰਸ ਵਿੱਚ) ਪਹਿਲਾਂ ਹੀ ਦੱਸ ਚੁੱਕੀ ਹਾਂ ਕਿ ਉਸ ਸਮੇਂ ਟਕਰਾਅ ਨੂੰ ਰੋਕਣ ਲਈ ਵਿਦੇਸ਼ ਮੰਤਰੀ ਰੂਬੀਓ ਅਤੇ ਉਪ ਰਾਸ਼ਟਰਪਤੀ ਵੈਂਸ ਵਿਚਕਾਰ ਫ਼ੋਨ 'ਤੇ ਕਿਸ ਤਰ੍ਹਾਂ ਦੀ ਗੱਲਬਾਤ ਹੋਈ ਸੀ, ਅਮਰੀਕਾ ਦੀ ਉੱਚ ਲੀਡਰਸ਼ਿਪ ਨੇ ਟਕਰਾਅ ਨੂੰ ਰੋਕਣ ਲਈ ਕੀ ਕੀਤਾ? ਰੂਬੀਓ, ਵੈਂਸ ਅਤੇ ਅਮਰੀਕਾ ਦੀ ਉੱਚ ਲੀਡਰਸ਼ਿਪ ਟਕਰਾਅ ਨੂੰ ਰੋਕਣ ਵਿੱਚ ਸ਼ਾਮਲ ਸੀ।'

# ਸੰਤ ਬਾਬਾ ਗੰਗਾ ਰਾਮ ਜੀ ਸੈਦੋਕੇ ਵਾਲਿਆ ਦੀ 67ਵੀਂ ਬਰਸੀ

## ਸੈਦੋਕੇ ਨਿਵਾਸੀਆਂ ਨੇ ਰਲ ਕੇ ਫਰਿਜ਼ਨੋ ਵਿਖੇ ਮਨਾਈ

ਫਰਿਜ਼ਨੋ, (ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ): ਭਾਰਤੀ ਲੋਕ ਦੁਨੀਆਂ ਦੇ ਬੇਸ਼ੱਕ ਕਿਸੇ ਵੀ ਕੋਨੇ ਵਿੱਚ ਬੇਸ਼ੱਕ ਚਲੇ ਜਾਣ ਪਰ ਉਨ੍ਹਾਂ ਦੇ ਮਨਾਂ ਵਿੱਚ ਆਪਣੇ ਸੱਭਿਆਚਾਰ, ਧਰਮ ਅਤੇ ਧਾਰਮਿਕ ਆਗੂਆ ਪ੍ਰਤੀ ਅਥਾਹ ਸਰਧਾ ਅਤੇ ਸਤਿਕਾਰ ਬਣਿਆ ਰਹਿੰਦਾ ਹੈ। ਇਸ ਨਿੱਘੀ ਯਾਦ ਨੂੰ ਸਮੇਂ-ਸਮੇਂ ਮਨਾਉਦੇ ਰਹਿੰਦੇ ਹਨ। ਇਸੇ ਤਰ੍ਹਾਂ ਪੰਜਾਬ ਦੇ ਪਿਛੋਕੜ ਪਿੰਡ ਸੈਦੋਕੇ ਦੇ ਸਮੂੰਹ ਪਰਿਵਾਰਾ ਅਤੇ ਫਰਿਜ਼ਨੋ ਇਲਾਕਾ ਨਿਵਾਸੀਆਂ ਨੇ ਸਾਂਝੇ ਤੌਰ 'ਤੇ ਸੰਤ ਬਾਬਾ ਗੰਗਾ ਰਾਮ ਜੀ ਸੈਦੋਕੇ ਵਾਲਿਆ ਦੀ 67ਵੀਂ ਬਰਸੀ ਫਰਿਜ਼ਨੋ, ਕੈਲੇਫੋਰਨੀਆਂ ਦੇ ਗੁਰਦੁਆਰਾ ਨਾਨਕਸਰ, ਚੈਰੀ ਐਵਨਿਊ ਵਿਖੇ ਬਹੁਤ ਪਿਆਰ ਅਤੇ ਸਰਧਾ ਭਾਵ ਨਾਲ ਮਨਾਈ। ਜਿਸ ਦੌਰਾਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਵਿਚਾਰਾ, ਕੀਰਤਨ ਅਤੇ ਕਵੀਸ਼ਰੀ ਦੇ ਦੀਵਾਨ ਸਜਾਏ ਗਏ। ਕੀਰਤਨ ਦੀ ਸੇਵਾ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਹਰਭਜਨ ਸਿੰਘ, ਭਾਈ ਹਰਵਿੰਦਰ ਸਿੰਘ ਨਾਨਕਸਰ ਵਾਲੇ ਅਤੇ ਸਾਥੀਆਂ ਨੇ ਨਿਰੋਲ ਗੁਰਬਾਣੀ ਸਬਦਾ ਰਾਹੀ ਨਿਭਾਈ। ਇਸ ਸਮੇਂ ਵਿਸ਼ੇਸ਼ ਤੌਰ ਤੇ ਪਹੁੰਚੇ ਢਾਡੀ ਜੱਥੇ ਦੁਆਰਾ ਹਾਜ਼ਰੀ ਭਰਦੇ ਹੋਏ ਗੁਰ ਇਤਿਹਾਸ ਅਤੇ ਸੰਤ ਬਾਬਾ ਗੰਗਾ ਰਾਮ ਜੀ ਦੇ ਜੀਵਨ ਬਾਰੇ ਜੱਸ ਗਾਇਆ ਗਿਆ। ਜਦ ਕਿ ਪੱਪੀ ਭਦੌੜ ਅਤੇ ਦਿਲਪ੍ਰੀਤ ਕੌਰ ਦੀ ਜੋੜੀ ਨੇ ਧਾਰਮਿਕ ਗੀਤ ਗਾਏ।




ਇਸ ਸਮੇਂ ਬੁਲਾਰਿਆਂ ਵੱਲੋਂ ਸੰਤ ਬਾਬਾ ਰਾਮ ਜੀ ਦੀ ਜੀਵਨੀ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਬਹੁ ਭਸ਼ਾਵਾ ਦੇ ਗਿਆਤਾ ਅਤੇ ਸੁਝਵਾਨ ਮਹਾਂਪੁਰਖ ਸਨ। ਜਿੰਨ੍ਹਾਂ ਦੀ ਪ੍ਰੇਰਨਾ ਸਦਕਾ ਸਮੂੰਹ ਇਲਾਕਾ ਨਿਵਾਸੀਆਂ ਨੇ ਬਹੁਤ ਤਰੱਕੀਆਂ ਕੀਤੀਆਂ ਅਤੇ ਅੱਜ ਵੀ ਆਪਣੇ ਪਿਛੋਕੜ ਨਾਲ ਜੁੜੇ ਹੋਏ ਹਨ। ਇਸੇ ਤਰ੍ਹਾਂ ਹੋਰ ਬਹੁਤ ਸਾਰੇ ਬੁੱਧੀਜੀਵੀਆਂ ਨੇ ਵੀ ਬੋਲਦੇ ਹੋਏ ਬਾਬਾ ਜੀ ਨੂੰ ਆਪਣੇ ਸਰਧਾ ਦੇ ਫੁੱਲ ਭੇਟ ਕੀਤੇ। ਅੰਤ ਭਾਈ ਹਰਭਜਨ ਸਿੰਘ ਨੇ ਸਮੂੰਹ ਇਲਾਕਾ ਨਿਵਾਸੀਆਂ ਅਤੇ ਸੰਗਤਾਂ ਦਾ ਅਜਿਹੇ ਚੰਗੇ ਉਪਰਾਲੇ ਕਰਨ ਲਈ ਧੰਨਵਾਦ ਕੀਤਾ। ਗੁਰੂ ਦਾ ਲੰਗਰ ਅਤੁਟ ਵਰਤਿਆ।

# ਰੂਸ-ਯੂਕਰੇਨ ਜੰਗ ਰੋਕਣ ਲਈ ਟਰੰਪ-ਪੁਤਿਨ-ਜ਼ੇਲੈਂਸਕੀ ਮੀਟਿੰਗ ਦੀ ਤਿਆਰੀ

ਰੂਸ : ਯੂਕਰੇਨ ਜੰਗ ਰੋਕਣ ਲਈ ਅਲਾਸਕਾ ਵਿੱਚ ਸ਼ੁੱਕਰਵਾਰ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਮਹੱਤਵਪੂਰਨ ਮੁਲਾਕਾਤ ਹੋਣ ਜਾ ਰਹੀ ਹੈ। ਅਮਰੀਕੀ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਖੁਲਾਸਾ ਕੀਤਾ ਹੈ ਕਿ ਤਿੰਨਾਂ ਨੇਤਾਵਾਂ - ਟਰੰਪ, ਪੁਤਿਨ ਅਤੇ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ - ਦੀ ਸਾਂਝੀ ਮੀਟਿੰਗ ਲਈ ਵੀ ਕੋਸ਼ਿਸ਼ ਜਾਰੀ ਹੈ। ਅਲਾਸਕਾ ਵਿੱਚ ਟਰੰਪ-ਪੁਤਿਨ ਮੁਲਾਕਾਤ ਤੈਅ ਹੈ, ਜਿਸ ਤੋਂ ਪਹਿਲਾਂ ਵੈਂਸ ਨੇ ਕਿਹਾ ਕਿ ਪੁਤਿਨ-ਜ਼ੇਲੇਂਸਕੀ ਦੀ ਸਿੱਧੀ ਮੀਟਿੰਗ ਟਰੰਪ ਨਾਲ ਗੱਲਬਾਤ ਤੋਂ ਬਾਅਦ ਹੋਣੀ ਚਾਹੀਦੀ ਹੈ। ਪਰ ਉਸ ਨੇ ਸੰਕੇਤ ਦਿੱਤਾ ਕਿ ਤਿੰਨਾਂ ਨੇਤਾਵਾਂ ਦੀ ਇਕੱਠੀ ਬੈਠਕ ਲਈ ਸਮਾਂ-ਸਾਰਣੀ 'ਤੇ ਕੰਮ ਚੱਲ ਰਿਹਾ ਹੈ।



ਵੈਂਸ ਨੇ ਕਿਹਾ ਕਿ ਪੁਤਿਨ ਪਹਿਲਾਂ ਕਦੇ ਵੀ ਜ਼ੇਲੇਂਸਕੀ ਨਾਲ ਨਹੀਂ ਬੈਠਣਾ ਚਾਹੁੰਦਾ ਸੀ, ਪਰ ਹੁਣ ਟਰੰਪ ਨੇ ਉਸਦੀ ਸੋਚ 'ਚ ਬਦਲਾਅ ਲਿਆਂਦਾ ਹੈ। ਦੂਜੇ ਪਾਸੇ, ਜ਼ੇਲੇਂਸਕੀ ਨੇ ਸੋਸ਼ਲ ਮੀਡੀਆ 'ਤੇ ਦੋਸ਼ ਲਾਇਆ ਕਿ ਰੂਸ ਜੰਗ ਲੰਬੀ ਖਿੱਚਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਕਤਲ-ਏ-ਆਮ ਰੋਕਣ ਤੋਂ ਇਨਕਾਰ ਕਰ ਰਿਹਾ ਹੈ। ਉਸ ਨੇ ਕਿਹਾ, "ਯੂਕਰੇਨ ਅਸਲੀ ਅਮਨ ਲਈ ਹਰ ਸਾਥੀ ਨਾਲ ਮਿਲ ਕੇ ਕੰਮ ਕਰਨ ਨੂੰ ਤਿਆਰ ਹੈ, ਪਰ ਯੂਕਰੇਨ ਸੰਬੰਧੀ ਫ਼ੈਸਲੇ ਯੂਕਰੇਨ ਦੀ ਹਾਜ਼ਰੀ ਵਿੱਚ ਹੀ ਹੋਣੇ ਚਾਹੀਦੇ ਹਨ।"

ਟਰੰਪ ਨੇ ਸੰਕੇਤ ਦਿੱਤਾ ਹੈ ਕਿ ਸ਼ਾਂਤੀ ਸਮਝੌਤੇ 'ਚ "ਜ਼ਮੀਨੀ ਤਬਾਦਲੇ" ਦਾ ਵਿਕਲਪ ਸ਼ਾਮਲ ਹੋ ਸਕਦਾ ਹੈ, ਪਰ ਕੀਵ ਨੇ ਰੂਸੀ ਕਬਜ਼ੇ ਹੇਠ ਆਈ ਜ਼ਮੀਨ ਬਿਨਾਂ ਸੁਰੱਖਿਆ ਗਾਰੰਟੀ ਦੇ ਛੱਡਣ ਤੋਂ ਇਨਕਾਰ ਕੀਤਾ ਹੈ। ਨਾਟੋ ਮਹਾਂਸਚਿਵ ਮਾਰਕ ਰੁੱਟੇ ਨੇ ਇਸ ਮੀਟਿੰਗ ਨੂੰ ਪੁਤਿਨ ਦੀ ਅਸਲੀ ਅਮਨ-ਇੱਛਾ ਦੀ ਕਸੌਟੀ ਕਰਾਰ ਦਿੱਤਾ ਹੈ। ਜਰਮਨ ਚਾਂਸਲਰ ਫ਼ਰੀਡਰਿਚ ਮਰਜ਼ ਨੇ ਕਿਹਾ ਕਿ ਕਿਸੇ ਵੀ ਜੰਗੀ ਹੱਲ ਜਾਂ ਜ਼ਮੀਨੀ ਛੋੜ-ਝੁੜ 'ਤੇ ਯੂਰਪੀ ਅਤੇ ਯੂਕਰੇਨੀ ਪਾਸੇ ਦੀ ਸਹਿਮਤੀ ਲਾਜ਼ਮੀ ਹੈ। ਅਮਰੀਕੀ ਨਾਟੋ ਰਾਜਦੂਤ ਮੈਥਿਊ ਵਿਟੇਕਰ ਨੇ ਕਿਹਾ ਕਿ ਹਾਲੇ ਵੀ ਸੰਭਾਵਨਾ ਹੈ ਕਿ ਜ਼ੇਲੇਂਸਕੀ ਨੂੰ ਅਲਾਸਕਾ ਮੀਟਿੰਗ ਲਈ ਸੱਦਾ ਦਿੱਤਾ ਜਾ ਸਕਦਾ ਹੈ। ਵੈਂਸ ਨੇ ਇਹ ਵੀ ਐਲਾਨ ਕੀਤਾ ਕਿ ਅਮਰੀਕਾ ਹੁਣ ਯੂਕਰੇਨ ਦੀ ਰੱਖਿਆ ਲਈ ਫੰਡ ਨਹੀਂ ਦੇਵੇਗਾ, ਪਰ ਯੂਕਰੇਨ ਅਮਰੀਕੀ ਕੰਪਨੀਆਂ ਤੋਂ ਹਥਿਆਰ ਖਰੀਦ ਸਕਦਾ ਹੈ। ਉਸ ਨੇ ਕਿਹਾ "ਅਸੀਂ ਅਮਨ ਚਾਹੁੰਦੇ ਹਾਂ, ਖੂਨ-ਖ਼ਰਾਬਾ ਰੋਕਣਾ ਚਾਹੁੰਦੇ ਹਾਂ, ਪਰ ਅਮਰੀਕੀ ਟੈਕਸਦਾਤਾ ਹੁਣ ਹੋਰ ਪੈਸਾ ਨਹੀਂ ਦੇਣਾ ਚਾਹੁੰਦੇ।"

# ਮੈਰੀਲੈਂਡ 'ਚ ਇੱਕ ਘਰ ਨੂੰ ਲੱਗੀ ਭਿਆਨਕ ਅੱਗ ਵਿੱਚ 4 ਬੱਚਿਆਂ ਸਮੇਤ 6 ਦੀ ਮੌਤ

## ਘੰਟੇ ਤੋਂ ਵਧ ਸਮੇਂ ਵਿੱਚ ਭਾਰੀ ਮੁਸ਼ੱਕਤ ਬਾਅਦ ਅੱਗ 'ਤੇ ਪਾਇਆ ਕਾਬੂ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਮੈਰੀਲੈਂਡ ਵਿੱਚ ਇੱਕ ਘਰ ਨੂੰ ਲੱਗੀ ਭਿਆਨਕ ਅੱਗ ਵਿੱਚ 4 ਬੱਚਿਆਂ ਸਮੇਤ 6 ਜਣਿਆਂ ਦੀ ਸੜ ਕੇ ਮੌਤ ਹੋ ਜਾਣ ਦੀ ਦੁੱਖਦਾਈ ਖਬਰ ਹੈ। ਅੱਗ ਵਾਸ਼ਿੰਗਟਨ ਡੀ ਸੀ ਤੋਂ ਤਕਰੀਬਨ 28 ਮੀਲ ਦੂਰ ਵਾਲਡੋਰਫ ਵਿੱਚ ਇੱਕ ਘਰ ਨੂੰ ਲੱਗੀ। ਮੈਰੀਲੈਂਡ ਸਟੇਟ ਫਾਇਰ ਮਾਰਸ਼ਲ ਦੇ ਦਫਤਰ ਵੱਲੋਂ ਜਾਰੀ ਇੱਕ ਪ੍ਰੈਸ ਬਿਆਨ ਅਨੁਸਾਰ ਸਵੇਰੇ 9 ਵਜੇ ਤੋਂ ਪਹਿਲਾਂ ਘਰ ਨੂੰ ਅੱਗ ਲੱਗਣ ਦੀ ਸੂਚਨਾ ਮਿਲਣ ਉਪਰੰਤ ਜਦੋਂ ਚਾਰਲਸ ਕਾਊਂਟੀ ਸ਼ੈਰਿਫ ਦਫਤਰ ਤੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਪਤਾ ਲੱਗਾ ਕਿ ਘਰ ਦੇ ਦੋ ਜੀਅ ਬਚ ਕੇ ਬਾਹਰ ਨਿਕਲ ਆਏ ਹਨ ਜਦ ਕਿ ਬਾਕੀ 6 ਅੰਦਰ ਹੀ ਹਨ। ਅੱਗ ਏਨੀ ਜਿਆਦਾ ਤੇਜ ਸੀ ਕਿ ਪੁਲਿਸ ਅਫਸਰਾਂ ਲਈ ਅੰਦਰ ਦਾਖਲ ਹੋਣਾ ਅਸੰਭਵ ਹੋ ਗਿਆ। ਸਥਾਨਕ ਅੱਗ ਬੁਝਾਊ ਵਿਭਾਗ ਤੇ ਸਮਾਜ ਸੇਵੀ ਏਜੰਸੀਆਂ ਨੇ ਕੋਈ ਇਕ ਘੰਟੇ ਤੋਂ ਵਧ ਸਮੇ ਦੀ ਭਾਰੀ ਮੁਸ਼ੱਕਤ ਉਪਰੰਤ ਅੱਗ ਉਪਰ ਕਾਬੂ ਪਾਇਆ। ਉਪਰੰਤ ਘਰ ਵਿੱਚੋਂ 4 ਬੱਚਿਆਂ ਸਮੇਤ 6 ਲਾਸ਼ਾਂ ਬਰਾਮਦ ਹੋਈਆਂ ਜੋ ਬੁਰੀ ਤਰਾਂ ਸੜ ਚੁੱਕੀਆਂ ਸਨ। ਅੱਗ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ।



# ਜ਼ਹਿਰੀਲਾ ਹੋ ਰਿਹਾ ਧਰਤੀ ਹੇਠਲਾ ਪਾਣੀ

ਪੰਜਾਬ ਵਿਚ ਧਰਤੀ ਹੇਠਲੇ ਪੀਣ ਵਾਲੇ ਪਾਣੀ ਦੇ ਦੂਸ਼ਿਤ ਅਤੇ ਜ਼ਹਿਰੀਲੇ ਹੋਣ ਦੀ ਸਮੱਸਿਆ ਨੇ ਇਕ ਵਾਰ ਫਿਰ ਹਰ ਪਾਸੇ ਚਿੰਤਾ ਪੈਦਾ ਕਰ ਦਿੱਤੀ ਹੈ। ਧਰਤੀ ਹੇਠਲੇ ਪੀਣ ਵਾਲੇ ਪਾਣੀ ਵਿਚ ਵੱਡੀ ਮਾਤਰਾ 'ਚ ਪਾਏ ਜਾਣ ਵਾਲੇ ਜ਼ਹਿਰੀਲੇ ਤੱਤਾਂ ਦੀ ਸਮੱਸਿਆ ਬਿਨਾਂ ਸ਼ੱਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਪਾਈ ਜਾ ਰਹੀ ਹੈ, ਪਰ ਮਾਲਵਾ ਖੇਤਰ ਵਿਚ ਇਹ ਸਥਿਤੀ ਜ਼ਿਆਦਾ ਗੰਭੀਰ ਹੋ ਕੇ ਸਾਹਮਣੇ ਆਈ ਹੈ। ਪਿਛਲੇ ਸਾਲ ਸੂਬੇ ਵਿਚ ਇਕੱਠੇ ਕੀਤੇ ਗਏ ਭੂਮੀਗਤ ਪਾਣੀ ਦੇ ਲਗਭਗ ਸਾਰੇ ਨਮੂਨਿਆਂ ਦੀਆਂ ਹੌਲੀ-ਹੌਲੀ ਪ੍ਰਾਪਤ ਰਿਪੋਰਟਾਂ ਅਨੁਸਾਰ ਇਸ ਪਾਣੀ ਵਿਚ ਯੂਰੇਨੀਅਮ, ਆਰਸੈਨਿਕ, ਕਲੋਰਾਈਡ, ਫਲੋਰਾਈਡ ਅਤੇ ਆਇਰਨ ਵਰਗੇ ਤੱਤਾਂ ਦੀ ਮਾਤਰਾ ਉਮੀਦ ਤੋਂ ਕਿਤੇ ਵੱਧ ਪਾਈ ਗਈ ਹੈ, ਜਿਸ ਕਾਰਨ ਇਹ ਪਾਣੀ ਮਨੁੱਖੀ ਵਰਤੋਂ ਲਈ ਯੋਗ ਨਹੀਂ ਹੈ। ਪੀਣ ਵਾਲੇ ਪਾਣੀ ਵਿਚ ਪਾਏ ਜਾਣ ਵਾਲੇ ਇਹ ਤੱਤ ਮਨੁੱਖੀ ਸਰੀਰ ਦੇ ਅੰਦਰ ਖ਼ਤਰਨਾਕ ਬੈਕਟੀਰੀਆ ਪੈਦਾ ਕਰਕੇ ਕਈ ਤਰ੍ਹਾਂ ਦੇ ਰੋਗਾਂ ਦਾ ਕਾਰਨ ਬਣਦੇ ਹਨ। ਇਨ੍ਹਾਂ ਰਿਪੋਰਟਾਂ ਅਨੁਸਾਰ ਇਨ੍ਹਾਂ 'ਚੋਂ ਸਭ ਤੋਂ ਗੰਭੀਰ ਕੈਂਸਰ, ਗੁਰਦੇ, ਚਮੜੀ ਰੋਗ, ਟੀ.ਬੀ. ਅਤੇ ਦਮਾ ਵਰਗੀਆਂ ਬਿਮਾਰੀਆਂ ਹਨ। ਪੰਜਾਬ ਦੇ ਮਾਲਵਾ ਖੇਤਰ ਦੇ ਜ਼ਿਲ੍ਹਿਆਂ ਵਿਚ ਕੈਂਸਰ ਦੇ ਵਿਆਪਕ ਫੈਲਾਅ ਅਤੇ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧੇ ਦਾ ਵੱਡਾ ਕਾਰਨ ਧਰਤੀ ਹੇਠਲੇ ਪੀਣ ਵਾਲੇ ਪਾਣੀ ਨੂੰ ਮੰਨਿਆ ਜਾਂਦਾ ਹੈ, ਜਿਸ ਵਿਚ ਕਾਫ਼ੀ ਮਾਤਰਾ 'ਚ ਜ਼ਹਿਰੀਲੇ ਤੱਤ ਪਾਏ ਜਾਂਦੇ ਹਨ। ਪੀਣ ਵਾਲੇ ਪਾਣੀ ਦੀ ਗੁਣਵੱਤਾ ਵੀ ਹੌਲੀ-ਹੌਲੀ ਘਟ ਰਹੀ ਹੈ। ਇਸ ਜ਼ਹਿਰੀਲੇ ਪਾਣੀ ਨੂੰ ਸਿੰਚਾਈ ਲਈ ਵਰਤਣ ਦਾ ਪ੍ਰਭਾਵ ਸੂਬੇ ਦੀ ਖੇਤੀਬਾੜੀ 'ਤੇ ਵੀ ਵਿਖਾਈ ਦੇ ਰਿਹਾ ਹੈ। ਕਈ ਵਾਰ ਕਿਸਾਨਾਂ ਅਤੇ ਖੇਤੀਬਾੜੀ ਮਾਹਿਰਾਂ ਨੇ ਸ਼ਿਕਾਇਤ ਕੀਤੀ ਹੈ ਕਿ ਇਸ ਪਾਣੀ ਦੀ ਸਿੰਚਾਈ ਲਈ ਵਰਤੋਂ ਹੋਣ ਨਾਲ ਖੇਤੀ ਪੈਦਾਵਾਰ ਘਟ ਗਈ ਹੈ। ਫ਼ਸਲਾਂ ਦੇ ਦਾਣੇ ਕਮਜ਼ੋਰ ਹੋ ਗਏ ਹਨ। ਮਾਲਵਾ ਖੇਤਰ ਦੇ ਖੇਤੀ ਉਤਪਾਦਨ ਵਿਚ ਵੀ ਇਸ ਪਾਣੀ ਦਾ ਪ੍ਰਭਾਵ ਦੇਖਿਆ ਗਿਆ ਹੈ।



ਇਸ ਸਮੱਸਿਆ ਦਾ ਇਕ ਵੱਡਾ ਕਾਰਨ ਸੂਬੇ 'ਚ ਸੀਵਰੇਜ ਦੇ ਗੰਦੇ ਪਾਣੀ ਨੂੰ ਬਿਨਾਂ ਸਾਫ਼ ਕੀਤੇ ਦਰਿਆਵਾਂ ਤੇ ਨਦੀਆਂ ਨਾਲਿਆਂ 'ਚ ਸੁੱਟਣਾ ਮੰਨਿਆ ਜਾ ਰਿਹਾ ਹੈ। ਮਾਹਿਰਾਂ ਦੀ ਖੋਜ ਅਨੁਸਾਰ ਸੀਵਰੇਜ ਦੇ ਪਾਣੀ ਨੂੰ ਦਰਿਆਵਾਂ ਤੇ ਨਦੀਆਂ ਨਾਲਿਆਂ 'ਚ ਸੁੱਟਣ ਤੋਂ ਪਹਿਲਾਂ ਸਾਫ਼ ਕਰਨਾ ਜ਼ਰੂਰੀ ਹੈ ਅਤੇ ਇਸ ਦੀ ਪੂਰੀ ਜ਼ਿੰਮੇਵਾਰੀ ਸੰਬੰਧਿਤ ਸੂਬਾ ਸਰਕਾਰਾਂ ਦੀ ਹੈ, ਜਦਕਿ ਪੰਜਾਬ ਦੇ ਲਗਭਗ ਹਰ ਜ਼ਿਲ੍ਹੇ ਵਿਚ ਬਿਨਾਂ ਸਾਫ਼ ਕੀਤੇ ਸੀਵਰੇਜ ਦੇ ਪਾਣੀ ਨੂੰ ਦਰਿਆਵਾਂ 'ਚ ਸੁੱਟਣ ਦਾ ਕੰਮ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਬਹੁਤ ਵਾਰ ਇਹ ਮਾਮਲਾ ਉਠਾਉਣ 'ਤੇ ਵੀ ਕਿਸੇ ਸਰਕਾਰ ਨੇ ਇਸ ਸੰਬੰਧੀ ਕਦੇ ਗੰਭੀਰਤਾ ਨਹੀਂ ਵਿਖਾਈ। ਬੇਸ਼ੱਕ ਪੰਜਾਬ 'ਚ ਕੁਝ ਧਾਰਮਿਕ ਸੰਗਠਨਾਂ ਜਾਂ ਸਮਾਜਿਕ ਸੰਸਥਾਵਾਂ ਵਲੋਂ ਕਈ ਵਾਰ ਯਤਨ ਕੀਤੇ ਗਏ, ਪਰ ਉਹ ਨਿੱਜੀ ਪੱਧਰ 'ਤੇ ਕਾਫ਼ੀ ਸਫ਼ਲ ਹੋਣ ਦੇ ਬਾਵਜੂਦ ਵੀ ਪੂਰੀ ਸਮੱਸਿਆ ਨਾਲ ਨਜਿੱਠਣ ਵਿਚ ਅਸਫ਼ਲ ਰਹੇ ਹਨ। ਹਾਲ ਹੀ 'ਚ ਰਾਜ ਸਭਾ 'ਚ ਵੀ ਕੇਂਦਰੀ ਜਲ-ਸ਼ਕਤੀ ਮੰਤਰੀ ਭੂਸ਼ਣ ਚੌਧਰੀ ਨੇ ਪੰਜਾਬ ਦੇ ਭੂਮੀਗਤ ਪਾਣੀ ਦੇ ਜ਼ਹਿਰੀਲੇ ਹੋਣ 'ਤੇ ਚਿੰਤਾ ਪ੍ਰਗਟ ਕਰਦਿਆਂ ਦੱਸਿਆ ਕਿ ਘੱਗਰ, ਸਤਲੁਜ, ਸਿਰਸਾ, ਹੰਸ ਸਵਾਂ ਅਤੇ ਕਾਲੀ ਵੇਈਂ ਦੇ ਪੰਜ ਤੱਟਵਰਤੀ ਖੇਤਰਾਂ 'ਚ ਸੀਵਰੇਜ ਦੇ ਪਾਣੀ ਨੂੰ ਇਨ੍ਹਾਂ ਨਦੀਆਂ-ਦਰਿਆਵਾਂ ਵਿਚ ਸੁੱਟੇ ਜਾਣ ਕਾਰਨ ਸੂਬਿਆਂ 'ਚ ਧਰਤੀ ਹੇਠਲਾ ਪਾਣੀ ਵੱਡੇ ਪੱਧਰ 'ਤੇ ਜ਼ਹਿਰੀਲਾ ਹੋ ਰਿਹਾ ਹੈ। ਕਈ ਖੇਤਰਾਂ ਵਿਚ ਤਾਂ ਇਹ ਪਾਣੀ ਪਸ਼ੂਆਂ ਦੇ ਪੀਣ ਯੋਗ ਵੀ ਨਹੀਂ ਰਿਹਾ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਹਾਲ ਹੀ ਵਿਚ ਰਾਜ ਸਭਾ 'ਚ ਸਤਲੁਜ, ਬਿਆਸ, ਰਾਵੀ ਅਤੇ ਸੂਬੇ ਦੇ ਹੋਰ ਦਰਿਆਵਾਂ ਦੀ ਸਫ਼ਾਈ ਤੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਦਾ ਮੁੱਦਾ ਵੀ ਉਠਾਇਆ ਸੀ।

ਸੂਬੇ ਦੀ ਇਕ ਪ੍ਰਯੋਗਸ਼ਾਲਾ ਦੀ ਰਿਪੋਰਟ ਅਨੁਸਾਰ ਚਾਲੂ ਸਾਲ 'ਚ ਵੱਖ-ਵੱਖ ਹਿੱਸਿਆਂ ਤੋਂ ਪੀਣ ਵਾਲੇ ਪਾਣੀ ਦੇ 3060 ਨਮੂਨਿਆਂ 'ਚੋਂ 77 ਫ਼ੀਸਦੀ ਫ਼ੇਲ੍ਹ ਪਾਏ ਗਏ। ਸਭ ਤੋਂ ਵੱਧ ਫ਼ੇਲ੍ਹ ਨਮੂਨੇ ਮੋਗਾ, ਪਠਾਨਕੋਟ, ਫ਼ਿਰੋਜ਼ਪੁਰ, ਮਾਨਸਾ ਤੇ ਪਟਿਆਲਾ ਦੇ ਪਾਏ ਗਏ। ਪੂਰੇ ਸੂਬੇ ਦੇ 23 ਜ਼ਿਲ੍ਹਿਆਂ ਦੇ 30 ਫ਼ੀਸਦੀ ਨਮੂਨੇ ਨਿਰਧਾਰਤ ਮਾਪਦੰਡਾਂ 'ਤੇ ਪੂਰਾ ਨਹੀਂ ਉਤਰ ਸਕੇ। ਇਸ ਰਿਪੋਰਟ ਦੇ ਆਧਾਰ 'ਤੇ ਇਹ ਆਸਾਨੀ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਗੰਦੇ, ਪ੍ਰਦੂਸ਼ਿਤ ਅਤੇ ਜ਼ਹਿਰੀਲੇ ਹੋਣ ਦੀ ਸਥਿਤੀ ਕਿੰਨੀ ਗੰਭੀਰ ਹੈ। ਇਨ੍ਹਾਂ ਰਿਪੋਰਟਾਂ ਅਨੁਸਾਰ ਅਨੇਕਾਂ ਰਸਾਇਣਕ ਉਦਯੋਗਿਕ ਇਕਾਈਆਂ, ਚਮੜਾ ਉਦਯੋਗਾਂ ਅਤੇ ਲੋਹਾ ਉਦਯੋਗਾਂ 'ਚੋਂ ਨਿਕਲਣ ਵਾਲੇ ਪਾਣੀ ਨੂੰ ਸਿੱਧਾ ਨਹਿਰਾਂ-ਦਰਿਆਵਾਂ ਵਿਚ ਅਤੇ ਧਰਤੀ ਵਿਚ ਬੋਰ ਕਰਕੇ ਉਸ ਵਿਚ ਪਾਉਣ ਨਾਲ ਹੀ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋਇਆ ਹੈ। ਮਾਹਿਰਾਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਪੰਜਾਬ ਦੀ ਲਗਭਗ ਹਰ ਸਰਕਾਰ ਆਪਣੀਆਂ ਰਿਪੋਰਟਾਂ ਵਿਚ ਦਾਅਵਾ ਕਰਦੀ ਰਹੀ ਹੈ ਕਿ ਸੂਬੇ 'ਚ ਪਾਣੀ ਤੇ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਪਰ ਅਸਲ ਵਿਚ ਕਦੇ ਵੀ ਕੋਈ ਸਾਰਥਕ ਨਤੀਜੇ ਸਾਹਮਣੇ ਆਉਂਦੇ ਵਿਖਾਈ ਨਹੀਂ ਦਿੱਤੇ ਹਨ। ਅਸੀਂ ਸਮਝਦੇ ਹਾਂ ਕਿ ਇਹ ਸਮੱਸਿਆ ਬਿਨਾਂ ਸ਼ੱਕ ਬਹੁਤ ਗੰਭੀਰ ਹੈ ਅਤੇ ਇਹ ਆਉਣ ਵਾਲੀਆਂ ਪੀੜ੍ਹੀਆਂ ਲਈ ਸਰਾਪ ਬਣ ਸਕਦੀ ਹੈ। ਜੇਕਰ ਇਸ ਸੰਬੰਧੀ ਤੁਰੰਤ ਕਦਮ ਨਾ ਚੁੱਕੇ ਗਏ ਤਾਂ ਇਹ ਸਥਿਤੀ ਹੋਰ ਵੀ ਗੰਭੀਰ ਹੋ ਸਕਦੀ ਹੈ। ਬਿਨਾਂ ਸ਼ੱਕ ਇਸ ਲਈ ਢੁਕਵੇਂ ਸਖ਼ਤ ਕਦਮ ਚੁੱਕਣ ਲਈ ਮਜ਼ਬੂਤ ਰਾਜਨੀਤਕ ਇੱਛਾ ਸ਼ਕਤੀ ਦੀ ਲੋੜ ਹੋਵੇਗੀ। ਅਸੀਂ ਇਹ ਵੀ ਸਮਝਦੇ ਹਾਂ ਕਿ ਜੇਕਰ ਹੁਣ ਵੀ ਅਸੀਂ ਨਾ ਜਾਗੇ ਤਾਂ ਸਥਿਤੀ ਸੁਧਾਰ ਨਾ ਕੀਤੇ ਜਾ ਸਕਣ ਵਾਲੇ ਬਿੰਦੂ ਤੱਕ ਪਹੁੰਚ ਸਕਦੀ ਹੈ।

# ਗਾਜ਼ਾ 'ਚ ਫੈਲ ਚੁੱਕੀ ਹੈ ਭਿਆਨਕ ਭੁੱਖਮਰੀ, ਦੁਨੀਆ ਦੀਆਂ ਵੱਡੀਆਂ ਤਾਕਤਾਂ ਅਜੇ ਵੀ ਖ਼ਾਮੋਸ਼

ਗਾਜ਼ਾ ਪੱਟੀ ਵਿਚ ਪਿਛਲੇ ਅਰਸੇ ਦੌਰਾਨ ਘਰਾਂ, ਸਕੂਲਾਂ, ਹਸਪਤਾਲਾਂ ਨੂੰ ਤਹਿਸ-ਨਹਿਸ ਕਰਕੇ ਹਜ਼ਾਰਾਂ ਜਿਉਂਦੇ ਲੋਕਾਂ ਨੂੰ ਲਾਸ਼ਾਂ 'ਚ ਤਬਦੀਲ ਕਰ ਦਿੱਤਾ ਗਿਆ। ਬੰਬਾਂ, ਮਿਜ਼ਾਈਲਾਂ ਤੋਂ ਬਚੇ ਲੋਕ ਜਦੋਂ ਬੰਕਰਾਂ ਤੇ ਹੋਰ ਸੁਰੱਖਿਅਤ ਥਾਵਾਂ 'ਤੇ ਚਲੇ ਗਏ ਤਾਂ ਇਜ਼ਰਾਈਲ ਨੇ ਉਨ੍ਹਾਂ ਦੀ ਹਰ ਮਦਦ ਰੋਕ ਕੇ ਉਨ੍ਹਾਂ ਨੂੰ ਭੁੱਖ ਨਾਲ ਵਿਲਕ-ਵਿਲਕ ਕੇ ਮਰਨ ਲਈ ਛੱਡ ਦਿੱਤਾ। ਇਨ੍ਹਾਂ ਵਿਚ ਹਜ਼ਾਰਾਂ ਦੀ ਗਿਣਤੀ 'ਚ ਉਹ ਮਾਸੂਮ ਬੱਚੇ ਹਨ, ਜਿਨ੍ਹਾਂ ਦਾ ਧਰਮਾਂ, ਨਸਲਾਂ ਤੇ ਦੇਸ਼ਾਂ ਦੇ ਹੱਦ-ਬੰਨਿਆਂ ਨਾਲ ਫ਼ਿਲਹਾਲ ਕੋਈ ਲੈਣ-ਦੇਣ ਨਹੀਂ ਹੈ।

ਹਾਲਾਤ ਹੁਣ ਇਹ ਹਨ ਕਿ ਮਾਵਾਂ ਦੇ ਸੀਨਿਆਂ 'ਚੋਂ ਨੀਰ ਮੁੱਕ ਗਿਆ ਹੈ। ਭੁੱਖ ਨਾਲ ਵਿਲਕਦੇ, ਤਿਲ-ਤਿਲ ਮਰਦੇ, ਮਾਵਾਂ ਦੀਆਂ ਛਾਤੀਆਂ ਨਾਲ ਲੱਗੇ ਮਾਸੂਮਾਂ ਨੂੰ ਦੁਨੀਆ ਦੀ ਅਗਵਾਈ ਕਰਨ ਵਾਲੀਆਂ ਤਾਕਤਾਂ ਮੂਕਦਰਸ਼ਕ ਬਣ ਕੇ ਵੇਖ ਰਹੀਆਂ ਹਨ। ਇਨ੍ਹਾਂ ਜ਼ਾਲਮਾਨਾਂ ਤੇ ਕਰੂਰ ਹਾਲਤਾਂ ਦੀ ਸਿਰਜਣਾ ਕਿਉਂ ਕੀਤੀ ਗਈ? ਇਸ ਸਥਿਤੀ ਨੂੰ ਚੁੱਪ ਰਹਿ ਕੇ ਕਿਉਂ ਵੇਖਿਆ ਜਾ ਰਿਹਾ ਹੈ? ਇਹ ਵੱਡੇ ਸਵਾਲ ਹਨ, ਜਿਨ੍ਹਾਂ ਦਾ ਜਵਾਬ ਕਿਸੇ ਕੋਲ ਨਹੀਂ। ਇਸ ਲਈ ਬਿਆਨਬਾਜ਼ੀਆਂ ਦੀ ਲੋੜ ਨਹੀਂ, ਕੁਝ ਕਰਨ ਦੀ ਲੋੜ ਹੈ। ਜਾਗਦੀਆਂ ਜ਼ਮੀਰਾਂ ਵਾਲੇ ਦੁਨੀਆ ਭਰ ਦੇ ਲੋਕਾਂ ਲਈ ਇਹ ਬੇਹੱਦ ਕਸ਼ਟਦਾਇਕ ਸਥਿਤੀ ਹੈ। ਅਸੀਂ ਸਾਰੇ ਇਸ ਦੌਰ ਦੇ ਗਵਾਹ ਇਸ ਸਥਿਤੀ ਨੂੰ ਬੇਵੱਸ ਹੋ ਕੇ ਵੇਖ ਰਹੇ ਹਾਂ। ਦੁਨੀਆ ਦੀਆਂ ਤਾਕਤਵਰ ਸ਼ਕਤੀਆਂ ਵਲੋਂ ਇਸ ਲਈ ਕੁਝ ਵੀ ਨਾ ਕਰ ਸਕਣਾ ਬੇਹੱਦ ਅਫ਼ਸੋਸਜਨਕ ਤੇ ਨਿੰਦਣਯੋਗ ਹੈ।

ਪਿਛਲੇ ਦਿਨੀ ਇਕ ਮਾਂ ਵਲੋਂ ਗੋਦੀ ਚੁੱਕੇ ਭੁੱਖ ਨਾਲ ਪਿੰਜਰ ਬਣੇ ਬੱਚੇ ਦੀ ਤਸਵੀਰ ਦੁਨੀਆ ਭਰ 'ਚ ਏਨੀ ਘੁੰਮੀ ਕਿ ਇਸ ਨੂੰ ਵੇਖ ਕੇ ਹਰ ਸੰਵੇਦਨਸ਼ੀਲ ਅੱਖ ਨਮ ਹੋ ਗਈ। ਰਾਖ ਦੇ ਮਲਬੇ 'ਤੇ ਬੈਠੇ ਹਜ਼ਾਰਾਂ ਲੋਕਾਂ ਦੀਆਂ ਭਿਆਨਕ ਤਸਵੀਰਾਂ ਸਾਹਮਣੇ ਆ ਰਹੀਆਂ ਹਨ। ਸਬਜ਼ੀ ਦੇ ਇਕ ਟੱਬ ਤੋਂ ਸਬਜ਼ੀ ਲੈਣ ਲਈ ਹਜ਼ਾਰਾਂ ਲੋਕ ਭਾਂਡੇ ਲੈ ਕੇ ਆ ਜਾਂਦੇ ਹਨ। ਇਕ ਬ੍ਰੈੱਡ ਨੂੰ ਹਾਸਲ ਕਰਨ ਲਈ ਸੈਂਕੜੇ ਹੱਥ ਅਹੁਲਦੇ ਹਨ। ਆਪਣੀਆਂ ਅੱਖਾਂ ਸਾਹਮਣੇ ਭੁੱਖ ਨਾਲ ਤਿਲ-ਤਿਲ ਮਰਦੇ ਬੱਚੇ ਵੇਖ ਕੇ ਮਾਵਾਂ ਆਖਣ ਲੱਗੀਆਂ ਹਨ 'ਇਹ ਮੌਤ ਬਹੁਤ ਭਿਆਨਕ ਹੈ। ਇਸ ਨਾਲੋਂ ਤਾਂ ਚੰਗਾ ਸੀ ਇਹ ਮਾਸੂਮ ਗੋਲੀਆਂ ਨਾਲ ਹੀ ਮਰ ਜਾਂਦੇ।' ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਬਿਆਨ ਦੇ ਰਹੇ ਹਨ ਕਿ ਗਾਜ਼ਾ ਵਿਚ ਭੁੱਖਮਰੀ ਵਰਗੀ ਕੋਈ ਸਥਿਤੀ ਨਹੀਂ ਹੈ, ਜਦਕਿ ਹਾਲਾਤ ਇੰਨੇ ਭਿਆਨਕ ਹਨ ਕਿ ਉੱਥੇ ਕਵਰੇਜ ਕਰ ਰਹੇ ਵੱਡੇ ਮੀਡੀਆ ਹਾਊਸਾਂ ਦੇ ਪੱਤਰਕਾਰਾਂ ਨੂੰ ਵੀ ਕਈ-ਕਈ ਦਿਨ ਖਾਣਾ ਨਹੀਂ ਮਿਲਦਾ। ਨੇਤਨਯਾਹੂ ਸਰਕਾਰ ਦੇ ਮੰਤਰੀ ਵੀ ਇਹ ਬਿਆਨ ਦੇ ਰਹੇ ਹਨ ਕਿ ਜੰਗ ਤੋਂ ਬਚੇ ਫਿਲਸਤੀਨੀਆਂ ਨੂੰ ਭੁੱਖ ਨਾਲ ਮਰਨ ਲਈ ਮਜਬੂਰ ਕਰ ਦਿੱਤਾ ਜਾਵੇਗਾ। ਕਿਸੇ ਰਾਹਤ ਕੈਂਪ ਤੋਂ ਖਾਣਾ ਲੈ ਰਹੇ ਲੋਕਾਂ 'ਤੇ ਇਜ਼ਰਾਈਲੀ ਫ਼ੌਜ ਅਚਾਨਕ ਗੋਲੀਆਂ ਦਾ ਮੀਂਹ ਵਰ੍ਹਾ ਦਿੰਦੀ ਹੈ, ਜਿਸ ਦਾ ਭਾਵ ਇਹ ਹੈ ਕਿ ਲੋਕ ਭੁੱਖ ਜਾਂ ਗੋਲੀ ਦੋਹਾਂ 'ਚੋਂ ਇਕ ਨੂੰ ਚੁਣ ਲੈਣ। ਹਸਪਤਾਲ 'ਚ ਦਾਖਲ ਇਕ 16-17 ਸਾਲਾ ਲੜਕਾ ਜਿਸ ਦਾ ਇਕ ਹੱਥ ਬੰਬ ਨਾਲ ਉੱਡ ਗਿਆ ਸੀ, ਦਾ ਦਾਖਲ ਹੋਣ ਸਮੇਂ ਭਾਰ 40 ਕਿੱਲੋ ਸੀ ਤੇ ਭੁੱਖ ਕਾਰਨ ਕੁਝ ਦਿਨਾਂ 'ਚ ਹੀ ਉਹ ਸਿਰਫ਼ 10 ਕਿੱਲੋ ਦਾ ਰਹਿ ਗਿਆ। ਅਜਿਹੇ ਹਾਲਾਤ ਬਣ ਚੁੱਕੇ ਹਨ ਗਾਜ਼ਾ ਦੇ।

ਇਸ ਸਮੇਂ ਨੇਤਨਯਾਹੂ ਦਾ ਇਜ਼ਰਾਈਲ ਵਿਚ ਹੀ ਵੱਡਾ ਵਿਰੋਧ ਹੋ ਰਿਹਾ ਹੈ। ਵੱਡੀ ਗਿਣਤੀ 'ਚ ਇਜ਼ਰਾਈਲੀ ਉਸ ਦੀ ਕਾਰਜਪ੍ਰਣਾਲੀ ਤੋਂ ਖੁਸ਼ ਨਹੀਂ ਹਨ। ਲੋਕ ਲਗਾਤਾਰ ਸਵਾਲ ਪੁੱਛ ਰਹੇ ਹਨ ਕਿ ਜਿਸ ਯੁੱਧ ਨੂੰ ਬਹੁਤ ਪਹਿਲਾਂ ਬੰਦ ਕਰ ਦਿੱਤਾ ਜਾਣਾ ਚਾਹੀਦਾ ਸੀ, ਲਗਾਤਾਰ ਕਿਉਂ ਜਾਰੀ ਹੈ? ਹਾਲਾਤ ਇਹ ਹਨ ਕਿ ਭਿਆਨਕ ਤੋਂ ਭਿਆਨਕ ਹਾਲਾਤ ਬਣਾਈ ਰੱਖਣਾ, ਇਕ ਤੋਂ ਮਗਰੋਂ ਦੂਜੀ ਤੇ ਦੂਜੀ ਤੋਂ ਮਗਰੋਂ ਤੀਜੀ ਘਟਨਾ ਨੂੰ ਅੰਜਾਮ ਦੇਣਾ ਨੇਤਨਯਾਹੂ ਦੀ ਮਜਬੂਰੀ ਬਣ ਚੁੱਕੀ ਹੈ, ਕਿਉਂਕਿ ਉਸ ਨੂੰ ਇਸ ਗੱਲ ਦਾ ਇਲਮ ਹੈ ਕਿ ਹਾਲਾਤ ਆਮ ਵਰਗੇ ਹੋਣ 'ਤੇ ਉਸ ਨੂੰ ਜਨਤਾ ਦੀ ਅਦਾਲਤ 'ਚ ਆਉਣਾ ਪਵੇਗਾ। ਉਸ 'ਤੇ ਅਦਾਲਤ ਵਿਚ ਭ੍ਰਿਸ਼ਟਾਚਾਰ ਦਾ ਕੇਸ ਵੀ ਸੁਣਵਾਈ ਅਧੀਨ ਹੈ। ਅਮਰੀਕਾ 'ਚ ਜਿੱਥੇ ਨੇਤਨਯਾਹੂ ਨੂੰ ਇਕ ਚੰਗਾ ਨੇਤਾ ਸਮਝਿਆ ਜਾਂਦਾ ਸੀ, ਉੱਥੇ ਵੀ ਉਸ ਦੀ ਕਿਰਕਿਰੀ ਹੋ ਰਹੀ ਹੈ। ਭੁੱਖ ਨਾਲ ਮਰਦੇ ਮਾਸੂਮਾਂ ਦੀਆਂ ਖ਼ਬਰਾਂ ਬਾਰੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਏਨਾ ਹੀ ਕਿਹਾ ਹੈ ਕਿ ਭੁੱਖਮਰੀ ਨੂੰ ਦੇਖਦਿਆਂ ਨੇਤਨਯਾਹੂ ਨੂੰ ਗੋਲੀਬੰਦੀ ਕਰਨੀ ਚਾਹੀਦੀ ਹੈ। ਅਮਰੀਕੀ ਰਾਸ਼ਟਰਪਤੀ ਵਲੋਂ ਕੇਵਲ ਏਨਾ ਕਹਿ ਕੇ ਲਾਂਭੇ ਹੋਣਾ ਕਾਫ਼ੀ ਨਹੀਂ ਹੈ। ਅਮਰੀਕਾ ਦੇ ਲੋਕ ਇਹ ਆਸ ਕਰ ਰਹੇ ਹਨ ਕਿ ਅਮਰੀਕਾ ਜੋ ਹਰ ਤਰ੍ਹਾਂ ਦੀਆਂ ਇਜ਼ਰਾਈਲੀ ਜੰਗੀ ਮੁਹਿੰਮਾਂ ਦੀ ਹਮਾਇਤ ਕਰਦਾ ਰਿਹਾ ਹੈ, ਨੂੰ ਅੱਗੇ ਹੋ ਕੇ ਇਸ ਅਣਮਨੁੱਖੀ ਵਰਤਾਰੇ ਨੂੰ ਰੋਕਣ ਦੇ ਯਤਨ ਕਰਨੇ ਚਾਹੀਦੇ ਹਨ।

ਗੁਰਚਰਨ ਸਿੰਘ ਨੂਰਪੁਰ



ਦਹਾਕਿਆਂ ਤੋਂ ਚੱਲ ਰਹੀ ਇਸ ਜੰਗ ਵਿਚ ਇਜ਼ਰਾਈਲ ਹਰ ਵਾਰ ਫਿਲਸਤੀਨ ਦੇ ਵੱਡੇ ਇਲਾਕਿਆਂ 'ਤੇ ਆਪਣਾ ਕਬਜ਼ਾ ਕਰਦਾ ਗਿਆ ਅਤੇ ਫਿਲਸਤੀਨ ਦੁਨੀਆ ਦੇ ਨਕਸ਼ੇ 'ਤੇ ਛੋਟਾ ਹੁੰਦਾ ਗਿਆ। ਮੌਜੂਦਾ ਘਟਨਾਕ੍ਰਮ ਵਿਚ ਇਜ਼ਰਾਈਲ ਇਹ ਦੋਸ਼ ਲਾਉਂਦਾ ਰਿਹਾ ਕਿ ਹਮਾਸ ਵਲੋਂ ਜੋ ਇਕ ਹਜ਼ਾਰ ਦੇ ਕਰੀਬ ਇਜ਼ਰਾਈਲੀ ਨਾਗਰਿਕ ਹਿਰਾਸਤ 'ਚ ਲਏ ਗਏ ਹਨ, ਉਨ੍ਹਾਂ ਨੂੰ ਰਿਹਾਅ ਕਰਵਾਉਣ ਲਈ ਅਸੀਂ ਜੰਗ ਲੜ ਰਹੇ ਹਾਂ। ਦੂਜੇ ਪਾਸੇ ਹਮਾਸ ਵੀ ਇਹ ਮੰਗ ਕਰ ਰਿਹਾ ਹੈ ਕਿ ਇਜ਼ਰਾਈਲ ਪਹਿਲਾਂ ਤੋਂ ਬੰਦੀ ਬਣਾਏ ਹੋਏ ਫਿਲਸਤੀਨ ਦੇ ਨਾਗਰਿਕਾਂ ਨੂੰ ਰਿਹਾਅ ਕਰੇ। ਇਸ ਦੌਰਾਨ ਹਮਾਸ ਵਲੋਂ 7 ਅਕਤੂਬਰ 2023 ਨੂੰ ਪਹਿਲਾ ਹਮਲਾ ਕੀਤਾ ਗਿਆ ਸੀ। ਇਸ ਮਗਰੋਂ ਹਮਲਾ ਰੋਕ ਦਿੱਤਾ ਗਿਆ ਤੇ ਇਜ਼ਰਾਈਲ ਨੂੰ ਇਹ ਕਿਹਾ ਗਿਆ ਕਿ ਜੇਕਰ ਬੰਦੀ ਬਣਾਏ ਫਿਲਸਤੀਨੀ ਨਾਗਰਿਕਾਂ ਨੂੰ ਇਜ਼ਰਾਈਲ ਛੱਡ ਦਿੰਦਾ ਹੈ ਤਾਂ ਅਸੀਂ ਵੀ ਉਸ ਦੇ ਨਾਗਰਿਕਾਂ ਨੂੰ ਰਿਹਾਅ ਕਰ ਦੇਵਾਂਗੇ ਪਰ ਇਜ਼ਰਾਈਲ ਨੂੰ ਇਹ ਪ੍ਰਸਤਾਵ ਮਨਜ਼ੂਰ ਨਹੀਂ ਸੀ।

ਫਿਲਸਤੀਨ ਇਜ਼ਰਾਈਲ ਜੰਗ ਦੇ ਚਲਦਿਆਂ ਮੱਧ ਪੂਰਬੀ ਦੇਸ਼ਾਂ 'ਚ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਹਨ। ਅਮਰੀਕੀ ਜਨਤਾ ਦੇ ਵਿਰੋਧ ਕਰਕੇ ਅਮਰੀਕੀ ਸਰਕਾਰ ਲਗਾਤਾਰ ਇਜ਼ਰਾਈਲ ਦੀ ਹਮਾਇਤ ਜਾਰੀ ਨਹੀਂ ਰੱਖ ਸਕੇਗੀ। ਖ਼ਬਰਾਂ ਇਹ ਵੀ ਆ ਰਹੀਆਂ ਹਨ ਕਿ ਅਫ਼ਗਾਨ ਤਾਲਿਬਾਨ, ਇਜ਼ਰਾਈਲ ਨਾਲ ਲੜ ਰਹੀ ਜਥੇਬੰਦੀ ਹਮਾਸ ਦੀ ਹਮਾਇਤ ਲਈ ਤਿਆਰ ਹੋ ਰਹੇ ਹਨ। ਨੀਦਰਲੈਂਡ ਵਰਗਾ ਦੇਸ਼ ਜੋ ਇਜ਼ਰਾਈਲ ਦਾ ਕੱਟੜ ਹਮਾਇਤੀ ਰਿਹਾ ਹੈ, ਨੇ ਵੀ ਆਪਣਾ ਰੁਖ਼ ਬਦਲਿਆ ਹੈ। ਯੂਰਪੀ ਦੇਸ਼ਾਂ 'ਚ ਇਹ ਮੰਗ ਵੀ ਜ਼ੋਰ ਫੜਨ ਲੱਗੀ ਹੈ ਕਿ ਫਿਲਸਤੀਨ ਨੂੰ ਇਕ ਮੁਕੰਮਲ ਆਜ਼ਾਦ ਦੇਸ਼ ਦਾ ਦਰਜਾ ਦਿੱਤਾ ਜਾਵੇ। ਪਰ ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਫਿਲਸਤੀਨ 'ਚ ਹਾਲਾਤ ਹਰ ਦਿਨ ਬਦਤਰ ਹੋ ਰਹੇ ਹਨ।

ਸਾਨੂੰ ਸਭ ਧਰਤੀ ਵਾਸੀਆਂ ਨੂੰ ਇਸ ਦਾ ਅਫ਼ਸੋਸ ਹੋਣਾ ਚਾਹੀਦਾ ਹੈ ਕਿ ਅਸੀਂ ਜਿਸ ਧਰਤੀ ਦੇ ਵਾਸੀ ਹਾਂ, ਉਸ ਦੇ ਇਕ ਖਿੱਤੇ 'ਚ 40 ਹਜ਼ਾਰ ਮਾਸੂਮ ਬੱਚੇ ਭੁੱਖ ਨਾਲ ਵਿਲਕ ਰਹੇ ਹਨ। ਹੁਣ ਤੱਕ ਦੀਆਂ ਖ਼ਬਰਾਂ ਮੁਤਾਬਕ 122 ਮੌਤਾਂ ਭੁੱਖ ਨਾਲ ਹੋ ਚੁੱਕੀਆਂ ਹਨ, ਜਿਨ੍ਹਾਂ 'ਚ 83 ਬੱਚੇ ਹਨ। ਹਾਲਾਤ ਇਹ ਹਨ ਕਿ ਇਲਾਜ ਕਰਨ ਲਈ ਦਵਾਈਆਂ ਨਹੀਂ, ਪੀਣ ਲਈ ਪਾਣੀ ਨਹੀਂ ਅਤੇ ਡਾਕਟਰ ਤੱਕ ਵੀ ਭੁੱਖ ਨਾਲ ਮਰ ਰਹੇ ਹਨ। ਅੰਤਰਰਾਸ਼ਟਰੀ ਮੀਡੀਆ ਵਲੋਂ ਖ਼ਬਰਾਂ ਇਹ ਵੀ ਹਨ ਕਿ ਇਸ ਸਮੇਂ ਗਾਜ਼ਾ 'ਤੇ ਇਕ ਤਰ੍ਹਾਂ ਨਾਲ ਇਜ਼ਰਾਈਲੀ ਫ਼ੌਜ ਕਾਬਜ਼ ਹੋ ਚੁੱਕੀ ਹੈ, ਜੋ ਰਾਹਤ ਸਮੱਗਰੀ ਲੈ ਕੇ ਆਉਣ ਵਾਲੇ ਵਾਹਨਾਂ ਨੂੰ ਜਾਂ ਤਾਂ ਲੁੱਟ ਰਹੀ ਹੈ ਜਾਂ ਫਿਰ ਤਬਾਹ ਕਰ ਰਹੀ ਹੈ। ਇਕ ਤਾਨਾਸ਼ਾਹ ਵਲੋਂ ਗਾਜ਼ਾ ਦੇ ਵੱਡੇ ਇਲਾਕੇ ਨੂੰ ਕਤਲਗਾਹ 'ਚ ਤਬਦੀਲ ਕਰ ਦਿੱਤਾ ਗਿਆ ਹੈ। ਖ਼ਾਨ ਯੂਨਿਸ, ਰਾਫ਼ਾਹ, ਅਲ ਕਬੀਰਾ, ਕਿਜ਼ਾਨ ਵਰਗੇ ਗਾਜ਼ਾ ਦੇ ਸ਼ਹਿਰਾਂ ਨੂੰ ਇਸ ਕਦਰ ਮਲਬੇ 'ਚ ਤਬਦੀਲ ਕਰ ਦਿੱਤਾ ਗਿਆ ਕਿ ਜੇਕਰ ਇਨ੍ਹਾਂ ਨੂੰ ਦੁਬਾਰਾ ਪਹਿਲੀ ਦਿੱਖ ਦੇਣੀ ਹੋਵੇ ਤਾਂ ਮਾਹਿਰਾਂ ਅਨੁਸਾਰ ਇਸ ਲਈ 80 ਸਾਲ ਲੱਗਣਗੇ। ਇਤਿਹਾਸ ਗਵਾਹ ਹੈ ਕਿ ਭਿਆਨਕ ਹਾਲਾਤ ਸਿਰਜਣ ਵਾਲਿਆਂ ਨੂੰ ਲੋਕ ਕਦੇ ਮਾਫ਼ ਨਹੀਂ ਕਰਦੇ। ਇਹ ਭਾਵੇਂ ਕੋਈ ਹਿਟਲਰ ਹੋਵੇ, ਮੁਸੋਲੀਨੀ ਹੋਵੇ, ਚੰਗੇਜ਼ ਖ਼ਾਨ ਹੋਵੇ ਜਾਂ ਕੋਈ ਹੋਰ। ਦੁਨੀਆ ਦੀਆਂ ਵੱਡੀਆਂ ਤਾਕਤਾਂ ਨੂੰ ਇਸ ਜ਼ੁਲਮ ਤੇ ਤਸ਼ੱਦਦ ਨੂੰ ਰੋਕਣ ਲਈ ਅੱਗੇ ਆਉਣਾ ਚਾਹੀਦਾ ਹੈ। ਇਜ਼ਰਾਈਲ-ਫਿਲਸਤੀਨ ਦੀ ਜੰਗ ਤੋਂ ਦੁਨੀਆ ਭਰ ਦੇ ਜੰਗਬਾਜ਼ਾਂ ਅਤੇ ਜੰਗਾਂ ਯੁੱਧਾਂ ਦੀ ਹਮਾਇਤ ਕਰਨ ਵਾਲਿਆਂ ਨੂੰ ਇਹ ਸਮਝ ਜਾਣਾ ਚਾਹੀਦਾ ਹੈ ਕਿ ਜੰਗ ਮਸਲਿਆਂ ਦਾ ਹੱਲ ਨਹੀਂ ਹੁੰਦੀ। ਇਸ ਖਿੱਤੇ 'ਚ ਤੁਰੰਤ ਜੰਗਬੰਦੀ ਹੋਣੀ ਚਾਹੀਦੀ ਹੈ ਅਤੇ ਜਿਵੇਂ ਆਵਾਜ਼ਾਂ ਉੱਠ ਰਹੀਆਂ ਹਨ, ਫਿਲਸਤੀਨ ਨੂੰ ਇਕ ਆਜ਼ਾਦ ਮੁਲਕ ਐਲਾਨਣਾ ਚਾਹੀਦਾ ਹੈ। ਦੁਨੀਆ ਭਰ ਦੀਆਂ ਵੱਡੀਆਂ ਤਾਕਤਾਂ ਨੂੰ ਫਿਲਸਤੀਨ ਦੇ ਲੋਕਾਂ ਦੀ ਹਰ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਭਾਰਤੀ ਮੂਲ ਦੀ ਰੇਸ਼ਮਾ ਕੇਵਲਰਮਾਨੀ ਦਾ ਨਾਂ ਸਭ ਤੋਂ ਵਧ ਸ਼ਕਤੀਸ਼ਾਲੀ 100 ਕਾਰੋਬਾਰੀਆਂ 'ਚ ਸ਼ਾਮਿਲ

## ਫਾਰਚੂਨ ਮੈਗਜ਼ੀਨ ਦੀ ਸੂਚੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਫਾਰਚੂਨ ਮੈਗਜ਼ੀਨ ਦੁਆਰਾ ਕਾਰੋਬਾਰ ਵਿੱਚ ਸੱਭ ਤੋਂ ਵਧ ਸ਼ਕਤੀਸ਼ਾਲੀ ਕਾਰੋਬਾਰੀਆਂ ਦੀ ਇੱਕ ਸੂਚੀ ਪ੍ਰਕਾਸ਼ਿਤ ਕੀਤੀ ਗਈ ਹੈ ਜਿਸ ਵਿੱਚ ਚੋਟੀ ਦੇ ਸ਼ਕਤੀਸ਼ਾਲੀ 100 ਵਿਅਕਤੀਆਂ ਦੇ ਨਾਂ ਸ਼ਾਮਿਲ ਹਨ। ਇਨਾਂ ਵਿੱਚ ਭਾਰਤੀ ਮੂਲ ਦੀ ਮੁੰਬਈ ਦੀ ਜਮਪਲ ਰੇਸ਼ਮਾ ਕੇਵਲਰਮਾਨੀ ਜੋ ਕਿ ਵਰਟੈਕਸ ਫਾਰਮਾਸਿਊਟੀਕਲਜ਼ ਦੀ ਸੀ ਈ ਓ ਹੈ, ਦਾ ਨਾਂ ਵੀ ਸ਼ਾਮਿਲ ਹੈ। ਕੌਮਾਂਤਰੀ ਕਾਰੋਬਾਰੀ ਆਗੂਆਂ ਦੀ ਸੂਚੀ ਵਿੱਚ ਕੇਵਲਰਮਾਨੀ 62ਵੇਂ ਸਥਾਨ 'ਤੇ ਹੈ। ਇਸ ਸੂਚੀ ਵਿੱਚ ਉਨਾਂ ਕਾਰੋਬਾਰੀਆਂ ਨੂੰ ਜਗਾ ਦਿੱਤੀ ਜਾਂਦੀ ਹੈ ਜੋ ਭਵਿੱਖ ਦੇ ਕਾਰੋਬਾਰ ਨੂੰ ਸ਼ਕਲ ਦਿੰਦੇ ਹਨ। ਕੇਵਲਰਮਾਨੀ ਪਹਿਲੀ ਔਰਤ ਹੈ ਜਿਸ ਨੇ ਇੱਕ ਵੱਡੀ ਯੂ ਐਸ ਬਾਇਓਟੈਕਨਾਲੋਜੀ ਫਰਮ ਦੀ ਅਗਵਾਈ ਕੀਤੀ ਹੈ। ਉਹ ਇੱਕ ਡਾਕਟਰ ਹੈ ਤੇ ਉਸ ਨੇ ਵਰਟੈਕਸ ਦੇ ਸੀ ਈ ਓ ਵਜੋਂ ਅਪ੍ਰੈਲ 2020 ਵਿੱਚ ਅਹੁੱਦਾ ਸੰਭਾਲਿਆ ਸੀ। ਇਸ ਤੋਂ ਪਹਿਲਾਂ ਉਹ 2017 ਤੋਂ ਕੰਪਨੀ ਦੇ ਚੀਫ ਮੈਡੀਕਲ ਅਫਸਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਸ ਦੀ ਅਗਵਾਈ ਵਿੱਚ ਕੰਪਨੀ ਦੇ ਅਸਾਸੇ 110 ਅਰਬ ਡਾਲਰ ਤੱਕ ਪੁੱਜ ਗਏ ਹਨ। ਇਸ ਸੂਚੀ ਵਿੱਚ ਸ਼ਾਮਿਲ ਭਾਰਤੀ ਮੂਲ ਦੇ ਹੋਰ ਕਾਰੋਬਾਰੀਆਂ ਵਿੱਚ ਮਾਈਕਰੋ ਸਾਫਟ ਦਾ ਸੀ ਈ ਓ ਸਤਿਆ ਨਾਡੇਲਾ (ਦੂਸਰਾ ਸਥਾਨ), ਗੁੱਗਲ ਸੀ ਈ ਓ ਸੁੰਦਰ ਪਿਚਾਈ (6ਵਾਂ ਸਥਾਨ), ਯੂ ਟਿਊਬ ਸੀ ਈ ਓ ਨੀਲ ਮੋਹਨ (83 ਵਾਂ ਸਥਾਨ), ਰਿਲਾਇੰਸ ਇੰਡਸਟਰੀਜ਼ ਚੇਅਰਮੈਨ ਮੁਕੇਸ਼ ਅੰਬਾਨੀ (56 ਵਾਂ ਸਥਾਨ) ਤੇ ਅਡਾਨੀ ਗਰੁੱਪ ਚੇਅਰਮੈਨ ਗੌਤਮ ਅਡਾਨੀ (96 ਵਾਂ ਸਥਾਨ) ਸ਼ਾਮਿਲ ਹਨ।



# ਨਫਰਤੀ ਹਮਲਿਆਂ ਦੇ ਮਾਮਲੇ ਵਿੱਚ ਯਹੂਦੀਆਂ ਤੇ ਮੁਸਲਮਾਨਾਂ ਤੋਂ ਬਾਅਦ ਸਿੱਖ ਤੀਸਰੇ ਸਥਾਨ 'ਤੇ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ( ਐਫ ਬੀ ਆਈ) ਦੇ 2024 ਦੇ ਸਲਾਨਾ ਨਫਰਤੀ ਅਪਰਾਧ ਅੰਕੜਿਆਂ ਅਨੁਸਾਰ ਸਿੱਖ ਭਾਈਚਾਰਾ ਤੀਸਰੇ ਸਥਾਨ 'ਤੇ ਹੈ ਜਿਨਾਂ ਨੂੰ ਧਾਰਮਿੱਕ ਦਿੱਖ ਕਾਰਨ ਸਮਾਜ ਵਿਰੋਧੀ ਅਨਸਰਾਂ ਵੱਲੋਂ ਨਿਸ਼ਾਨਾ ਬਣਾਇਆ ਗਿਆ ਹੈ। ਸੱਭ ਤੋਂ ਵਧ ਪੀੜਤ ਯਹੂਦੀ ਹਨ ਤੇ ਇਸ ਤੋਂ ਬਾਅਦ ਦੂਸਰੇ ਸਥਾਨ 'ਤੇ ਮੁਸਲਮਾਨ ਭਾਈਚਾਰਾ ਹੈ। ਐਫ ਬੀ ਆਈ ਰਿਪੋਰਟ ਅਨੁਸਾਰ 2024 ਵਿੱਚ ਸਿੱਖਾਂ ਵਿਰੁੱਧ ਨਫਰਤੀ ਹਮਲਿਆਂ ਦੇ 153 ਮਾਮਲੇ ਦਰਜ ਹੋਏ ਹਨ ਜੋ ਕਿ 2023 ਨਾਲੋਂ ਘੱਟ ਹਨ। ਹਾਲਾਂ ਕਿ ਇਸ ਰਿਪੋਰਟ ਵਿੱਚ ਮੰਨਿਆ ਗਿਆ ਹੈ ਕਿ ਇਹ ਅੰਕੜੇ ਬੁਨਿਆਦੀ ਤੌਰ 'ਤੇ ਨਾਮੁਕੰਮਲ ਹਨ ਕਿਉਂਕਿ ਬਹੁਤ ਸਾਰੇ ਮਾਮਲਿਆਂ ਵਿੱਚ ਪੀੜਤ ਅੱਗੇ ਨਹੀਂ ਆਏ ਤੇ ਉਨਾਂ ਨੇ ਆਪਣੇ ਨਾਲ ਹੋਈ ਵਧੀਕੀ ਦੀ ਸ਼ਿਕਾਇਤ ਦਰਜ ਨਹੀ ਕਰਵਾਈ। ਸਿੱਖ ਕੁਲੀਸ਼ਨ ਦੀ ਸੀਨੀਅਰ ਫੈਡਰਲ ਪਾਲਿਸੀ ਮੈਨੇਜਰ ਮਨਨਿਰਮਲ ਕੌਰ ਨੇ ਜਾਰੀ ਇੱਕ ਬਿਆਨ ਵਿੱਚ ਸਿੱਖ ਭਾਈਚਾਰੇ ਨੂੰ ਦਰਪੇਸ਼ ਅਸਧਾਰਨ ਖਤਰੇ ਦੀ ਗੱਲ ਕਰਦਿਆਂ ਕਿਹਾ ਹੈ ਕਿ ਆਬਾਦੀ ਦੇ ਹਿਸਾਬ ਨਾਲ ਸਿੱਖ ਸਭ ਤੋਂ ਵਧ ਨਸਲੀ ਹਿੰਸਾ ਤੋਂ ਪੀੜਤ ਹਨ। ਉਨਾਂ ਕਿਹਾ ਹੈ ਕਿ ਦੇਸ਼ ਭਰ ਵਿੱਚ ਨਸਲੀ ਹਮਲਿਆਂ ਦੇ ਮਾਮਲੇ ਵਿੱਚ ਹੋਏ ਸਧਾਰ ਬਾਰੇ ਰਿਪੋਰਟ ਪਹਿਲਾ ਬੁਨਿਆਦੀ ਕਦਮ ਹੈ ਜਿਸ ਤੋਂ ਸਮੱਸਿਆ ਦੀ ਗੰਭੀਰਤਾ ਦਾ ਪਤਾ ਲੱਗਦਾ ਹੈ।



ਸਿੱਖ ਭਾਈਚਾਰਾ ਨਫਰਤੀ ਅਪਰਾਧਾਂ ਬਾਰੇ ਜਾਣਕਾਰੀ ਦਿੰਦਾ ਹੋਇਆ

# ਬੇਘਰੇ ਲੋਕ ਤੁਰੰਤ ਰਾਜਧਾਨੀ ਛੱਡ ਕੇ ਚਲੇ ਜਾਣ : ਡੋਨਾਲਡ ਟਰੰਪ

## ਬੇਘਰਿਆਂ ਨੂੰ ਰਾਜਧਾਨੀ ਤੋਂ ਦੂਰ ਦਿੱਤੀ ਜਾਵੇਗੀ ਜਗਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਾਰੀ ਇੱਕ ਬਿਆਨ ਵਿੱਚ ਬੇਘਰੇ ਲੋਕਾਂ ਨੂੰ ਕਿਹਾ ਹੈ ਕਿ ਉਹ ਤੁਰੰਤ ਵਾਸ਼ਿੰਗਟਨ, ਡੀ ਸੀ ਛੱਡ ਕੇ ਚਲੇ ਜਾਣ। ਹਾਲਾਂ ਕਿ ਪਿੱਛਲੇ ਸਾਲ ਵਾਸ਼ਿੰਗਟਨ ਡੀ ਸੀ ਵਿੱਚ ਹਿੰਸਕ ਅਪਰਾਧ ਘਟਿਆ ਹੈ ਪਰੰਤੂ ਰਾਸ਼ਟਰਪਤੀ ਨੇ ਸ਼ਹਿਰ ਵਿੱਚ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਪ੍ਰਗਟਾਈ ਹੈ ਤੇ ਕਿਹਾ ਹੈ ਕਿ ਉਹ ਇੱਕ ਯੋਜਨਾ ਉਪਰ ਕੰਮ ਕਰ ਰਹੇ ਹਨ ਜਿਸ ਤਹਿਤ ਬੇਘਰੇ ਲੋਕਾਂ ਦੀ ਸਮੱਸਿਆ ਨਾਲ ਨਜਿੱਠਿਆ ਜਾਵੇਗਾ। ਉਨਾਂ ਨੇ ਟਰੁੱਥ ਸੋਸ਼ਲ ਮੀਡੀਆ ਉੱਪਰ ਲਿੱਖਿਆ ਹੈ " ਬੇਘਰੇ ਲੋਕਾਂ ਨੂੰ ਤੁਰੰਤ ਸ਼ਹਿਰ ਛੱਡ ਕੇ ਜਾਣਾ ਪਵੇਗਾ, ਅਸੀਂ ਤੁਹਾਨੂੰ ਰਹਿਣ ਲਈ ਜਗਾ ਦੇਵਾਂਗੇ ਪਰੰਤੂ ਉਹ ਜਗਾ ਰਾਜਧਾਨੀ ਤੋਂ ਦੂਰ ਹੋਵੇਗੀ।" ਟਰੰਪ ਨੇ ਕਿਹਾ " ਉਹ ਛੇਤੀ ਇਕ ਯੋਜਨਾ ਦਾ ਐਲਾਨ ਕਰਨ ਵਾਲੇ ਹਨ, ਜਿਸ ਨਾਲ ਸ਼ਹਿਰ ਵਿੱਚ ਅਪਰਾਧ ਤੇ ਗੰਦਗੀ ਦੀ ਸਮੱਸਿਆ ਹੱਲ ਹੋ ਜਾਵੇਗੀ। ਸ਼ਹਿਰ ਦਾ ਆਮ ਨਵੀਨੀਕਰਣ ਹੋਵੇਗਾ ਤੇ ਸ਼ਹਿਰ ਵਿਚਲੇ ਹਾਲਾਤ ਬਦਲ ਜਾਣਗੇ ਜੋ ਕਦੇ ਸਾਡੇ ਸੁੰਦਰ ਤੇ ਵਧੀਆ ਰੱਖ ਰਖਾਵ ਵਾਲੇ ਸ਼ਹਿਰ ਵਿੱਚ ਹੁੰਦੇ ਸਨ।" ਇੱਥੇ ਜਿਕਰਯੋਗ ਹੈ ਕਿ ਰਾਸ਼ਟਰਪਤੀ ਨੇ ਬੀਤੇ ਦਿਨ ਅਪਰਾਧ ਬਾਰੇ ਸ਼ਿਕਾਇਤ ਕਰਦਿਆਂ ਚਿਤਾਵਨੀ ਦਿੱਤੀ ਸੀ ਕਿ ਵਾਸ਼ਿੰਗਟਨ ਡੀ ਸੀ ਦੇ ਨਿਯੰਤਰਣ ਨੂੰ ਸੰਘੀ ਪ੍ਰਸਾਸ਼ਨ ਆਪਣੇ ਹੱਥ ਵਿੱਚ ਲੈ ਲਵੇਗਾ। ਉਨਾਂ ਕਿਹਾ ਸੀ " ਵਾਸ਼ਿੰਗਟਨ ਡੀ ਸੀ ਵਿੱਚ ਅਪਰਾਧ ਮੁਕੰਮਲ ਤੌਰ 'ਤੇ ਕੰਟਰੋਲ ਤੋਂ ਬਾਹਰ ਹੋ ਗਿਆ ਹੈ,ਜੇਕਰ ਇਸੇ ਤਰਾਂ ਹੀ ਜਾਰੀ ਰਿਹਾ ਤਾਂ ਉਹ ਆਪਣੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਸ਼ਹਿਰ ਦਾ ਸੰਘੀਕਰਣ ਕਰ ਦੇਣਗੇ।" ਇਸ ਤੋਂ ਬਾਅਦ ਟਰੰਪ ਨੇ ਸ਼ਹਿਰ ਵਿੱਚ ਸੰਘੀ ਲਾਅ ਇਨਫੋਰਸਮੈਂਟ ਅਫਸਰਾਂ ਦੀ ਹਾਜਰੀ ਵਧਾਉਣ ਦਾ ਆਦੇਸ਼ ਦਿੱਤਾ ਸੀ।

CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# LM Trans




**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਬਰਤਾਨੀਆ ਦੇ ਸ਼ਾਹੀ ਗਾਰਡ ਆਰਮੀ ਦਾ ਹਿੱਸਾ ਬਣਿਆ ਪੰਜਾਬੀ ਨੌਜਵਾਨ



ਲੰਡਨ : ਬਰਤਾਨੀਆ ਦੀ ਰੋਇਲ ਗਾਰਡ 'ਚ ਭਰਤੀ ਹੋਇਆ ਸਿੱਖ ਨੌਜਵਾਨ ਹੁਣ ਤੋਂ ਸ਼ਾਹੀ ਮਹਿਲ 'ਚ ਦਿਖਾਈ ਦੇਵੇਗਾ। ਤਰਨਤਾਰਨ ਜ਼ਿਲ੍ਹੇ ਦੇ ਪਿੰਡ ਲੋਹ ਕੇ ਦਾ ਜੰਮਪਲ ਅਨਮੋਲਦੀਪ ਸਿੰਘ 2019 'ਚ ਬਤੌਰ ਵਿਦਿਆਰਥੀ ਯੂ.ਕੇ. ਆਇਆ ਸੀ। ਲੇਕਨ ਅਨਮੋਲਦੀਪ ਸ਼ੁਰੂ ਤੋਂ ਹੀ ਫੌਜ 'ਚ ਭਰਤੀ ਹੋਣਾ ਚਾਹੁੰਦਾ ਸੀ। ਉਸ ਦੇ ਪਿਤਾ, ਦਾਦਾ ਅਤੇ ਪੜਦਾਦਾ ਵੀ ਭਾਰਤੀ ਫੌਜ 'ਚ ਸੇਵਾਵਾਂ ਨਿਭਾਅ ਚੁੱਕੇ ਹਨ। ਬਰਤਾਨੀਆ ਦੀ ਰੋਇਲ ਗਾਰਡ ਦਾ ਹਿੱਸਾ ਹੁੰਦਿਆਂ ਹੁਣ ਉਹ ਦਸਤਾਰ ਪਹਿਨ ਕੇ ਸਿੱਖੀ ਦਿੱਖ 'ਚ ਬਕਿੰਘਮ ਪੈਲਿਸ 'ਚ ਆਪਣੀਆਂ ਸੇਵਾਵਾਂ ਨਿਭਾਵੇਗਾ।

# ਸਵ. ਗੁੱਡੀ ਸਿੱਧੂ ਦੀ ਯਾਦ 'ਚ ਫਰਿਜ਼ਨੋ ਵਿਖੇ ਸਮਾਗਮ



ਫਰਿਜਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ)- ਫਰਿਜ਼ਨੋ ਦੀ ਬਹੁਪੱਖੀ ਸ਼ਖ਼ਸੀਅਤ ਸਵ. ਗੁੱਡੀ ਸਿੱਧੂ ਕੁਝ ਸਾਲ ਪਹਿਲਾਂ ਅਚਾਨਕ ਵਿਛੋੜਾ ਦੇ ਗਏ ਸਨ। ਉਹਨਾਂ ਦੀ ਮਿੱਠੀ ਯਾਦ ਨੂੰ ਸਮਰਪਿਤ ਇੱਕ ਸਾਹਿਤਕ ਸਮਾਗਮ ਸ਼ਾਇਰ ਹਰਜਿੰਦਰ ਕੰਗ, ਡਾ. ਗੁਰਚਰਨ ਸਿੰਘ ਸਿੱਧੂ ਅਤੇ ਸਾਥੀਆਂ ਵੱਲੋਂ ਇੰਡੀਆ ਓਵਨ ਰੈਸਟੋਰੈਂਟ ਵਿੱਚ ਰੱਖਿਆ ਗਿਆ। ਇਸ ਸਮਾਗਮ ਵਿੱਚ ਫਰਿਜਨੋ ਦੀਆਂ ਸਿਰਕੱਢ ਸਹਿਤਕ ਸ਼ਖ਼ਸੀਅਤਾਂ ਨੇ ਭਾਗ ਲਿਆ। ਸਟੇਜ ਦੀ ਸ਼ੁਰੂਆਤ ਹਰਜਿੰਦਰ ਕੰਗ ਨੇ ਸਭਨੂੰ ਜੀ ਆਇਆ ਆਖਕੇ ਸ਼ਾਇਰਾਨਾਂ ਅੰਦਾਜ਼ ਵਿੱਚ ਕੀਤੀ। ਇਸ ਪਿੱਛੋਂ ਰਾਜ ਬਰਾੜ ਨੇ ਇੱਕ ਧਾਰਮਿਕ ਗੀਤ ਗਾਇਆ। ਬੁਲਾਰਿਆਂ ਵਿੱਚ ਟੋਨੀ ਰੇਡੀਓ ਕੇ ਬੀ ਆਈ ਐਫ 900, ਜਨਕਰਾਜ ਸਿੰਘ, ਕਰਮ ਸਿੰਘ ਮਾਨ, ਗੁਰਪ੍ਰੀਤ ਮਾਨ, ਅਵਤਾਰ ਗੋਂਦਾਰਾ, ਜੋਤ ਰਣਜੀਤ ਕੌਰ, ਸੰਤੋਖ ਮਨਿਹਾਸ, ਗੁੱਡੀ ਰਾਣੂੰ, ਡਾ. ਚੰਨ, ਗੁਰਚਰਨ ਸਿੰਘ ਸਿੱਧੂ, ਚਰਨਜੀਤ ਸਿੰਘ ਗਿੱਲ, ਹਰਜਿੰਦਰ ਸਿੰਘ ਢੇਸੀ, ਕਮਲਜੀਤ ਬੈਨੀਪਾਲ, ਸ਼ਾਇਰ ਰਣਜੀਤ ਗਿੱਲ, ਸ਼ਾਇਰ ਦਲਜੀਤ ਰਿਆੜ, ਨਾਵਲਕਾਰ ਸਾਧੂ ਸਿੰਘ ਸੰਘਾ ਆਦਿ ਹਾਜ਼ਰੀ ਲਵਾਈ। ਉਹਨਾਂ ਗੁੱਡੀ ਸਿੱਧੂ ਨੂੰ ਯਾਦ ਕਰਦਿਆਂ ਉਹਨਾਂ ਦੀਆਂ ਯਾਦਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਬੁਲਾਰਿਆਂ ਨੇ ਕਿਹਾ ਕਿ ਗੁੱਡੀ ਸਿੱਧੂ ਇੱਕ ਬਹੁਪੱਖੀ ਸ਼ਖਸੀਅਤ ਹੀ ਨਹੀਂ ਸਗੋਂ ਇੱਕ ਤੁਰਦੀ ਫਿਰਦੀ ਸੰਸਥਾ ਸੀ। ਇਸ ਮੌਕੇ ਸ਼ਾਇਰਾਂ ਨੇ ਕਵਿਤਾਵਾਂ ਨਾਲ ਵੀ ਹਾਜ਼ਰੀ ਲਵਾਈ।

# ਸਿੰਘ ਸਾਹਿਬ ਭਾਈ ਹਰਪਾਲ ਸਿੰਘ ਫਤਹਿਗੜ੍ਹ ਸਾਹਿਬ ਵਾਲਿਆਂ ਦਾ ਅਮਰੀਕਨ ਪਾਰਲੀਮੈਂਟ 'ਚ ਵਿਸ਼ੇਸ਼ ਸਨਮਾਨ





Certificate of Special Congressional Recognition

Presented to

Satkaryog "Bhai Sahib" Giani Harpal Singh Ji

On behalf of the constituents of the Third Congressional District of New York, I am proud to congratulate Satkaryog Giani Harpal Singh Ji on receiving the Sikh Panth's highest honor of "Bhai Sahib," for his valuable contributions to the Sikh community, for founding the Safar-E-Shahadat movement, for his published writings on Sikh History and Philosophy, his dedication to the legacy of the Sahibzaday and Panth, his devotion to Sikh principles, and his unwavering commitment to uplifting humanity.

August 7, 2025

Thomas R. Suozzi
Member of Congress
Third District of New York

ਫਤਿਹਗੜ੍ਹ ਸਾਹਿਬ : ਬੀਤੇ ਦਿਨੀਂ ਅਮਰੀਕਨ ਪਾਰਲੀਮੈਂਟ ਹਾਊਸ ਵੱਲੋਂ ਭਾਈ ਸਾਹਿਬ ਭਾਈ ਹਰਪਾਲ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਫਤਹਿਗੜ੍ਹ ਸਾਹਿਬ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮਾਤਾ ਗੁਜਰੀ ਜੀ ਦੀਆਂ ਮਹਾਨ ਕੁਰਬਾਨੀਆਂ ਅਤੇ ਸਫ਼ਰ ਏ ਸ਼ਹਾਦਤ ਨੂੰ ਅਮਰੀਕਨ ਪਾਰਲੀਮੈਂਟ ਹਾਊਸ ਵਿਚ ਸਨਮਾਨ ਸਹਿਤ ਦਰਜ ਕਰਨ ਉਪਰੰਤ ਸਫ਼ਰ ਏ ਸ਼ਹਾਦਤ ਲਹਿਰ ਚਲਾ ਕੇ ਸਿੱਖੀ ਦੇ ਸੁਨਹਿਰੇ ਅਸੂਲ ਅਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਦੁਨੀਆ ਭਰ ਵਿਚ ਪ੍ਰਚਾਰਨ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ 'ਭਾਈ ਸਾਹਿਬ' ਦੀ ਉਪਾਧੀ ਬਖਸ਼ਿਸ਼ ਹੋਣ ਤੋਂ ਉਪਰੰਤ ਭਾਈ ਹਰਪਾਲ ਸਿੰਘ ਜੀ ਨੂੰ ਸਨਮਾਨਿਤ ਕੀਤਾ ਗਿਆ। ਭਾਈ ਸਾਹਿਬ ਭਾਈ ਹਰਪਾਲ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਫਤਹਿਗੜ੍ਹ ਸਾਹਿਬ ਜੀ ਦਾ ਵਿਸ਼ੇਸ਼ ਸਨਮਾਨ ਕਰਨ ਲਈ ਸ੍ਰੀ ਫਤਹਿਗੜ੍ਹ ਸਾਹਿਬ ਜੀ ਦੀਆਂ ਸਮੂਹ ਸੰਗਤਾਂ ਅਤੇ ਖਾਲਸਾ ਪੰਥ ਵੱਲੋਂ ਅਮਰੀਕੀ ਪਾਰਲੀਮੈਂਟ ਦੇ ਮੈਂਬਰ ਮਿਸਟਰ ਟੋਮ ਸੁਵਾਜੀ ਦਾ ਵਿਸ਼ੇਸ਼ ਧੰਨਵਾਦ ਅਤੇ ਸਮੁੱਚੇ ਖਾਲਸਾ ਪੰਥ ਨੂੰ ਮੁਬਾਰਕ।

# ਅਮਰੀਕਾ ਦਾ ਬਣਿਆ 6,500 ਕਿਲੋ ਭਾਰਾ ਉਪਗ੍ਰਹਿ ਲਾਂਚ ਕਰੇਗਾ ਇਸਰੋ

ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਅਗਲੇ ਕੁਝ ਮਹੀਨਿਆਂ 'ਚ ਅਮਰੀਕਾ ਦਾ ਬਣਿਆ 6,500 ਕਿਲੋ ਭਾਰ ਵਾਲਾ ਸੰਚਾਰ ਉਪਗ੍ਰਹਿ (ਕਮਿਊਨੀਕੇਸ਼ਨ ਸੈਟੇਲਾਈਟ) ਲਾਂਚ ਕਰੇਗਾ। ਇਸਰੋ ਦੇ ਚੇਅਰਮੈਨ ਵੀ. ਨਾਰਾਇਣਨ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਨਾਰਾਇਣਨ ਨੇ ਚੇਨਈ ਦੇ ਨੇੜੇ ਕੱਟਨਕੁਲਾਥੁਰ 'ਚ ਆਯੋਜਿਤ ਇਕ ਪ੍ਰੋਗਰਾਮ 'ਚ ਕਿਹਾ ਕਿ 30 ਜੁਲਾਈ ਨੂੰ ਜੀ.ਐੱਸ.ਐੱਲ.ਵੀ.-ਐੱਫ16 ਰਾਕੇਟ ਰਾਹੀਂ ਨਾਸਾ-ਇਸਰੋ ਸਿੰਥੈਟਿਕ ਅਪਰਚਰ ਰਾਡਾਰ (ਨਿਸਾਰ) ਮਿਸ਼ਨ ਦੀ ਇਤਿਹਾਸਕ




ਲਾਂਚਿੰਗ ਤੋਂ ਬਾਅਦ ਇਸਰੋ ਅਮਰੀਕਾ ਦੇ ਬਣੇ ਇਕ ਹੋਰ ਉਪਗ੍ਰਹਿ ਨੂੰ ਪੁਲਾੜ ਦੇ ਪੰਧ 'ਚ ਸਥਾਪਤ ਕਰੇਗਾ।

ਆਪਣੇ ਸੰਬੋਧਨ 'ਚ ਇਸਰੋ ਮੁਖੀ ਨੇ ਯਾਦ ਦਿਵਾਇਆ ਕਿ ਭਾਰਤੀ ਪੁਲਾੜ ਏਜੰਸੀ ਦੀ ਸਥਾਪਨਾ 1963 'ਚ ਹੋਈ ਸੀ। ਉਨ੍ਹਾਂ ਕਿਹਾ, "ਉਸੇ ਸਾਲ ਅਮਰੀਕਾ ਨੇ ਇਕ ਛੋਟਾ ਰਾਕੇਟ ਦਾਨ ਕੀਤਾ ਸੀ, ਜਿਸ ਨਾਲ ਭਾਰਤੀ ਪੁਲਾੜ ਪ੍ਰੋਗਰਾਮ ਸ਼ੁਰੂ ਹੋਇਆ ਸੀ। ਉਹ 21 ਨਵੰਬਰ 1963 ਦਾ ਦਿਨ ਸੀ।" ਨਾਰਾਇਣਨ ਨੇ ਕਿਹਾ ਕਿ 1975 'ਚ ਅਮਰੀਕਾ ਵੱਲੋਂ ਮੁਹੱਈਆ ਕਰਵਾਏ ਗਏ ਉਪਗ੍ਰਹਿ ਡਾਟਾ ਰਾਹੀਂ ਇਸਰੋ ਨੇ 6 ਭਾਰਤੀ ਸੂਬਿਆਂ ਦੇ 2,400 ਪਿੰਡਾਂ 'ਚ 2,400 ਟੈਲੀਵਿਜ਼ਨ ਸੈੱਟ ਲਾ ਕੇ 'ਜਨ ਸੰਚਾਰ' ਦਾ ਪ੍ਰੀਖਣ ਕੀਤਾ ਸੀ।






ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਸ ਤਰ੍ਹਾਂ ਖ਼ਾਲਸੇ ਨੂੰ ਗੁਰਿਆਈ 'ਤੇ ਮੋਹਰ ਲਗਾ ਦਿੱਤੀ।

ਜਿਹ ਬਿਧਿ ਪਾਹੁਲ ਗੁਰ ਦਈ ਤਿਹ ਬਿਧਿ ਤਿਨਸੋਂ ਲੀਨ।
ਆਪੁ ਸਿਖ ਤਿਨਕਾ ਭਯਾ ਇਹੀ ਕਾਮ ਗੁਰ ਕੀਨ ॥੨੧੭॥
(ਦਸ ਗੁਰੂ ਕਥਾ ਕੰਕਣ)

'ਗੁਰੂ ਗ੍ਰੰਥ-ਗੁਰੂ ਪੰਥ' ਦੇ ਸੰਕਲਪ ਬਾਰੇ 14 ਅਪ੍ਰੈਲ 1938 ਧਾਰਮਿਕ ਸਲਾਹਕਾਰ ਕਮੇਟੀ ਦੀ ਤੀਜੀ ਇਕੱਤ੍ਰਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਹੋਈ। ਇਸ ਵਿਚ ਸਿੰਘ ਸਾਹਿਬ ਜਥੇਦਾਰ ਮੋਹਨ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਭਾਈ ਸਾਹਿਬ ਲਾਭ ਸਿੰਘ ਜੀ ਹੈਡ ਗ੍ਰੰਥੀ ਦਰਬਾਰ ਸਾਹਿਬ ਹਾਜ਼ਰ ਹੋਏ। ਇਸ ਤੋਂ ਇਲਾਵਾ ਸਿੱਖ ਰਹੁਰੀਤ ਕਮੇਟੀ ਦੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ, ਪ੍ਰੋ. ਜੋਧ ਸਿੰਘ ਜੀ, ਪ੍ਰੋ. ਗੰਗਾ ਸਿੰਘ ਜੀ ਅਤੇ ਪ੍ਰੋਫੈਸਰ ਸਾਹਿਬ ਜੀ ਸ਼ਾਮਲ ਹੋਏ। ਇਸ ਵਿਚ ਇਹ ਦ੍ਰਿੜ੍ਹ ਕੀਤਾ ਗਿਆ।

....ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਗਰੋਂ ਗੁਰਿਆਈ ਦੀ ਪਦਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਖਾਲਸਾ ਨੂੰ ਦਿੱਤੀ, "ਗੁਰੂ ਵਿਚ ਆਦਿ ਤੋਂ ਦੋ ਚੀਜ਼ਾਂ ਸਨ, ਗੁਰਬਾਣੀ ਤੇ ਸੰਗਤਾਂ ਜਾਂ ਜੋਤ ਤੇ ਜੁਗਤ।" ਗੁਰਬਾਣੀ ਪੂਰਨ ਹੋ ਕੇ ਗੁਰੂ ਗ੍ਰੰਥ ਜੀ ਦੀ ਸ਼ਕਲ ਵਿਚ ਅਸਥਾਪਨ ਹੋਈ ਅਤੇ ਸੰਗਤ ਗੁਰੂ ਖ਼ਾਲਸਾ ਜੀ ਸ਼ਕਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕੀਤੀ।

ਹਜ਼ੂਰ ਦੀ ਅਸੀਸ ਹੈ :

ਪ੍ਰਤਖ ਕਲਾ ਪਾਰਬ੍ਰਹਮ ਧਣੀਛੇ,
ਗ੍ਰੰਥ ਪੰਥ ਖਾਲਸ ਵਰਤੰਤਾ॥
'ਦਾਸ ਗੋਬਿੰਦ' ਫਤਿਹ ਸਤਿਗੁਰੂ ਕੀ, ਖਾਸ ਗ੍ਰੰਥ ਗੁਰੂ ਰੂਪ ਬਦੰਤਾ॥
ਭਯੋ ਨਿਸਤਾਰ ਤ੍ਰਾਸ ਅਸੁਰਨ ਤੇ, ਤਾਰ ਲਿਯੋ ਗੁਰੂ ਜਗਤ ਸਬੈ॥
'ਸਾਹ ਗੋਬਿੰਦ' ਫਤਹਿ ਸਤਿਗੁਰ ਕੀ,
ਵਾਹਿਗੁਰੂ ਸੁਚਿ ਮੰਤ੍ਰ ਅਖੈ॥
(ਸਰਬ ਲੋਹ ਗ੍ਰੰਥ)

ਭਾਈ ਦਯਾ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਜ਼ਿਕਰ ਕਰਦੇ ਹਨ :

ਸ੍ਰੀ ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟਿਓ ਪੰਥ ਮਹਾਨ।
ਗ੍ਰੰਥ ਪੰਥ ਗੁਰੂ ਮਾਨੀਏ ਤਾਰੇ ਸਕਲ ਕੁਲਾਨ।
(ਰਹਿਤਨਾਮਾ ਭਾਈ ਦਯਾ ਸਿੰਘ, ਪੰਨਾ ੭੧)

'ਗੁਰ ਸੰਗਤ ਤੇ ਗੁਰੂ ਪੰਥ' ਵਿਚੋਂ ਹਟਾਈ ਗਈ ਮੱਦ :


(ਅ) ਗੁਰ ਸੰਗਤ : ਜਿਥੇ ਥੋੜ੍ਹੇ ਜਿਹੇ ਸਿੱਖ ਭੀ ਹੋਣਗੇ, ਉਹ ਇਕ ਸੁਰ ਸੰਗਤ ਰਚ ਲੈਣਗੇ, ਵਧੀਕ ਜਿਤਨੇ ਹੋਣ, ਉਤਨਾ ਹੀ ਚੰਗਾ ਹੈ। ਜਿਥੇ ਘੱਟ ਤੋਂ ਘੱਟ ਪੰਜ ਤਿਆਰ ਬਰ ਤਿਆਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹੋਣ, ਉਹ 'ਗੁਰ ਸੰਗਤ' ਹੈ।

(ੲ) ਸਿੱਖ ਨੂੰ 'ਗੁਰ ਸੰਗਤਿ' ਦਾ ਮੈਂਬਰ ਬਣਨ ਲਈ ਜ਼ਰੂਰੀ ਹੈ ਕਿ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋਵੇ।

(ਸ) 'ਗੁਰ ਸੰਗਤਿ' ਤੋਂ ਇਲਾਵਾ ਸਾਧ ਸੰਗਤ ਜਾਂ ਸਿੱਖਾਂ ਦੇ ਹੋਰ ਜਥਿਆਂ ਵਿਚ ਅੰਮ੍ਰਿਤਧਾਰੀਆਂ ਤੋਂ ਬਿਨਾਂ ਭੀ ਹੋਰ ਸ਼ਾਮਲ ਹੋ ਸਕਣਗੇ।

ਵਿਆਖਿਆ

1936 ਤੱਕ ਮਰਯਾਦਾ ਦੇ ਗੁਰੂ ਪੰਥ ਵਾਲੇ ਅਧਿਆਇ ਵਿਚ ਤਿੰਨ ਨੁਕਤੇ ਸਨ-ਸੰਗਤ, ਗੁਰ ਸੰਗਤ ਅਤੇ ਗੁਰੂ ਪੰਥ ਅਤੇ ਇਨ੍ਹਾਂ ਦੀ




ਵਿਆਖਿਆ ਵੀ ਕੀਤੀ ਗਈ ਸੀ। ਸੰਗਤ ਅਤੇ ਗੁਰ ਸੰਗਤ ਵਿਚ ਫ਼ਰਕ ਹੈ। ਹੁਣ ਇਨ੍ਹਾਂ ਤਿੰਨਾਂ ਹੀ ਲਫ਼ਜ਼ਾਂ ਦੀ ਵਰਤੋਂ ਤਾਂ ਸਿੱਖ ਰਹਿਤ ਮਰਯਾਦਾ ਵਿਚ ਕੀਤੀ ਗਈ ਹੈ ਪਰ 'ਗੁਰ ਸੰਗਤ' ਦੀ ਵਿਆਖਿਆ ਵਾਲੀ ਮੱਦ ਨਹੀਂ ਹੈ। ਇਨ੍ਹਾਂ ਹਟਾਈਆਂ ਗਈਆਂ ਮੱਦਾਂ ਵਿਚ ਬਹੁਤ ਹੀ ਮਹੱਤਵਪੂਰਨ ਮਰਯਾਦਾ ਦੇ ਸਿਧਾਂਤ ਅੰਕਤ ਹਨ। ਇਸ ਮੁਤਾਬਕ ਆਮ ਤੌਰ 'ਤੇ ਹਰ ਇਕ ਸਿੱਖ ਸੰਗਤ ਦਾ ਹਿੱਸਾ ਹੈ। ਪਰ ਜਿਸ ਸੰਗਤ ਵਿਚ ਘੱਟੋ ਘੱਟ ਪੰਜ ਤਿਆਰ ਬਰ ਤਿਆਰ ਅੰਮ੍ਰਿਤਧਾਰੀ ਸਿੰਘ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਹੋਣਗੇ ਉਹ ਗੁਰ ਸੰਗਤ ਹੈ। ਇਸ ਦੇ ਨਾਲ ਹੀ ਗੁਰ ਸੰਗਤ ਦਾ ਮੈਂਬਰ ਬਣਨ ਲਈ ਸਿੱਖ ਦਾ ਅੰਮ੍ਰਿਤਧਾਰੀ ਅਤੇ ਤਿਆਰ ਬਰ ਤਿਆਰ ਹੋਣਾ ਲਾਜ਼ਮੀ ਹੈ। ਇਹ ਗੁਰ ਸੰਗਤ ਸਥਾਨਕ ਮਸਲੇ ਸੁਣ ਸਕਦੀ ਹੈ ਅਤੇ ਇਸ 'ਤੇ ਫੈਸਲਾ ਵੀ ਦੇ ਸਕਦੀ ਹੈ। ਉਪਰੰਤ ਇਸ ਗੁਰ ਸੰਗਤ ਦੇ ਫੈਸਲੇ ਦੀ ਅਪੀਲ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋ ਸਕਦੀ ਹੈ।

ਇਹ ਤਬਦੀਲੀਆਂ ਕਾਫ਼ੀ ਗੰਭੀਰ ਹਨ ਅਤੇ ਜੇਕਰ ਇਨ੍ਹਾਂ ਨੂੰ ਸਹੀ ਤੌਰ 'ਤੇ ਵਿਚਾਰਿਆ ਅਤੇ ਅਮਲ ਵਿਚ ਲਿਆਂਦਾ ਜਾਏ ਤਾਂ ਕਈ ਪੰਥਕ ਮਸਲਿਆਂ ਅਤੇ ਦਰਪੇਸ਼ ਮੁੱਦਿਆਂ ਦਾ ਹੱਲ ਨਿਕਲ ਸਕਦਾ ਹੈ।

2. ਅੰਮ੍ਰਿਤ ਸੰਸਾਰ

ਭੂਮਿਕਾ :

ਪੰਥਕ ਰਹਿਣੀ ਵਿਚ ਵਰਣਤ ਅੰਮ੍ਰਿਤ ਸੰਸਕਾਰ ਮਰਯਾਦਾ ਦੇ ਚਾਰ ਸੰਸਕਾਰਾਂ ਵਿਚ ਇਹ ਅਖ਼ੀਰਲਾ ਸੰਸਕਾਰ ਹੈ। ਇਸ ਅਧਿਆਇ ਦੀਆਂ (ੳ) ਤੋਂ ਲੈ ਕੇ (ਣ) ਤੱਕ 18 ਮੱਦਾਂ ਹਨ। ਅੰਮ੍ਰਿਤ ਸੰਸਕਾਰ ਰਾਹੀਂ ਸਿੱਖ ਨੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਗੁਰੂ ਵਾਲਾ ਬਣਨਾ ਹੈ, ਗੁਰੂ ਪੰਥ ਦਾ ਹਿੱਸਾ ਬਣਨਾ ਹੈ, ਉਸ ਦਾ ਦੂਜਾ ਜਨਮ ਹੋਣਾ ਹੈ, ਉਸ ਦਾ ਜਨਮ ਮਰਨ ਦਾ ਗੇੜ ਖ਼ਤਮ ਹੋਣਾ ਹੈ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨਾ ਹਰ ਸਿੱਖ ਦਾ ਹੱਕ ਵੀ ਹੈ ਅਤੇ ਫਰਜ਼ ਵੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ੁਦ ਗੋਡਿਆਂ ਭਾਰ ਹੋ ਕੇ ਆਪਣੇ ਹੀ ਸਾਜੇ ਪੰਜ ਪਿਆਰਿਆਂ ਪਾਸੋਂ ਇਹ ਦਾਤ ਪ੍ਰਾਪਤ ਕੀਤੀ।

(ਚਲਦਾ)

# ਅਸੀਂ ਅੱਧੀ ਦੁਨੀਆਂ ਨੂੰ ਕਰ ਦੇਵਾਂਗੇ ਤਬਾਹ, ਪਾਕਿ ਫੌਜ ਮੁਖੀ ਨੇ ਦਿੱਤੀ ਪ੍ਰਮਾਣੂ ਧਮਕੀ

ਪਾਕਿਸਤਾਨੀ ਫੌਜ ਮੁਖੀ ਅਸੀਮ ਮੁਨੀਰ ਨੇ ਅਮਰੀਕਾ ਦੀ ਧਰਤੀ ਤੋਂ 'ਪ੍ਰਮਾਣੂ ਜੰਗ' ਦੀ ਖੁੱਲ੍ਹ ਕੇ ਚੇਤਾਵਨੀ ਦਿੱਤੀ ਹੈ। ਫਲੋਰੀਡਾ ਦੇ ਟੈਂਪਾ ਵਿੱਚ ਇੱਕ ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਮੁਨੀਰ, ਜੋ ਪਾਕਿਸਤਾਨ ਦੀ ਸਰਕਾਰ ਨੂੰ ਕਠਪੁਤਲੀ ਵਾਂਗ ਕੰਟਰੋਲ ਕਰਦੇ ਹਨ, ਨੇ ਧਮਕੀ ਦਿੱਤੀ ਕਿ ਜੇਕਰ ਉਨ੍ਹਾਂ ਦੇ ਦੇਸ਼ ਨੂੰ ਭਾਰਤ ਨਾਲ ਭਵਿੱਖ ਵਿੱਚ ਹੋਣ ਵਾਲੀ ਜੰਗ ਵਿੱਚ ਹੋਂਦ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ 'ਅੱਧੀ ਦੁਨੀਆਂ' ਨੂੰ ਆਪਣੇ ਨਾਲ ਲੈ ਡੁੱਬਣਗੇ। ਦ ਪ੍ਰਿੰਟ ਦੀ ਇੱਕ ਰਿਪੋਰਟ ਦੇ ਅਨੁਸਾਰ, ਉਨ੍ਹਾਂ ਨੇ ਕਿਹਾ, 'ਅਸੀਂ ਇੱਕ ਪ੍ਰਮਾਣੂ ਰਾਸ਼ਟਰ ਹਾਂ। ਜੇਕਰ ਅਸੀਂ ਸੋਚਦੇ ਹਾਂ ਕਿ ਅਸੀਂ ਖਤਮ ਹੋ ਰਹੇ ਹਾਂ, ਤਾਂ ਅਸੀਂ ਆਪਣੇ ਨਾਲ ਅੱਧੀ ਦੁਨੀਆ ਨੂੰ ਡੁਬੋ ਦੇਵਾਂਗੇ।' ਇਹ ਪਹਿਲੀ ਵਾਰ ਹੈ ਜਦੋਂ ਅਮਰੀਕੀ ਧਰਤੀ ਤੋਂ ਕਿਸੇ ਤੀਜੇ ਦੇਸ਼ ਵਿਰੁੱਧ ਖੁੱਲ੍ਹ ਕੇ ਪ੍ਰਮਾਣੂ ਧਮਕੀ ਦਿੱਤੀ ਗਈ ਹੈ। ਇਹ ਬਿਆਨ ਕਥਿਤ ਤੌਰ 'ਤੇ ਕਾਰੋਬਾਰੀ ਅਦਨਾਨ ਅਸਦ ਨੇ ਮੁਨੀਰ ਲਈ ਆਯੋਜਿਤ ਰਾਤ ਦੇ ਖਾਣੇ (ਡਿਨਰ) ਦੌਰਾਨ ਦਿੱਤਾ ਗਿਆ ਸੀ। ਅਦਨਾਨ ਅਸਦ ਟੈਂਪਾ ਦੇ ਆਨਰੇਰੀ ਕੌਂਸਲ ਵਜੋਂ ਸੇਵਾ ਨਿਭਾਉਂਦੇ ਹਨ। ਪਾਕਿਸਤਾਨ ਵਿੱਚ ਨਵੇਂ ਨਿਯੁਕਤ ਫੀਲਡ ਮਾਰਸ਼ਲ ਮੁਨੀਰ ਨੇ ਸਿੰਧੂ ਨਦੀ 'ਤੇ ਭਾਰਤ ਵਲੋਂ ਬਣਾਏ ਗਏ ਕਿਸੇ ਵੀ ਬੁਨਿਆਦੀ ਢਾਂਚੇ ਨੂੰ ਤਬਾਹ ਕਰਨ ਦੀ ਧਮਕੀ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੇ ਦੇਸ਼ ਕੋਲ ਮਿਜ਼ਾਈਲਾਂ ਦੀ ਕੋਈ ਕਮੀ ਨਹੀਂ ਹੈ। ਮੁਨੀਰ ਨੇ ਦਾਅਵਾ ਕੀਤਾ ਕਿ ਅਪ੍ਰੈਲ ਵਿੱਚ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਨਵੀਂ ਦਿੱਲੀ ਦੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਫੈਸਲੇ ਨਾਲ 250 ਮਿਲੀਅਨ ਲੋਕਾਂ ਨੂੰ ਭੁੱਖਮਰੀ ਦਾ ਖ਼ਤਰਾ ਹੋ ਸਕਦਾ ਹੈ। ਮੁਨੀਰ ਨੇ ਕਥਿਤ ਤੌਰ 'ਤੇ ਕਿਹਾ, 'ਅਸੀਂ ਭਾਰਤ ਦੇ ਡੈਮ ਬਣਾਉਣ ਦੀ ਉਡੀਕ ਕਰਾਂਗੇ, ਅਤੇ ਜਦੋਂ ਇਹ ਕਰੇਗਾ, ਤਾਂ ਅਸੀਂ 10 ਮਿਜ਼ਾਈਲਾਂ ਦਾਗ ਦਿਆਂਗੇ। ਸਿੰਧੂ ਨਦੀ ਭਾਰਤੀਆਂ ਦੀ ਪਰਿਵਾਰਕ ਜਾਇਦਾਦ ਨਹੀਂ ਹੈ। ਸਾਡੇ ਕੋਲ ਮਿਜ਼ਾਈਲਾਂ ਦੀ ਕੋਈ ਕਮੀ ਨਹੀਂ ਹੈ, ਅਲ-ਹਮਦੁੱਲਾਹ।' ਪਾਕਿਸਤਾਨੀ ਫੌਜ ਮੁਖੀ ਦੋ ਮਹੀਨਿਆਂ ਵਿੱਚ ਅਮਰੀਕਾ ਦੇ ਆਪਣੇ ਦੂਜੇ ਦੌਰੇ 'ਤੇ ਹਨ। ਆਪਣੀ ਆਖਰੀ ਫੇਰੀ 'ਤੇ, ਉਨ੍ਹਾਂ ਨੂੰ 18 ਜੂਨ ਨੂੰ ਰਾਸ਼ਟਰਪਤੀ ਟਰੰਪ ਨਾਲ ਵ੍ਹਾਈਟ ਹਾਊਸ ਦੇ ਦੁਪਹਿਰ ਦੇ ਖਾਣੇ ਲਈ ਸੱਦਾ ਦਿੱਤਾ ਗਿਆ ਸੀ। ਫੇਰੀ ਦੌਰਾਨ, ਉਨ੍ਹਾਂ ਨੇ ਨੋਬਲ ਪੁਰਸਕਾਰ ਲਈ ਅਮਰੀਕੀ ਰਾਸ਼ਟਰਪਤੀ ਦੇ ਨਾਮ ਦੀ ਸਿਫਾਰਸ਼ ਕੀਤੀ।




# ਅਮਰੀਕਾ ਫੇਰੀ ਦੌਰਾਨ ਮੁਨੀਰ ਨੇ ਰਾਜਨੀਤਿਕ, ਫੌਜੀ ਨੇਤਾਵਾਂ ਨਾਲ ਕੀਤੀ ਮੁਲਾਕਾਤ

ਇਸਲਾਮਾਬਾਦ : ਭਾਰਤ ਨਾਲ ਚਾਰ ਦਿਨਾਂ ਦੇ ਟਕਰਾਅ ਤੋਂ ਬਾਅਦ ਦੂਜੀ ਵਾਰ ਵਾਸ਼ਿੰਗਟਨ ਦਾ ਦੌਰਾ ਕਰ ਰਹੇ ਪਾਕਿਸਤਾਨੀ ਫੌਜ ਮੁਖੀ ਅਸੀਮ ਮੁਨੀਰ ਨੇ ਅਮਰੀਕਾ ਦੇ ਚੋਟੀ ਦੇ ਰਾਜਨੀਤਿਕ ਅਤੇ ਫੌਜੀ ਨੇਤਾਵਾਂ ਨਾਲ ਮੁਲਾਕਾਤ ਕੀਤੀ ਹੈ। ਫੌਜ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਫੌਜ ਨੇ ਇੱਥੇ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਫੌਜ ਮੁਖੀ 'ਅਮਰੀਕਾ ਦੇ ਅਧਿਕਾਰਤ ਦੌਰੇ 'ਤੇ ਹਨ।'

ਬਿਆਨ ਅਨੁਸਾਰ ਫੌਜ ਮੁਖੀ ਨੇ ਸੀਨੀਅਰ ਰਾਜਨੀਤਿਕ ਅਤੇ ਫੌਜੀ ਲੀਡਰਸ਼ਿਪ ਦੇ ਨਾਲ-ਨਾਲ ਪਾਕਿਸਤਾਨੀ ਪ੍ਰਵਾਸੀਆਂ ਨਾਲ ਗੱਲਬਾਤ ਕੀਤੀ। ਫੌਜ ਮੁਖੀ ਦੇ ਅਮਰੀਕਾ ਵਿੱਚ ਠਹਿਰਨ ਬਾਰੇ ਕੋਈ ਵੇਰਵਾ ਸਾਂਝਾ ਨਹੀਂ ਕੀਤਾ ਗਿਆ ਸੀ ਅਤੇ ਇਹ ਵੀ ਸਪੱਸ਼ਟ ਨਹੀਂ ਸੀ ਕਿ ਉਹ ਕਦੋਂ ਪਹੁੰਚੇ ਸਨ। ਟੈਂਪਾ ਵਿੱਚ ਮੁਨੀਰ ਨੇ ਯੂ.ਐਸ ਸੈਂਟਰਲ ਕਮਾਂਡ (ਸੈਂਟਕਾਮ) ਦੇ ਕਮਾਂਡਰ ਜਨਰਲ ਮਾਈਕਲ ਈ. ਕੁਰੀਲਾ ਦੇ ਸੇਵਾਮੁਕਤੀ ਸਮਾਰੋਹ ਅਤੇ ਐਡਮਿਰਲ ਬ੍ਰੈਡ ਕੂਪਰ ਦੁਆਰਾ ਕਮਾਂਡ ਸੰਭਾਲਣ ਦੇ ਮੌਕੇ 'ਤੇ ਆਯੋਜਿਤ ਕਮਾਂਡ ਤਬਦੀਲੀ ਸਮਾਰੋਹ ਵਿੱਚ ਸ਼ਿਰਕਤ ਕੀਤੀ। ਬਿਆਨ ਵਿੱਚ ਕਿਹਾ ਗਿਆ ਹੈ ਕਿ ਫੀਲਡ ਮਾਰਸ਼ਲ ਮੁਨੀਰ ਨੇ ਜਨਰਲ ਕੁਰੀਲਾ ਦੀ





ਮਿਸਾਲੀ ਅਗਵਾਈ ਅਤੇ ਦੁਵੱਲੇ ਫੌਜੀ ਸਹਿਯੋਗ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੇ ਅਨਮੋਲ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਸਾਂਝੀਆਂ ਸੁਰੱਖਿਆ ਚੁਣੌਤੀਆਂ ਨਾਲ ਨਜਿੱਠਣ ਲਈ ਨਿਰੰਤਰ ਸਹਿਯੋਗ ਵਿੱਚ ਵਿਸ਼ਵਾਸ ਪ੍ਰਗਟ ਕਰਦਿਆਂ ਐਡਮਿਰਲ ਕੂਪਰ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ 'ਤੇ ਮੁਨੀਰ ਨੇ ਦੋਸਤਾਨਾ ਦੇਸ਼ਾਂ ਦੇ ਰੱਖਿਆ ਮੁਖੀਆਂ ਨਾਲ ਗੱਲਬਾਤ ਕੀਤੀ। ਪਾਕਿਸਤਾਨੀ ਪ੍ਰਵਾਸੀਆਂ ਨਾਲ ਇੱਕ ਇੰਟਰਐਕਟਿਵ ਸੈਸ਼ਨ ਦੌਰਾਨ ਮੁਨੀਰ ਨੇ ਉਨ੍ਹਾਂ ਨੂੰ ਪਾਕਿਸਤਾਨ ਦੇ ਉੱਜਵਲ ਭਵਿੱਖ ਵਿੱਚ ਵਿਸ਼ਵਾਸ ਬਣਾਈ ਰੱਖਣ ਅਤੇ ਨਿਵੇਸ਼ ਆਕਰਸ਼ਿਤ ਕਰਨ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਣ ਦੀ ਅਪੀਲ ਕੀਤੀ। ਫੌਜ ਅਨੁਸਾਰ ਪ੍ਰਵਾਸੀਆਂ ਨੇ ਪਾਕਿਸਤਾਨ ਦੀ ਤਰੱਕੀ ਅਤੇ ਵਿਕਾਸ ਦਾ ਸਮਰਥਨ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਜੂਨ ਵਿੱਚ ਮੁਨੀਰ ਅਮਰੀਕਾ ਦੇ ਪੰਜ ਦਿਨਾਂ ਦੌਰੇ 'ਤੇ ਗਏ ਸਨ। ਇਸ ਦੌਰੇ ਦੌਰਾਨ ਉਹ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਦੁਪਹਿਰ ਦੇ ਖਾਣੇ ਵਿੱਚ ਸ਼ਾਮਲ ਹੋਏ। ਆਮ ਤੌਰ 'ਤੇ ਅਜਿਹਾ ਸਨਮਾਨ ਕਿਸੇ ਰਾਜ ਦੇ ਮੁਖੀ ਜਾਂ ਸਰਕਾਰ ਦੇ ਮੁਖੀ ਨੂੰ ਦਿੱਤਾ ਜਾਂਦਾ ਹੈ। ਉਸ ਮੀਟਿੰਗ ਦੇ ਅੰਤ ਵਿੱਚ ਟਰੰਪ ਨੇ ਤੇਲ ਸੌਦਿਆਂ ਸਮੇਤ ਵੱਖ-ਵੱਖ ਖੇਤਰਾਂ ਵਿੱਚ ਅਮਰੀਕਾ-ਪਾਕਿਸਤਾਨ ਸਹਿਯੋਗ ਵਧਾਉਣ ਦਾ ਐਲਾਨ ਕੀਤਾ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਲੰਡਨ ’ਚ ਫਲਸਤੀਨ ਪੱਖੀ ਵਿਰੋਧ ਪ੍ਰਦਰਸ਼ਨ ਜਾਰੀ, 532 ਗ੍ਰਿਫ਼ਤਾਰੀਆਂ ਦੀ ਪੁਸ਼ਟੀ



ਲੰਡਨ : ਲੰਡਨ ਵਿੱਚ ਪੁਲਿਸ ਨੇ ਐਡਵੋਕੇਸੀ ਨੈੱਟਵਰਕ ਫਲਸਤੀਨ ਐਕਸ਼ਨ ਦੇ ਸਮਰਥਨ ਵਿੱਚ ਪ੍ਰਦਰਸ਼ਨ ਵਿੱਚ ਸ਼ਾਮਲ 532 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਲੰਡਨ ਦੀ ਮੈਟਰੋਪੋਲੀਟਨ ਪੁਲਿਸ ਨੇ ਕਿਹਾ ਹੈ ਕਿ ਐਤਵਾਰ ਨੂੰ ਸਥਾਨਕ ਸਮੇਂ ਅਨੁਸਾਰ ਦੁਪਹਿਰ 1 ਵਜੇ ਤੱਕ 18 ਲੋਕ ਹਿਰਾਸਤ ਵਿੱਚ ਸਨ। ਪੁਲਿਸ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਦੇ ਵੇਰਵਿਆਂ ਦੀ ਪੁਸ਼ਟੀ ਕੀਤੀ ਜਾ ਸਕੀ, ਉਨ੍ਹਾਂ ਨੂੰ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ ਗਿਆ ਹੈ।

ਪੁਲਿਸ ਨੇ ਸ਼ਨੀਵਾਰ ਨੂੰ ਕਿਹਾ ਕਿ ਪਾਰਲੀਮੈਂਟ ਸਕੁਏਅਰ ਤੋਂ ਸ਼ੁਰੂ ਹੋਏ ਵਿਰੋਧ ਪ੍ਰਦਰਸ਼ਨ ਵਿੱਚ ਲਗਭਗ 500 ਤੋਂ 600 ਲੋਕਾਂ ਨੇ ਹਿੱਸਾ ਲਿਆ ਅਤੇ ਇਸ ਦੌਰਾਨ ਘੱਟੋ-ਘੱਟ 365 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਗੌਰਤਲਬ ਹੈ ਕਿ ਸੋਸ਼ਲ ਮੀਡੀਆ ’ਤੇ ਤਸਵੀਰਾਂ ਵਿੱਚ ਪ੍ਰਦਰਸ਼ਨਕਾਰੀਆਂ ਨੂੰ ਮੈਂ ਨਸਲਕੁਸ਼ੀ ਦਾ ਵਿਰੋਧ ਕਰਦਾ ਹਾਂ’ ਸ਼ਬਦਾਂ ਵਾਲੇ ਪੋਸਟਰ ਫੜੇ ਹੋਏ ਦਿਖਾਈ ਦਿੰਦੇ ਹਨ। ਦਿ ਗਾਰਡੀਅਨ ਅਖਬਾਰ ਦੁਆਰਾ ਜਾਰੀ ਇੱਕ ਵੀਡੀਓ ਵਿੱਚ ਗ੍ਰਿਫ਼ਤਾਰ ਔਰਤ ਕੈਮਰੇ ਦੇ ਸਾਹਮਣੇ ਇਹ ਕਹਿੰਦੇ ਹੋਏ ਦਿਖਾਈ ਦੇ ਰਹੀ ਹੈ ਕਿ ਉਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰ ਕਰੋ ਜੋ ਹਥਿਆਰ ਵੇਚ ਰਹੇ ਹਨ, ਮਾਰ ਰਹੇ ਹਨ ਅਤੇ ਬੰਬਾਰੀ ਕਰ ਰਹੇ ਹਨ...। ਜ਼ਿਕਰਯੋਗ ਹੈ ਕਿ ਬ੍ਰਿਟਿਸ਼ ਸੰਸਦ ਦੇ ਮੈਂਬਰਾਂ ਨੇ ਜੁਲਾਈ ਵਿੱਚ ਫਲਸਤੀਨ ਐਕਸ਼ਨ ਨੂੰ ਅੱਤਵਾਦੀ ਸਮੂਹ ਘੋਸ਼ਿਤ ਕਰਨ ਲਈ ਵੋਟ ਦਿੱਤੀ ਸੀ। ਇਸਦੇ ਮੈਂਬਰਾਂ ਨੇ ਜੂਨ ਵਿੱਚ ਰਾਇਲ ਏਅਰ ਫੋਰਸ ਬ੍ਰਿਜ ਨੌਰਦਨ ਵਿੱਚ ਘੁਸਪੈਠ ਕੀਤੀ ਸੀ।

# ਜਾਪਾਨ ’ਚ ਭਾਰੀ ਮੀਂਹ ਕਾਰਨ ਖਿਸਕੀ ਜ਼ਮੀਨ, ਕਈ ਲੋਕ ਲਾਪਤਾ



ਟੋਕੀਓ : ਪਿਛਲੇ ਹਫ਼ਤੇ ਤੋਂ ਜਾਪਾਨ ਦੇ ਦੱਖਣੀ ਮੁੱਖ ਟਾਪੂ ਕਿਊਸ਼ੂ ਵਿੱਚ ਭਾਰੀ ਮੀਂਹ ਪੈ ਰਿਹਾ ਹੈ। ਭਾਰੀ ਬਾਰਿਸ਼ ਕਾਰਨ ਹੜ੍ਹ ਅਤੇ ਜ਼ਮੀਨ ਖਿਸਕ ਦੀਆਂ ਘਟਨਾਵਾਂ ਵਾਪਰੀਆਂ ਹਨ, ਜਿਸ ਕਾਰਨ ਕਈ ਲੋਕ ਲਾਪਤਾ ਅਤੇ ਕਈ ਜ਼ਖਮੀ ਹੋ ਗਏ ਹਨ। ਬਾਰਿਸ਼ ਨੇ ’ਬੋਨ’ ਬੋਧੀ ਛੁੱਟੀਆਂ ਵਾਲੇ ਹਫ਼ਤੇ ਦੌਰਾਨ ਯਾਤਰਾ ਨੂੰ ਵੀ ਪ੍ਰਭਾਵਿਤ ਕੀਤਾ ਹੈ। ਪਿਛਲੇ ਹਫ਼ਤੇ ਸ਼ੁਰੂ ਹੋਈ ਭਾਰੀ ਬਾਰਿਸ਼ ਤੋਂ ਬਾਅਦ ਕਾਗੋਸ਼ੀਮਾ ਪ੍ਰੀਫੈਕਚਰ ਵਿੱਚ ਇੱਕ ਵਿਅਕਤੀ ਲਾਪਤਾ ਹੈ ਅਤੇ ਚਾਰ ਲੋਕ ਜ਼ਖਮੀ ਹੋਏ ਹਨ। ਖੇਤਰ ਵਿੱਚ ਘੱਟ ਦਬਾਅ ਪ੍ਰਣਾਲੀ ਕਾਰਨ ਕਿਊਸ਼ੂ ਦੇ ਉੱਤਰੀ ਹਿੱਸਿਆਂ ਵਿੱਚ ਭਾਰੀ ਬਾਰਿਸ਼ ਹੋਈ। ਜਾਪਾਨ ਮੌਸਮ ਵਿਗਿਆਨ ਏਜੰਸੀ ਨੇ ਸੋਮਵਾਰ ਸਵੇਰੇ ਕੁਮਾਮੋਟੋ ਵਿੱਚ ਉੱਚ ਪੱਧਰੀ ਚੇਤਾਵਨੀ ਜਾਰੀ ਕੀਤੀ ਅਤੇ ਅੱਗ ਅਤੇ ਆਫ਼ਤ ਪ੍ਰਬੰਧਨ ਏਜੰਸੀ ਨੇ ਕੁਮਾਮੋਟੋ ਅਤੇ ਛੇ ਹੋਰ ਸੂਬਿਆਂ ਵਿੱਚ ਹਜ਼ਾਰਾਂ ਲੋਕਾਂ ਨੂੰ ਕੱਢਣ ਦੀ ਸਲਾਹ ਦਿੱਤੀ। ਬਚਾਅ ਕਰਮਚਾਰੀ ਖੇਤਰ ਵਿੱਚ ਕਈ ਲੋਕਾਂ ਦੀ ਭਾਲ ਕਰ ਰਹੇ ਹਨ। ਕੁਮਾਮੋਟੋ ਵਿੱਚ ਜ਼ਮੀਨ ਖਿਸਕਣ ਕਾਰਨ ਤਿੰਨ ਲੋਕਾਂ ਦਾ ਇੱਕ ਪਰਿਵਾਰ ਫਸ ਗਿਆ। ਪਰਿਵਾਰ ਦੇ ਦੋ ਮੈਂਬਰਾਂ ਨੂੰ ਜ਼ਿੰਦਾ ਬਚਾ ਲਿਆ ਗਿਆ, ਜਦੋਂ ਕਿ ਤੀਜਾ ਅਜੇ ਵੀ ਲਾਪਤਾ ਹੈ। ਸੂਬੇ ਦੇ ਹੋਰ ਹਿੱਸਿਆਂ ਵਿੱਚ ਦੋ ਹੋਰ ਲੋਕ ਲਾਪਤਾ ਹਨ। ਕੁਮਾਮੋਟੋ ਅਤੇ ਨੇੜਲੇ ਫੁਕੂਓਕਾ ਪ੍ਰੀਫੈਕਚਰ ਵਿੱਚ ਨਦੀਆਂ ਦੇ ਵਹਿਣ ਕਾਰਨ ਕਈ ਹੋਰ ਲਾਪਤਾ ਦੱਸੇ ਗਏ ਹਨ। ਟੈਲੀਵਿਜ਼ਨ ਫੁਟੇਜ ਵਿੱਚ ਦਰੱਖਤ ਚਿੱਕੜ ਵਾਲੇ ਪਾਣੀ ਵਿੱਚ ਤੈਰਦੇ ਅਤੇ ਲੋਕਾਂ ਨੂੰ ਗੋਡੇ-ਗੋਡੇ ਪਾਣੀ ਵਿੱਚੋਂ ਲੰਘਦੇ ਦਿਖਾਇਆ ਗਿਆ ਹੈ। ਕਿਊਸ਼ੂ ਵਿੱਚ ਕਾਗੋਸ਼ੀਮਾ ਨੂੰ ਹਾਕਾਤਾ ਨਾਲ ਜੋੜਨ ਵਾਲੀਆਂ ਬੁਲੇਟ ਟਰੇਨ ਸੇਵਾਵਾਂ ਅਤੇ ਸਥਾਨਕ ਰੇਲ ਸੇਵਾਵਾਂ ਭਾਰੀ ਮੀਂਹ ਕਾਰਨ ਮੁਅੱਤਲ ਕਰ ਦਿੱਤੀਆਂ ਗਈਆਂ। ਕਿਊਸ਼ੂ ਇਲੈਕਟ੍ਰਿਕ ਪਾਵਰ ਕੰਪਨੀ ਅਨੁਸਾਰ ਕੁਮਾਮੋਟੋ ਵਿੱਚ ਲਗਭਗ 6,000 ਘਰਾਂ ਨੂੰ ਬਿਜਲੀ ਸਪਲਾਈ ਠੱਪ ਹੋ ਗਈ ਹੈ।

# ਯੂਕ੍ਰੇਨ ਅਤੇ ਯੂਰਪੀ ਦੇਸ਼ ਅਮਰੀਕਾ ਤੋਂ ਸੁਰੱਖਿਆ ਗਾਰੰਟੀ ਚਾਹੁੰਦੇ ਹਨ

ਵਾਸ਼ਿੰਗਟਨ : ਯੂਕ੍ਰੇਨ ਅਤੇ ਯੂਰਪ ਨੇ ਰੂਸ ਅਤੇ ਯੂਕ੍ਰੇਨ ਵਿਚਕਾਰ ਚੱਲ ਰਹੇ ਟਕਰਾਅ ਨੂੰ ਹੱਲ ਕਰਨ ਲਈ ਕਿਸੇ ਵੀ ਸਮਝੌਤੇ ਦੇ ਹਿੱਸੇ ਵਜੋਂ ਅਮਰੀਕਾ ਤੋਂ ਸੁਰੱਖਿਆ ਗਾਰੰਟੀ ਦੀ ਮੰਗ ਕੀਤੀ ਹੈ। ਨਿਊਯਾਰਕ ਟਾਈਮਜ਼ ਨੇ ਸੂਤਰਾਂ ਦੇ ਹਵਾਲੇ ਨਾਲ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਉਹ ਇਸ ਗੱਲ ’ਤੇ ਵੀ ਜ਼ੋਰ ਦੇ ਰਹੇ ਹਨ ਕਿ ਯੂਕ੍ਰੇਨ ਲਈ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਵਿੱਚ ਸ਼ਾਮਲ ਹੋਣ ਦਾ ਮੌਕਾ ਖੁੱਲ੍ਹਾ ਰੱਖਿਆ ਜਾਣਾ ਚਾਹੀਦਾ ਹੈ। ਸੂਤਰਾਂ ਨੇ ਕਿਹਾ ਕਿ ਯੂਰਪੀ ਸਹਿਯੋਗੀ ਚਾਹੁੰਦੇ ਹਨ ਕਿ ਅਮਰੀਕਾ ਯੂਕ੍ਰੇਨ ਦੀ ਨਾਟੋ ਮੈਂਬਰਸ਼ਿਪ ਲਈ ਦਰਵਾਜ਼ਾ ਖੁੱਲ੍ਹਾ ਰੱਖੇ, ਭਾਵੇਂ ਗੱਠਜੋੜ ਵਿੱਚ ਸ਼ਾਮਲ ਹੋਣਾ ਤੁਰੰਤ ਸੰਭਵ ਨਾ ਹੋਵੇ। ਅਖ਼ਬਾਰ ਦੀ ਰਿਪੋਰਟ ਅਨੁਸਾਰ ਬ੍ਰਿਟਿਸ਼ ਵਿਦੇਸ਼ ਸਕੱਤਰ ਮੰਤਰੀ ਲੈਮੀ ਯੂਕ੍ਰੇਨ ਅਤੇ ਯੂਰਪ ਦੇ ਪ੍ਰਤੀਨਿਧੀਆਂ ਅਤੇ ਅਮਰੀਕਾ ਦੇ ਉਪ ਰਾਸ਼ਟਰਪਤੀ ਜੇਡੀ ਵੈਂਸ ਵਿਚਕਾਰ ਕੱਲ੍ਹ ਹੋਈ ਇੱਕ ਮੀਟਿੰਗ ਵਿੱਚ ਇਨ੍ਹਾਂ ਮੁੱਦਿਆਂ ‘ਤੇ ਚਰਚਾ ਕੀਤੀ ਗਈ। ਅਖ਼ਬਾਰ ਨੇ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ ਮੀਟਿੰਗ ਵਿੱਚ ਔਨਲਾਈਨ ਸ਼ਾਮਲ ਹੋਏ। ਇਸ ਤੋਂ ਪਹਿਲਾਂ ਨਿਊਯਾਰਕ ਟਾਈਮਜ਼ ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਸੀ ਕਿ ਯੂਰਪੀ ਦੇਸ਼ ਚਿੰਤਤ ਹਨ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਟਰੰਪ ਆਪਣੇ ਆਪ ਯੂਕ੍ਰੇਨ ਮੁੱਦੇ ‘ਤੇ ਇੱਕ ਸਮਝੌਤੇ ‘ਤੇ ਪਹੁੰਚ ਸਕਦੇ ਹਨ।



ਸੂਤਰਾਂ ਨੇ ਦੱਸਿਆ ਕਿ ਯੂਰਪੀ ਦੇਸ਼ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ, ਪੁਤਿਨ ਅਤੇ ਟਰੰਪ ਵਿਚਕਾਰ ਹੋਣ ਵਾਲੀ ਮੀਟਿੰਗ ਵਿੱਚ ਮੌਜੂਦ ਹੋਣ। ਅਖ਼ਬਾਰ ਦੀ ਰਿਪੋਰਟ ਅਨੁਸਾਰ ਯੂਰਪੀ ਦੇਸ਼ ਵੀ ਗੱਲਬਾਤ ਪ੍ਰਕਿਰਿਆ ਵਿੱਚ ਹਿੱਸਾ ਲੈਣਾ ਚਾਹੁੰਦੇ ਹਨ, ਪਰ ਇਸਦੀ ਸੰਭਾਵਨਾ ਨਹੀਂ ਹੈ। ਗੌਰਤਲਬ ਹੈ ਕਿ ਕ੍ਰੇਮਲਿਨ ਅਤੇ ਵ੍ਹਾਈਟ ਹਾਊਸ ਨੇ ਪਹਿਲਾਂ ਐਲਾਨ ਕੀਤਾ ਸੀ ਕਿ ਪੁਤਿਨ ਅਤੇ ਸਟਰੰਪ 15 ਅਗਸਤ ਨੂੰ ਅਲਾਸਕਾ ਵਿੱਚ ਮਿਲਣਗੇ। ਕ੍ਰੇਮਲਿਨ ਦੇ ਸਹਾਇਕ ਯੂਰੀ ਊਸ਼ਾਕੋਵ ਨੇ ਕਿਹਾ ਕਿ ਅਮਰੀਕਾ ਦੇ ਵਿਸ਼ੇਸ਼ ਦੂਤ ਸਟੀਵ ਵਿਟਕੋਫ ਨੇ ਰੂਸ ਦੀ ਆਪਣੀ ਫੇਰੀ ਦੌਰਾਨ ਕ੍ਰੇਮਲਿਨ ਵਿੱਚ ਪੁਤਿਨ, ਟਰੰਪ ਅਤੇ ਜ਼ੇਲੇਂਸਕੀ ਵਿਚਕਾਰ ਤਿੰਨ-ਪੱਖੀ ਮੀਟਿੰਗ ਦੇ ਵਿਕਲਪ ਦਾ ਜ਼ਿਕਰ ਕੀਤਾ ਸੀ। ਪਰ ਰੂਸੀ ਪੱਖ ਨੇ ਇਸ ’ਤੇ ਕੋਈ ਟਿੱਪਣੀ ਨਹੀਂ ਕੀਤੀ ਅਤੇ ਦੁਵੱਲੇ ਸੰਮੇਲਨ ਦੀਆਂ ਤਿਆਰੀਆਂ ’ਤੇ ਧਿਆਨ ਕੇਂਦਰਿਤ ਕਰਨ ਦਾ ਸੁਝਾਅ ਦਿੱਤਾ।

# ਪੰਜਾਬ ਦੇ ਖੇਤੀਬਾੜੀ ਸੈਕਟਰ ’ਚ ਅਮਰੀਕੀ ਟੈਰਿਫ ਸੁਨਾਮੀ ਦਾ ਕਹਿਰ

ਫ਼ਿਰੋਜ਼ਪੁਰ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ 1 ਅਗਸਤ ਨੂੰ ਐਲਾਨੇ ਗਏ 25 ਫੀਸਦੀ ਟੈਰਿਫ ਤੋਂ ਉੱਪਰ 25 ਫੀਸਦੀ ਵਾਧੂ ਡਿਊਟੀ ਲਗਾਉਣ ਨਾਲ ਕੁਲ ਟੈਰਿਫ ਬੋਝ 50 ਫੀਸਦੀ ਹੋ ਗਿਆ ਹੈ। ਇਸ ਤਰ੍ਹਾਂ ਹੁਣ ਭਾਰਤੀ ਬਾਸਮਤੀ ਚੌਲਾਂ ਦੀ ਬਰਾਮਦ ’ਤੇ ਸਭ ਤੋਂ ਵੱਧ ਅਸਰ ਪਵੇਗਾ ਤੇ ਇਸਦਾ ਫਾਇਦਾ ਪਾਕਿਸਤਾਨ ਨੂੰ ਹੋਵੇਗਾ, ਕਿਉਂਕਿ ਗੁਆਂਢੀ ਦੇਸ਼ ਤੋਂ ਇਸ ਖੁਸ਼ਬੂਦਾਰ, ਪ੍ਰੀਮੀਅਮ ਚੌਲਾਂ ਦੀ ਕਿਸਮ ਦਾ ਬਾਜ਼ਾਰ ਹਿੱਸਾ ਅਮਰੀਕਾ ਵਿਚ ਵਧੇਗਾ ਤੇ ਭਾਰਤੀ ਬਾਸਮਤੀ ਦਾ ਹਿੱਸਾ ਤੇਜ਼ੀ ਨਾਲ ਘਟਣ ਦੀ ਸੰਭਾਵਨਾ ਹੈ। ਪੰਜਾਬ ਦੇਸ਼ ਵਿਚ ਬਾਸਮਤੀ ਚੌਲਾਂ ਦਾ ਵੱਡਾ ਉਤਪਾਦਕ ਰਾਜ ਹੈ, ਜੋਕਿ ਕੁਲ ਉਤਪਾਦਨ ਦਾ 40 ਫੀਸਦੀ ਤਿਆਰ ਕਰਕੇ ਐਕਸਪੋਰਟ ਵਿਚ ਹਿੱਸੇਦਾਰੀ ਰੱਖਦਾ ਹੈ, ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ, ਇਸ ਤੋਂ ਬਾਅਦ ਹਰਿਆਣਾ ਤੇ ਹੋਰ ਰਾਜ ਆਉਂਦੇ ਹਨ। ਜਦਕਿ ਸੰਯੁਕਤ ਰਾਜ ਅਮਰੀਕਾ ਵਿਚ ਬਾਸਮਤੀ ਚੌਲਾਂ ਦਾ ਕੁੱਲ ਬਾਜ਼ਾਰ ਲਗਭਗ 5 ਲੱਖ ਮੀਟ੍ਰਿਕ ਟਨ ਹੈ, ਇਸ ਵੇਲੇ ਭਾਰਤ ਇਸ ਵਿਚੋਂ ਲਗਭਗ 3 ਲੱਖ ਮੀਟਰਕ ਟਨ ਨਿਰਯਾਤ ਕਰਦਾ ਹੈ, ਜਿਸਦੀ ਕੀਮਤ ਲਗਭਗ 350 ਮਿਲੀਅਨ ਡਾਲਰ ਹੈ ਤੇ ਬਾਕੀ 1.8 ਲੱਖ ਮੀਟਰਕ ਟਨ ਪਾਕਿਸਤਾਨ ਦੁਆਰਾ ਨਿਰਯਾਤ ਕੀਤਾ ਜਾਂਦਾ ਹੈ। ਕਿਉਂਕਿ ਇਸ ਵੇਲੇ ਔਸਤ ਕੀਮਤ 1200 ਡਾਲਰ ਪ੍ਰਤੀ ਮੀਟਰਕ ਟਨ ਹੈ ਤੇ ਨਵੇਂ ਟੈਰਿਫ ਨਾਲ 600 ਡਾਲਰ ਪ੍ਰਤੀ ਮੀਟਰਕ ਟਨ ਹੋਰ ਜੋੜਿਆ ਜਾਵੇਗਾ। ਇਸ ਤਰ੍ਹਾਂ ਇਹ 1800 ਡਾਲਰ ਹੋ ਜਾਵੇਗਾ ਤੇ ਦੂਜੇ ਪਾਸੇ ਪਾਕਿਸਤਾਨ, ਜੋ ਕਿ 19 ਫੀਸਦੀ ਦੇ ਘੱਟ ਟੈਰਿਫ ਦਾ ਆਨੰਦ ਮਾਣਦਾ ਹੈ, ਕਿਉਂਕਿ ਉਨ੍ਹਾਂ ਦੀ ਬਾਸਮਤੀ ਦੀ ਕੀਮਤ ਸਿਰਫ਼ 1450 ਡਾਲਰ ਹੋਵੇਗੀ, ਜੋ ਕਿ 350 ਡਾਲਰ ਪ੍ਰਤੀ ਮੀਟਰਿਕ ਟਨ ਦਾ ਫਰਕ ਹੈ। ਗੱਲਬਾਤ ਕਰਦਿਆਂ ਬਾਸਮਤੀ ਚੌਲ ਮਿੱਲਰ ਤੇ ਐਕਸਪੋਰਟਰ ਐਸੋਸੀਏਸ਼ਨ ਦੇ ਉੱਪ ਪ੍ਰਧਾਨ ਰਣਜੀਤ ਸਿੰਘ ਜੋਸਨ ਨੇ ਕਿਹਾ ਕਿ 2023-24 ਵਿੱਤੀ ਸਾਲ ਵਿਚ ਦੇਸ਼ ਤੋਂ ਕੁਲ 59.42 ਲੱਖ ਮੀਟਰਕ ਟਨ ਬਾਸਮਤੀ ਚੌਲ ਨਿਰਯਾਤ ਕੀਤੇ ਗਏ ਸਨ ਤੇ ਇਨ੍ਹਾਂ ਨਿਰਯਾਤਾਂ ਵਿਚੋਂ ਬਾਸਮਤੀ ਚੌਲ ਮੁੱਖ ਤੌਰ ’ਤੇ ਪੰਜ ਦੇਸ਼ਾਂ ਈਰਾਨ, ਸਾਊਦੀ ਅਰਬ, ਇਰਾਕ, ਯਮਨ ਅਤੇ ਅਮਰੀਕਾ ਨੂੰ ਭੇਜੇ ਗਏ ਸਨ ਤੇ ਬਾਕੀ ਹੋਰ ਦੇਸ਼ਾਂ ਨੂੰ ਭੇਜੇ ਜਾਣਗੇ। ਉਨ੍ਹਾਂ ਦੱਸਿਆ ਕਿ ਕੇਂਦਰੀ ਵਣਜ ਤੇ ਉਦਯੋਗ ਮੰਤਰਾਲੇ ਅਧੀਨ ਖੇਤੀਬਾੜੀ ਤੇ ਪ੍ਰੋਸੈਸਡ ਫੂਡ ਪ੍ਰੋਡਕਟਸ ਐਕਸਪੋਰਟ ਡਿਵੈਲਪਮੈਂਟ ਅਥਾਰਟੀ ਦੇ ਅਨੁਸਾਰ 2022 ਵਿਚ ਬਾਸਮਤੀ ਚੌਲਾਂ ਦੇ ਨਿਰਯਾਤ ਤੋਂ ਭਾਰਤ ਦੀ ਵਿਦੇਸ਼ੀ ਮੁਦਰਾ ਕਮਾਈ 48 ਹਜ਼ਾਰ ਕਰੋੜ ਰੁਪਏ ਸੀ, ਜਿਸ ਵਿਚੋਂ ਪੰਜਾਬ ਨੇ ਘੱਟੋ-ਘੱਟ 40 ਫੀਸਦੀ ਯੋਗਦਾਨ ਪਾਇਆ। ਰਣਜੀਤ ਸਿੰਘ ਜੋਸਨ ਨੇ ਅੱਗੇ ਦੱਸਿਆ ਕਿ ਅਮਰੀਕਾ ਨੇ ਪਿਛਲੇ ਸਾਲ ਲਗਭਗ 3 ਲੱਖ ਮੀਟ੍ਰਿਕ ਟਨ ਭਾਰਤੀ ਬਾਸਮਤੀ ਆਯਾਤ ਕੀਤੀ, ਜਿਸ ਦੀ ਕੀਮਤ ਲਗਭਗ 350 ਮਿਲੀਅਨ ਡਾਲਰ ਸੀ ਅਤੇ ਭਾਰਤੀ ਬਾਸਮਤੀ ਚੌਲਾਂ ਦੇ ਨਿਰਯਾਤ ’ਤੇ ਅਮਰੀਕਾ ਦੁਆਰਾ ਲਗਾਇਆ ਗਿਆ 25 ਫੀਸਦੀ ਵਾਧੂ ਟੈਰਿਫ ਉਦਯੋਗ ਲਈ ਇਕ ਗੰਭੀਰ ਚੁਣੌਤੀ ਪੈਦਾ ਕਰਦਾ ਹੈ, ਜਿਸ ਨਾਲ ਕੁਲ ਡਿਊਟੀ 50 ਫੀਸਦੀ ਤੱਕ ਵੱਧ ਜਾਂਦੀ ਹੈ। ਇਹ ਕਦਮ ਭਾਰਤ ਦੀ ਕੀਮਤ ਮੁਕਾਬਲੇਬਾਜ਼ੀ ਨੂੰ ਕਾਫ਼ੀ ਘਟਾ ਦੇਵੇਗਾ। ਇਸ ਤਰ੍ਹਾਂ ਅਮਰੀਕਾ ਵਿਚ ਭਾਰਤੀ ਚੌਲਾਂ ਦੀ ਮੰਗ ਲਗਭਗ ਅਲੋਪ ਹੋ ਜਾਵੇਗੀ, ਜਿਸ ਨਾਲ ਸਾਡੀ ਸਦੀਆਂ ਪੁਰਾਣੀ ਮਾਰਕੀਟ ਅਲੋਪ ਹੋਣ ਦਾ ਖ਼ਤਰਾ ਹੈ। ਉਦਯੋਗ ਮਾਹਿਰ ਚਿਤਾਵਨੀ ਦਿੰਦੇ ਹਨ ਕਿ ਪ੍ਰਭਾਵ ਗੰਭੀਰ ਹੋਵੇਗਾ ਅਮਰੀਕੀ ਟੈਰਿਫ ਭਾਰਤੀ ਬਾਸਮਤੀ ਨੂੰ ਪ੍ਰਤੀ ਟਨ 400 ਡਾਲਰ ਮਹਿੰਗਾ ਕਰ ਦੇਵੇਗਾ, ਜਦੋਂਕਿ ਪਾਕਿਸਤਾਨੀ ਬਾਸਮਤੀ ਮੁਕਾਬਲੇ ਵਾਲੀ ਰਹੇਗੀ।

# ਚਾਰ ਪੁਲਾੜ ਯਾਤਰੀ ਧਰਤੀ ਲਈ ਰਵਾਨਾ

ਵਾਸ਼ਿੰਗਟਨ : ਨਾਸਾ ਦੇ ਕਰੂ-10 ਮਿਸ਼ਨ ਦੇ ਚਾਰ ਪੁਲਾੜ ਯਾਤਰੀ ਪੰਜ ਮਹੀਨਿਆਂ ਦਾ ਮਿਸ਼ਨ ਪੂਰਾ ਕਰਨ ਤੋਂ ਬਾਅਦ ਸਪੇਸਐਕਸ ਦੇ ਡਰੈਗਨ ਕੈਪਸੂਲ ’ਤੇ ਸਵਾਰ ਹੋ ਕੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਧਰਤੀ ਲਈ ਰਵਾਨਾ ਹੋ ਗਏ ਹਨ। ਪੁਲਾੜ ਯਾਤਰੀ ਸ਼ਨੀਵਾਰ ਨੂੰ ਅਮਰੀਕਾ ਦੇ ਪੱਛਮੀ ਤੱਟ ’ਤੇ ਉਤਰਨਗੇ। ਟੀਮ 14 ਮਾਰਚ ਨੂੰ ਇੱਕ ਰੁਟੀਨ ਮਿਸ਼ਨ ਦੇ ਤੌਰ ’ਤੇ ਆਈ.ਐਸ.ਐਸ ਲਈ ਰਵਾਨਾ ਹੋਈ ਸੀ।

ਚਾਰ ਚਾਲਕ ਦਲ ਦੇ ਮੈਂਬਰਾਂ ਨੂੰ ਲੈ ਕੇ ਸਪੇਸਐਕਸ ਡਰੈਗਨ ਪੁਲਾੜ ਯਾਨ ਸ਼ੁੱਕਰਵਾਰ ਸ਼ਾਮ 6:15 ਵਜੇ ਪੂਰਬੀ ਸਮੇਂ (2215 GMT) ’ਤੇ ਆਈ.ਐਸ.ਐਸ ਦੇ ਹਾਰਮਨੀ ਮੋਡੀਊਲ ਤੋਂ ਅਣਡੌਕ ਕੀਤਾ ਗਿਆ। ਕੈਪਸੂਲ ਸ਼ਨੀਵਾਰ ਨੂੰ



ਪੂਰਬੀ ਸਮੇਂ ਅਨੁਸਾਰ ਸਵੇਰੇ 11:33 ਵਜੇ ਕੈਲੀਫੋਰਨੀਆ ਤੱਟ ਤੋਂ ਉਤਰੇਗਾ। ਅਮਰੀਕੀ ਪੁਲਾੜ ਯਾਤਰੀ ਨਿਕੋਲ ਆਇਰਸ ਅਤੇ ਮਿਸ਼ਨ ਕਮਾਂਡਰ ਐਨੀ ਮੈਕਲੇਨ, ਜਾਪਾਨੀ ਪੁਲਾੜ ਯਾਤਰੀ ਟਾਕੂਆ ਓਨੀਸ਼ੀ ਅਤੇ ਰੂਸੀ ਪੁਲਾੜ ਯਾਤਰੀ ਕਿਰਿਲ ਪੇਸਕੋਵ ਦੇ ਨਾਲ ਡਰੈਗਨ ਕੈਪਸੂਲ ਵਿੱਚ ਧਰਤੀ ਦੀ ਯਾਤਰਾ ’ਤੇ ਨਿਕਲੇ।

# ਯੂ.ਕੇ. ’ਚ ਗੈਰ-ਕਾਨੂੰਨੀ ਕੰਮ ਕਰਨ ਵਾਲੇ ਭਾਰਤੀਆਂ ਸਮੇਤ ਸੈਂਕੜੇ ਗ੍ਰਿਫ਼ਤਾਰ

ਲੰਡਨ : ਬਰਤਾਨੀਆ ਭਰ ’ਚ ਇਮੀਗ੍ਰੇਸ਼ਨ ਛਾਪੇਮਾਰੀ ਦੌਰਾਨ ਡਿਲੀਵਰੀ ਫਰਮਾਂ ਲਈ ਗੈਰ-ਕਾਨੂੰਨੀ ਤੌਰ ’ਤੇ ਕੰਮ ਕਰਨ ਦੇ ਸ਼ੱਕ ’ਚ ਦੋ-ਪਹੀਆ ਵਾਹਨ ਸਵਾਰਾਂ ’ਤੇ ਇਕ ਹਫ਼ਤੇ ਤੱਕ ਚੱਲੀ ਕਾਰਵਾਈ ’ਚ ਸੈਂਕੜੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ’ਚ ਭਾਰਤੀ ਨਾਗਰਿਕ ਵੀ ਸ਼ਾਮਿਲ ਹਨ। ਯੂ.ਕੇ. ਦੇ ਗ੍ਰਹਿ ਦਫ਼ਤਰ ਨੇ ਉਕਤ ਖ਼ੁਲਾਸਾ ਕਰਦਿਆਂ ਦੱਸਿਆ ਕਿ ਉਸ ਦੀਆਂ ਇਮੀਗ੍ਰੇਸ਼ਨ ਇਨਫੋਰਸਮੈਂਟ ਟੀਮਾਂ ਨੇ ਹਾਲ ਹੀ ’ਚ ਦੇਸ਼ ਭਰ ’ਚ ਆਪ੍ਰੇਸ਼ਨ ਚਲਾਇਆ ਸੀ, ਜਿਸ ’ਚ ਡਿਲੀਵਰੀ ਡਰਾਈਵਰਾਂ ਵਜੋਂ ਕੰਮ ਕਰਨ ਵਾਲੇ ਪ੍ਰਵਾਸੀਆਂ ’ਤੇ ਧਿਆਨ ਕੇਂਦਰਿਤ ਕਰਦੇ ਹੋਏ ਗੈਰ-ਕਾਨੂੰਨੀ ਕੰਮ ਕਰਨ ਵਾਲੇ ਸਥਾਨਾਂ ’ਤੇ ਛਾਪੇਮਾਰੀ ਕੀਤੀ ਗਈ। ਗ੍ਰਹਿ ਦਫ਼ਤਰ ਨੇ ਕਿਹਾ ਕਿ 20 ਤੋਂ 27 ਜੁਲਾਈ ਦੇ ਵਿਚਕਾਰ ਕੁੱਲ 1,780 ਵਿਅਕਤੀਆਂ ਨੂੰ ਰੋਕਿਆ ਗਿਆ, ਜਿਨ੍ਹਾਂ ’ਚ 280 ਪ੍ਰਵਾਸੀਆਂ ਅਤੇ ਸ਼ਰਨ ਮੰਗਣ ਵਾਲਿਆਂ ਨੂੰ ਬਿਨਾਂ ਕਿਸੇ ਦਸਤਾਵੇਜ਼ ਦੇ ਕੰਮ ਕਰਦੇ ਪਾਇਆ ਗਿਆ, ਪੱਛਮੀ ਲੰਡਨ ਦੇ ਹਿਲਿੰਗਡਨ ’ਚ ਇਕ ਛਾਪੇਮਾਰੀ ਦੌਰਾਨ ਅਧਿਕਾਰੀਆਂ ਨੇ ਸੱਤ ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ, ਜਿਨ੍ਹਾਂ ’ਚੋਂ ਪੰਜ ਨੂੰ ਗੈਰ-ਕਾਨੂੰਨੀ ਕੰਮ ਕਰਨ ਲਈ ਹਿਰਾਸਤ ’ਚ ਲਿਆ ਗਿਆ। ਯੂ.ਕੇ. ਦੀ ਸਰਹੱਦੀ ਸੁਰੱਖਿਆ ਤੇ ਸ਼ਰਨ ਮੰਤਰੀ ਡੈਮ ਐਂਜੇਲਾ ਈਗਲ ਨੇ ਕਿਹਾ ਕਿ ਗੈਰ-ਕਾਨੂੰਨੀ ਕੰਮ ਸਾਡੀ ਸਰਹੱਦੀ ਸੁਰੱਖਿਆ ਨੂੰ ਕਮਜ਼ੋਰ ਕਰਦਾ ਹੈ ਅਤੇ ਅਸੀਂ ਇਸ ’ਤੇ ਸਖ਼ਤ ਕਾਰਵਾਈ ਕਰ ਰਹੇ ਹਾਂ।

ਇਸੇ ਲਈ ਅਸੀਂ ਯੂ.ਕੇ. ਭਰ ’ਚ ਗਤੀਵਿਧੀਆਂ ਨੂੰ ਤੇਜ਼ ਕਰ ਦਿੱਤਾ ਹੈ ਤਾਂ ਜੋ ਉਨ੍ਹਾਂ ਲੋਕਾਂ ਨੂੰ ਫੜਿਆ ਜਾ ਸਕੇ, ਜੋ ਸੋਚਦੇ ਹਨ ਕਿ ਉਹ ਇਮੀਗ੍ਰੇਸ਼ਨ ਅਤੇ ਰੁਜ਼ਗਾਰ ਕਾਨੂੰਨਾਂ ਤੋਂ ਬਚ ਸਕਦੇ ਹਨ। ਗ੍ਰਹਿ ਦਫ਼ਤਰ ਨੇ ਕਿਹਾ ਕਿ ਆਪ੍ਰੇਸ਼ਨ ‘ਇਕੁਅਲਾਈਜ਼’ ਦੇ ਨਤੀਜੇ ਵਜੋਂ 53 ਵਿਅਕਤੀਆਂ ਦੀ ਸ਼ਰਨ ਸਹਾਇਤਾ ਦੀ ਸਮੀਖਿਆ ਕੀਤੀ ਜਾ ਰਹੀ ਹੈ, ਜਿਸ ਦੇ ਨਤੀਜੇ ਵਜੋਂ ਰਿਹਾਇਸ਼ ਜਾਂ ਭੁਗਤਾਨ ਵਰਗੀ ਸਹਾਇਤਾ ਨੂੰ ਮੁਅੱਤਲ ਜਾਂ ਵਾਪਸ ਲਿਆ ਜਾ ਸਕਦਾ ਹੈ। ਇਹ ਕਾਰਵਾਈ ਪਿਛਲੇ ਮਹੀਨੇ ਗ੍ਰਹਿ ਦਫ਼ਤਰ ਦੀ ਚਿਤਾਵਨੀ ਤੋਂ ਬਾਅਦ ਹੋਈ ਹੈ ਕਿ ਇਮੀਗ੍ਰੇਸ਼ਨ ਪ੍ਰਣਾਲੀ ਦੀ ਦੁਰਵਰਤੋਂ ਕਰਦੇ ਫੜੇ ਗਏ ਭੋਜਨ ਡਿਲੀਵਰੀ ਕਰਮਚਾਰੀ ਸ਼ਰਨ ਸਹਾਇਤਾ ਗੁਆ ਸਕਦੇ ਹਨ ਅਤੇ ਯੂ.ਕੇ. ਤੋਂ ਕੱਢੇ (ਡਿਪੋਰਟ ਕੀਤੇ) ਜਾ ਸਕਦੇ ਹਨ।

# ਅਮਰੀਕਨ ਘਰ ਵਿਚ 'ਸੱਪ ਸੱਪ' ਦੀ ਖੱਪ !



ਕੈਲੇਫੋਰਨੀਆਂ ਸਟੇਟ ਦੇ ਸੈਨਹੋਜ਼ੇ ਸ਼ਹਿਰ ਵਿਚ ਇਕ ਦਿਨ ਅਸੀ ਆਪਣੇ ਘਰੇ ਸ਼ਾਮ ਦੀ ਚਾਹ ਪੀ ਰਹੇ ਸਾਂ। ਨਾਲ-ਨਾਲ ਫੋਨ 'ਤੇ ਠੂੰਗੇ ਮਾਰਦਾ ਹੋਣ ਕਰਕੇ ਮੇਰੀ ਚਾਹ ਹਾਲੇ ਮੁੱਕੀ ਨਹੀਂ ਸੀ ਪਰ ਬਾਕੀ ਦੇ ਜੀਅ ਚਾਹ ਮੁਕਾ ਕੇ ਇਧਰ ਉਧਰ ਹੋ ਗਏ। ਚੁਸਕੀਆਂ ਭਰਦੇ ਦੇ ਅਚਾਨਕ ਆਪਣੀ ਘਰ ਵਾਲੀ ਦੀ ਘਬਰਾਈ ਜਿਹੀ ਅਵਾਜ਼ ਮੇਰੇ ਕੰਨੀਂ ਪਈ-

"ਹੈਥੇ ਰੱਖ......ਕਿੱਡਾ ਸੱਪ! ਦੇਖਿਉ ਦੇਖਿਉ ਭੱਜ ਕੇ ਆਇਉ ਜ਼ਰਾ?

ਸੱਪ ਦਿਖਾਈ ਦੇਣ 'ਤੇ ਜਿਵੇਂ ਅਕਸਰ ਹੁੰਦਾ ਹੀ ਹੈ,ਮੈਂ ਵਾਹੋ ਦਾਹੀ ਚਾਹ ਦਾ ਕੱਪ ਛੱਡ ਕੇ ਸੋਫੇ ਤੋਂ ਤ੍ਰਭਕ ਕੇ ਉੱਠਿਆ! ਬਾਲਕੋਨੀ ਦੀ ਰੇਲਿੰਗ 'ਤੇ ਹੱਥ ਰੱਖ ਕੇ ਹੇਠਾਂ ਵੱਲ੍ਹ ਨਜ਼ਰਾਂ ਗੱਡੀ ਖੜ੍ਹੀ ਪਤਨੀ ਵੱਲ ਦੇਖ ਕੇ ਮੈਂ ਇਹ ਅੰਦਾਜ਼ਾ ਤਾਂ ਲਾ ਲਿਆ ਕਿ ਦੂਸਰੀ ਮੰਜਿਲ 'ਤੇ ਰਹਿੰਦਿਆਂ ਸਾਡੀ ਬਾਲਕੋਨੀ ਵਿਚ ਸਮਾਨ ਤਾਂ ਭਾਵੇਂ ਉਘੜ ਦੁਘੜਾ ਜਿਹਾ ਕਾਫੀ ਪਿਆ ਹੈ ਪਰ 'ਨਾਗ ਦੇਵਤਾ ਜੀ' ਸਾਡੇ ਨਹੀਂ, ਥੱਲੇ ਕਿਸੇ ਦੇ ਘਰ ਵਿਚ ਹੀ ਪ੍ਰਗਟ ਹੋਇਆ ਹੋਵੇਗਾ! ਫੁਰਤੀ ਨਾਲ ਘਰ ਵਾਲੀ ਕੋਲ ਖਲੋ ਕੇ ਮੈਂ ਦੇਖਿਆ ਕਿ ਸਾਡੇ ਘਰਾਂ ਦੇ ਮੋਹਰਿਉਂ ਲੰਘਦੀ ਸੋਲਾਂ-ਸਤਾਰਾਂ ਫੁੱਟ ਚੌੜੀ ਸੜ੍ਹਕ ਦੇ ਦੂਸਰੇ ਪਾਸੇ ਘਰਾਂ ਵਾਲੀ ਲਾਈਨ ਦੇ ਇਕ ਘਰ ਦੇ ਮੋਹਰੇ ਮਧਰੇ ਜਿਹੇ ਦਰਖਤ ਉੱਤੇ ਕਾਫੀ ਲੰਮਾਂ ਤੇ ਮੋਟਾ ਸਾਰਾ ਸੱਪ ਚੜਿਆ ਹੋਇਆ ਸੀ।

ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724



'ਚੌਦਾਂ ਸਾਲ ਹੋ ਗਏ ਸਾਨੂੰ ਅਮਰੀਕਾ 'ਚ ਰਹਿੰਦਿਆਂ ਨੂੰ ਅਸੀਂ ਕਦੇ ਵੀ ਕਿਤੇ ਸੱਪ ਨਿਕਲਿਆ ਨਹੀਂ ਦੇਖਿਆ ਸੁਣਿਆਂ.. ਆਹ ਪਹਿਲੀ ਵਾਰ ਦੇਖ ਰਹੇ ਆਂ!'

ਮੈਂ ਹੈਰਾਨ ਹੋਏ ਨੇ ਆਪਣੀ ਪਤਨੀ ਨਾਲ ਗੱਲ ਕੀਤੀ। ਪਰ ਉਹ ਮੇਰੀ ਗੱਲ ਅਣਸੁਣੀ ਕਰਕੇ ਸਾਹਮਣਲੇ ਘਰ ਵਾਲੇ ਗੋਰਿਆਂ ਨੂੰ ਭੰਡਣ ਲੱਗ ਪਈ। ਅਖੇ ਕਿੱਡੇ ਆਏ ਆ ਬਾਗਬਾਨੀ ਦੇ ਪ੍ਰੇਮੀ! ਆਵਾ ਗੌਣ ਥਾਂਹ ਥਾਂਹ ਵੇਲ ਬੂਟੇ ਤੇ ਦੱਭੜ ਜਿਹਾ ਲਾ ਲਾ ਕੇ ਵਿਹੜੇ ਵਿਚ 'ਗੰਦ' ਪਾਇਆ ਹੋਇਆ ਐ ਇਨ੍ਹਾਂ ਨੇ। ਐਹੋ ਜਿਹੇ ਅੱਸਾ-ਰੂੜ ਵਿਚ ਸੱਪ-ਸਲੂਪੀ ਤਾਂ ਨਿਕਲ ਨੇ ਹੀ ਹੋਏ?

ਗੋਰਿਆਂ ਦੀ ਨੌਜਵਾਨ ਕੁੜੀ ਕੰਨਾਂ ਨੂੰ ਫੋਨ ਲਾਈ ਕਦੇ ਦਰਖਤ ਦੇ ਟਾਹਣਿਆਂ 'ਤੇ ਹੌਲੀ ਹੌਲੀ ਘੁੰਮ ਰਹੇ ਸੱਪ ਵੱਲ ਦੇਖ ਲਵੇ ਅਤੇ ਕਦੇ ਸੜ੍ਹਕ 'ਤੇ ਦੂਰ ਤੱਕ ਨਜ਼ਰ ਦੁੜ੍ਹਾਵੇ ਜਿਵੇਂ ਉਹ ਕਿਸੇ ਨੂੰ ਉਡੀਕ ਰਹੀ ਹੋਵੇ।

'ਜਦ ਤੁਸੀਂ ਹਾਲੇ ਚਾਹ ਪੀ ਰਹੇ ਸੀ ਉਦੋਂ ਦੀ ਇਸਨੇ 'ਨਾਈਨ ਵੰਨ ਵੰਨ' ਨੂੰ ਕਾਲ ਕੀਤੀ ਹੋਈ ਐ।.ਉਹ ਵੀ ਦਾਦਣੇ ਹਾਲੇ ਤੱਕ ਨਹੀਂ ਬਹੁੜੇ!' ਮੇਰੀ ਪਤਨੀ ਹੈਰਾਨੀ ਨਾਲ ਦੱਸ ਰਹੀ ਸੀ' ਸਾਡੇ ਘਰ ਤਾਂ ਕੋਈ ਲਾਠੀ ਸੋਟਾ ਵੀ ਹੈ ਨ੍ਹੀ!' ਅਸਲ ਵਿਚ ਪੰਜਾਬ ਸਾਡੇ ਘਰ ਸੱਪ ਅਕਸਰ ਨਿਕਲਦੇ ਹੀ ਰਹਿੰਦੇ ਹੁੰਦੇ ਸਨ ਤੇ ਮੇਰੀ ਪਤਨੀ ਨੂੰ ਸੱਪ ਮਾਰਨ ਦਾ ਬਹੁਤ ਤਜ਼ਰਬਾ ਹੈ। ਮੈਂ ਤਾੜਿਆ ਕਿ ਉਹ ਥੱਲੇ ਜਾ ਕੇ ਸੱਪ ਦੀ 'ਸਿਰੀ ਫੇਹਣੀ' ਚਾਹੁੰਦੀ ਐ, ਤਦੇ ਇੱਥੇ ਆਪਣੇ ਘਰੇ ਲਾਠੀ ਨਾ ਹੋਣ ਕਾਰਨ ਪਛਤਾ ਰਹੀ ਹੈ।

ਚਲਦੇ ਮੈਚ ਦੀ ਕਮੈਂਟਰੀ ਸੁਣਾਉਣ ਵਾਲਿਆਂ ਵਾਂਗ ਉਹ ਸੱਪ ਵੱਲ ਦੇਖ ਦੇਖ ਉਤੇਜਿਤ ਹੋਈ ਕੁੱਝ ਨਾ ਕੁੱਝ ਬੋਲੀ ਜਾ ਰਹੀ ਸੀ। ਸੱਪ ਵਾਲੇ ਦਰਖਤ ਤੋਂ ਥੋੜ੍ਹੀ ਦੂਰ ਰਹਿ ਕੇ ਕੰਨਾਂ ਨਾਲ ਫੋਨ ਲਾਈ ਘੁੰਮ ਰਹੀ ਗੋਰਿਆਂ ਦੀ ਕੁੜੀ ਵੱਲ ਦੇਖ ਕੇ ਖਿਝੀ ਪਈ ਮੇਰੀ ਪਤਨੀ ਕਹਿੰਦੀ-

'ਪਈ ਦੱਸ ਬੇਵਕੂਫੇ! ਤੂੰ ਸੱਪ ਦੀ 'ਪਰਿਕਰਮਾਂ' ਕਾਹਨੂੰ ਕਰੀ ਜਾਨੀ ਐਂ.. !! ਕਮਲੀਏ ਤੂੰ ਆਂਢ ਗੁਆਂਢ ਤੋਂ ਕਿਸੇ ਨੂੰ 'ਵਾਜ ਈ ਮਾਰ ਲੈ?

ਜਦ ਤੱਕ 'ਨਾਈਨ ਵੰਨ ਵੰਨ' ਵਾਲੇ ਨਹੀਂ ਆਉਂਦੇ ਤਦ ਤੱਕ ਸੱਪ ਦਾ ਕੋਈ 'ਹੀਲਾ-ਵਸੀਲਾ' ਕਰਲੈ!' ਪੰਦਰਾਂ ਵੀਹ ਮਿੰਟ ਅਸੀਂ ਬਾਲਕੋਨੀ 'ਚ ਖੜ੍ਹੇ 'ਸੱਪ ਤਮਾਸ਼ਾ' ਦੇਖੀ ਗਏ। ਕਦੇ ਅਸੀਂ ਟਾਹਣਿਆਂ 'ਤੇ ਘੁੰਮਦਾ ਫਿਰਦਾ ਸੱਪ ਦੇਖਦੇ- 'ਅਹੁ ਦੇਖ ਓਧਰ ਦੇਖ' ਕਰਨ ਲਗਦੇ ਅਤੇ ਕਦੇ ਦਰਖਤ ਦੁਆਲੇ ਚੁਕੰਨੀਂ ਜਿਹੀ ਹੋ ਕੇ ਗੇੜੀਆਂ ਮਾਰਦੀ ਕੁੜੀ ਵੱਲ ਦੇਖ ਲੈਂਦੇ। ਇਸੇ ਦੌਰਾਨ ਮੈਨੂੰ ਖਿਆਲ ਆਇਆ ਕਿ ਸਾਡੇ ਚੌਦਾਂ ਸਾਲਾਂ ਦੇ ਇੱਥੇ ਕਿਆਮ ਦੌਰਾਨ ਪਹਿਲੀ ਵਾਰ ਖੁੱਲ੍ਹੇ ਆਮ 'ਗੁੱਗੇ ਜ਼ਾਹਰਪੀਰ' ਨੇ ਦਰਸ਼ਨ ਦਿੱਤੇ ਹਨ। ਕਿਉਂ ਨਾ ਇਹ ਪਲ ਕੈਮਰੇ 'ਚ ਕੈਦ ਕਰ ਲਏ ਜਾਣ! ਸੋ ਇਹ ਸੋਚ ਕੇ ਮੈਂ ਆਪਣੀ ਨੂੰਹ ਨੂੰ ਕਿਹਾ ਕਿ ਜਾਹ ਪੁੱਤ ਹੇਠਾਂ ਜਾ ਕੇ ਸੱਪ ਦੀਆਂ ਇਕ-ਦੋ ਫੋਟੋ ਹੀ ਲੈ ਆ। ਕਿਸੇ ਨੂੰ 'ਵਟਸ-ਐਪ' 'ਤੇ ਭੇਜ ਕੇ ਦੱਸਾਂ ਗੇ ਕਿ ਹੁਣ ਅਮਰੀਕਾ ਵਿਚ ਵੀ ਸੱਪ ਨਿਕਲਦੇ ਆ !

ਹੇਠਾਂ ਗਈ ਸਾਡੀ ਨੂੰਹ ਨੇ ਪਹਿਲਾਂ ਗੋਰੀ ਕੁੜੀ ਨਾਲ ਗੱਲਬਾਤ ਕੀਤੀ ਤੇ ਫਿਰ ਇੱਧਰ ਉੱਧਰ ਹੋ ਕੇ ਸੱਪ ਦੀਆਂ ਫੋਟੋਆਂ ਵੀ ਖਿੱਚ ਲਈਆਂ। ਮੁੜ ਕੇ ਆਉਂਦੀ ਘਰ ਦੀਆਂ ਪੌੜੀਆਂ ਚੜ੍ਹਦੀ ਹੋਈ ਉਹ ਹੱਸ ਹੱਸ ਦੋਹਰੀ ਹੋਈ ਜਾਵੇ! ਬਾਲਕੋਨੀ 'ਚ ਖੜ੍ਹੇ ਅਸੀਂ ਦੋਵੇਂ ਉਹਦੇ ਵੱਲ ਦੇਖ ਕੇ ਹੈਰਾਨ ਹੋ ਰਹੇ ਸਾਂ ਕਿ ਇਹ ਕਿਹੜੀ ਗੱਲੋਂ ਹੱਸੀ ਜਾ ਰਹੀ ਹੋਵੇ ਗੀ ਭਲਾ?

ਬੜੀ ਮੁਸ਼ਕਿਲ ਨਾਲ ਹਾਸਾ ਰੋਕਦਿਆਂ ਉਸਨੇ ਦੱਸਿਆ ਕਿ ਡੈਡੀ ਜੀ ਉਹ ਕੋਈ ਅਵਾਰਾ ਸੱਪ ਨਹੀਂ ਸਗੋਂ ਕੁੜੀ ਦਾ 'ਪਾਲਤੂ ਸੱਪ' ਹੈ! ਅੱਜ ਉਹ ਉਸਨੂੰ ਹਵਾ-ਖੋਰੀ ਕਰਵਾ ਰਹੀ ਐ!! ਨੂੰਹ ਮੂੰਹੋਂ ਇਹ ਹੱਦ ਸਿਰੇ ਦੀ ਅਜ਼ੀਬ ਗੱਲ ਸੁਣ ਕੇ ਜਦ ਅਸੀਂ ਮੁੜਕੇ ਹੇਠਾਂ ਵੱਲ੍ਹ ਦੇਖਿਆ ਤਾਂ ਕੁੜੀ ਨੇ ਫੋਨ ਜੇਬ 'ਚ ਪਾ ਲਿਆ ਤੇ ਦਰਖਤ ਤੋਂ ਅਜਗਰ ਜਿਹੇ ਸੱਪ ਨੂੰ ਲਾਹਕੇ ਆਪਣੇ ਗਲ ਵਿਚ ਇਉਂ ਪਾ ਲਿਆ ਜਿਵੇਂ ਦੋਹਾਂ ਪਾਸਿਆਂ ਨੂੰ ਲਮਕਵਾਂ ਸਿਰੋਪਾ ਪਾਇਆ ਹੁੰਦਾ ਹੈ!! ਤੋਤੇ, ਕੁੱਤੇ ਬਿੱਲੀਆਂ ਜਾਂ ਖਰਗੋਸ਼ਾਂ ਬਾਰੇ ਤਾਂ ਪਤਾ ਸੀ ਪਰ ਘਰ ਵਿਚ 'ਪਾਲਤੂ' ਰੱਖੇ ਜਾਣ ਵਾਲੇ ਜਾਨਵਰਾਂ ਵਿਚ ਸੱਪ ਵੀ ਸ਼ੁਮਾਰ ਹੈ, ਇਹ ਸੁਣ ਕੇ ਸਾਡੇ ਤਾਂ ਮੂੰਹ ਹੀ ਅੱਡੇ ਰਹਿ ਗਏ !!

# 'ਆਪ੍ਰੇਸ਼ਨ ਸੰਧੂਰ' ਦੌਰਾਨ ਪਾਕਿ ਦੇ 6 ਜਹਾਜ਼ ਡੇਗੇ : ਹਵਾਈ ਸੈਨਾ ਮੁਖੀ ਏਅਰ ਚੀਫ ਮਾਰਸ਼ਲ ਅਮਰ ਪ੍ਰੀਤ ਸਿੰਘ

## ਐਸ-400 ਹਵਾ ਰੱਖਿਆ ਪ੍ਰਣਾਲੀ ਕ੍ਰਾਂਤੀਕਾਰੀ ਬਦਲਾਅ ਸਾਬਿਤ ਹੋਈ



ਬੈਂਗਲੁਰੂ : ਹਵਾਈ ਸੈਨਾ ਮੁਖੀ ਏਅਰ ਚੀਫ ਮਾਰਸ਼ਲ ਅਮਰ ਪ੍ਰੀਤ ਸਿੰਘ ਨੇ ਕਿਹਾ ਕਿ ਭਾਰਤੀ ਹਵਾਈ ਸੈਨਾ ਨੇ 'ਆਪ੍ਰੇਸ਼ਨ ਸੰਧੂਰ' ਦੌਰਾਨ ਪਾਕਿਸਤਾਨ ਦੇ 5 ਲੜਾਕੂ ਜਹਾਜ਼ਾਂ ਤੇ ਇਕ ਵੱਡੇ ਜਹਾਜ਼ ਨੂੰ ਡੇਗਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਇਸ ਨੂੰ ਭਾਰਤ ਦੁਆਰਾ ਜ਼ਮੀਨ ਤੋਂ ਹਵਾ 'ਚ ਮਾਰ ਸੁੱਟਣ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਰਿਕਾਰਡ ਦੱਸਿਆ। ਉਨ੍ਹਾਂ ਇਥੇ 16ਵੇਂ ਏਅਰ ਚੀਫ਼ ਮਾਰਸ਼ਲ ਐਲ.ਐਮ. ਕਾਤਰੇ ਯਾਦਗਾਰੀ ਭਾਸ਼ਣ ਦੌਰਾਨ ਕਿਹਾ ਕਿ ਸਾਨੂੰ ਉਸ ਏ.ਡਬਲਿਊ.ਸੀ. ਹੈਂਗਰ 'ਚ ਘੱਟੋ ਘੱਟ ਇਕ ਏ.ਡਬਲਿਊ.ਸੀ. ਤੇ ਕੁਝ ਐਫ਼-16 ਜਹਾਜ਼ਾਂ ਦੇ ਹੋਣ ਦੇ ਸੰਕੇਤ ਮਿਲੇ ਹਨ, ਜਿਨ੍ਹਾਂ ਦਾ ਉਥੇ ਰੱਖ ਰਖਾਅ ਕੀਤਾ ਜਾ ਰਿਹਾ ਹੈ। ਸਾਡੇ ਕੋਲ ਘੱਟੋ ਘੱਟ 5 ਲੜਾਕੂ ਜਹਾਜ਼ਾਂ ਨੂੰ ਮਾਰ ਸੁੱਟਣ ਦੀ ਸਪੱਸ਼ਟ ਜਾਣਕਾਰੀ ਹੈ ਅਤੇ ਇਕ ਵੱਡਾ ਜਹਾਜ਼ ਹੈ, ਜੋ ਜਾਂ ਤਾਂ ਜਹਾਜ਼ ਹੋ ਸਕਦਾ ਹੈ ਜਾਂ ਏ. ਡਬਲਿਊ. ਸੀ. (ਏਅਰਬੋਰਨ ਵਾਰਨਿੰਗ ਐਂਡ ਕੰਟਰੋਲ ਸਿਸਟਮ), ਜਿਸ ਨੂੰ ਕਰੀਬ 300 ਕਿਲੋਮੀਟਰ ਦੀ ਦੂਰੀ ਤੋਂ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਇਹ ਅਸਲ 'ਚ ਜ਼ਮੀਨ ਤੋਂ ਹਵਾ 'ਚ ਮਾਰ ਸੁੱਟਣ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਰਿਕਾਰਡ ਹੈ, ਜੋ ਅਸੀਂ ਹਾਸਿਲ ਕੀਤਾ ਹੈ। ਉਨ੍ਹਾਂ ਕਿਹਾ ਕਿ ਇਕ ਖਾਸ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਭਾਰਤੀ ਹਵਾਈ ਫ਼ੌਜ ਨੇ ਹਵਾਈ ਖੇਤਰ 'ਤੇ ਹਮਲਾ ਕਰਨ ਦਾ ਫੈਸਲਾ ਲਿਆ। ਹਵਾਈ ਫ਼ੌਜ ਮੁਖੀ ਨੇ ਕਿਹਾ, 'ਇਸ ਲਈ ਹਵਾਈ ਅੱਡੇ 'ਤੇ ਹਮਲਾ ਕੀਤਾ ਗਿਆ ਅਤੇ ਮੁੱਖ ਭਵਨ 'ਤੇ ਵੀ ਹਮਲਾ ਕੀਤਾ ਗਿਆ, ਜਿਥੇ ਯੋਜਨਾਵਾਂ ਬਣਦੀਆਂ ਹਨ ਅਤੇ ਇਸ ਦੀ ਵਰਤੋਂ ਕਦੇ ਕਦੇ ਸਿਵਲ ਟਰਮੀਨਲ ਭਵਨ ਦੇ ਰੂਪ 'ਚ ਵੀ ਕੀਤੀ ਜਾਂਦੀ ਸੀ। ਜਿਥੋਂ ਤੱਕ ਸੁਕੂਰ ਏਅਰਬੇਸ ਦਾ ਸਵਾਲ ਹੈ, ਅਸੀਂ ਯੂ.ਏ.ਬੀ. ਹੈਂਗਰ ਅਤੇ ਰਡਾਰ ਸਥਾਨ 'ਤੇ ਹਮਲਾ ਕੀਤਾ।' ਉਨ੍ਹਾਂ ਕਿਹਾ ਕਿ ਤੁਹਾਡੇ ਕੋਲ ਇਥੇ ਦ੍ਰਿਸ਼ ਉਪਲੱਬਧ ਹਨ, ਇਹ ਉਹ ਹੈਂਗਰ ਹੈ, ਜਿਸ ਨੂੰ ਤਬਾਹ ਕਰ ਦਿੱਤਾ ਗਿਆ ਹੈ, ਇਹ ਪਹਿਲਾਂ ਤੇ ਬਾਅਦ ਦਾ ਰਡਾਰ ਸਥਾਨ ਹੈ। ਏ.ਡਬਲਿਊ.ਸੀ. ਹੈਂਗਰ 'ਤੇ ਫਿਰ ਤੋਂ ਹਮਲਾ ਕੀਤਾ ਗਿਆ। ਇਥੇ ਅਸੀਂ ਸਪੱਸ਼ਟ ਵੇਖ ਸਕਦੇ ਹਾਂ ਕਿ ਜਿਥੇ ਹਮਲਾ ਹੋਇਆ ਸੀ , ਉਥੇ ਇਕ ਜਹਾਜ਼ ਸੀ। ਸਰਗੋਧਾ ਬਾਰੇ ਉਨ੍ਹਾਂ ਕਿਹਾ ਕਿ ਅਸੀਂ ਆਪਣੀ ਹਵਾਈ ਫ਼ੌਜ 'ਚ ਅਜਿਹੇ ਹੀ ਦਿਨਾਂ ਦਾ ਸੁਪਨਾ ਵੇਖਦੇ ਹੋਏ ਵੱਡੇ ਹੋਏ ਹਾਂ, ਕਿਸੇ ਦਿਨ ਸਾਨੂੰ ਮੌਕਾ ਮਿਲੇਗਾ, ਸੰਯੋਗ ਨਾਲ ਮੈਨੂੰ ਆਪਣੀ ਸੇਵਾਮੁਕਤੀ ਤੋਂ ਪਹਿਲਾਂ ਇਹ ਮੌਕਾ ਮਿਲ ਗਿਆ। ਅਸੀਂ ਉਸ ਹਵਾਈ ਖੇਤਰ 'ਤੇ ਹਮਲਾ ਕੀਤਾ, ਜਿਥੇ ਸਾਨੂੰ ਐਫ਼-16 ਜਹਾਜ਼ਾਂ ਦੇ ਬਾਰੇ 'ਚ ਪੁਖਤਾ ਜਾਣਕਾਰੀ ਮਿਲੀ ਸੀ। ਏਅਰ ਚੀਫ਼ ਮਾਰਸ਼ਲ ਅਨੁਸਾਰ ਭਾਰਤ ਵਲੋਂ ਹਾਲ ਹੀ 'ਚ ਖਰੀਦੀ ਗਈ ਐਸ-400 ਹਵਾ ਰੱਖਿਆ ਪ੍ਰਣਾਲੀ ਇਕ ਕ੍ਰਾਂਤੀਕਾਰੀ ਬਦਲਾਅ ਸਾਬਿਤ ਹੋਈ। ਉਨ੍ਹਾਂ ਕਿਹਾ ਕਿ ਇਸ ਪ੍ਰਣਾਲੀ ਦੀ ਸਮਰੱਥਾ ਨੇ ਪਾਕਿਸਤਾਨੀ ਦੇ ਜਹਾਜ਼ਾਂ ਤੇ ਮਨੁੱਖੀ ਰਹਿਤ ਜਹਾਜ਼ਾਂ ਨੂੰ ਭਾਰਤੀ ਰੱਖਿਆ ਪ੍ਰਣਾਲੀ ਤੋਂ ਦੂਰ ਰੱਖਿਆ ਸੀ। ਐਸ-400 ਪ੍ਰਣਾਲੀ ਦੀ ਵਜ੍ਹਾ ਨਾਲ ਪਾਕਿਸਤਾਨ ਭਾਰਤੀ ਹਵਾ ਪ੍ਰਣਾਲੀ 'ਚ ਦਾਖ਼ਲ ਨਹੀਂ ਹੋ ਸਕਿਆ। ਉਨ੍ਹਾਂ ਇਹ ਵੀ ਕਿਹਾ ਕਿ ਚੀਫ਼ ਆਫ਼ ਡਿਫੈਂਸ ਸਟਾਫ਼ (ਸੀ.ਡੀ.ਐਸ.) ਦੇ ਅਹੁਦੇ ਨੇ ਸੈਨਿਕ ਮੁਹਿੰਮਾਂ 'ਚ ਮਹੱਤਵਪੂਰਨ ਬਦਲਾਅ ਲਿਆਂਦਾ ਹੈ। ਉਨ੍ਹਾਂ 'ਆਪ੍ਰੇਸ਼ਨ ਸੰਧੂਰ' 'ਚ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੀ ਭੂਮਿਕਾ 'ਤੇ ਵੀ ਚਾਣਨਾ ਪਾਇਆ, ਜਿਸ ਨਾਲ ਹੋਰ ਏਜੰਸੀਆਂ ਤੇ ਬਲਾਂ ਨੂੰ ਇਕੱਠੇ ਲਿਆਉਣ 'ਚ ਮਦਦ ਮਿਲੀ।

# ਅਮਰੀਕਾ ਨੇ ਪਾਕਿਸਤਾਨੀ ਬਲੋਚ ਵੱਖਵਾਦੀ ਸੰਗਠਨ 'ਬਲੋਚ ਲਿਬਰੇਸ਼ਨ ਆਰਮੀ' ਨੂੰ ਅੱਤਵਾਦੀ ਐਲਾਨਿਆ



ਅਮਰੀਕਾ ਨੇ ਪਾਕਿਸਤਾਨ ਦੇ ਪੱਖ 'ਚ ਵੱਡਾ ਕਦਮ ਚੁੱਕਦੇ ਹੋਏ ਬਲੋਚਿਸਤਾਨ ਲਿਬਰੇਸ਼ਨ ਆਰਮੀ (BLA) ਨੂੰ ਅਧਿਕਾਰਕ ਤੌਰ 'ਤੇ ਅੱਤਵਾਦੀ ਸੰਸਥਾ ਘੋਸ਼ਿਤ ਕਰ ਦਿੱਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਕਿ BLA ਪਾਕਿਸਤਾਨ ਵਿੱਚ ਕਈ ਘਾਤਕ ਹਮਲਿਆਂ 'ਚ ਸ਼ਾਮਲ ਰਹੀ ਹੈ ਤੇ ਖੇਤਰ ਦੀ ਸੁਰੱਖਿਆ ਲਈ ਵੱਡਾ ਖ਼ਤਰਾ ਹੈ।

ਇਸ ਫ਼ੈਸਲੇ 'ਤੇ ਪਾਕਿਸਤਾਨੀ ਸਰਕਾਰ ਨੇ ਖੁੱਲ੍ਹ ਕੇ ਸਵਾਗਤ ਕੀਤਾ, ਕਿਹਾ ਕਿ ਇਹ ਕਦਮ ਅੱਤਵਾਦ ਦੇ ਖ਼ਿਲਾਫ਼ ਲੜਾਈ ਨੂੰ ਮਜ਼ਬੂਤ ਕਰੇਗਾ। ਦੂਜੇ ਪਾਸੇ, ਭਾਰਤ ਨੇ ਇਸ 'ਤੇ ਤਿੱਖਾ ਵਿਰੋਧ ਤੇ ਨਿਖੇਧੀ ਜਤਾਈ ਹੈ। ਭਾਰਤ ਦਾ ਮਤ ਹੈ ਕਿ BLA ਖ਼ਿਲਾਫ਼ ਕਾਰਵਾਈ 'ਚ ਪਾਕਿਸਤਾਨ ਦੇ ਮਨੁੱਖੀ ਅਧਿਕਾਰ ਉਲੰਘਣਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

ਇਹ ਕਦਮ ਦੱਖਣੀ ਏਸ਼ੀਆ ਦੀ ਜਿਓ-ਪੋਲਿਟਿਕਸ 'ਚ ਨਵੀਂ ਤੀਬਰਤਾ ਲਿਆ ਸਕਦਾ ਹੈ, ਜਿੱਥੇ ਅਮਰੀਕਾ-ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ 'ਤੇ ਸਿੱਧਾ ਅਸਰ ਪੈਣ ਦੀ ਸੰਭਾਵਨਾ ਹੈ।

# ਅਮਰੀਕਾ ਤੋਂ ਛਪਦੀ ਨਿਊਯਾਰਕ ਟਾਈਮਜ਼ ਮੁਤਾਬਿਕ ਭਾਰਤ ਵਿੱਚ ਅਮਰੀਕਾ ਦੀ ਤਰਜ ਤੇ ਇਮੀਗ੍ਰੇਸ਼ਨ ਛਾਪੇ - ਹਜ਼ਾਰਾਂ ਗ੍ਰਿਫ਼ਤਾਰ, ਡਰ ਦਾ ਮਾਹੌਲ

**ਮੁਸਲਿਮਾਂ ਤੇ ਨਿਸ਼ਾਨਾ** - ਕਸ਼ਮੀਰ ਵਿੱਚ ਅਪ੍ਰੈਲ ਦੇ ਆਤੰਕੀ ਹਮਲੇ ਤੋਂ ਬਾਅਦ, ਬੀ.ਜੇ.ਪੀ. ਸਰਕਾਰ ਵੱਲੋਂ ਦੇਸ਼-ਪੱਧਰੀ ਛਾਪੇ, ਹਜ਼ਾਰਾਂ ਮੁਸਲਿਮ ਬੰਗਾਲੀ-ਭਾਸ਼ੀਏ ਗ੍ਰਿਫ਼ਤਾਰ ਜਾਂ ਬੰਗਲਾਦੇਸ਼ ਧੱਕੇ ਗਏ।

**ਬੇਦਖ਼ਲੀ ਅਤੇ ਹਿੰਸਾ** - ਗੁਜਰਾਤ, ਰਾਜਸਥਾਨ, ਅਸਾਮ ਅਤੇ ਕਸ਼ਮੀਰ ਵਿੱਚ ਹਜ਼ਾਰਾਂ ਲੋਕ ਬਿਨਾਂ ਨਿਆਂ ਪ੍ਰਕਿਰਿਆ ਦੇ ਹਿਰਾਸਤ ਵਿੱਚ। ਕਈਆਂ ਨੂੰ ਅੱਖਾਂ ਬੰਨ੍ਹ ਕੇ, ਕੁੱਟਮਾਰ ਕਰਕੇ, ਜੰਗਲਾਂ ਜਾਂ ਕਿਸ਼ਤੀਆਂ ਰਾਹੀਂ ਬੰਗਲਾਦੇਸ਼ ਪਹੁੰਚਾਇਆ ਗਿਆ।


**ਡਰ ਦਾ ਸਾਇਆ** - ਗੁਰਗਾਂਵ, ਦਿੱਲੀ, ਅਤੇ ਹੋਰ ਸ਼ਹਿਰਾਂ 'ਚ ਬੰਗਾਲੀ ਬੋਲਣ ਵਾਲੇ ਘਰ ਛੱਡ ਕੇ ਭੱਜ ਰਹੇ। ਕਈਆਂ ਕੋਲ ਵੋਟਰ ਕਾਰਡ, ਆਧਾਰ ਕਾਰਡ, ਜ਼ਮੀਨ ਦੇ ਰਿਕਾਰਡ ਹਨ, ਫਿਰ ਵੀ ਹਿਰਾਸਤ 'ਚ। ਕਈ ਹਫ਼ਤਿਆਂ ਤੋਂ ਪਰਿਵਾਰਾਂ ਨੂੰ ਆਪਣੇ ਪਿਆਰੇ ਲਾਪਤਾ ਮਿਲ ਨਹੀਂ ਰਹੇ ਹਨ।

**ਰਾਜਨੀਤਿਕ ਭਾਸ਼ਣ** - ਬੀ.ਜੇ.ਪੀ. ਨੇਤਾਵਾਂ ਵੱਲੋਂ 'ਘੁਸਪੈਠੀਆਂ' ਨੂੰ ਦੇਸ਼ ਦੀ ਪਹਿਚਾਣ ਲਈ ਖ਼ਤਰਾ ਕਹਿ ਕੇ, ਅਸਾਮ ਵਰਗੇ ਰਾਜਾਂ ਵਿੱਚ 1950 ਦੇ ਕਾਨੂੰਨ ਤਹਿਤ ਸਿੱਧੀ ਕਾਰਵਾਈ ਕੀਤੀ ਜਾ ਰਹੀ ਹੈ

**ਅਸਰ** - ਲੱਖਾਂ ਬੰਗਾਲੀ-ਭਾਸ਼ੀਏ, ਚਾਹੇ ਹਿੰਦੂ ਹੋਣ ਜਾਂ ਮੁਸਲਿਮ, ਹੁਣ ਭਾਰਤ ਵਿੱਚ ਗੈਰ-ਸੁਰੱਖਿਅਤ ਮਹਿਸੂਸ ਕਰ ਰਹੇ ਹਨ।

# ਪਾਣੀ ਦੀ ਇਕ ਬੂੰਦ ਵੀ ਨਹੀਂ ਖੋਹ ਸਕਦਾ ਭਾਰਤ : ਸ਼ਾਹਬਾਜ਼ ਸ਼ਰੀਫ਼

ਅੰਮ੍ਰਿਤਸਰ : ਪਾਕਿਸਤਾਨ ਭਾਰਤ ਵਿਰੁੱਧ ਬੋਲਣ ਦਾ ਕੋਈ ਮੌਕਾ ਨਹੀਂ ਗੁਆਉਂਦਾ, ਫ਼ੌਜ ਮੁਖੀ ਜਨਰਲ ਅਸੀਮ ਮੁਨੀਰ, ਸਾਬਕਾ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਜ਼ਰਦਾਰੀ ਤੋਂ ਬਾਅਦ ਹੁਣ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਵੀ ਇਸ ਦੌੜ 'ਚ ਸ਼ਾਮਿਲ ਹੋ ਗਏ ਹਨ। ਉਨ੍ਹਾਂ ਕਿਹਾ ਕਿ ਭਾਰਤ ਪਾਕਿਸਤਾਨ ਤੋਂ ਪਾਣੀ ਦੀ ਇਕ ਬੂੰਦ ਵੀ ਨਹੀਂ ਖੋਹ ਸਕਦਾ। ਸਿੰਧੂ ਜਲ ਸੰਧੀ ਨੂੰ ਰੱਦ ਕਰਨ ਦੇ ਵਿਰੁੱਧ ਬੋਲਦਿਆਂ ਉਨ੍ਹਾਂ ਕਿਹਾ ਕਿ ਭਾਰਤ ਨੂੰ ਸਿੰਧੂ ਨਦੀ 'ਤੇ ਕਿਸੇ ਵੀ ਸਾਜ਼ਿਸ਼ ਦਾ ਜਵਾਬ ਦਿੱਤਾ ਜਾਵੇਗਾ। ਸ਼ਾਹਬਾਜ਼ ਸ਼ਰੀਫ਼ ਨੇ ਆਪਣੇ ਹਿੱਸੇ ਦੇ ਪਾਣੀ ਨੂੰ ਰੋਕਣ ਨੂੰ ਜੰਗ ਦੀ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਭਾਰਤ ਨੂੰ ਧਮਕੀ ਦਿੰਦੇ ਹੋਏ ਕਿਹਾ ਕਿ ਮੈਂ ਦੁਸ਼ਮਣ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਸਾਡਾ ਪਾਣੀ ਰੋਕਣ ਦੀ ਧਮਕੀ ਦਿੰਦੇ ਹੋ ਤਾਂ ਯਾਦ ਰੱਖੋ ਕਿ ਤੁਸੀਂ ਪਾਕਿ ਤੋਂ ਪਾਣੀ ਦੀ ਇਕ ਬੂੰਦ ਵੀ ਨਹੀਂ ਖੋਹ ਸਕਦੇ। ਇਸਲਾਮਾਬਾਦ 'ਚ ਇਕ ਪ੍ਰੋਗਰਾਮ ਦੌਰਾਨ ਸ਼ਰੀਫ਼ ਨੇ ਕਿਹਾ ਕਿ ਜੇਕਰ ਭਾਰਤ ਅਜਿਹੀ ਕੋਈ ਕਾਰਵਾਈ ਕਰਦਾ ਹੈ ਤਾਂ ਉਸ ਨੂੰ ਸਬਕ ਸਿਖਾਇਆ ਜਾਵੇਗਾ।



CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

VISIT US NOW!

DR. RAJESH MAHESHWARI, MD

SAN RAMON
San Ramon
URGENT CARE & CLINIC
9140 Alcosta Boulevard Ste D
San Ramon, CA 94583
(925) 361-5959

LATHROP
Lathrop
URGENT CARE
15810 Harlan Road #A
Lathrop, CA 95330
(209) 983-9000

MAIN STREET
Main Street
URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

ਮਿ. ਰਾਜਾ ਤੇ ਡਾ. ਅੰਬੇਡਕਰ ਵਿਚ ਫਰਕ ਕੇਵਲ ਇਤਨਾ ਹੈ ਕਿ ਜਿਥੇ ਮਿ. ਰਾਜਾ ਹਿੰਦੂਆਂ ਵਲੋਂ ਪੁੱਟੇ ਜਾ ਰਹੇ ਕਦਮ ਨਾਲ ਸੰਤੁਸ਼ਟ ਹੈ, ਉਥੇ ਡਾਕਟਰ ਅੰਬੇਡਕਰ ਇਤਨੇ ਨਾਲ ਸੰਤੁਸ਼ਟ ਨਹੀਂ। ਇਹ ਦੋਹਾਂ ਵਿਚਕਾਰ ਕੋਈ ਝਗੜਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਦੇ ਰਾਹ ਸਾਫ਼ ਹਨ। ਮਿ. ਰਾਜਾ ਉਥੇ ਹੀ ਰਹਿਣ ਜਿਥੇ ਉਹ ਹਨ ਤੇ ਡਾ. ਅੰਬੇਡਕਰ ਨੂੰ ਉਹ ਸਿੱਖ ਬਣਨ ਦੇਣ, ਪਰ ਇਥੇ ਹੀ ਮਾਮਲਾ ਖਤਮ ਨਹੀਂ। ਜੇ ਮਿ. ਰਾਜਾ ਅਛੂਤਾਂ ਨੂੰ ਪਿਆਦੇ ਸਮਝਦੇ ਹਨ ਅਤੇ ਹਿੰਦੂ ਮਤ ਵਿਚ ਹੀ ਰਹਿਣਾ ਚਾਹੁੰਦੇ ਹਨ ਤਾਂ ਉਹ ਅਛੂਤਾਂ ਦੇ ਸਿੱਖ ਬਣਨ ਦੀ ਵਿਰੋਧਤਾ ਕਿਉਂ ਕਰਦੇ ਹਨ? ਉਹ ਆਖਦੇ ਹਨ ਕਿ ਸਿੱਖ ਤੇ ਮੁਸਲਮਾਨ ਦੋਵੇਂ ਹੀ ਇਹ ਯਤਨ ਕਰ ਰਹੇ ਹਨ ਕਿ ਅਛੂਤਾਂ ਨੂੰ ਆਪਣੇ ਦਾਇਰੇ ਵਿਚ ਲਿਆਂਦਾ ਜਾਵੇ। ਇਸ ਲਈ ਸਿੱਖ ਬਣਨਾ, ਜੋ ਕਿ ਹਿੰਦੂ ਮਤ ਦਾ ਦੂਜਾ ਫਿਰਕਾ ਹੈ, ਮੁਸਲਮਾਨਾਂ ਦੀ ਵਿਰੋਧਤਾ ਕਰਨੀ ਹੈ। ਸ਼ਾਬਾਸ਼! ਮਿ. ਰਾਜਾ, ਤੁਸਾਂ ਆਪਣੇ ਆਪ ਨੂੰ ਕਿਸ ਤਰ੍ਹਾਂ ਛੇਤੀ ਹੀ ਧੋਖੇ ਵਿਚ ਪਾ ਲਿਆ ਹੈ? ਤੁਹਾਡੀ ਇਸ ਸਾਰੀ ਗੱਲਬਾਤ ਦੀ ਤਹਿ ਵਿਚ ਮੁਸਲਮਾਨਾਂ ਦਾ ਡਰ ਕੰਮ ਕਰ ਰਿਹਾ ਹੈ।

ਡਾ. ਅੰਬੇਡਕਰ ਦੇ ਦਲੇਰਾਨਾ ਤੇ ਸਵੈ-ਸਤਿਕਾਰ ਵਾਲੇ ਵਤੀਰੇ ਨਾਲ ਕਿਹਾ ਟਾਕਰਾ ਹੈ?

ਇਸ ਵੇਲੇ ਹਿੰਦੂ ਸੁਸਾਇਟੀ ਦੇ ਸਾਹਮਣੇ ਦੋ ਰਾਹ ਹਨ ਜਾਂ ਤਾਂ ਉਸ ਦੇ ਲੱਖਾਂ ਆਦਮੀ ਉਸ ਨਾਲੋਂ ਅੱਡ ਹੋ ਜਾਣਗੇ, ਜੋ ਕਿ ਸੁਸਾਇਟੀ ਲਈ ਸਮੁੱਚੇ ਤੌਰ 'ਤੇ ਖਾਤਮੇ ਦਾ ਮੁੱਢ ਹੋਵੇਗਾ ਤੇ ਜਾਂ ਹਾਲਾਤ ਤੇ ਵਾਕਿਆਤ ਦੀ ਚੰਗੀ ਤਰ੍ਹਾਂ ਜਾਣ ਕਰਕੇ ਦਲੇਰੀ ਭਰਿਆ ਕਦਮ ਪੁੱਟਣਾ। ਅਸੀਂ ਸੱਚੇ ਦਿਲੋਂ ਆਸ ਕਰਦੇ ਹਾਂ ਕਿ ਹਿੰਦੂ ਕੌਮ ਇਸ ਸਵਾਲ ਸਬੰਧੀ ਆਪਣੀ ਟਾਲ ਮਟੋਲ ਦੀ ਪਾਲਿਸੀ ਨੂੰ ਬੰਦ ਕਰ ਦੇਵੇਗੀ ਅਤੇ ਆਪਣੇ ਲਾਭਾਂ ਨੂੰ ਮੁੱਖ ਰੱਖਦੀ ਹੋਈ ਉਨ੍ਹਾਂ ਅਛੂਤਾਂ ਨੂੰ ਧਰਮ ਤਬਦੀਲੀ ਲਈ ਆਗਿਆ ਦੇਵੇਗੀ ਜੋ ਕਿ ਸਿੱਖ ਧਰਮ ਧਾਰਨ ਕਰਨਾ ਚਾਹੁੰਦੇ ਹਨ ਅਤੇ ਦੂਜਿਆਂ ਨੂੰ ਇਸੇ ਹਾਲਤ ਵਿਚ ਰਹਿਣ ਦੇਵੇਗੀ ਜੋ ਕਿ ਆਪ ਵੀ ਉਨਤੀ ਤੇ ਤਰੱਕੀ ਲਈ ਯਤਨ ਕਰ ਰਹੇ ਹਨ।




ਖ਼ਾਲਸਾ ਸਮਾਚਾਰ, 3 ਸਤੰਬਰ 1936, ਅੰਕ 43, ਜਿਲਦ 37, ਪੰਨੇ 8-9

ਖ਼ਾਲਸਾ ਸਮਾਚਾਰ 10 ਸਤੰਬਰ 1936, ਜਿਲਦ 37, ਅੰਕ 44, ਪੰਨਾ-3

ਡਾ. ਅੰਬੇਡਕਰ ਦਾ ਐਲਾਨ

ਮੈਨੂੰ ਪੂਨਾ-ਪੈਕਟ ਨਾਲੋਂ ਸਿੱਖ ਧਰਮ ਪਿਆਰਾ ਹੈ।

ਨਾਗਪੁਰ-ਨਾਗਪੁਰ ਦੀ ਇਕ ਰਿਪੋਰਟ ਦੱਸਦੀ ਹੈ ਕਿ ਡਾਕਟਰ ਅੰਬੇਡਕਰ ਨੇ ਆਪਣੇ ਅਖ਼ਬਾਰ 'ਜਨਤਾ' ਵਿਚ ਇਸ ਗੱਲ ਦਾ ਐਲਾਨ ਕਰ ਦਿੱਤਾ ਹੈ ਕਿ ਮੈਂ ਸਿੱਖ ਧਰਮ ਗ੍ਰਹਿਣ ਕਰਨ ਦਾ ਪੱਕਾ ਇਰਾਦਾ ਕਰ ਲਿਆ ਹੈ। ਆਪ ਨੇ ਇਹ ਵੀ ਲਿਖਿਆ ਹੈ ਕਿ ਭਾਵੇਂ ਪੂਨਾ ਪੈਕਟ ਤੋਂ ਪ੍ਰਾਪਤ ਕੀਤੇ ਹੋਏ ਰਾਜਸੀ ਹੱਕ ਮਿਲਣ ਜਾਂ ਨਾ ਮਿਲਣ ਉਨ੍ਹਾਂ ਦਾ ਇਰਾਦਾ ਅਟੱਲ ਹੈ, ਮੈਂ ਇਨ੍ਹਾਂ ਹੱਕਾਂ ਦੀ ਪ੍ਰਾਪਤੀ ਨੂੰ ਪਿਆਰਾ ਸਮਝਦਾ ਹਾਂ, ਪਰ ਮੈਂ ਇਨ੍ਹਾਂ ਨਾਲੋਂ ਸਿੱਖ ਮਤ ਨੂੰ ਵਧੇਰੇ ਪਿਆਰ ਕਰਦਾ ਹਾਂ।

ਖ਼ਾਲਸਾ ਸਮਾਚਾਰ, 10 ਸਤੰਬਰ 1936, ਅੰਕ 44, ਜਿਲਦ 37, ਪੰਨਾ-3

ਖਾਲਸਾ ਸਾਮਾਚਾਰ 29 ਅਕਤੂਬਰ 1936, ਜਿਲਦ 37, ਅੰਕ 50, ਪੰਨਾ-11

ਹਿੰਦੂ ਮਹਾਂ ਸਭਾ ਦਾ ਲਾਹੌਰ ਇਜਲਾਸ : 26 ਅਕਤੂਬਰ 1936

ਦੁਸਹਿਰੇ ਦੀਆਂ ਛੁੱਟੀਆਂ ਵਿਚ ਲਾਹੌਰ ਹਿੰਦੂ ਮਹਾਂ ਸਭਾ ਦਾ ਸਲਾਨਾ ਇਕੱਠ ਸੀ, ਹਿੰਦੂਆਂ ਦੇ ਮਸ਼ਹੂਰ ਜਗਤ ਗੁਰੂ ਸ਼ੰਕਰਾਚਾਰਯਾ ਡਾਕਟਰ ਕੁਰਤਾਕੋਟੀ ਐਮ.ਏ., ਪੀ.ਐਚ.ਡੀ., ਇਸ ਸਮਾਗਮ ਦੇ ਪ੍ਰਧਾਨ ਸਨ ਤੇ ਲਾਲਾ ਰਾਮਸਰਨ ਦਾਸ ਸਵਾਗਤੀ ਕਮੇਟੀ ਦੇ।

ਡਾਕਟਰ ਕੁਰਤਾਕੋਟੀ ਨੇ ਇਕ ਪੁਰ ਦਰਦ ਤੇ ਵਿਦਵਤਾ ਭਰੀ ਤਕਰੀਰ ਕੀਤੀ। ਜਿਸ ਦੇ ਵਿਚ ਹਿੰਦੂ ਸਮਾਜ ਦੇ ਲਗਭਗ ਹਰ ਪਹਿਲੂ ਤੇ ਚਾਨਣਾ ਪਾ ਕੇ ਹਿੰਦੂ ਸਮਾਜ ਦੇ ਰੋਗ ਤੇ ਉਨ੍ਹਾਂ ਦਾ ਇਲਾਜ ਦੱਸਿਆ।

ਇਹ ਦੇਸ਼ ਸਾਡਾ ਹੈ : ਡਾਕਟਰ ਜੀ ਨੇ ਇਕ ਗੱਲ ਬੜੇ ਸਵਾਦ ਦੀ ਆਖੀ ਤੇ ਉਹ ਲਗਭਗ ਮੁਸਲਮਾਨ ਲੇਖਦਾਂ ਤੇ ਮੌਲਵੀਆਂ ਦੀਆਂ ਤੁਅੱਸਬੀ ਤਕਰੀਰਾਂ ਦਾ ਉਤਰ ਸੀ।

(ਚਲਦਾ)

# ਆਜ਼ਾਦੀ ਦਿਵਸ 2025: ਸੁਰੱਖਿਆ, ਵਪਾਰ ਅਤੇ ਭਾਰਤ-ਅਮਰੀਕਾ ਰਿਸ਼ਤਿਆਂ ਦੇ ਨਵੇਂ ਇਮਤਿਹਾਨ

**ਖੁਦਮੁਖਤਿਆਰਤਾ ਦੀ ਨਵੀਂ ਪ੍ਰੀਖਿਆ**

15 ਅਗਸਤ 1947 ਭਾਰਤ ਲਈ ਖੁਦਮੁਖਤਿਆਰਤਾ, ਅਡਿੱਠਤਾ ਅਤੇ ਲੋਕਤੰਤਰ ਦਾ ਪ੍ਰਤੀਕ ਹੈ। ਪਰ 2025 ਦਾ ਆਜ਼ਾਦੀ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਆਜ਼ਾਦੀ ਦੀ ਰੱਖਿਆ ਸਿਰਫ਼ ਸਰਹੱਦਾਂ 'ਤੇ ਨਹੀਂ, ਸਗੋਂ ਆਰਥਿਕ ਅਤੇ ਰਣਨੀਤਿਕ ਮੈਦਾਨਾਂ ਵਿੱਚ ਵੀ ਹੁੰਦੀ ਹੈ। ਪਿਛਲੇ 25 ਸਾਲਾਂ ਤੋਂ ਭਾਰਤ-ਅਮਰੀਕਾ ਰਿਸ਼ਤੇ ਵੱਖ-ਵੱਖ ਸਰਕਾਰਾਂ ਦੇ ਹੱਥੋਂ ਸੰਜੋਏ ਗਏ, ਪਰ ਰਾਸ਼ਟਰਪਤੀ ਟਰੰਪ ਦੀਆਂ ਬੇਸਿਰਪੈਰ ਨੀਤੀਆਂ ਨੇ ਇਨ੍ਹਾਂ ਨੂੰ ਝਟਕਾ ਦਿੱਤਾ। ਇਹ ਹਾਲਤ ਸਿਰਫ਼ ਭਾਰਤ ਦੀ ਨਹੀਂ—ਅਮਰੀਕਾ ਨਾਲ ਨੇੜਲੇ ਕੈਨੇਡਾ, ਜਪਾਨ ਅਤੇ ਸਵਿਟਜ਼ਰਲੈਂਡ ਵੀ ਅਜਿਹੇ ਅਨੁਭਵ ਕਰ ਚੁੱਕੇ ਹਨ। ਇਸਦੇ ਨਾਲ-ਨਾਲ, ਭਾਰਤ ਲਈ ਪਾਕਿਸਤਾਨੀ ਅੱਤਵਾਦ, ਬੰਗਲਾਦੇਸ਼ ਦੀ ਅਸਥਿਰਤਾ ਅਤੇ ਚੀਨ ਦੇ ਵਿਸਥਾਰਵਾਦੀ ਰੁਝਾਨ ਵੀ ਵੱਡੇ ਚੁਣੌਤੀ ਹਨ।

**ਟੈਰਿਫ ਦਾ ਬਹਾਨਾ — ਮੋਦੀ ਹੈ ਨਿਸ਼ਾਨਾ**

ਅਮਰੀਕਾ ਵੱਲੋਂ ਭਾਰਤੀ ਆਯਾਤਾਂ 'ਤੇ 50% ਤੱਕ ਟੈਰਿਫ ਲਗਾਉਣ ਨਾਲ ਵਪਾਰਕ ਸੰਬੰਧਾਂ ਵਿੱਚ ਹਲਚਲ ਮਚ ਗਈ ਹੈ। ਇਹ ਕਦਮ ਅਮਰੀਕੀ ਅਰਥਵਿਵਸਥਾ ਦੇ ਸੁਰੱਖਿਆ-ਹਿਤਾਂ ਦੇ ਨਾਂ 'ਤੇ ਲਿਆ ਗਿਆ, ਪਰ ਇਸ ਨਾਲ ਭਾਰਤ ਵਿੱਚ ਅਮਰੀਕੀ ਉਤਪਾਦਾਂ ਦੇ ਬਾਇਕਾਟ ਦੀਆਂ ਅਵਾਜ਼ਾਂ ਉੱਠਣ ਲੱਗੀਆਂ। ਕਈ ਅੰਤਰਰਾਸ਼ਟਰੀ ਰਿਪੋਰਟਾਂ ਚੇਤਾਵਨੀ ਦੇ ਰਹੀਆਂ ਹਨ ਕਿ ਇਹ ਨਵੀਂ ਨੀਤੀ ਦੋਵਾਂ ਦੇਸ਼ਾਂ ਲਈ ਨੁਕਸਾਨਦਾਇਕ ਹੋ ਸਕਦੀ ਹੈ।



ਅਮਰੀਕਾ ਚਾਹੁੰਦਾ ਸੀ ਕਿ ਭਾਰਤ ਆਪਣਾ ਖੇਤੀਬਾੜੀ, ਡੇਅਰੀ ਅਤੇ ਪਸ਼ੂਪਾਲਨ ਬਾਜ਼ਾਰ ਅਮਰੀਕੀ ਉਤਪਾਦਾਂ ਲਈ ਖੋਲ੍ਹੇ—ਤਾਂ ਜੋ ਉਨ੍ਹਾਂ ਦੇ ਕਿਸਾਨ ਕਣਕ, ਮੱਕੀ, ਸੋਇਆਬੀਨ ਅਤੇ ਦੁੱਧ ਦੇ ਉਤਪਾਦ ਬਿਨਾਂ ਰੋਕਟੋਕ ਵੇਚ ਸਕਣ। ਪਰ ਪ੍ਰਧਾਨ ਮੰਤਰੀ ਮੋਦੀ ਨੇ ਸਾਫ਼ ਕਿਹਾ ਕਿ ਕਿਸਾਨਾਂ ਦੇ ਹੱਕਾਂ ਦੀ ਰੱਖਿਆ ਨਿੱਜੀ ਰਾਜਨੀਤਿਕ ਕੀਮਤ 'ਤੇ ਵੀ ਕੀਤੀ ਜਾਵੇਗੀ ਅਤੇ ਇਹ ਖੇਤਰ ਕਿਸੇ ਵੀ ਸਮਝੌਤੇ ਤੋਂ ਬਾਹਰ ਰਹਿਣਗੇ।



ਪੰਕਜ ਆਂਸਲ



**ਪਾਕਿਸਤਾਨ ਫੈਕਟਰ: ਪਹਲਗਾਮ ਤੋਂ "ਓਪਰੇਸ਼ਨ ਸਿੰਦੂਰ" ਤੱਕ** : 22 ਅਪ੍ਰੈਲ 2025 ਨੂੰ ਪਹਲਗਾਮ ਨੇੜੇ ਸੈਲਾਨੀਆਂ 'ਤੇ ਹੋਏ ਖ਼ੂਨੀ ਅੱਤਵਾਦੀ ਹਮਲੇ ਵਿੱਚ 26 ਨਿਰਦੋਸ਼ ਹਿੰਦੂਆਂ ਦੀ ਧਰਮ ਪੁੱਛ ਕੇ ਹੱਤਿਆ ਕੀਤੀ ਗਈ। ਇਸ ਦਾ ਜਵਾਬ ਦਿੰਦਿਆਂ, 7 ਮਈ ਨੂੰ ਭਾਰਤ ਨੇ "ਓਪਰੇਸ਼ਨ ਸਿੰਦੂਰ" ਤਹਿਤ ਪਾਕਿਸਤਾਨ ਦੇ ਕਈ ਅੱਤਵਾਦੀ ਠਿਕਾਣਿਆਂ 'ਤੇ ਸਟੀਕ ਹਮਲੇ ਕੀਤੇ, ਜਿਸ ਵਿੱਚ ਹਵਾਈ ਅੱਡੇ, ਲੜਾਕੂ ਜਹਾਜ਼, ਖੁਫੀਆ ਢਾਂਚੇ ਅਤੇ ਏਅਰ ਡਿਫੈਂਸ ਸਿਸਟਮ ਤਬਾਹ ਕੀਤੇ ਗਏ।

ਇਸੇ ਮਹੀਨੇ, ਅਮਰੀਕਾ ਨੇ "ਦ ਰਜ਼ਿਸਟੈਂਸ ਫਰੰਟ" ਨੂੰ ਅੱਤਵਾਦੀ ਸੰਗਠਨ ਘੋਸ਼ਿਤ ਕੀਤਾ—ਇਹ ਹਮਲੇ ਨਾਲ ਜੁੜਿਆ ਗਰੁੱਪ ਸੀ। ਹਾਲਾਂਕਿ ਇਹ ਕਦਮ ਭਾਰਤ-ਅਮਰੀਕਾ ਕਾਊਂਟਰ-ਟੈਰਰਿਜ਼ਮ ਸਹਿਯੋਗ ਲਈ ਮਹੱਤਵਪੂਰਨ ਹੈ, ਪਰ ਪਾਕਿਸਤਾਨੀ ਅੱਤਵਾਦ ਪ੍ਰਤੀ ਅਮਰੀਕੀ ਦੋਹਰੇ ਮਾਪਦੰਡ ਅਜੇ ਵੀ ਚਿੰਤਾ ਦਾ ਵਿਸ਼ਾ ਹਨ।

**ਬੰਗਲਾਦੇਸ਼: ਅਸਥਿਰਤਾ ਦੀ ਛਾਂ**

ਪਿਛਲੇ ਇੱਕ ਸਾਲ ਵਿੱਚ ਬੰਗਲਾਦੇਸ਼-ਭਾਰਤ ਸੰਬੰਧਾਂ ਵਿੱਚ ਮਹੱਤਵਪੂਰਨ ਗਿਰਾਵਟ ਆਈ ਹੈ। ਢਾਕਾ ਦਾ ਚੀਨ ਨਾਲ ਵਧਦਾ ਨਿਵੇਸ਼ੀ ਸਹਿਯੋਗ ਅਤੇ ਪਾਕਿਸਤਾਨ ਨਾਲ ਮੁੜ ਨੇੜਤਾ ਵੱਲ ਰੁਝਾਨ ਨਵੀਂ ਦਿੱਲੀ ਲਈ ਸੁਰੱਖਿਆ ਅਤੇ ਰਣਨੀਤਿਕ ਚੁਣੌਤੀਆਂ ਪੈਦਾ ਕਰ ਰਿਹਾ ਹੈ। ਇੱਕ ਸਮੇਂ ਦੱਖਣੀ ਏਸ਼ੀਆ ਦੇ ਸਭ ਤੋਂ ਸਥਿਰ ਰਿਸ਼ਤੇ ਹੁਣ ਅਣਭਰੋਸੇ ਅਤੇ ਕੂਟਨੀਤਿਕ ਠੰਢੇਪਣ ਦੀ ਛਾਂ ਹੇਠ ਹਨ।

**ਨਤੀਜਾ: ਸਾਂਝੇਦਾਰੀ ਹੀ ਸੁਰੱਖਿਆ ਦੀ ਕੁੰਜੀ**

ਆਜ਼ਾਦੀ ਦਿਵਸ ਸਾਨੂੰ ਸਿਖਾਉਂਦਾ ਹੈ ਕਿ ਰਾਸ਼ਟਰੀ ਹਿਤਾਂ ਦੀ ਰੱਖਿਆ ਲਈ ਦ੍ਰਿੜ੍ਹਤਾ ਅਤੇ ਸਾਂਝੇਦਾਰੀ ਦੋਵੇਂ ਜ਼ਰੂਰੀ ਹਨ। ਭਾਰਤ ਚਾਹੁੰਦਾ ਹੈ ਕਿ ਅਮਰੀਕਾ ਨਾਲ ਰਿਸ਼ਤੇ ਬਰਾਬਰੀ ਦੇ ਅਧਾਰ 'ਤੇ ਹੋਣ—ਲਾਭਕਾਰੀ ਵਪਾਰਿਕ ਡੀਲਾਂ, ਪੰਜਾਬ ਸਮੇਤ ਸਰਹੱਦੀ ਸੁਰੱਖਿਆ ਅਤੇ ਇੰਡੋ-ਪੈਸਿਫਿਕ ਖੇਤਰ ਵਿੱਚ ਸਾਂਝੇ ਹਿਤਾਂ ਨੂੰ ਦੇਖਦਿਆਂ ਇਕੱਠੇ ਅੱਗੇ ਵਧਣਾ ਹੀ ਭਵਿੱਖ ਦੀ ਸਫ਼ਲਤਾ ਦੀ ਕੁੰਜੀ ਹੈ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

1. ਜ਼ਿਆਦਾ ਉੱਚੀ ਆਵਾਜ਼ ਜਾਂ ਰੌਲੇ ਤੋਂ ਬਚੋ।
2. ਜ਼ਿਆਦਾ ਕੈਫ਼ੀਨ ਨਾ ਲਵੋ।
3. ਆਰਾਮ ਕਰਨ ਦੀ ਕੋਸ਼ਿਸ਼ ਕਰੋ, ਜ਼ਿਆਦਾ ਤਣਾਓ ਇਸ ਤਕਲੀਫ਼ ਨੂੰ ਵਧਾਅ ਸਕਦਾ ਹੈ।
4. ਜ਼ਿਆਦਾ ਐਸਪੀਰਿਨ ਨਾ ਲਵੋ।
5. ਇਨਫ਼ੈਕਸ਼ਨ ਦਾ ਇਲਾਜ ਜਲਦੀ ਕਰਵਾਓ।

ਆਪਣੇ ਡਾਕਟਰ ਨੂੰ ਜਲਦ ਤੋਂ ਜਲਦ ਦਿਖਾਓ, ਜੇਕਰ :

1. ਜੇ ਚੱਕਰ ਆਉਂਦੇ ਹੋਣ।
2. ਜੇ ਸੌਣ ਦੇ ਵਿੱਚ ਦਿੱਕਤ ਹੋਵੇ।
3. ਜੇ ਇਹ ਸਿਰਫ਼ ਇੱਕ ਕੰਨ ਵਿੱਚ ਹੈ।

**ਸਿਰ ਦਾ ਘੁੰਮਣਾ**
**(ਵਰਟੀਗੋ)**

ਵਰਟੀਗੋ ਸਿਰ ਦੇ ਘੁੰਮਣ ਦਾ ਅਹਿਸਾਸ ਹੈ। ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਜਾਂ ਤਾਂ ਤੁਸੀਂ ਘੁੰਮਦੇ ਹੋ ਜਾਂ ਫਿਰ ਵਸਤਾਂ ਤੁਹਾਡੇ ਦੁਆਲੇ ਘੁੰਮਦੀਆਂ ਹਨ।

**ਕਾਰਨ :**

ਵਰਟੀਗੋ ਆਮ ਤੌਰ 'ਤੇ ਅੰਦਰੂਨੀ ਕੰਨ ਵਿੱਚ ਨੁਕਸ ਪੈਣ 'ਤੇ ਹੁੰਦਾ ਹੈ।

**ਵੱਖ-ਵੱਖ ਕਾਰਨਾਂ ਕਰਕੇ ਵਰਟੀਗੋ ਤਿੰਨ ਕਿਸਮਾਂ ਦਾ ਹੁੰਦਾ ਹੈ :**

1. **ਬੀ.ਪੀ.ਵੀ. (ਬਿਨਾਈਨ ਪੋਜ਼ੀਸ਼ਨਲ ਵਰਟੀਗੋ) :** ਬਿਨਾਂ ਕਿਸੇ ਕਾਰਨ ਦੇ ਵਰਟੀਗੋ ਦਾ ਹੋ ਜਾਣਾ।
2. **ਮੈਨਿਅਰ ਦੀ ਬਿਮਾਰੀ :** ਅੰਦਰਲੇ ਕੰਨ ਵਿੱਚ ਤਰਲ ਦਾ ਜਮ੍ਹਾਂ ਹੋ ਜਾਣਾ।

ਇਸ ਕਾਰਨ ਕੰਨ ਵਿੱਚ ਘੰਟੀਆਂ ਵੀ ਸੁਣਾਈ ਦਿੰਦੀਆਂ ਹਨ।




3. **ਲਿਬਰਿੰਥਾਈਟਸ :** ਅੰਦਰਲੇ ਕੰਨ ਵਿੱਚ ਵਾਇਰਲ ਇਨਫ਼ੈਕਸ਼ਨ ਹੋਣ ਕਾਰਨ।

**ਲੱਛਣ :**

ਵਰਟੀਗੋ ਦੇ ਲੱਛਣ ਆਮ ਤੌਰ 'ਤੇ ਤੁਹਾਡੇ ਸਿਰ ਦੀ ਪੋਜ਼ੀਸ਼ਨ ਬਦਲਣ ਕਰਕੇ ਹੁੰਦੇ ਹਨ। ਮੰਜੇ 'ਤੇ ਲੇਟਣਾ ਇਨ੍ਹਾਂ ਲੱਛਣਾਂ ਨੂੰ ਵਧਾ ਸਕਦਾ ਹੈ। ਆਮ ਲੱਛਣ ਇਸ ਤਰ੍ਹਾਂ ਹਨ :

1. ਚੱਕਰ ਆਉਣੇ।
2. ਜੀਅ ਘਬਰਾਉਣਾ ਤੇ ਉਲਟੀ ਆਉਣਾ।
3. ਡਿੱਗਣਾ।
4. ਕੰਨਾਂ ਵਿੱਚ ਘੰਟੀਆਂ ਸੁਣਾਈ ਦੇਣੀਆਂ।

**ਡਾਕਟਰ ਨੂੰ ਕਦੋਂ ਦਿਖਾਈਏ :**

ਆਪਣੇ ਡਾਕਟਰ ਨੂੰ ਦਿਖਾਓ ਤੇ ਇਹ ਪਤਾ ਕਰੋ ਕਿ ਤੁਹਾਨੂੰ ਚੱਕਰ ਆਉਣ ਦਾ ਕੀ ਕਾਰਨ ਹੈ? ਇਲਾਜ ਵਰਟੀਗੋ ਦੇ ਕਾਰਨਾਂ 'ਤੇ ਨਿਰਭਰ ਕਰਦਾ ਹੈ :

1. **ਬੀ.ਪੀ.ਵੀ. :** ਇਸਦੇ ਲੱਛਣ ਇੱਕ ਜਾਂ ਦੋ ਦਿਨਾਂ ਦੇ ਅੰਦਰ ਅੰਦਰ ਠੀਕ ਹੋ ਜਾਂਦੇ ਹਨ। ਜੇਕਰ ਇਸਦੇ ਲੱਛਣ ਕਾਬੂ ਵਿੱਚ ਨਹੀਂ ਆਉਂਦੇ ਜਾਂ ਤੁਹਾਨੂੰ ਉਲਟੀ ਆਉਂਦੀ ਹੈ ਤਾਂ ਤੁਹਾਨੂੰ ਦਵਾਈ ਲੈਣ ਦੀ ਲੋੜ ਪੈ ਸਕਦੀ ਹੈ ।
2. **ਮੈਨਿਅਰ ਦੀ ਬਿਮਾਰੀ :** ਤੁਹਾਡੇ ਅੰਦਰਲੇ ਕੰਨ ਵਿੱਚ ਤਰਲ ਪਦਾਰਥ ਨੂੰ ਘਟਾਉਣ ਲਈ ਤੁਹਾਨੂੰ ਦਵਾਈ ਦੀ ਲੋੜ ਪੈ ਸਕਦੀ ਹੈ।
3. **ਇਨਫ਼ੈਕਸ਼ਨ :** ਜੇਕਰ ਇਹ ਇਨਫ਼ੈਕਸ਼ਨ ਕਾਰਨ ਹੋਇਆ ਹੈ, ਤਾਂ ਐਂਟੀਬਾਓਟਿਕ ਅਤੇ ਸਟਿਰੌਇਡ ਇਸ ਵਿੱਚ ਮੱਦਦਗਾਰ ਹਨ ।
4. **ਐਕੂਪੰਕਚਰ :** ਜੇਕਰ ਤੁਹਾਨੂੰ ਲਗਾਤਾਰ ਲੱਛਣ ਦਿਖਦੇ ਹਨ ਜਾਂ ਇਹ ਲੱਛਣ ਪਿਛਲੇ ਕਾਫ਼ੀ ਲੰਬੇ ਸਮੇਂ ਤੋਂ ਹਨ ਤਾਂ ਐਕੂਪੰਕਚਰ ਇਸ ਵਿੱਚ ਮੱਦਦਗਾਰ ਹੋ ਸਕਦਾ ਹੈ।

**ਸਿਰ ਦੇ ਘੁੰਮਣ (ਵਰਟੀਗੋ) ਅਤੇ ਚੱਕਰ ਆਉਣ (ਡੀਜ਼ਿਨੈੱਸ) ਵਿੱਚ ਕੀ ਫ਼ਰਕ ਹੈ :**

ਡੀਜ਼ਿਨੈੱਸ ਨਾਲ ਡਿੱਗਣ ਦਾ ਅਹਿਸਾਸ ਹੁੰਦਾ ਹੈ। ਵਰਟੀਗੋ ਵਿੱਚ ਸਿਰ ਦੇ ਘੁੰਮਣ ਦਾ ਅਹਿਸਾਸ ਹੁੰਦਾ ਹੈ। ਜੇ ਤੁਹਾਨੂੰ ਚੱਕਰ ਆਉਂਦੇ ਹਨ ਤਾਂ ਇਹ ਪੱਕਾ ਕਰ ਲਵੋ ਕਿ ਤੁਹਾਡੇ ਸਰੀਰ ਵਿੱਚ ਪਾਣੀ ਦੀ ਕਮੀ ਤਾਂ ਨਹੀਂ ਜਾਂ ਤੁਹਾਡਾ ਬਲੱਡ ਪ੍ਰੈਸ਼ਰ ਘੱਟ-ਵੱਧ ਤਾਂ ਨਹੀਂ।

**ਕੰਨਾਂ ਦੀ ਮੈਲ**
**(ਵੈਕਸ)**

ਕੰਨਾਂ ਦੀ ਮੈਲ ਕੰਨਾਂ ਦੀ ਸੁਰੱਖਿਆ ਕਰਨ ਵਾਲਾ ਇੱਕ ਕੁਦਰਤੀ ਪਦਾਰਥ ਹੈ, ਜੋ ਕਿ ਧੂੜ ਨੂੰ ਛਾਣਦਾ (ਫਿਲਟਰ ਕਰਦਾ) ਹੈ ਅਤੇ ਕੰਨਾਂ ਨੂੰ ਸਾਫ਼ ਰੱਖਦਾ ਹੈ। ਕਦੇ ਕਦੇ ਇਹ ਗਾੜ੍ਹਾ ਪਦਾਰਥ ਠੋਸ ਹੋ ਜਾਂਦਾ ਹੈ ਅਤੇ ਕੰਨਾਂ ਦੇ ਰਸਤੇ ਵਿੱਚ ਜੰਮ ਜਾਂਦਾ ਹੈ, ਇਸ ਨਾਲ ਘੱਟ ਸੁਣਨਾ ਅਤੇ ਕੰਨਾਂ ਵਿੱਚ ਦਰਦ ਹੁੰਦਾ ਹੈ।

**ਘਰੇਲੂ ਇਲਾਜ :**

ਕੰਨਾਂ ਵਿੱਚ ਕੋਸਾ ਤੇਲ ਪਾਵੋ। ਕੋਸਾ ਤੇਲ ਮੈਲ ਨੂੰ ਤਰਲ ਕਰਦਾ ਹੈ, ਅਤੇ ਇਸ ਤੋਂ ਬਾਅਦ ਕੰਨਾਂ ਨੂੰ ਆਰਾਮ ਨਾਲ ਕੋਸੇ ਪਾਣੀ ਨਾਲ ਸਾਫ਼ ਕਰੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਘੱਟ ਸੁਣਨਾ।
2. ਕੰਨਾਂ ਦਾ ਦਰਦ।
3. ਕੰਨਾਂ ਵਿੱਚ ਘੰਟੀਆਂ ਸੁਣਾਈ ਦੇਣੀਆਂ।

**ਇਹ ਨਾ ਕਰੋ :**


1. ਆਪਣੇ ਕੰਨਾਂ ਨੂੰ ਤਿੱਖੀ ਚੀਜ਼ ਨਾਲ ਸਾਫ਼ ਨਾ ਕਰੋ (ਕੰਨ ਦੇ ਪਰਦੇ ਵਿੱਚ ਛੇਦ ਹੋ ਸਕਦਾ ਹੈ ਅਤੇ ਪੱਕੇ ਤੌਰ 'ਤੇ ਸੁਣਨਾ ਬੰਦ ਹੋ ਸਕਦਾ ਹੈ)।
2. ਜੋ ਵਿਅਕਤੀ ਨਿਪੁੰਨ ਨਾ ਹੋਵੇ, ਉਸ ਕੋਲੋਂ ਕੰਨਾਂ ਨੂੰ ਸਾਫ਼ ਨਾ ਕਰਵਾਓ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਰੱਖੜੀ ਤੇ ਪੋਸਟ ਆਫਿਸ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਸਤੀਆਂ ਗ੍ਰਾਹਕ ਸੇਵਾਵਾਂ ਦੀ ਨਿਕਲੀ ਹਵਾ

## ਸਿਸਟਮ ਇੱਕ ਹਫਤੇ ਤੋਂ ਨਹੀਂ ਕਰ ਰਿਹਾ ਕੰਮ, ਅਧਿਕਾਰੀ ਕਹਿੰਦੇ ਪੂਰੇ ਭਾਰਤ ਵਿੱਚ ਅਪਗਰੇਡ ਹੋ ਰਿਹਾ ਸਿਸਟਮ




ਗੁਰਦਾਸਪੁਰ : ਰੱਖੜੀ ਤੇ ਹੋਰ ਕਈ ਤਿਉਹਾਰਾਂ ਤੇ ਭਾਰਤੀ ਡਾਕ ਵੱਲੋਂ ਵੀ ਗ੍ਰਾਹਕਾਂ ਲਈ ਕਈ ਤਰ੍ਹਾਂ ਦੀਆਂ ਪਾਰਸਲ, ਸਪੀਡ ਪੋਸਟ ਅਤੇ ਈ ਪੋਸਟ ਵਰਗੀਆਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਲੋਕ ਵੀ ਇਹਨਾਂ ਸੇਵਾਵਾਂ ਦਾ ਲਾਭ ਲੈਣ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਆਮ ਕੋਰੀਅਰ ਨਾਲੋਂ ਭਾਰਤੀ ਡਾਕ ਦੀਆਂ ਸੇਵਾਵਾਂ ਕਾਫੀ ਸਸਤੀਆਂ ਪੈਂਦੀਆਂ ਹਨ ਪਰ ਰੱਖੜੀ ਦੇ ਤਿਉਹਾਰ ਤੋਂ ਇੱਕ ਹਫਤਾ ਪਹਿਲਾਂ ਹੀ ਭਾਰਤੀ ਡਾਕ ਦੀਆ ਸੇਵਾਵਾਂ ਠੁੱਸ ਹੋ ਗਈਆਂ। ਜਿਸ ਕਾਰਨ ਲੋਕਾਂ ਨੂੰ ਖਾਸ ਕਰ ਦੇਸ਼ਾਂ ਵਿਦੇਸ਼ਾਂ ਵਿੱਚ ਰਹਿੰਦੇ ਆਪਣੇ ਭਰਾਵਾਂ ਨੂੰ ਰੱਖੜੀ ਭੇਜਣ ਲਈ ਆਈਆਂ ਭੈਣਾਂ ਨੂੰ ਖੱਜਲ ਖਵਾਰ ਹੋਣਾ ਪਿਆ ਉਥੇ ਹੀ ਦੂਜੇ ਪਾਸੇ ਨਿਜੀ ਕੋਰੀਅਰ ਕੰਪਨੀਆਂ ਨੂੰ ਵੀ ਇਸ ਦਾ ਫਾਇਦਾ ਮਿਲਿਆ। ਆਪਣੀ ਕਿਤਾਬ ਡਾਕ ਰਾਹੀ ਸ਼ੁਭ ਚਿੰਤਕਾਂ ਨੂੰ ਭੇਜਣ ਲਈ ਚਾਰ ਦਿਨ ਤੋਂ ਮੁੱਖ ਡਾਕਘਰ ਦੇ ਚੱਕਰ ਲਗਾ ਰਹੇ ਅਮਰਜੀਤ ਸ਼ਾਸਤਰੀ ਨੇ ਦੱਸਿਆ ਕਿ ਲਗਾਤਾਰ ਚਾਰ ਦਿਨ ਬਾਅਦ ਵੀ ਜਦੋਂ ਸਿਸਟਮ ਨਹੀਂ ਚੱਲਿਆ ਤਾਂ ਉਹਨਾਂ ਨੇ ਡਾਕਘਰ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਪਤਾ ਲੱਗਿਆ ਕਿ ਪੂਰੇ ਭਾਰਤ ਦਾ ਸਿਸਟਮ ਅਪਗਰੇਡ ਹੋ ਰਿਹਾ ਹੈ ਇਸ ਵਿੱਚ ਲੋਕਲ ਲੈਵਲ ਤੇ ਕਿਸੇ ਦਾ ਕੋਈ ਕਸੂਰ ਨਹੀਂ ਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜੇ ਸਿਸਟਮ ਅਪਗਰੇਡ ਹੀ ਕਰਨਾ ਸੀ ਤਾਂ ਰੱਖੜੀ ਦੇ ਦਿਨਾਂ ਵਿੱਚ ਹੀ ਕਿਉਂ ਕੀਤਾ ਜਾ ਰਿਹਾ ਸੀ। ਦੂਜੇ ਪਾਸੇ ਪਰੇਸ਼ਾਨ ਲੋਕਾਂ ਨਾਲ ਡਾਕਘਰਦੇ ਕਰਮਚਾਰੀਆਂ ਦੀ ਬਹਿਸਬਾਜ਼ੀ ਵੀ ਹੋਈ ਅਤੇ ਕਈ ਦਿਨਾਂ ਤੋਂ ਸਿਸਟਮ ਖਰਾਬ ਹੋਣ ਕਾਰਨ ਕਰਮਚਾਰੀਆਂ ਨੂੰ ਵੀ ਖਾਸੀ ਪਰੇਸ਼ਾਨੀ ਝਲਣ ਦੇ ਨਾਲ ਨਾਲ ਲੋਕਾਂ ਦੀਆਂ ਗੱਲਾਂ ਵੀ ਸੁਣਨੀਆਂ ਪਈਆਂ।

# ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ : ਸੁਪਰੀਮ ਕੋਰਟ

## ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਗ੍ਰਹਿ ਸਕੱਤਰ ਇਹ ਪੁਸ਼ਟੀ ਕਰਨ ਕਿ ਸਜ਼ਾ ਪੂਰੀ ਕਰ ਚੁੱਕਿਆ ਕੋਈ ਕੈਦੀ ਜੇਲ੍ਹ 'ਚ ਬੰਦ ਤਾਂ ਨਹੀਂ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਇਕ ਮਹੱਤਵਪੂਰਨ ਨਿਰਦੇਸ਼ ਵਿਚ ਕਿਹਾ ਹੈ ਕਿ ਆਪਣੀ ਸਜ਼ਾ ਪੂਰੀ ਕਰ ਚੁੱਕੇ ਸਾਰੇ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਕਿਉਂਕਿ ਸਜ਼ਾ ਪੂਰੀ ਹੋਣ ਤੋਂ ਬਾਅਦ ਕਿਸੇ ਨੂੰ ਜੇਲ੍ਹ ਵਿਚ ਰੱਖਣਾ ਗੈਰ ਕਾਨੂੰਨੀ ਹੈ। ਸਰਬਉੱਚ ਅਦਾਲਤ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਅਦਾਲਤ ਦੁਆਰਾ ਇਕ ਨਿਸ਼ਚਿਤ ਸਮੇਂ (ਉਦਾਹਰਨ ਵਜੋਂ, 20 ਸਾਲ) ਲਈ ਉਮਰ ਕੈਦ ਦੀ ਸਜ਼ਾ ਸੁਣਾਈ ਜਾਂਦੀ ਹੈ ਤਾਂ ਉਹ ਜੇਲ੍ਹ ਵਿਚ ਸਜ਼ਾ ਦੀ ਉਸ ਮਿਆਦ ਨੂੰ ਪੂਰਾ ਕਰਨ ਤੋਂ ਬਾਅਦ ਰਿਹਾਅ ਹੋਣ ਦਾ ਹੱਕਦਾਰ ਹੈ। ਜਸਟਿਸ ਬੀ.ਵੀ. ਨਾਗਰਤਨਾ ਅਤੇ ਜਸਟਿਸ ਕੇ.ਵੀ. ਵਿਸ਼ਵਨਾਥਨ ਦੇ ਬੈਂਚ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਗ੍ਰਹਿ ਸਕੱਤਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਇਸ ਗੱਲ ਦੀ ਪੁਸ਼ਟੀ ਕਰਨ ਕਿ ਕੋਈ ਵੀ ਕੈਦੀ, ਜਿਸ ਨੇ ਆਪਣੀ ਸਜ਼ਾ ਪੂਰੀ ਕਰ ਲਈ ਹੈ, ਉਹ ਜੇਲ੍ਹ ਵਿਚ ਬੰਦ ਤਾਂ ਨਹੀਂ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਜੇਕਰ ਕੋਈ ਅਜਿਹਾ ਕੈਦੀ ਮਿਲਦਾ ਹੈ, ਜਿਸ ਦੀ ਸਜ਼ਾ ਪੂਰੀ ਹੋ ਚੁੱਕੀ ਹੈ ਅਤੇ ਉਹ ਕਿਸੇ ਹੋਰ ਮਾਮਲੇ ਵਿਚ ਲੋੜੀਂਦਾ ਨਹੀਂ ਹੈ, ਤਾਂ ਉਸ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਬੈਂਚ ਨੇ ਇਹ ਨਿਰਦੇਸ਼ 2002 ਦੇ ਨਿਤੀਸ਼ ਕਟਾਰਾ ਕਤਲ ਕੇਸ ਵਿਚ ਦੋਸ਼ੀ ਪਾਏ ਗਏ ਸੁਖਦੇਵ ਯਾਦਵ ਉਰਫ਼ ਪਹਿਲਵਾਨ ਦੀ ਰਿਹਾਈ ਦਾ ਹੁਕਮ ਦਿੰਦੇ ਹੋਏ ਦਿੱਤਾ। ਬੈਂਚ ਨੇ ਕਿਹਾ ਕਿ ਯਾਦਵ ਨੇ ਇਸ ਸਾਲ ਮਾਰਚ ਵਿਚ ਬਿਨਾਂ ਕਿਸੇ ਛੋਟ ਦੇ 20 ਸਾਲ ਦੀ ਸਜ਼ਾ ਪੂਰੀ ਕਰ ਲਈ ਹੈ। ਇਸ ਲਈ ਉਹ ਰਿਹਾਈ ਦਾ ਹੱਕਦਾਰ ਹੈ।

**ਸਜ਼ਾ ਪੂਰੀ ਕਰਨ ਤੋਂ ਬਾਅਦ ਕੈਦੀ ਰਿਹਾਈ ਦਾ ਹੱਕਦਾਰ :** ਸੁਪਰੀਮ ਕੋਰਟ ਨੇ ਕਿਹਾ ਕਿ ਜੇਲ੍ਹ ਵਿਚ ਸਜ਼ਾ ਦੀ ਮਿਆਦ ਨੂੰ ਪੂਰਾ ਕਰਨ ਤੋਂ ਬਾਅਦ ਕੈਦੀ ਰਿਹਾਅ ਹੋਣ ਦਾ ਹੱਕਦਾਰ ਹੈ। ਅਦਾਲਤ ਨੇ ਕਿਹਾ ਕਿ ਉਸ ਨੂੰ ਸਜ਼ਾ ਵਿਚ ਛੋਟ ਦੀ ਉਸ ਪ੍ਰਕਿਰਿਆ ਨੂੰ ਅਪਣਾਉਣ ਦੀ ਲੋੜ ਨਹੀਂ ਹੈ ਜੋ ਉਮਰ ਕੈਦ ਦੀ ਸਜ਼ਾ ਪਾਉਣ ਵਾਲੇ ਦੂਜੇ ਕੈਦੀਆਂ ਦੇ ਕੇਸ ਵਿਚ ਹੁੰਦੀ ਹੈ। ਦੱਸਣਯੋਗ ਹੈ ਕਿ ਅਮੂਮਨ ਉਮਰ ਕੈਦ ਦੇ ਮਾਮਲਿਆਂ ਵਿਚ 14 ਸਾਲ ਦੀ ਸਜ਼ਾ ਕੱਟਣ ਤੋਂ ਬਾਅਦ ਰਾਜ ਸਰਕਾਰ ਸਜ਼ਾ ਵਿਚ ਛੋਟ ਦਾ ਫ਼ੈਸਲਾ ਲੈਂਦੀ ਹੈ। ਸਰਕਾਰ ਰੀਵਿਊ ਬੋਰਡ ਅਤੇ ਸਜ਼ਾ ਸੁਣਾਉਣ ਵਾਲੇ ਟਰਾਇਲ ਕੋਰਟ ਦੇ ਜੱਜ ਦੀ ਸਹਿਮਤੀ ਤੋਂ ਬਾਅਦ ਅਜਿਹਾ ਫ਼ੈਸਲਾ ਲੈਂਦੀ ਹੈ।

**ਕੀ ਬੰਦੀ ਸਿੰਘਾਂ ਦੀ ਰਿਹਾਈ ਦਾ ਰਾਹ ਹੋਵੇਗਾ ਪੱਧਰਾ ? :** ਸੁਪਰੀਮ ਕੋਰਟ ਦੇ ਉਕਤ ਨਿਰਦੇਸ਼ ਤੋਂ ਬਾਅਦ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ, ਸਜ਼ਾ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਤੇਜ਼ ਹੋ ਸਕਦੀ ਹੈ ਪਰ ਵੱਡਾ ਸਵਾਲ ਹੈ ਕਿ, ਕੀ ਉਕਤ ਫ਼ੈਸਲੇ ਨਾਲ ਬੰਦੀ ਸਿੰਘਾਂ ਦੀ ਰਿਹਾਈ ਦਾ ਰਾਹ ਪੱਧਰਾ ਹੋ ਸਕੇਗਾ? ਦੱਸਣਯੋਗ ਹੈ ਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਬੰਦ ਕਈ ਸਿੱਖ ਕੈਦੀ ਆਪਣੀ ਸਜ਼ਾ ਦੀ ਮਿਆਦ ਤੋਂ ਜ਼ਿਆਦਾ ਸਮਾਂ ਜੇਲ੍ਹ ਵਿਚ ਬਿਤਾ ਚੁੱਕੇ ਹਨ ਪਰ ਉਨ੍ਹਾਂ ਦੀ ਰਿਹਾਈ ਨਹੀਂ ਹੋ ਪਾ ਰਹੀ। ਹਾਲਾਂਕਿ ਸਜ਼ਾ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਕੌਮ ਵਲੋਂ ਕਾਫ਼ੀ ਸਮੇਂ ਆਵਾਜ਼ ਚੁੱਕੀ ਜਾ ਰਹੀ ਹੈ। ਹੁਣ ਅਦਾਲਤ ਦੇ ਫ਼ੈਸਲੇ ਨਾਲ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਹੁਣ ਬੰਦੀ ਸਿੰਘਾ ਦੀ ਰਿਹਾਈ ਦਾ ਰਾਹ ਵੀ ਪੱਧਰਾ ਹੋ ਸਕਦਾ ਹੈ।

# ਮੁੰਬਈ ਪੁਲਿਸ ਨੇ ਕਪਿਲ ਸ਼ਰਮਾ ਨੂੰ ਦਿੱਤੀ ਸੁਰੱਖਿਆ



ਮੁੰਬਈ : ਕੈਨੇਡਾ 'ਚ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਫੇ 'ਚ ਗੋਲੀਬਾਰੀ ਦੇ ਮੱਦੇਨਜ਼ਰ ਮੁੰਬਈ ਪੁਲਿਸ ਨੇ ਕਪਿਲ ਸ਼ਰਮਾ ਨੂੰ ਸੁਰੱਖਿਆ ਪ੍ਰਦਾਨ ਕੀਤੀ ਹੈ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਸੋਮਵਾਰ ਨੂੰ ਪ੍ਰਬੰਧ ਬਾਰੇ ਕੋਈ ਜਾਣਕਾਰੀ ਦਿੱਤੇ ਬਿਨਾਂ ਕਿਹਾ ਕਿ ਪੁਲਿਸ ਨੇ ਕਪਿਲ ਸ਼ਰਮਾ ਨੂੰ ਲੋੜੀਂਦੀ ਸੁਰੱਖਿਆ ਪ੍ਰਦਾਨ ਕੀਤੀ ਹੈ, ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਗਿਆ ਹੈ। 8 ਅਗਸਤ ਨੂੰ , ਬ੍ਰਿਟਿਸ਼ ਕੋਲੰਬੀਆ ਦੇ ਸਰੀ 'ਚ ਕਪਿਲ ਸ਼ਰਮਾ ਦੇ ਹਾਲ ਹੀ 'ਚ ਖੁੱਲ੍ਹੇ ਰੈਸਟੋਰੈਂਟ 'ਕੈਪਸ ਕੈਫੇ' 'ਤੇ ਇਕ ਮਹੀਨੇ ਤੋਂ ਵੀ ਘੱਟ ਸਮੇਂ 'ਚ ਦੂਜੀ ਵਾਰ ਗੋਲੀਬਾਰੀ ਕੀਤੀ ਗਈ ਸੀ। ਇਸੇ ਤਰ੍ਹਾਂ 10 ਜੁਲਾਈ ਨੂੰ ਕੈਫੇ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਤੋਂ ਬਾਅਦ ਮੁੰਬਈ ਪੁਲਿਸ ਨੇ ਓਸ਼ੀਵਾਰਾ 'ਚ ਕਾਮੇਡੀਅਨ ਦੇ ਘਰ ਦਾ ਦੌਰਾ ਕੀਤਾ ਸੀ। ਕੈਫੇ 4 ਜੁਲਾਈ ਨੂੰ ਖੋਲ੍ਹਿਆ ਗਿਆ ਸੀ।

# ਸੁਪਰੀਮ ਕੋਰਟ ਦੇ ਨਿਰਦੇਸ਼ ਦੇ ਅਧਾਰ 'ਤੇ ਬੰਦੀ ਸਿੰਘ ਤੁਰੰਤ ਰਿਹਾਅ ਕੀਤੇ ਜਾਣ : ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੁਪਰੀਮ ਕੋਰਟ ਵੱਲੋਂ ਕੈਦੀਆਂ ਨੂੰ ਸਜ਼ਾ ਪੂਰੀ ਹੋਣ ਤੋਂ ਬਾਅਦ ਵੀ ਜੇਲ੍ਹਾਂ ਵਿੱਚ ਰੱਖਣ ਵਿਰੁੱਧ ਦਿੱਤੇ ਨਿਰਦੇਸ਼ਾਂ ਦਾ ਸਵਾਗਤ ਕਰਦਿਆਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਸਜਾ ਪੂਰੀ ਕਰਨ ਵਾਲੇ ਕੈਦੀਆਂ ਨੂੰ ਰਿਹਾਅ ਕਰਨ ਦੇ ਨਿਰਦੇਸ਼ ਮਾਨਵੀ ਅਧਿਕਾਰਾਂ ਦੀ ਤਰਜਮਾਨੀ ਹਨ।



ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕੇਂਦਰ ਸਰਕਾਰ ਅਤੇ ਸਬੰਧਤ ਰਾਜ ਸਰਕਾਰਾਂ ਨੂੰ ਅਪੀਲ ਕੀਤੀ ਕਿ ਇਸ ਫੈਸਲੇ ਦੀ ਰੌਸ਼ਨੀ ਵਿੱਚ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਕਿਉਂਕਿ ਇਨ੍ਹਾਂ ਨੇ ਉਮਰ ਕੈਦ ਤੋਂ ਵੀ ਦੁਗਣੀਆਂ ਸਜ਼ਾਵਾਂ ਭੁਗਤ ਲਈਆਂ ਹਨ।

ਉਨ੍ਹਾਂ ਕਿਹਾ ਕਿ ਭਾਈ ਗੁਰਦੀਪ ਸਿੰਘ ਖੇੜਾ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਦੇਵਿੰਦਰਪਾਲ ਸਿੰਘ ਭੁੱਲਰ, ਭਾਈ ਜਗਤਾਰ ਸਿੰਘ ਤਾਰਾ ਅਤੇ ਹੋਰਨਾਂ ਨੇ ਕਰੀਬ 30 ਸਾਲਾਂ ਤੋਂ ਵੱਧ ਸਮਾਂ ਜੇਲ੍ਹਾਂ ਵਿੱਚ ਬਿਤਾਇਆ ਹੈ, ਪਰ ਸਰਕਾਰੀ ਨੀਤੀਆਂ ਕਾਰਨ ਉਨ੍ਹਾਂ ਨੂੰ ਰਿਹਾਈ ਨਹੀਂ ਮਿਲ ਰਹੀ। ਉਨ੍ਹਾਂ ਕਿਹਾ ਕਿ ਇਹ ਨਾ ਸਿਰਫ਼ ਮਨੁੱਖੀ ਅਧਿਕਾਰਾਂ ਅਤੇ ਸੰਵਿਧਾਨ ਦੀ ਘੋਰ ਉਲੰਘਣਾ ਹੈ, ਬਲਕਿ ਸਿੱਖ ਭਾਵਨਾਵਾਂ ਨਾਲ ਵੀ ਬੇਇਨਸਾਫ਼ੀ ਹੈ, ਜਿਸ ਨਾਲ ਪੰਜਾਬ ਅਤੇ ਸਿੱਖ ਭਾਈਚਾਰੇ ਵਿੱਚ ਰੋਸ ਵਧ ਰਿਹਾ ਹੈ। ਸਰਕਾਰਾਂ ਵੱਲੋਂ ਬੰਦੀ ਸਿੰਘਾਂ ਨਾਲ ਕੀਤੀ ਜਾ ਰਹੀ ਇਹ ਬੇਇਨਸਾਫ਼ੀ ਨਿਆਂ ਦੀ ਭਾਵਨਾ ਨੂੰ ਠੇਸ ਪਹੁੰਚਾਉਂਦੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸੁਪਰੀਮ ਕੋਰਟ ਦਾ ਇਹ ਫੈਸਲਾ ਬੰਦੀ ਸਿੰਘਾਂ ਲਈ ਨਿਆਂ ਦਾ ਰਾਹ ਖੋਲ੍ਹਦਾ ਹੈ ਅਤੇ ਸਰਕਾਰਾਂ ਨੂੰ ਇਸ ਨੂੰ ਲਾਗੂ ਕਰਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸਿੱਖ ਭਾਈਚਾਰੇ ਨੂੰ ਵੀ ਅਪੀਲ ਕੀਤੀ ਕਿ ਇਸ ਮੁੱਦੇ ਤੇ ਏਕਤਾ ਨਾਲ ਖੜ੍ਹੇ ਰਹਿਣ ਅਤੇ ਨਿਆਂ ਲਈ ਆਵਾਜ਼ ਬੁਲੰਦ ਕਰਨ। ਸ਼੍ਰੋਮਣੀ ਕਮੇਟੀ ਇਸ ਮਾਮਲੇ ਵਿੱਚ ਹਰ ਸੰਭਵ ਕਾਨੂੰਨੀ ਕਦਮ ਚੁੱਕੇਗੀ।

# ਵਿਸ਼ਵ ਪੰਜਾਬੀ ਸਭਾ ਕੈਨੇਡਾ ਵਲੋਂ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦਾ ਸਨਮਾਨ

ਰਤੀਆ : ਵਿਸ਼ਵ ਪੰਜਾਬੀ ਭਵਨ ਦੇ ਸੰਸਥਾਪਕ ਅਤੇ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਸ਼ਵ ਪੰਜਾਬੀ ਸਭਾ ਕੈਨੇਡਾ ਵਲੋਂ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਸ਼ੇਸ਼ ਸਨਮਾਨ ਸਮਾਰੋਹ ਕੀਤਾ ਗਿਆ। ਡਾ. ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਪੰਜਾਬ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪਰਮਜੀਤ ਸਿੰਘ ਸਰੋਆ ਸਾਬਕਾ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਸਵੀਰ ਸਿੰਘ ਬੋਪਾਰਾਏ ਸਿੰਘ ਟਰੈਵਲ, ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਡਾ. ਦਲਬੀਰ ਸਿੰਘ ਕਥੂਰੀਆ ਪ੍ਰਧਾਨ ਵਿਸ਼ਵ ਪੰਜਾਬੀ ਸਭਾ ਕੈਨੇਡਾ, ਪ੍ਰਿੰਸੀਪਲ ਤਰਲੋਕ ਸਿੰਘ ਅਤੇ ਜਸਵਿੰਦਰ ਸਿੰਘ ਬਿੱਟਾ ਨੇ ਸੰਤ ਦਾਦੂਵਾਲ ਵਲੋਂ ਮਾਂ ਬੋਲੀ ਪੰਜਾਬੀ ਅਤੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕੀਤੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ। ਸੰਤ ਦਾਦੂਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਕੌਮ ਦੁਨੀਆਂ ਦੀ ਸਭ ਤੋਂ ਵੱਧ ਗੁਰੂਆਂ ਦੇ ਫ਼ਲਸਫ਼ੇ ਦੀ ਰਹਿਨੁਮਾਈ ਵਿਚ ਲੋਕਾਈ ਲਈ ਮਦਦਗਾਰ ਹੁੰਦੀ ਹੈ। ਇਸ ਕੌਮ ਦਾ ਗੌਰਵਮਈ ਇਤਿਹਾਸ ਕੁਰਬਾਨੀਆਂ, ਸੇਵਾ ਭਾਵਨਾ ਅਤੇ ਅਨਿਆਂ ਵਿਰੁੱਧ ਝੂਜਨ ਵਾਲਾ ਰਿਹਾ ਹੈ। ਉਨ੍ਹਾਂ ਵਿਸ਼ਵ ਭਰ ਵਿਚ ਵੱਸਦੇ ਪੰਜਾਬੀਆਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੁੜੇ ਰਹਿਣ ਅਤੇ ਗੁਰਬਾਣੀ ਦੇ ਓਟ ਆਸਰੇ ਦੇ ਤਹਿਤ ਜੀਵਨ ਜਿਊਣ ਦੀ ਤਾਕੀਦ ਕੀਤੀ। ਵਿਸ਼ਵ ਪੰਜਾਬੀ ਸਭਾ ਦੀ ਟੀਮ ਵਿਚ ਸ਼ਾਮਿਲ ਪ੍ਰਧਾਨ ਸੋਹਣ ਸਿੰਘ ਪਰਮਾਰ, ਪ੍ਰਭਦਿਆਲ ਸਿੰਘ ਖੰਨਾ, ਤਜਿੰਦਰ ਸਿੰਘ ਲੂਥਰਾ, ਪਰਮਜੀਤ ਸਿੰਘ ਬਿਰਦੀ, ਬਰਬੀਰ ਕੌਰ ਰਾਏ ਭੱਟੀ, ਭੁਪਿੰਦਰ ਸਿੰਘ ਰਤਨ, ਬਾਪੂ ਸੂਬੇ ਸਿੰਘ ਕਥੂਰੀਆ, ਮਾਤਾ ਪ੍ਰੀਤਮ ਕੌਰ ਕਥੂਰੀਆ, ਚੌਧਰੀ ਮਹਿਮ ਸੂਦ, ਹਰਜੀਤ ਕੌਰ ਬਮਰਾ, ਸੁੰਦਰਪਾਲ ਕੌਰ ਰਾਜਾਸਾਂਸੀ, ਪਵਨ ਕੈਲੇ, ਜਸਪਾਲ ਸਿੰਘ ਕਾਹਲੋਂ, ਸਿੰਘ ਅਰੋੜਾ, ਅਖਤਰ ਹੁਸੈਨ ਸਿੱਧੂ, ਪ੍ਰਸਿੱਧ ਸ਼ਾਇਰ ਤਾਹਿਰਾ ਸਰਾਂ, ਵਾਰਿਸ ਸ਼ਾਹ ਦੇ ਮੁਰੀਦ ਹੁਸੈਨ ਅਕਬਰ, ਬਾਬਾ ਦਰਸ਼ਨ ਸਿੰਘ ਟੌਹੜਾ ਮੂਲੇਵਾਲ, ਮਾਸਟਰ ਬਲਵਿੰਦਰ ਸਿੰਘ ਭੰਗੂ, ਗੁਰਰਾਇ ਸਿੰਘ ਭੰਗੂ, ਕੁਲਦੀਪ ਸਿੰਘ ਨੰਬਰਦਾਰ ਦਾਦੂਵਾਲ, ਪਵਿੱਤਰ ਸਿੰਘ ਨੀਸਿੰਗ ਕਰਨਾਲ, ਧਰਮ ਸਿੰਘ ਢਪਾਲੀ, ਮਨਦੀਪ ਕੌਰ ਕੋਟ ਸ਼ਮੀਰ ਵੀ ਹਾਜ਼ਰ ਸਨ। ਬੁਲਾਰਿਆਂ ਨੇ ਜਥੇਦਾਰ ਦਾਦੂਵਾਲ ਵਲੋਂ ਦੇਸ਼ ਵਿਦੇਸ਼ ਵਿਚ ਕੀਤੇ ਜਾ ਰਹੇ ਪੰਥਕ, ਸਮਾਜ ਸੇਵਾ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



ਜਥੇਦਾਰ ਸੰਤ ਬਲਜੀਤ ਸਿੰਘ ਦਾਦੂਵਾਲ ਦਾ ਚੇਅਰਮੈਨ ਡਾ. ਕਥੂਰੀਆ ਅਤੇ ਹੋਰ ਸਨਮਾਨ ਕਰਦੇ ਹੋਏ।

# '84 ਸਿੱਖ ਨਸਲਕੁਸ਼ੀ: ਨਿਆਂ ਪ੍ਰਣਾਲੀ ਤੋਂ ਉਮੀਦ ਖ਼ਤਮ ਕਰ ਸਕਦੀ ਹੈ ਨਿਰਪੱਖ ਸੁਣਵਾਈ ਦੀ ਅਣਹੋਂਦ-ਦਿੱਲੀ ਹਾਈ ਕੋਰਟ

## ਗਾਜ਼ੀਆਬਾਦ 'ਚ ਇਕ ਸਿੱਖ ਦੀ ਹੱਤਿਆ ਦੇ ਮਾਮਲੇ ਦੀ ਮੁੜ ਸੁਣਵਾਈ ਦਾ ਹੁਕਮ

ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਨੇ 1984 ਸਿੱਖ ਨਸਲਕੁਸ਼ੀ ਦੇ ਮਾਮਲੇ 'ਚ ਅੱਜ ਗਾਜ਼ੀਆਬਾਦ ਦੇ ਰਾਜ ਨਗਰ ਇਲਾਕੇ ਵਿਚ ਇਕ ਸਿੱਖ ਦੀ ਹੱਤਿਆ ਦੇ ਮਾਮਲੇ ਦੀ ਮੁੜ ਸੁਣਵਾਈ ਦਾ ਹੁਕਮ ਦਿੰਦੇ ਹੋਏ ਕਿਹਾ ਹੈ ਕਿ ਜੇਕਰ ਮਾਮਲੇ ਦੀ ਜਾਂਚ ਅਤੇ ਨਿਰਪੱਖਤਾ ਨਾਲ ਸੁਣਵਾਈ ਨਹੀਂ ਕੀਤੀ ਜਾਂਦੀ ਤਾਂ ਇਹ ਸਾਡੀ ਨਿਆਂ ਪ੍ਰਣਾਲੀ 'ਚ ਇਨਸਾਫ਼ ਦੀ ਆਸ ਗੁਆ ਸਕਦਾ ਹੈ ਅਤੇ ਸਮਾਜ ਦੇ ਹਿੱਤਾਂ ਨਾਲ ਸਮਝੌਤਾ ਕਰ ਸਕਦਾ ਹੈ। ਜਸਟਿਸ ਸੁਬਰਾਮਨੀਅਮ ਪ੍ਰਸਾਦ ਅਤੇ ਹਰੀਸ਼ ਵੈਦਿਆਨਾਥਨ ਸ਼ੰਕਰ ਦੇ ਬੈਂਚ ਨੇ ਬੀਤੇ ਦਿਨ ਉਕਤ ਹੁਕਮ ਦਿੱਤਾ। ਬੈਂਚ ਨੇ 1986 ਦੇ ਫ਼ੈਸਲੇ ਦੀ ਸ਼ੁੱਧਤਾ ਨਿਰਧਾਰਤ ਕਰਨ ਲਈ ਮਾਮਲੇ ਦਾ ਖੁਦ ਨੋਟਿਸ ਲਿਆ ਸੀ ਕਿਉਂਕਿ ਇਸ ਵਿਚ ਪਹਿਲੀ ਨਜ਼ਰੇ ਜਾਂਚ ਅਤੇ ਜਲਦਬਾਜ਼ੀ ਵਾਲੀ ਪਹਿਲਾਂ ਦੀ ਕਾਰਵਾਈ ਵਿਚ ਗਲਤੀਆਂ ਪਾਈਆਂ ਗਈਆਂ ਸਨ. ਬੈਂਚ ਨੇ ਕਿਹਾ ਕਿ ਹੇਠਲੀ ਅਦਾਲਤ ਦੇ ਗਲਤ ਫ਼ੈਸਲੇ ਦੇ ਨਤੀਜੇ ਵਜੋਂ ਆਮ ਵਿਅਕਤੀ ਦੀ ਪਤਨੀ ਅਤੇ ਬੱਚਿਆਂ ਨੂੰ ਇਨਸਾਫ਼ ਨਹੀਂ ਮਿਲਿਆ ਅਤੇ ਉਨ੍ਹਾਂ ਨੂੰ ਨਿਰਪੱਖ ਮੁਕੱਦਮੇ ਦੇ ਆਪਣੇ ਮੌਲਿਕ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਗਿਆ ਕਿਉਂਕਿ ਵਧੀਕ ਸੈਸ਼ਨ ਜੱਜ ਨੇ ਕਾਨੂੰਨ ਦੀਆਂ ਕਈ ਸਪੱਸ਼ਟ ਗਲਤੀਆਂ ਕੀਤੀਆਂ ਸਨ।

# ਭਾਈ ਅੰਮ੍ਰਿਤਪਾਲ ਸਿੰਘ ਦੇ ਸਾਥੀ ਗੁਰਪ੍ਰੀਤ ਸਿੰਘ ਜ਼ਮਾਨਤ 'ਤੇ ਰਿਹਾਅ

ਬਾਬਾ ਬਕਾਲਾ ਸਾਹਿਬ : ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁੱਖ ਸੇਵਾਦਾਰ ਭਾਈ ਅੰਮਿ ?ਤਪਾਲ ਸਿੰਘ ਤੇ ਉਸਦੇ ਸਾਥੀਆਂ ਖਿਲਾਫ 2023 ਨੂੰ ਥਾਣਾ ਖਿਲਚੀਆਂ ਵਿਚ ਦਰਜ ਇਕ ਕੇਸ ਵਿਚ, ਭਾਈ ਅੰਮ੍ਰਿਤਪਾਲ ਸਿੰਘ ਦੇ ਸਾਥੀ ਗੁਰਪ੍ਰੀਤ ਸਿੰਘ ਸਪੁੱਤਰ ਲਾਭ ਸਿੰਘ, ਪਿੰਡ ਗੰਡੂਆ (ਬਠਿੰਡਾ) ਨੂੰ ਜ਼ਮਾਨਤ ਮਿਲ ਗਈ ਹੈ। ਇਸ ਸੰਬੰਧੀ ਮਾਣਯੋਗ ਬਾਬਾ ਬਕਾਲਾ ਸਾਹਿਬ ਦੀ ਅਦਾਲਤ ਵਿਚ ਚੱਲ ਰਹੇ ਕੇਸ ਦੇ ਵਕੀਲ ਐਡਵੋਕੇਟ ਸ਼ੁਕਰਗੁਜਾਰ ਸਿੰਘ ਨੇ ਦੱਸਿਆ ਹੈ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁੱਖ ਸੇਵਾਦਾਰ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਖਿਲਾਫ 2023 ਨੂੰ ਥਾਣਾ ਖਿਲਚੀਆਂ ਵਿਚ ਇਕ ਕੇਸ ਦਰਜ ਕੀਤਾ ਗਿਆ ਸੀ। ਜਿਸ ਤਹਿਤ ਭਾਈ ਅੰਮ੍ਰਿਤਪਾਲ ਸਿੰਘ ਦੇ ਸਾਥੀ ਗੁਰਪ੍ਰੀਤ ਸਿੰਘ ਨੂੰ ਜ਼ਮਾਨਤ ਮਿਲ ਗਈ ਹੈ ਅਤੇ ਇਸ ਕੇਸ ਦੀ ਅਗਲੀ ਸੁਣਵਾਈ 22 ਅਗਸਤ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਖਿਲਾਫ 2023 ਨੂੰ ਜ਼ਿਲ੍ਹਾ ਅੰਮ੍ਰਿਤਸਰ ਵਿਚ ਤਿੰਨ ਪਰਚੇ ਦਰਜ ਹੋਏ ਸਨ, ਜਿਨ੍ਹਾਂ ਵਿਚੋਂ ਥਾਣਾ ਅਜਨਾਲਾ ਵਿਖੇ ਦੋ ਪਰਚੇ ਦਰਜ ਕੀਤੇ ਗਏ ਸਨ, ਜਿਨ੍ਹਾਂ ਵਿਚੋਂ ਇਕ ਮੁਕੱਦਮੇ ਦੀ ਸੁਣਵਾਈ ਅੰਮ੍ਰਿਤਸਰ ਸੈਸ਼ਨ ਕੋਰਟ ਵਿਚ ਚੱਲ ਰਹੀ ਹੈ ਤੇ ਥਾਣਾ ਖਿਲਚੀਆਂ ਵਿਚ ਇਕ ਕੇਸ ਦਰਜ ਕੀਤਾ ਗਿਆ ਸੀ, ਜਿਸ 'ਚੋਂ ਇਕ ਸਿੰਘ ਗੁਰਪ੍ਰੀਤ ਸਿੰਘ ਪੁੱਤਰ ਲਾਭ ਸਿੰਘ ਨੂੰ ਜ਼ਮਾਨਤ ਮਿਲ ਗਈ ਹੈ।





ਗੁਹਾਟੀ 'ਚ ਔਰਤਾਂ ਵਲੋਂ ਭਾਰਤ ਮਾਤਾ ਦੀ ਸੇਵਾ 'ਚ ਸੇਵਾ ਕਰਨ ਵਾਲੀ ਹਰ ਵੀਰਾਂਗਨਾ ਨੂੰ ਸਲਾਮ ਕਰਨ ਲਈ 'ਸਲੂਟ ਵੀਰਾਂਗਨਾ' ਮੋਟਰਸਾਈਕਲ ਰੈਲੀ ਕੱਢੀ ਗਈ।

# ਵੋਟਰ ਨੂੰ ਹਟਾਉਣਾ ਤੇ ਸ਼ਾਮਿਲ ਕਰਨਾ ਚੋਣ ਕਮਿਸ਼ਨ ਦੇ ਅਧਿਕਾਰ ਖੇਤਰ 'ਚ : ਸੁਪਰੀਮ ਕੋਰਟ

## ਕਮਿਸ਼ਨ ਦੇ ਆਧਾਰ ਨਾਗਰਿਕਤਾ ਦਾ ਸਬੂਤ ਨਹੀਂ ਵਾਲੀ ਦਲੀਲ ਨੂੰ ਸਹੀ ਮੰਨਿਆ

ਨਵੀਂ ਦਿੱਲੀ : ਬਿਹਾਰ ਵਿਚ ਵੋਟਰ ਸੂਚੀ ਦੇ ਐਸ. ਆਈ. ਆਰ. (ਵਿਸ਼ੇਸ਼ ਤੀਬਰ ਸੋਧ) ਨੂੰ ਲੈ ਕੇ ਹੋਈ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਅਹਿਮ ਟਿੱਪਣੀ ਕੀਤੀ ਹੈ। ਸਰਬ ਉੱਚ ਅਦਾਲਤ ਨੇ ਕਿਹਾ ਕਿ ਵੋਟਰ ਸੂਚੀ ਤੋਂ ਨਾਗਰਿਕਾਂ ਅਤੇ ਗੈਰ-ਨਾਗਰਿਕਾਂ ਨੂੰ ਬਾਹਰ ਕਰਨਾ ਅਤੇ ਸ਼ਾਮਿਲ ਕਰਨਾ, ਭਾਰਤੀ ਚੋਣ ਕਮਿਸ਼ਨ ਦੇ ਅਧਿਕਾਰ ਖੇਤਰ 'ਚ ਆਉਂਦਾ ਹੈ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਵਲੋਂ ਚੋਣ ਕਮਿਸ਼ਨ ਦੁਆਰਾ ਐਸ.ਆਈ.ਆਰ. ਦੇ ਆਦੇਸ਼ ਖ਼ਿਲਾਫ਼ ਦਾਖ਼ਲ ਪਟੀਸ਼ਨਾਂ 'ਤੇ ਸੁਣਵਾਈ ਕੀਤੀ ਜਾ ਰਹੀ ਹੈ। ਐਸ.ਆਈ.ਆਰ. 'ਤੇ ਅੱਜ ਹੋਈ ਲੰਬੀ ਸੁਣਵਾਈ ਦੌਰਾਨ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜਾਇਮਾਲਾ ਬਾਗਚੀ ਦੇ ਬੈਂਚ ਨੇ ਚੋਣ ਕਮਿਸ਼ਨ ਦੇ ਆਧਾਰ ਕਾਰਡ ਅਤੇ ਨਾਗਰਿਕਤਾ ਦੀ ਦਲੀਲ ਨੂੰ ਵੀ ਸਹੀ ਮੰਨਿਆ। ਚੋਣ ਕਮਿਸ਼ਨ ਨੇ ਕਿਹਾ ਸੀ ਕਿ ਆਧਾਰ ਕਾਰਡ ਨਾਗਰਿਕਤਾ ਦਾ ਸਬੂਤ ਨਹੀਂ ਹੈ। ਅਦਾਲਤ ਨੇ ਇਸ ਗੱਲ 'ਤੇ ਅਸਹਿਮਤੀ ਜਤਾਈ ਕਿ ਐਸ. ਆਈ. ਆਰ. ਦੌਰਾਨ ਚੋਣ ਕਮਿਸ਼ਨ ਵਲੋਂ ਮੰਗੇ ਗਏ ਦਸਤਾਵੇਜ਼ ਬਿਹਾਰ ਦੇ ਲੋਕਾਂ ਦੇ ਕੋਲ ਨਹੀਂ ਸੀ। ਪਟੀਸ਼ਨਕਰਤਾਵਾਂ ਵਲੋਂ ਸੀਨੀਅਰ ਵਕੀਲ ਕਪਿਲ ਸਿੱਬਲ, ਅਭਿਸ਼ੇਕ ਮਨੂ ਸਿੰਘਵੀ ਅਤੇ ਸ਼ਾਦਾਨ ਫਰਾਸਤ ਨੇ ਦਲੀਲਾਂ ਪੇਸ਼ ਕੀਤੀਆਂ। ਕਪਿਲ ਸਿੱਬਲ ਨੇ ਚੋਣ ਕਮਿਸ਼ਨ ਦੀ ਇਸ ਮੁਹਿੰਮ ਦੀ ਪ੍ਰਕਿਰਿਆ 'ਤੇ ਸਵਾਲ ਚੁੱਕੇ। ਇਸ 'ਤੇ ਚੋਣ ਕਮਿਸ਼ਨ ਵਲੋਂ ਕਿਹਾ ਗਿਆ ਕਿ ਇੰਨੀ ਵੱਡੀ ਪ੍ਰਕਿਰਿਆ ਵਿਚ ਥੋੜ੍ਹੀਆਂ ਖ਼ਾਮੀਆਂ ਰਹਿ ਜਾਂਦੀਆਂ ਹਨ। ਇਸ ਲਈ ਖਰੜਾ ਵੋਟਰ ਸੂਚੀ ਬਾਰੇ ਦਾਅਵਾ-ਇਤਰਾਜ਼ ਮੰਗੇ ਗਏ ਹਨ। ਅਦਾਲਤ ਨੇ ਐਸ.ਆਈ.ਆਰ. ਵਿਚ ਆਧਾਰ ਅਤੇ ਰਾਸ਼ਨ ਕਾਰਡ ਨੂੰ ਸ਼ਾਮਲ ਨਾ ਕਰਨ 'ਤੇ ਚੋਣ ਕਮਿਸ਼ਨ ਦੇ ਕਦਮ ਨੂੰ ਸਹੀ ਠਹਿਰਾਇਆ। ਇਸ ਮਾਮਲੇ ਦੀ ਸੁਣਵਾਈ ਬੁੱਧਵਾਰ ਵੀ ਜਾਰੀ ਰਹੇਗੀ।



# ਡਰੋਨ ਵਿਰੋਧੀ ਪ੍ਰਣਾਲੀ ਤਾਇਨਾਤ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣਿਆ ਪੰਜਾਬ

## ਤਰਨ ਤਾਰਨ ਵਿਖੇ ਭਗਵੰਤ ਮਾਨ ਤੇ ਅਰਵਿੰਦ ਕੇਜਰੀਵਾਲ ਨੇ 'ਐਂਟੀ-ਡਰੋਨ' ਪ੍ਰਣਾਲੀ ਦੇ ਵਾਹਨਾਂ ਨੂੰ ਦਿਖਾਈ ਹਰੀ ਝੰਡੀ





ਤਰਨ ਤਾਰਨ : ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਮਿਸਾਲੀ ਪਹਿਲਕਦਮੀ ਤਹਿਤ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਤਰਨ ਤਾਰਨ ਵਿਖੇ ਪੁਲਿਸ ਲਾਈਨ ਵਿਖੇ ਐਂਟੀ-ਡਰੋਨ ਪ੍ਰਣਾਲੀ (ਏ.ਡੀ.ਐਸ.) 'ਬਾਜ਼ ਅੱਖ' ਨੂੰ ਹਰੀ ਝੰਡੀ ਦਿਖਾਈ, ਜਿਸ ਤੋਂ ਬਾਅਦ ਪੰਜਾਬ ਅੰਤਰਰਾਸ਼ਟਰੀ ਸਰਹੱਦ 'ਤੇ ਇਸ ਪ੍ਰਣਾਲੀ ਨੂੰ ਤਾਇਨਾਤ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ। 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਸ ਪਹਿਲ ਨਾਲ ਨਸ਼ਿਆਂ ਵਿਰੁੱਧ ਮੁਹਿੰਮ ਵਿਚ ਇਕ ਹੋਰ ਸ਼ਾਨਦਾਰ ਅਧਿਆਇ ਜੁੜ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਸੀ, ਜਿਸ ਕਾਰਨ ਇਸ ਸਰਾਪ ਨੇ ਸੂਬੇ ਵਿਚ ਆਪਣੇ ਪੈਰ ਪਸਾਰੇ। ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਨੇ ਨਸ਼ਿਆਂ ਵਿਰੁੱਧ ਵੱਡੀ ਜੰਗ ਛੇੜੀ ਹੈ ਅਤੇ ਇਸ ਕਾਰੋਬਾਰ ਵਿਚ ਸ਼ਾਮਿਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਹੱਦ ਪਾਰੋਂ ਪੰਜਾਬ 'ਚ ਨਸ਼ਿਆਂ ਦੀ ਸਪਲਾਈ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਰੋਕਣ ਲਈ ਇਹ 'ਐਂਟੀ-ਡਰੋਨ' ਪ੍ਰਣਾਲੀ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਤਿੰਨ 'ਐਂਟੀ-ਡਰੋਨ' ਪ੍ਰਣਾਲੀਆਂ ਸ਼ੁਰੂ ਕੀਤੀਆਂ ਗਈਆਂ ਹਨ ਅਤੇ ਛੇ ਹੋਰ ਜਲਦੀ ਹੀ ਸ਼ੁਰੂ ਕੀਤੀਆਂ ਜਾਣਗੀਆਂ। ਸੂਬਾ ਸਰਕਾਰ ਨੇ ਨਸ਼ਾ ਤਸਕਰਾਂ ਵਿਰੁੱਧ ਜ਼ੀਰੋ-ਸ਼ਹਿਣਸ਼ੀਲਤਾ ਨੀਤੀ ਨੂੰ ਸਖ਼ਤੀ ਨਾਲ ਲਾਗੂ ਕੀਤਾ ਹੈ। 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਨਸ਼ਾ ਤਸਕਰਾਂ ਵਲੋਂ ਨਸ਼ਿਆਂ ਦੇ ਇਸ ਗੈਰ-ਕਾਨੂੰਨੀ ਕਾਰੋਬਾਰ ਰਾਹੀਂ ਹਾਸਲ ਕੀਤੀਆਂ ਜਾਇਦਾਦਾਂ ਨੂੰ ਢਾਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਦੀ ਇਮਾਨਦਾਰ ਸਰਕਾਰ ਨੇ ਨਸ਼ਿਆਂ ਦੇ ਸਭ ਤੋਂ ਵੱਡੇ ਅਤੇ ਬਦਨਾਮ ਸੌਦਾਗਰਾਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਹੈ। ਇਹ ਤਸਕਰ, ਜੋ ਸਮਾਜ ਨੂੰ ਜ਼ਹਿਰ ਦੇ ਕੇ ਖ਼ੁਦ ਆਪਣੇ ਘਰ ਐਸ਼ੋ-ਆਰਾਮ ਦੀ ਜ਼ਿੰਦਗੀ ਜਿਉਂਦੇ ਹਨ, ਸਾਡੇ ਲੋਕਾਂ ਦੇ ਅਸਲ ਦੁਸ਼ਮਣ ਹਨ ਅਤੇ ਸੂਬਾ ਸਰਕਾਰ ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ੇਗੀ ਨਹੀਂ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬ ਨੇ ਅੱਜ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਰੋਕਣ ਲਈ ਆਰ-ਪਾਰ ਦੀ ਜੰਗ ਛੇੜੀ ਹੈ। ਪਾਕਿਸਤਾਨ ਨਾਲ ਪੰਜਾਬ ਦੀ 553 ਕਿਲੋਮੀਟਰ ਸਰਹੱਦ ਲੱਗਦੀ ਹੈ, ਜਿਸ ਨੂੰ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਲਈ ਸਭ ਤੋਂ ਸੰਵੇਦਨਸ਼ੀਲ ਖੇਤਰਾਂ ਵਿਚੋਂ ਇਕ ਮੰਨਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਡਰੋਨ ਅਧਾਰਿਤ ਤਸਕਰੀ ਤੋਂ ਪੈਦਾ ਹੋਈਆਂ ਚੁਣੌਤੀਆਂ ਨਾਲ ਨਜਿੱਠਣ ਲਈ ਅੰਤਰਰਾਸ਼ਟਰੀ ਸਰਹੱਦ 'ਤੇ 9 'ਐਂਟੀ-ਡਰੋਨ' ਯੂਨਿਟ ਸਥਾਪਤ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਯੂਨਿਟਾਂ 'ਤੇ 51.4 ਕਰੋੜ ਰੁਪਏ ਖ਼ਰਚੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਸਾਡੇ ਦੇਸ਼ ਦੀਆਂ ਹਥਿਆਰਬੰਦ ਫ਼ੌਜਾਂ ਅਤੇ ਬੀ.ਐੱਸ.ਐੱਫ. ਪਹਿਲਾਂ ਹੀ ਅਜਿਹੀਆਂ ਪ੍ਰਣਾਲੀਆਂ ਵਰਤ ਰਹੀਆਂ ਹਨ ਪਰ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ, ਜਿਸ ਨੇ ਅੰਤਰਰਾਸ਼ਟਰੀ ਸਰਹੱਦ ਉਤੇ 'ਐਂਟੀ-ਡਰੋਨ' ਸਿਸਟਮ ਤਾਇਨਾਤ ਕੀਤਾ ਹੈ। ਉਨ੍ਹਾਂ ਕਿਹਾ ਕਿ 'ਐਂਟੀ-ਡਰੋਨ' ਪ੍ਰਣਾਲੀ ਸਰਹੱਦ ਪਾਰੋਂ ਨਸ਼ਾ ਸਪਲਾਈ ਕਰਨ ਵਾਲੇ ਤਸਕਰਾਂ ਨੂੰ ਸਖ਼ਤ ਜਵਾਬ ਦੇਵੇਗੀ। ਉਨ੍ਹਾਂ ਕਿਹਾ ਕਿ 2024 ਵਿਚ ਹੈਰੋਇਨ, ਹਥਿਆਰਾਂ ਅਤੇ ਗੋਲਾ ਬਾਰੂਦ ਨਾਲ ਲੱਦੇ ਕੁੱਲ 283 ਡਰੋਨ ਜ਼ਬਤ ਕੀਤੇ ਗਏ ਸਨ ਅਤੇ 2025 ਵਿਚ ਹੁਣ ਤੱਕ 137 ਡਰੋਨ ਬਰਾਮਦ ਕੀਤੇ ਜਾ ਚੁੱਕੇ ਹਨ। ਭਗਵੰਤ ਮਾਨ ਨੇ ਕਿਹਾ ਕਿ ਪਠਾਨਕੋਟ ਤੋਂ ਫਾਜ਼ਿਲਕਾ ਤੱਕ ਸਰਹੱਦ 'ਤੇ ਦੂਜੀ ਸੁਰੱਖਿਆ ਪੰਕਤੀ ਵਜੋਂ 'ਐਂਟੀ-ਡਰੋਨ' ਪ੍ਰਣਾਲੀ ਤਾਇਨਾਤ ਕੀਤੀ ਜਾਵੇਗੀ। ਇਸ ਨਾਲ ਸਰਹੱਦ ਰਾਹੀਂ ਸੂਬੇ 'ਚ ਦਾਖਲ ਹੋਣ ਵਾਲੇ ਕਿਸੇ ਵੀ ਡਰੋਨ ਨੂੰ ਤੁਰੰਤ ਬੇਅਸਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਪੰਜਾਬ ਪੁਲਿਸ ਕੋਲ ਡਰੋਨਾਂ ਨੂੰ ਬੇਅਸਰ ਕਰਨ ਲਈ ਅਜਿਹਾ ਕੋਈ ਸਿਸਟਮ ਨਹੀਂ ਸੀ ਪਰ ਹੁਣ ਇਹ ਸਿਸਟਮ ਪੰਜਾਬ ਪੁਲਿਸ ਨੂੰ ਵਧੇਰੇ ਸਮਰੱਥ ਬਣਾਏਗਾ। ਉਨ੍ਹਾਂ ਕਿਹਾ ਕਿ ਇਸ ਉੱਨਤ ਪ੍ਰਣਾਲੀ ਦੇ ਸਫ਼ਲਤਾਪੂਰਵਕ ਲਾਗੂਕਰਨ ਨੂੰ ਯਕੀਨੀ ਬਣਾਉਣ ਲਈ ਬੀ.ਐੱਸ.ਐੱਫ., ਭਾਰਤੀ ਹਵਾਈ ਸੈਨਾ, ਭਾਰਤੀ ਫ਼ੌਜ ਅਤੇ ਹੋਰ ਏਜੰਸੀਆਂ ਨਾਲ ਤਾਲਮੇਲ ਕਾਇਮ ਰੱਖਿਆ ਜਾਵੇਗਾ। ਇਸ ਪ੍ਰੋਗਰਾਮ ਦੌਰਾਨ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਡੀ.ਜੀ.ਪੀ. ਗੌਰਵ ਯਾਦਵ, ਡੀ.ਜੀ.ਪੀ. ਅਰਪਿਤ ਸ਼ੁਕਲਾ, ਡਿਪਟੀ ਕਮਿਸ਼ਨਰ ਰਾਹੁਲ, ਐੱਸ.ਐੱਸ.ਪੀ. ਦੀਪਕ ਪਾਰੀਕ, ਐੱਸ.ਡੀ.ਐੱਮ. ਅਰਵਿੰਦਰਪਾਲ ਸਿੰਘ ਅਤੇ ਹੋਰ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀ ਮੌਜੂਦ ਸਨ। ਪੁਲਿਸ ਦੇ ਪ੍ਰਬੰਧ ਇੰਨੇ ਸਖ਼ਤ ਸਨ ਕਿ ਉਥੇ ਪ੍ਰੈੱਸ ਤੋਂ ਇਲਾਵਾ ਕੋਈ ਹੋਰ ਰਾਜਨੀਤਿਕ ਸਰਗਰਮੀ ਵੇਖਣ ਨੂੰ ਨਹੀਂ ਮਿਲੀ। ਮੁੱਖ ਮੰਤਰੀ ਭਗਵੰਤ ਮਾਨ ਸਿੱਧੇ ਸਟੇਜ 'ਤੇ ਆਏ ਅਤੇ ਆਉਂਦੇ ਹੀ ਉਨ੍ਹਾਂ ਨੇ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਬਾਅਦ ਵਿਚ 'ਐਂਟੀ-ਡਰੋਨ' ਸਿਸਟਮ ਦਾ ਉਦਘਾਟਨ ਕਰਕੇ ਉਥੋਂ ਚਲੇ ਗਏ।

# ਮੁੱਖ ਮੰਤਰੀ ਵਲੋਂ ਪਰਜਾ ਮੰਡਲ ਦੇ ਸ਼ਹੀਦ ਭਗਤ ਸਿੰਘ ਢਢੋਗਲ ਨੂੰ ਸ਼ਰਧਾ ਦੇ ਫ਼ੁੱਲ ਭੇਟ



ਅਮਰਗੜ੍ਹ : ਦੇਸ਼ ਦੀ ਆਜ਼ਾਦੀ ਖਾਤਰ ਆਪਣੇ ਪਿੰਡੇ 'ਤੇ ਘੋਰ-ਤਸ਼ੱਦਦ ਸਹਿ ਕੇ ਬਰਤਾਨਵੀ ਸਾਮਰਾਜ ਨੂੰ ਜੜ੍ਹੋਂ ਪੁੱਟਣ ਦਾ ਨਿਸ਼ਚਾ ਕਰ ਆਜ਼ਾਦੀ ਦੀ ਜੰਗ ਲੜਨ ਵਾਲੇ ਸਿਰਲੱਥ ਯੋਧੇ ਪਰਜਾ ਮੰਡਲ ਦੇ ਸ਼ਹੀਦ ਭਗਤ ਸਿੰਘ ਢਢੋਗਲ ਦੀ ਅਮਰਗੜ੍ਹ ਨੇੜਲੇ ਪਿੰਡ ਢਢੋਗਲ ਵਿਖੇ ਸ਼ਹੀਦੀ ਯਾਦਗਾਰ 'ਤੇ ਪਹੁੰਚ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਸਮੇਤ ਵੱਖ-ਵੱਖ ਸਿਆਸੀ ਸ਼ਖ਼ਸੀਅਤਾਂ ਵਲੋਂ ਸ਼ਰਧਾ ਦੇ ਫ਼ੁਲ ਭੇਟ ਕੀਤੇ ਗਏ। ਉਪਰੰਤ ਮੁੱਖ ਮੰਤਰੀ ਵਲੋਂ ਧਾਂਦਰਾ ਤੋਂ ਅਮਰਗੜ੍ਹ ਸੜਕ ਦੀ ਮੁਰੰਮਤ ਅਤੇ ਢਢੋਗਲ ਤੋਂ ਸਮੁੰਦਗੜ੍ਹ ਛੰਨਾ ਸੜਕ ਨੂੰ 10 ਤੋਂ 18 ਫੁੱਟ ਚੌੜੀ ਕਰਨ ਨੂੰ ਲੈ ਕੇ ਨੀਂਹ ਪੱਥਰ ਰੱਖੇ ਜਿਨ੍ਹਾਂ 'ਤੇ ਕਰੀਬ 17.21 ਕਰੋੜ ਰੁਪਏ ਦੀ ਲਾਗਤ ਆਵੇਗੀ। ਗੁਰਦੁਆਰਾ ਸਾਹਿਬ ਵਿਖੇ ਆਪਣੇ ਭਾਸ਼ਣ ਦੌਰਾਨ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਇਸ ਸੜਕ ਦਾ ਨਾਮ ਸ਼ਹੀਦ ਭਗਤ ਸਿੰਘ ਢਢੋਗਲ ਮਾਰਗ ਰੱਖਿਆ ਜਾਵੇਗਾ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਸ਼ਹੀਦ ਭਗਤ ਸਿੰਘ ਵਲੋਂ ਭਾਰਤ ਨੂੰ ਅੰਗਰੇਜ਼ਾਂ ਦੇ ਜੂਲੇ ਹੇਠੋਂ ਕੱਢਣ ਲਈ ਪੰਜ ਸਾਲ ਦੀ ਕੈਦ ਕੱਟੀ ਅਤੇ 13 ਮਹੀਨੇ 13 ਦਿਨ ਦੀ ਅਣਕਿਆਸੀ ਸਖ਼ਤ ਕੈਦ ਭੁੱਖੇ ਰਹਿ ਕੇ ਨੰਗੇ ਧੜ ਜੇਲ੍ਹ ਅਧਿਕਾਰੀਆਂ ਦੀ ਮਨਮਾਨੀਆਂ ਨੂੰ ਮੰਨਣ ਤੋਂ ਇਨਕਾਰੀ ਹੋ ਕੇ ਆਪਣੇ ਦੇਸ਼ ਭਗਤ ਹੋਣ ਦਾ ਸਬੂਤ ਦਿੱਤਾ। ਉਨ੍ਹਾਂ ਕਿਹਾ ਕਿ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਵਾਂ ਸ਼ਹੀਦੀ ਦਿਹਾੜਾ ਪੰਜਾਬ ਸਰਕਾਰ ਮਨਾਉਣ ਜਾ ਰਹੀ ਹੈ। ਇਹ ਸਮਾਗਮ ਸ੍ਰੀਨਗਰ ਤੋਂ ਦੇਸ਼ ਦੇ 108 ਕਰੀਬ ਪਿੰਡਾਂ 'ਚੋ ਹੁੰਦਾ ਹੋਇਆ ਚਾਂਦਨੀ ਚੌਕ ਸਮਾਪਤ ਹੋਵੇਗਾ। ਇਸ ਮੌਕੇ ਪੰਜਾਬ ਦੇ ਵੱਖ-ਵੱਖ ਸਿਆਸੀ ਸ਼ਖ਼ਸੀਅਤਾਂ ਨੇ ਆਖਿਆ ਕਿ ਭਗਤ ਸਿੰਘ ਹੋਰਾਂ ਵਲੋਂ ਆਪਣੇ ਪਿੰਡੇ ਤੇ ਅੰਗਰੇਜ਼ ਹਕੂਮਤ ਦਾ ਜੋ ਜ਼ੁਲਮ ਹੰਢਾਇਆ ਉਸ ਦੀ ਦਾਸਤਾਨ ਲੂ ਕੰਢੇ ਖੜੇ ਕਰਨ ਵਾਲੀ ਹੈ। ਆਜ਼ਾਦੀ ਘੁਲਾਟੀਏ ਸ਼ਹੀਦ ਭਗਤ ਸਿੰਘ ਢਢੋਗਲ ਦੀ ਯਾਦ ਵਿਚ ਹਰ ਵਰ੍ਹੇ ਤਿੰਨ ਦਿਨ 8 ਤੋਂ 10 ਅਗਸਤ ਨੂੰ ਸ਼ਹੀਦੀ ਸਭਾ ਮਨਾਈ ਜਾਂਦੀ ਹੈ ਤੇ ਇਸ ਵਾਰ ਗੁਰਦੁਆਰਾ ਸਾਹਿਬ ਢਢੋਗਲ ਵਿਖੇ ਪਾਏ ਗਏ ਪਾਠ ਦੇ ਭੋਗ ਅਤੇ ਅਰਦਾਸ ਉਪਰੰਤ ਸਭਾ ਦੀ ਸ਼ੁਰੂਆਤ ਢਾਡੀ ਜਥੇ ਵਲੋਂ ਉਨ੍ਹਾਂ ਦੀ ਯਾਦ ਵਿਚ ਜੋਸ਼ੀਲੀਆਂ ਵਾਰਾਂ ਗਾ ਕੇ ਕੀਤੀ ਗਈ।

# ਸ੍ਰੀ ਕਾਲੀ ਮਾਤਾ ਮੰਦਰ 'ਚ ਨਤਮਸਤਕ ਹੋਏ ਮੁੱਖ ਮੰਤਰੀ ਭਗਵੰਨ ਮਾਨ


ਪਟਿਆਲਾ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਾਲੀ ਮਾਤਾ ਮੰਦਿਰ ਵਿਚ ਮੱਥਾ ਟੇਕਿਆ ਅਤੇ ਸੂਬੇ ਦੀ ਹੋਰ ਮਿਸ਼ਨਰੀ ਭਾਵਨਾ ਤੇ ਸਮਰਪਣ ਨਾਲ ਸੇਵਾ ਕਰਨ ਲਈ ਮਾਤਾ ਰਾਣੀ ਤੋਂ ਆਸ਼ੀਰਵਾਦ ਲਿਆ। ਮੁੱਖ ਮੰਤਰੀ ਬਾਅਦ ਦੁਪਹਿਰ ਸ੍ਰੀ ਕਾਲੀ ਮਾਤਾ ਮੰਦਿਰ ਪੁੱਜੇ ਅਤੇ ਉਨ੍ਹਾਂ ਕਿਹਾ ਕਿ ਉਹ ਪਰਮਾਤਮਾ ਦੇ ਆਸ਼ੀਰਵਾਦ ਨਾਲ ਲੋਕਾਂ ਦੀਆਂ ਇੱਛਾਵਾਂ ਉੱਤੇ ਖਰ੍ਹਾ ਉਤਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਣਗੇ ਅਤੇ ਸਰਕਾਰ ਵੱਲੋਂ ਲੋਕ-ਪੱਖੀ ਤੇ ਵਿਕਾਸ ਮੁਖੀ ਨੀਤੀਆਂ ਨੂੰ ਲਾਗੂ ਕਰਨ ਨੂੰ ਮੁੱਖ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸੱਭਿਆਚਾਰਕ ਰਾਜਧਾਨੀ ਪਟਿਆਲਾ ਵਿਚ ਸਥਿਤ ਸ੍ਰੀ ਕਾਲੀ ਮਾਤਾ ਮੰਦਿਰ ਉੱਤਰੀ ਭਾਰਤ ਦੇ ਪਵਿੱਤਰ ਤੇ ਇਤਿਹਾਸਕ ਮੰਦਿਰਾਂ ਵਿਚੋਂ ਇਕ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਮੰਦਿਰ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਅਤੇ ਸ਼ਾਹੀ ਸਰਪ੍ਰਸਤੀ ਦਾ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਅੱਜ ਸੂਬੇ ਦੇ ਅਮਨ, ਤਰੱਕੀ ਤੇ ਖ਼ੁਸ਼ਹਾਲੀ ਲਈ ਪ੍ਰਾਰਥਨਾ ਕੀਤੀ।

ਮੁੱਖ ਮੰਤਰੀ ਨੇ ਮੰਦਿਰ ਦੀ ਨਵ-ਨਿਯੁਕਤ ਪ੍ਰਬੰਧਕ ਕਮੇਟੀ ਨਾਲ ਵੀ ਵਿਸਤਾਰ ਨਾਲ ਮੀਟਿੰਗ ਕੀਤੀ ਅਤੇ ਇਮਾਰਤ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਨੇ ਕਮੇਟੀ ਨੂੰ ਇਸ ਨੇਕ ਕਾਰਜ ਨੂੰ ਪੂਰਾ ਕਰਨ ਵਿਚ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਪਵਿੱਤਰ ਸਥਾਨ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ।



ਮੁੱਖ ਮੰਤਰੀ ਨੇ ਪ੍ਰਾਰਥਨਾ ਕੀਤੀ ਅਤੇ ਸੂਬੇ ਦੇ ਲੋਕਾਂ ਦੀ ਪੂਰੀ ਦਿਆਨਤਾਰੀ ਨਾਲ ਸੇਵਾ ਕਰਨ ਲਈ ਤਾਕਤ ਬਖ਼ਸ਼ਣ ਦਾ ਆਸ਼ੀਰਵਾਦ ਮੰਗਿਆ। ਉਨ੍ਹਾਂ ਮਾਤਾ ਰਾਣੀ ਤੋਂ ਆਸ਼ੀਰਵਾਦ ਮੰਗਿਆ ਕਿ ਜਾਤ, ਰੰਗ, ਨਸਲ ਤੇ ਧਰਮ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਲੋਕਾਂ ਦੀ ਸੇਵਾ ਕਰ ਸਕਣ ਤਾਂ ਕਿ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਹੋ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਮਾਜ ਵਿੱਚ ਪਿਆਰ, ਭਾਈਚਾਰੇ ਤੇ ਸਦਭਾਵਨਾ ਵਰਗੀਆਂ ਕਦਰਾਂ-ਕੀਮਤਾਂ ਨੂੰ ਹਰ ਹੀਲੇ ਬਰਕਰਾਰ ਰੱਖਿਆ ਜਾਵੇਗਾ ਅਤੇ ਇਹ ਸਾਡੀ ਸਰਕਾਰ ਦੀ ਹਮੇਸ਼ਾ ਮੁੱਖ ਤਰਜੀਹ ਰਹੇਗੀ। ਇਸ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਦੇ ਲੋਕਾਂ ਦੀ ਪੂਰੀ ਸੰਜੀਦਗੀ, ਸਮਰਪਣ ਤੇ ਵਚਨਬੱਧਤਾ ਨਾਲ ਸੇਵਾ ਕਰਨ ਦਾ ਮੌਕਾ ਦੇਣ ਲਈ ਮਾਤਾ ਰਾਣੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਦੁਨੀਆ ਭਰ ਦੇ ਲੱਖਾਂ ਲੋਕਾਂ ਲਈ ਪ੍ਰੇਰਨਾ ਤੇ ਸਾਕਾਰਤਮਕਤਾ ਦੇ ਸਰੋਤ ਇਸ ਪਵਿੱਤਰ ਸਥਾਨ ਉੱਤੇ ਆ ਕੇ ਉਹ ਖ਼ੁਦ ਨੂੰ ਸੁਭਾਗਾ ਮਹਿਸੂਸ ਕਰਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਇੱਥੇ ਸੂਬੇ, ਇਸ ਦੀ ਸ਼ਾਂਤੀ ਤੇ ਤਰੱਕੀ, ਜਿਸ ਲਈ ਸਾਡੀ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ, ਲਈ ਪ੍ਰਾਰਥਨਾ ਕਰਨ ਆਏ ਹਨ।

# ਪ੍ਰਧਾਨ ਮੰਤਰੀ ਮੋਦੀ ਨੇ ਵਿਦਿਆਰਥਣਾਂ ਤੇ ਹੋਰਾਂ ਨਾਲ ਰੱਖੜੀ ਦਾ ਤਿਉਹਾਰ ਮਨਾਇਆ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਥੇ ਆਪਣੇ ਨਿਵਾਸ ਸਥਾਨ ’ਤੇ ਰੱਖੜੀ ਦਾ ਤਿਉਹਾਰ ਮਨਾਇਆ, ਜਿਸ ਦੌਰਾਨ ਸਕੂਲੀ ਵਿਦਿਆਰਥਣਾਂ ਅਤੇ ਅਧਿਆਤਮਿਕ ਸੰਸਥਾ ਬ੍ਰਹਮਾ ਕੁਮਾਰੀ ਦੀਆਂ ਮੈਂਬਰਾਂ ਨੇ ਉਨ੍ਹਾਂ ਦੇ ਰੱਖੜੀਆਂ ਬੰਨ੍ਹੀਆਂ। ਮੋਦੀ ਨੇ ਇਸ ਮੌਕੇ ਦੀ ਇਕ ਵੀਡੀਓ ਕਲਿੱਪ ਸਾਂਝੀ ਕੀਤੀ, ਜਦੋਂ ਬੱਚੀਆਂ (ਵਿਦਿਆਰਥਣਾਂ) ਦੇ ਇਕ ਸਮੂਹ ਨੇ ਰੱਖੜੀ ਬੰਨਣ ਮੌਕੇ ਪ੍ਰਧਾਨ ਮੰਤਰੀ ਨਾਲ ਆਪਣੀਆਂ ਭਾਵਨਾਵਾਂ ਸਾਂਝੀਆਂ ਕੀਤੀਆਂ। ਇਸ ਮੌਕੇ ਕੁਝ ਵਿਦਿਆਰਥਣਾਂ ਨੇ ਜਦੋਂ ਆਪ੍ਰੇਸ਼ਨ ਸੰਧੂਰ ਦਾ ਹਵਾਲਾ ਦਿੱਤਾ ਤਾਂ ਇਕ ਬੱਚੀ ਨੇ ਉਨ੍ਹਾਂ ਦੀ ਯੋਧਾ ਅਤੇ ਮੁਕਤੀਦਾਤਾ ਵਜੋਂ ਪ੍ਰਸ਼ੰਸਾ ਕੀਤੀ। ਇਕ ਸਕੂਲੀ ਬੱਚੀ ਨੇ ਕਿਹਾ ਕਿ ਉਹ ‘ਮੋਦੀ ਚਾਚਾ’ ਲਈ ਮੋਰ ਦੀ ਰਾਖੀ ਲੈ ਕੇ ਆਈ ਹੈ, ਜਦੋਂਕਿ ਇਕ ਹੋਰ ਨੇ ਉਨ੍ਹਾਂ ਵਾਂਗ ਪ੍ਰਧਾਨ ਮੰਤਰੀ ਬਣਨ ਦੀ ਇੱਛਾ ਪ੍ਰਗਟ ਕੀਤੀ। ਇਸ ਮੌਕੇ ਪ੍ਰਧਾਨ ਮੰਤਰੀ ਇਕ ਵਿਦਿਆਰਥਣ ਦੀ ਪ੍ਰਸੰਸਾ ਕਰਦੇ ਹੋਏ ਦਿਖਾਈ ਦਿੱਤੇ, ਜਦੋਂ ਉਸ ਨੇ ਆਪਣੀ ਕਵਿਤਾ ’ਚ ਕਈ ਸਰਕਾਰੀ ਯੋਜਨਾਵਾਂ ਦਾ ਜ਼ਿਕਰ ਕੀਤਾ। ਮੋਦੀ ਨੇ ‘ਐਕਸ’ ਉਤੇ ਇਕ ਸੁਨੇਹਾ ਵੀ ਪੋਸਟ ਕੀਤਾ, ਜਿਸ ’ਚ ਤਿਉਹਾਰ ਦੀਆਂ ਭੈਣ-ਭਰਾਵਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਨਾਰੀ ਸ਼ਕਤੀ ਦੇ ਨਿਰੰਤਰ ਵਿਸ਼ਵਾਸ ਅਤੇ ਪਿਆਰ ਲਈ ਧੰਨਵਾਦ।

# ਪੰਜਾਬ ’ਚ ਲੱਗੇਗਾ ਸੈਮੀਕੰਡਕਟਰ ਪਲਾਂਟ ਕੇਂਦਰ ਵਲੋਂ 4594 ਕਰੋੜ ਦੇ 4 ਪਲਾਂਟਾਂ ਨੂੰ ਮਨਜ਼ੂਰੀ

## ਓਡੀਸ਼ਾ ’ਚ ਦੋ ਤੇ ਆਂਧਰਾ ਪ੍ਰਦੇਸ਼ ’ਚ ਵੀ ਲੱਗੇਗਾ ਇਕ ਕਾਰਖਾਨਾ

ਨਵੀਂ ਦਿੱਲੀ : ਕੇਂਦਰੀ ਕੈਬਨਿਟ ਨੇ ਪੰਜਾਬ ’ਚ ਸੈਮੀਕੰਡਕਟਰ ਪਲਾਂਟ ਲਾਉਣ ਦੇ ਫ਼ੈਸਲੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰੀ ਅਸ਼ਵਨੀ ਵੈਸ਼ਣਵ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੇਂਦਰੀ ਮੰਤਰੀ ਮੰਡਲ ਨੇ ਭਾਰਤ ਸੈਮੀਕੰਡਕਟਰ ਮਿਸ਼ਨ ਤਹਿਤ ਚਾਰ ਹੋਰ ਸੈਮੀਕੰਡਕਟਰ ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੱਤੀ ਹੈ। ਇਨ੍ਹਾਂ ’ਚੋਂ ਦੋ ਕਾਰਖਾਨੇ ਓਡੀਸ਼ਾ ’ਚ, ਜਦਕਿ ਪੰਜਾਬ ਅਤੇ ਆਂਧਰਾ ਪ੍ਰਦੇਸ਼ ’ਚ ਇਕ-ਇਕ ਕਾਰਖਾਨਾ ਸਥਾਪਿਤ ਕੀਤਾ ਜਾਏਗਾ। ਵੈਸ਼ਣਵ ਨੇ ਕਿਹਾ ਕਿ ਇਨ੍ਹਾਂ ਪਲਾਂਟਾਂ ’ਤੇ ਕੁੱਲ 4594 ਕਰੋੜ ਰੁਪਏ ਦੀ ਲਾਗਤ ਆਏਗੀ ਅਤੇ 2034 ਪੇਸ਼ੇਵਰਾਂ ਨੂੰ ਰੁਜ਼ਗਾਰ ਮਿਲੇਗਾ। ਕੇਂਦਰੀ ਮੰਤਰੀ ਅਸ਼ਵਨੀ ਵੈਸ਼ਣਵ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਲੈਕਟ੍ਰਾਨਿਕ ਪੁਰਜ਼ੇ ਬਣਾਉਣ ਵਾਲੀ ਕੰਪਨੀ ਸੀ.ਡੀ.ਆਈ.ਐਲ. ਦੇ ਪੰਜਾਬ ’ਚ 117 ਕਰੋੜ ਰੁਪਏ ਦੇ ਨਿਵੇਸ਼ ਵਾਲੇ ਸੈਮੀਕੰਡਕਟਰ ਪ੍ਰਾਜੈਕਟ ਨੂੰ ਮੰਤਰੀ ਮੰਡਲ ਨੇ ਮਨਜ਼ੂਰੀ ਦਿੱਤੀ ਹੈ। ਇਸ ਦਾ ਕੋਰੀਆ ਦੀ ਇਕ ਕੰਪਨੀ ਦੇ ਨਾਲ ਗੱਠਜੋੜ ਹੋਏਗਾ ਅਤੇ ਇਸ ਦੀ ਵਰਤੋਂ ਕਈ ਖੇਤਰਾਂ ’ਚ ਕੀਤੀ ਜਾਏਗੀ। ਪੰਜਾਬ ਤੋਂ ਇਲਾਵਾ ਓਡੀਸ਼ਾ ’ਚ ਦੋ ਸੈਮੀਕੰਡਕਟਰ ਕਾਰਖਾਨੇ ਸਥਾਪਿਤ ਕੀਤੇ ਜਾਣਗੇ। ਭੁਬਨੇਸ਼ਵਰ ’ਚ ਸਿਲੀਕਾਨ ਕਾਰਬਾਈਡ ਪਲਾਂਟ ਲਾਇਆ ਜਾਏਗਾ, ਜਿਸ ਦੀ ਵਰਤੋਂ ਮਿਜ਼ਾਈਲ ਪੁਲਾੜ ਉਪਕਰਨਾਂ ਅਤੇ ਰੇਲਵੇ ਇੰਜਨਾਂ ’ਚ ਕੀਤੀ ਜਾਏਗੀ। ਇਸ ’ਚ ਸਿਕਸੇਮ ਪ੍ਰਾਈਵੇਟ ਲਿਮਟਿਡ 2066 ਕਰੋੜ ਰੁਪਏ ਦਾ ਨਿਵੇਸ਼ ਕਰੇਗੀ। ਓਡੀਸ਼ਾ ’ਚ ਹੀ ਇਕ ਥ੍ਰੀ ਡੀ ਗਲਾਨ ਦਾ ਸੈਮੀਕੰਡਕਟਰ ਪਲਾਂਟ ਲਾਇਆ ਜਾਏਗਾ, ਜਿਸ ’ਤੇ 1943 ਕਰੋੜ ਰੁਪਏ ਦਾ ਨਿਵੇਸ਼ ਹੋਏਗਾ। ਇਸ ਪਲਾਂਟ ’ਚ ਅਮਰੀਕੀ ਟੈਕਨੋਲੋਜੀ ਕੰਪਨੀ ਇੰਟੇਲ ਅਤੇ ਲਾਕਹੀਡ ਮਾਰਟੀਨ ਸਮੇਤ ਕਈ ਕੰਪਨੀਆਂ ਨਿਵੇਸ਼ ਕਰਨਗੀਆਂ। ਇਹ ਸਭ ਤੋਂ ਐਡਵਾਂਸ ਟੈਕਨੋਲੋਜੀ ਵਾਲਾ ਪ੍ਰਾਜੈਕਟ ਹੋਏਗਾ। ਮੰਤਰੀ ਮੰਡਲ ਨੇ ਆਂਧਰਾ ਪ੍ਰਦੇਸ਼ ’ਚ ਚਿਪ ਪੈਕਜਿੰਗ ਪਲਾਂਟ ਨੂੰ ਵੀ ਮਨਜ਼ੂਰੀ ਦਿੱਤੀ ਹੈ, ਜਿਸ ’ਚ ਐਡਵਾਂਸਡ ਸਿਸਟਮ ਇਸ ਪੈਕੇਜ ਟੈਕਨੋਲੋਜੀ ਪ੍ਰਾਈਵੇਟ ਲਿਮਟਿਡ 468 ਕਰੋੜ ਰੁਪਏ ਦਾ ਨਿਵੇਸ਼ ਕਰੇਗੀ। ਇਨ੍ਹਾਂ ਸਾਰੇ ਪ੍ਰਾਜੈਕਟਾਂ ਦਾ ਨਿਰਮਾਣ ਕਾਰਜ 6 ਮਹੀਨਿਆਂ ’ਚ ਸ਼ੁਰੂ ਹੋ ਜਾਏਗਾ।

# ‘ਆਪ੍ਰੇਸ਼ਨ ਸੰਧੂਰ’ ਦੀ ਸਫ਼ਲਤਾ ਪਿੱਛੇ ਭਾਰਤੀ ਤਕਨੀਕ ਤੇ ‘ਮੇਕ ਇਨ ਇੰਡੀਆ’ ਦਾ ਹੱਥ : ਮੋਦੀ

## ਕਿਹਾ, ਦੁਨੀਆ ਨੇ ਪਹਿਲੀ ਵਾਰ ਭਾਰਤ ਦਾ ਨਵਾਂ ਰੂਪ ਵੇਖਿਆ



ਬੈਂਗਲੁਰੂ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ‘ਆਪ੍ਰੇਸ਼ਨ ਸੰਧੂਰ’ ਦੀ ਸਫ਼ਲਤਾ ਪਿੱਛੇ ਭਾਰਤੀ ਤਕਨੀਕ ਅਤੇ ਮੇਕ ਇਨ ਇੰਡੀਆ ਪਹਿਲ ਦਾ ਹੱਥ ਹੈ, ਜਿਸ ਨੇ ਪਾਕਿਸਤਾਨ ਨੂੰ ਕੁਝ ਘੰਟਿਆਂ ’ਚ ਗੋਡੇ ਟੇਕਣ ਨੂੰ ਮਜਬੂਰ ਕਰ ਦਿੱਤਾ। ਮੋਦੀ ਨੇ ਇਥੇ ਮੈਟਰੋ ਫੇਜ਼-3 ਪ੍ਰਾਜੈਕਟ ਦੇ ਨੀਂਹ ਪੱਥਰ ਸਮਾਰੋਹ ’ਚ ਕਿਹਾ ਕਿ ਦੁਨੀਆ ਨੇ ਪਹਿਲੀ ਵਾਰ ‘ਆਪ੍ਰੇਸ਼ਨ ਸੰਧੂਰ’ ਦੌਰਾਨ ਭਾਰਤ ਦਾ ਨਵਾਂ ਰੂਪ ਦੇਖਿਆ ਹੈ ਜਿਥੇ ਭਾਰਤੀ ਫ਼ੌਜ ਨੇ ਪਾਕਿਸਤਾਨ ਦੇ ਅੰਦਰ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਤਬਾਹ ਕੀਤਾ ਅਤੇ ਉਥੇ ਕੁਝ ਹੀ ਘੰਟਿਆਂ ’ਚ ਪਾਕਿਸਤਾਨ ਨੂੰ ਗੋਡੇ ਟੇਕਣ ਲਈ ਮਜਬੂਰ ਕਰਕੇ ਆਪਣੀ ਸਮਰੱਥਾ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ‘ਆਪ੍ਰੇਸ਼ਨ ਸੰਧੂਰ’ ਦੀ ਸਫਲਤਾ ਪਿੱਛੇ ਸਾਡੀ ਤਕਨੀਕ ਅਤੇ ਮੇਕ ਇਨ ਇੰਡੀਆ ਦੀ ਤਾਕਤ ਹੈ। ਉਨ੍ਹਾਂ ਅੱਗੇ ਕਿਹਾ ਕਿ ‘ਆਪ੍ਰੇਸ਼ਨ ਸੰਧੂਰ’ ’ਚ ਬੈਂਗਲੁਰੂ ਅਤੇ ਇਸ ਦੇ ਨੌਜਵਾਨਾਂ ਦੀ ਅਹਿਮ ਭੂਮਿਕਾ ਸੀ। ਪ੍ਰਧਾਨ ਮੰਤਰੀ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਬੈਂਗਲੁਰੂ ਦੀ ਪਛਾਣ ਦੁਨੀਆ ਦੇ ਵੱਡੇ ਸ਼ਹਿਰਾਂ ਨਾਲ ਹੈ। ਉਨ੍ਹਾਂ ਕਿਹਾ ਕਿ ਭਾਰਤ ਨੂੰ ਨਾ ਸਿਰਫ਼ ਵਿਸ਼ਵ ਪੱਧਰ ’ਤੇ ਮੁਕਾਬਲਾ ਕਰਨਾ ਹੈ, ਸਗੋਂ ਅਗਵਾਈ ਵੀ ਕਰਨੀ ਹੈ ਅਤੇ ਅਸੀਂ ਉਦੋਂ ਹੀ ਤਰੱਕੀ ਕਰਾਂਗੇ ਜਦੋਂ ਸਾਡੇ ਸ਼ਹਿਰ ਸਮਾਰਟ, ਤੇਜ਼ ਅਤੇ ਕੁਸ਼ਲ ਹੋਣਗੇ। ਇਸ ਸੰਦਰਭ ਵਿਚ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਆਧੁਨਿਕ ਬੁਨਿਆਦੀ ਢਾਂਚੇ ਨੂੰ ਪੂਰਾ ਕਰਨ ’ਤੇ ਜ਼ੋਰ ਦੇ ਰਹੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ 21ਵੀਂ ਸਦੀ ’ਚ ਸ਼ਹਿਰੀ ਯੋਜਨਾਬੰਦੀ ਅਤੇ ਸ਼ਹਿਰੀ ਬੁਨਿਆਦੀ ਢਾਂਚੇ ਦੀ ਬਹੁਤ ਲੋੜ ਹੈ ਅਤੇ ਸਾਨੂੰ ਬੈਂਗਲੂਰੂ ਵਰਗੇ ਸ਼ਹਿਰਾਂ ਨੂੰ ਭਵਿੱਖ ਲਈ ਤਿਆਰ ਕਰਨਾ ਹੋਵੇਗਾ। ਬੈਂਗਲੂਰੂ ਨੇ ਹਮੇਸ਼ਾ ਸ਼ਹਿਰ ਦੇ ਸੰਸਥਾਪਕ ਕੈਂਪੇਗੌੜਾ ਦੀ ਵਿਰਾਸਤ ਨੂੰ ਜਿਉਂਦਾ ਅਤੇ ਬਰਕਰਾਰ ਰੱਖਿਆ ਹੈ ਅਤੇ ਇਹ ਉਨ੍ਹਾਂ ਦੇ ਸੁਪਨੇ ਨੂੰ ਹਕੀਕਤ ਵਿਚ ਬਦਲ ਰਿਹਾ ਹੈ। ਮੋਦੀ ਨੇ ਕਿਹਾ ਕਿ ਅਸੀਂ ਬੈਂਗਲੁਰੂ ਨੂੰ ਨਵੇਂ ਭਾਰਤ ਦੇ ਉਭਾਰ ਦੇ ਪ੍ਰਤੀਕ ਵਜੋਂ ਦੇਖ ਰਹੇ ਹਾਂ। ਇਹ ਇਕ ਅਜਿਹਾ ਸ਼ਹਿਰ ਹੈ ਜਿਸ ਦੀ ਆਤਮਾ ’ਚ ਅਧਿਆਤਮਿਕ ਗਿਆਨ ਹੈ ਅਤੇ ਇਸ ਦੀਆਂ ਗਤੀਵਿਧੀਆਂ ਵਿਚ ਤਕਨੀਕੀ ਗਿਆਨ ਹੈ। ਮੋਦੀ ਨੇ ਕਿਹਾ ਕਿ ਭਾਰਤ ਦੁਨੀਆ ਦੀ ਤੀਜੀ ਵੱਡੀ ਅਰਥਵਿਵਸਥਾ ਬਣਨ ਵੱਲ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਇਹ ਗਤੀ ‘ਸੁਧਾਰ, ਪ੍ਰਦਰਸ਼ਨ ਅਤੇ ਤਬਦੀਲੀ’ ਦੀ ਭਾਵਨਾ ਰਾਹੀਂ ਹਾਸਿਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੇ 11 ਸਾਲਾਂ ਦੌਰਾਨ ਭਾਰਤ ਦੀ ਅਰਥਵਿਵਸਥਾ ਦੁਨੀਆ ਦੀ 10ਵੀਂ ਸਭ ਤੋਂ ਵੱਡੀ ਅਰਥਵਿਵਸਥਾ ਤੋਂ ਵਧ ਕੇ ਚੋਟੀ ਦੀ 5ਵੀਂ ਅਰਥਵਿਵਸਥਾ ਬਣ ਗਈ ਹੈ ਅਤੇ ਤੇਜ਼ੀ ਨਾਲ ਚੋਟੀ ਦੀਆਂ ਤਿੰਨ ਅਰਥਵਿਵਸਥਾਵਾਂ ਵਿਚੋਂ ਇਕ ਬਣਨ ਵੱਲ ਵਧ ਰਹੀ ਹੈ।

# ਮੋਦੀ ਸੰਯੁਕਤ ਰਾਸ਼ਟਰ ਸੰਮੇਲਨ ਲਈ ਅਗਲੇ ਮਹੀਨੇ ਜਾ ਸਕਦੇ ਨੇ ਨਿਊਯਾਰਕ




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ (ਯੂਐੱਨਜੀਏ) ਦੇ ਸਤੰਬਰ ਵਿਚ ਹੋਣ ਵਾਲੇ ਸਾਲਾਨਾ ਉੱਚ ਪੱਧਰੀ ਇਜਲਾਸ ਨੂੰ ਸੰਬੋਧਨ ਕਰ ਸਕਦੇ ਹਨ। ਸੰਯੁਕਤ ਰਾਸ਼ਟਰ ਵੱਲੋਂ ਜਾਰੀ ਬੁਲਾਰਿਆਂ ਦੀ ਆਰਜ਼ੀ ਸੂਚੀ ਵਿਚ ਇਹ ਦਾਅਵਾ ਕੀਤਾ ਗਿਆ ਹੈ। ਸੰਭਾਵਨਾ ਜਤਾਈ ਜਾ ਰਹੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਿਚਾਲੇ ਮੁਲਾਕਾਤ ਹੋ ਸਕਦੀ ਹੈ। ਅਮਰੀਕਾ ਵੱਲੋਂ ਭਾਰਤੀ ਵਸਤਾਂ ’ਤੇ 50 ਫ਼ੀਸਦ ਟੈਰਿਫ ਲਗਾਏ ਜਾਣ ਮਗਰੋਂ ਦੋਵੇਂ ਆਗੂਆਂ ਵਿਚਾਲੇ ਇਹ ਪਹਿਲੀ ਮੁਲਾਕਾਤ ਹੋਵੇਗੀ। ਜਨਰਲ ਅਸੈਂਬਲੀ ਦੇ 80ਵੇਂ ਸੈਸ਼ਨ ਦੀ ਉੱਚ-ਪੱਧਰੀ ਚਰਚਾ ਲਈ ਬੁਲਾਰਿਆਂ ਦੀ ਆਰਜ਼ੀ ਸੂਚੀ ਮੁਤਾਬਕ ਭਾਰਤ ਦੇ ਪ੍ਰਧਾਨ ਮੰਤਰੀ 26 ਸਤੰਬਰ ਸਵੇਰੇ ਸੈਸ਼ਨ ਨੂੰ ਸੰਬੋਧਨ ਕਰਨਗੇ। ਇਜ਼ਰਾਈਲ, ਚੀਨ, ਪਾਕਿਸਤਾਨ ਅਤੇ ਬੰਗਲਾਦੇਸ਼ ਦੇ ਸਰਕਾਰਾਂ ਦੇ ਮੁਖੀ ਵੀ ਉਸੇ ਦਿਨ ਆਮ ਸਭਾ ਨੂੰ ਸੰਬੋਧਨ ਕਰਨਗੇ। ਯੂਐੱਨਜੀਏ ਦਾ 80ਵਾਂ ਸੈਸ਼ਨ 9 ਸਤੰਬਰ ਨੂੰ ਸ਼ੁਰੂ ਹੋਵੇਗਾ। ਉੱਚ-ਪੱਧਰੀ ਆਮ ਚਰਚਾ 23 ਤੋਂ 29 ਸਤੰਬਰ ਤੱਕ ਚੱਲੇਗੀ, ਜਿਸ ਵਿੱਚ ਬ੍ਰਾਜ਼ੀਲ ਸੈਸ਼ਨ ਦਾ ਰਵਾਇਤੀ ਪਹਿਲਾ ਤੇ ਅਮਰੀਕਾ ਦੂਜਾ ਸਪੀਕਰ ਹੋਵੇਗਾ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ 23 ਸਤੰਬਰ ਨੂੰ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਮੰਚ ਤੋਂ ਆਲਮੀ ਆਗੂਆਂ ਨੂੰ ਸੰਬੋਧਨ ਕਰਨਗੇ। ਟਰੰਪ ਦੇ ਦੂਜੀ ਵਾਰ ਰਾਸ਼ਟਰਪਤੀ ਬਣਨ ਮਗਰੋਂ ਸੰਯੁਕਤ ਰਾਸ਼ਟਰ ’ਚ ਇਹ ਉਨ੍ਹਾਂ ਦਾ ਪਹਿਲਾ ਸੰਬੋਧਨ ਹੋਵੇਗਾ।

# ਅੰਮ੍ਰਿਤਸਰ: 79ਵੇਂ ਆਜ਼ਾਦੀ ਦਿਵਸ ਲਈ ਫੁੱਲ ਡਰੈੱਸ ਰਿਹਰਸਲ





ਅੰਮ੍ਰਿਤਸਰ ਵਿੱਚ 79ਵੇਂ ਆਜ਼ਾਦੀ ਦਿਵਸ ਸਮਾਰੋਹ ਲਈ ਫੁੱਲ ਡਰੈੱਸ ਰਿਹਰਸਲ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਪੰਜਾਬ ਪੁਲਿਸ ਦੀਆਂ ਮਹਿਲਾਵਾਂ ਸੈਲਫੀ ਲੈਂਦੀਆਂ ਹਨ।

# ਗਿਆਨੀ ਹਰਪ੍ਰੀਤ ਸਿੰਘ ਬਣੇ ਨਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ

## ਬੀਬੀ ਸਤਵੰਤ ਕੌਰ ਨੂੰ ਪੰਥਕ ਕੌਂਸਲ ਦੀ ਚੇਅਰਪਰਸਨ ਬਣਾਇਆ

- ਤਿੰਨ ਦਹਾਕਿਆਂ ਤੋਂ ਇਕ ਹੀ ਪਰਿਵਾਰ ਦੀ ਚਲ ਰਹੀ ਇਜ਼ਾਰੇਦਾਰੀ ਖਤਮ ਹੋਈ : ਗਿਆਨੀ ਹਰਪ੍ਰੀਤ ਸਿੰਘ
- ਇਜਲਾਸ 'ਚ ਵੱਡੀ ਗਿਣਤੀ 'ਚ ਸਟੇਟ ਡੈਲੀਗੇਟਸ ਅਤੇ ਵਿਸ਼ੇਸ਼ ਸ਼ਖ਼ਸੀਅਤਾਂ ਨੇ ਕੀਤੀ ਸ਼ਿਰਕਤ





ਅੰਮ੍ਰਿਤਸਰ : 2 ਦਸੰਬਰ, 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਬਣਾਈ ਗਈ 5 ਮੈਂਬਰੀ (ਪਹਿਲਾਂ 7 ਮੈਂਬਰੀ) ਭਰਤੀ ਕਮੇਟੀ ਵਲੋਂ ਆਰੰਭੀ ਚੋਣ ਪ੍ਰਕਿਰਿਆ ਦੇ ਆਖਰੀ ਪੜਾਅ 'ਤੇ ਪ੍ਰਧਾਨ ਦੀ ਚੋਣ ਲਈ ਸਥਾਨਕ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਵਿਖੇ ਕਰਵਾਏ ਗਏ ਵਿਸ਼ਾਲ ਡੈਲੀਗੇਟ ਇਜਲਾਸ ਦੌਰਾਨ ਹਾਜ਼ਰ ਡੈਲੀਗੇਟਸ ਵਲੋਂ ਸਰਬਸੰਮਤੀ ਨਾਲ ਜੈਕਾਰਿਆਂ ਦੀ ਗੂੰਜ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ। ਇਸੇ ਦੌਰਾਨ ਸਿੱਖ ਸਿਆਸਤ ਉਪਰ ਧਰਮ ਦਾ ਕੁੰਡਾ ਮਜ਼ਬੂਤ ਰੱਖਣ ਦੇ ਉਦੇਸ਼ ਨਾਲ ਬੀਬੀ ਸਤਵੰਤ ਕੌਰ ਨੂੰ ਵੀ ਸਰਬਸੰਮਤੀ ਨਾਲ ਦਲ ਦੀ ਪੰਥਕ ਕੌਂਸਲ ਦੇ ਚੇਅਰਪਰਸਨ ਵਜੋਂ ਜ਼ਿੰਮੇਵਾਰੀ ਸੌਂਪੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੰਪੰਨ ਹੋਏ ਇਜਲਾਸ ਦੌਰਾਨ ਪ੍ਰਧਾਨ ਦੇ ਅਹੁਦੇ ਲਈ ਗਿਆਨੀ ਹਰਪ੍ਰੀਤ ਸਿੰਘ ਦਾ ਨਾਂਅ ਧਾਰਮਿਕ ਸ਼ਖ਼ਸੀਅਤ ਬਾਬਾ ਸਰਬਜੋਤ ਸਿੰਘ ਬੇਦੀ ਨੇ ਪੇਸ਼ ਕੀਤਾ, ਜਿਸ ਦੀ ਤਾਈਦ ਤੇ ਤਾਈਦ ਮਜੀਦ ਕ੍ਰਮਵਾਰ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਸੁੱਚਾ ਸਿੰਘ ਛੋਟੇਪੁਰ ਨੇ ਕੀਤੀ। ਚੋਣ ਅਧਿਕਾਰੀ ਜਥੇਦਾਰ ਸੰਤਾ ਸਿੰਘ ਉਮੈਦਪੁਰੀ ਨੇ ਪ੍ਰਧਾਨਗੀ ਲਈ ਇਜਲਾਸ ਵਿਚ ਹਾਜ਼ਰ ਸਮੂਹ ਡੈਲੀਗੇਟ ਤੋਂ ਗਿਆਨੀ ਹਰਪ੍ਰੀਤ ਸਿੰਘ ਤੇ ਮੁਕਾਬਲੇ ਕਿਸੇ ਹੋਰ ਨਾਂਅ ਦੀ ਪੇਸ਼ਕਸ਼ ਮੰਗੀ ਗਈ ਪਰ ਹੋਰ ਕੋਈ ਵੀ ਉਮੀਦਵਾਰ ਨਾ ਹੋਣ ਕਰਕੇ ਹਾਜ਼ਰ ਡੈਲੀਗੇਟਸ ਵਲੋਂ ਜੈਕਾਰੇ ਬੁਲਾ ਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਵਜੋਂ ਪ੍ਰਵਾਨਗੀ ਦਿੱਤੀ ਗਈ। ਇਸ ਦੌਰਾਨ ਪੰਜ ਮੈਂਬਰੀ ਭਰਤੀ ਕਮੇਟੀ ਦੇ ਮੈਂਬਰ ਤੇ ਹਲਕਾ ਦਾਖ਼ਾ ਤੋਂ ਵਿਧਾਇਕ ਸ: ਮਨਪ੍ਰੀਤ ਸਿੰਘ ਇਯਾਲੀ ਵਲੋਂ ਦਲ ਦੀ ਪੰਥਕ ਕੌਂਸਲ ਦੇ ਚੇਅਰਪਰਸਨ ਵਜੋਂ ਬੀਬੀ ਸਤਵੰਤ ਕੌਰ ਦਾ ਨਾਂਅ ਪੇਸ਼ ਕੀਤਾ ਗਿਆ, ਜਿਸ 'ਤੇ ਹਾਜ਼ਰ ਡੈਲੀਗੇਟਸ ਨੇ ਜੈਕਾਰਿਆਂ ਦੇ ਨਾਲ ਸਹਿਮਤੀ ਦਿੱਤੀ। ਇਸ ਦੌਰਾਨ ਦਲ ਦੀ 31 ਮੈਂਬਰੀ ਵਰਕਿੰਗ ਕਮੇਟੀ ਬਣਾਉਣ ਦਾ ਵੀ ਐਲਾਨ ਕੀਤਾ ਗਿਆ ਅਤੇ ਸਿੱਖ ਪੰਥ ਅਤੇ ਪੰਜਾਬ ਨਾਲ ਸੰਬੰਧਿਤ ਕਈ ਅਹਿਮ ਮਤੇ ਵੀ ਪਾਸ ਕੀਤੇ। ਪ੍ਰਧਾਨ ਨਿਯੁਕਤ ਹੋਣ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੇ ਪੰਜ ਮੈਂਬਰੀ ਭਰਤੀ ਕਮੇਟੀ ਅਤੇ ਦੇਸ਼-ਵਿਦੇਸ਼ 'ਚ ਵੱਸਦੇ ਸਾਰੇ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਪੰਜਾਬ ਦੀ ਦਸ਼ਾ ਹਰ ਖੇਤਰ 'ਚ ਨਿੱਘਰਦੀ ਜਾ ਰਹੀ ਹੈ। ਯੂਥ ਅਵਾਜ਼ਾਰ ਹੈ, ਉਸ ਲਈ ਕੋਈ ਰਾਹ ਦਸੇਰਾ ਨਹੀਂ ਹੈ ਅਤੇ ਨਾ ਹੀ ਕੋਈ ਰਸਤਾ ਹੈ, ਜਿਸ 'ਤੇ ਤੁਰ ਕੇ ਉਹ ਆਪਣੇ ਪਰਿਵਾਰ, ਸੂਬੇ ਅਤੇ ਕੌਮ ਨੂੰ ਬੁਲੰਦੀਆਂ 'ਤੇ ਲੈ ਕੇ ਜਾ ਸਕੇ। ਸੂਬੇ ਅਤੇ ਕੌਮ ਦੇ ਆਰਥਿਕ ਹਾਲਾਤ ਵਧੀਆ ਨਹੀਂ। ਉਨ੍ਹਾਂ ਕਿਹਾ ਕਿ ਮਾਸਟਰ ਤਾਰਾ ਸਿੰਘ ਦੇ ਸਮੇਂ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਧਰਨੇ 'ਤੇ ਬੈਠਦਾ ਸੀ, ਉਸ ਦੇ ਨਾਲ ਦੇਸ਼ ਦਾ ਪ੍ਰਧਾਨ ਮੰਤਰੀ ਬੈਠ ਕੇ ਸਿੱਖਾਂ ਦੀਆਂ ਮੰਗਾਂ ਬਾਰੇ ਪੁੱਛਦਾ ਸੀ। ਮੌਜੂਦਾ ਸ਼੍ਰੋਮਣੀ ਕਮੇਟੀ ਪ੍ਰਧਾਨ ਦੋ ਸਾਲ ਤੋਂ ਪ੍ਰਧਾਨ ਮੰਤਰੀ ਤੋਂ ਮਿਲਣ ਲਈ ਸਮਾਂ ਮੰਗ ਰਿਹਾ ਹੈ, ਉਸ ਨੂੰ ਸਮਾਂ ਨਹੀਂ ਮਿਲ ਰਿਹਾ। ਉਨ੍ਹਾਂ ਕਿਹਾ ਕਿ 2 ਦਸੰਬਰ ਨੂੰ ਜੋ ਹੁਕਮਨਾਮਾ ਹੋਇਆ ਉਸ ਦਾ ਮਕਸਦ ਸਾਡੇ ਪੁਰਖਿਆਂ ਵਲੋਂ ਦਿੱਤੀ ਗਈ ਸਿਆਸੀ ਪਾਰਟੀ ਨੂੰ ਮਜ਼ਬੂਤ ਕਰਨਾ ਸੀ। ਸਾਰੇ ਧੜਿਆਂ ਨੂੰ ਆਪਣੇ ਨਾਲ ਜੁੜਨ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਤਿੰਨ ਦਹਾਕਿਆਂ ਤੋਂ ਜਿਸ ਪੰਥਕ ਰਾਜਨੀਤੀ 'ਤੇ ਇਕ ਪਰਿਵਾਰ ਦੀ ਅਜਾਰੇਦਾਰੀ ਸੀ, ਉਸ ਨੂੰ ਖ਼ਤਮ ਕਰ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਤੋਂ ਤਖ਼ਤ ਸਾਹਿਬ ਦੀ ਸੇਵਾ ਵਾਪਸ ਲਈ ਗਈ ਉਸ ਵੇਲੇ ਉਹ ਇਕੱਲੇ ਸਨ, ਅੱਜ ਉਨ੍ਹਾਂ ਨਾਲ 15 ਲੱਖ ਸੰਗਤਾਂ ਦਾ ਕਾਫ਼ਲਾ ਹੈ। ਇਸ ਦੌਰਾਨ ਉਨ੍ਹਾਂ ਪੰਜਾਬ ਸਰਕਾਰ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਸਰਕਾਰ ਤੋਂ ਬਹੁਤ ਉਮੀਦਾਂ ਸਨ ਪਰ ਉਹ ਇਨ੍ਹਾਂ ਨੂੰ ਪੂਰਿਆਂ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਕੀਤੇ ਜਾਣਗੇ ਤੇ ਕਿਸੇ ਵੀ ਕੀਮਤ 'ਤੇ ਪੰਜਾਬ ਦੇ ਕਿਸਾਨਾਂ ਦੀ ਜ਼ਮੀਨ ਖੋਹਣ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਪਹਿਲੇ ਜਥੇਦਾਰ ਨਹੀਂ ਜਿਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ ਉਨ੍ਹਾਂ ਤੋਂ ਪਹਿਲਾਂ ਵੀ ਤਖ਼ਤ ਸਾਹਿਬਾਨ ਦੇ ਜਥੇਦਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣਦੇ ਆਏ ਹਨ। ਉਨ੍ਹਾਂ ਐਲਾਨ ਕੀਤਾ ਕਿ ਉਹ ਕਿਸੇ ਵੀ ਤਰ੍ਹਾਂ ਦੀ ਪਾਰਲੀਮੈਂਟ ਜਾਂ ਵਿਧਾਨ ਸਭਾ ਦੀ ਸਿਆਸੀ ਚੋਣ ਨਹੀਂ ਲੜਨਗੇ, ਕੇਵਲ ਸਿੱਖ ਪੰਥ ਦੀ ਸੇਵਾ ਹੀ ਕਰਨਗੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਪੁਰਾਤਨ ਰਵਾਇਤ ਅਨੁਸਾਰ ਅੰਮ੍ਰਿਤਸਰ ਨੂੰ ਪਾਰਟੀ ਦੀ ਸਿਆਸੀ ਰਾਜਧਾਨੀ ਬਣਾਇਆ ਜਾਵੇਗਾ ਪਰ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਦਾ ਦਾਅਵਾ ਨਹੀਂ ਛੱਡਿਆ ਜਾਵੇਗਾ।

**ਪੰਥਕ ਕੌਂਸਲ ਦੇ ਗਠਨ ਦਾ ਫ਼ੈਸਲਾ : ਝੂੰਦਾਂ**

ਇਸ ਡੈਲੀਗੇਟ ਇਜਲਾਸ, ਜਿਸ ਦੌਰਾਨ ਕਰੀਬ ਪੌਣੇ ਪੰਜ ਸੌ ਸਟੇਟ ਡੈਲੀਗੇਟਸ ਤੇ ਵਿਸ਼ੇਸ਼ ਅੰਤ੍ਰਿਤ (ਸਪੈਸ਼ਲ ਇਨਵਾਈਟੀ) ਮੈਂਬਰਾਂ ਤੇ ਹੋਰ ਜ਼ਿਲ੍ਹਾ ਡੈਲੀਗੇਟਸ ਤੇ ਸਮਰਥਕਾਂ ਦੇ ਪੁੱਜਣ ਦਾ ਦਾਅਵਾ ਕੀਤਾ ਗਿਆ, ਦੌਰਾਨ ਮੰਚ ਸੰਚਾਲਨ ਕਰਦੇ ਹੋਏ ਪੰਜ ਮੈਂਬਰੀ ਕਮੇਟੀ ਮੈਂਬਰ ਜਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੁਨਹਿਰੀ ਇਤਿਹਾਸ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਇਹ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਪੰਥਕ ਜਮਾਤ ਸ਼੍ਰੋਮਣੀ ਅਕਾਲੀ ਦਲ ਪੂਰੀ ਤਰ੍ਹਾਂ ਸਿਆਸਤ ਦੇ ਗਲਬੇ ਵਿਚ ਜਾ ਚੁੱਕੀ ਹੈ। ਇਸ ਲਈ ਆਉਣ ਵਾਲੇ ਸਮੇਂ ਵਿਚ ਧਾਰਮਿਕ ਖੇਤਰ ਨੂੰ ਰਾਜਸੀ ਗਲਬੇ ਤੋਂ ਬਾਹਰ ਰੱਖਣ ਦੀ ਸੰਗਤ ਦੀ ਵੱਡੀ ਮੰਗ ਸੀ, ਜਿਸ ਨੂੰ ਪੂਰਾ ਕਰਦਿਆਂ ਪੰਥਕ ਕੌਂਸਲ ਗਠਿਤ ਕਰਨ ਦਾ ਫ਼ੈਸਲਾ ਕੀਤਾ ਗਿਆ, ਤਾਂ ਜੋ ਧਰਮ ਦਾ ਕੁੰਡਾ ਹਰ ਹੀਲੇ ਸਿਆਸਤ ਉਪਰ ਮਜ਼ਬੂਤ ਰਹੇ।

**ਸੁਖਬੀਰ ਦਾ ਧੜਾ ਭਗੌੜਿਆਂ ਦਾ ਧੜਾ : ਬੀਬੀ ਜਗੀਰ ਕੌਰ**

ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਇਜਲਾਸ ਤੋਂ ਪਹਿਲਾਂ ਗੱਲਬਾਤ ਕਰਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦਾ ਧੜਾ ਭਗੌੜਿਆਂ ਦਾ ਧੜਾ ਹੈ ਤੇ ਸਾਡੀ ਪਾਰਟੀ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਅਨੁਸਾਰ ਬਣੀ ਹੈ। ਉਨ੍ਹਾਂ ਸੁਖਬੀਰ ਨੂੰ ਵੀ ਸੱਦਾ ਦਿੱਤਾ ਕਿ ਆਓ ਇਕੱਠੇ ਹੋ ਕੇ ਸਿੱਖ ਪੰਥ ਤੇ ਪੰਜਾਬ ਦੀ ਸੇਵਾ ਕਰੀਏ।

**ਜਲਦ ਹੀ ਜਥੇਬੰਦਕ ਢਾਂਚਾ ਕਾਇਮ ਕੀਤਾ ਜਾਵੇਗਾ : ਗੁਰਪ੍ਰਤਾਪ ਸਿੰਘ ਵਡਾਲਾ**

ਸ: ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜੋ ਹੁਕਮਨਾਮੇ ਹੋਏ ਸਨ, ਉਸ ਦੇ ਮੁਤਾਬਿਕ ਪੰਜ ਮੈਂਬਰੀ ਕਮੇਟੀ ਨੇ ਲੱਗੀ ਸੇਵਾ ਪੂਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਸ਼੍ਰੋਮਣੀ ਅਕਾਲੀ ਦਲ ਦੇ ਸੰਵਿਧਾਨ ਅਨੁਸਾਰ ਦਲ ਦਾ ਜਥੇਬੰਦਕ ਢਾਂਚਾ ਕਾਇਮ ਕੀਤਾ ਜਾਵੇਗਾ ਤੇ ਦਲ ਦੀ ਮੈਂਬਰਸ਼ਿਪ ਭਰਤੀ ਜਾਰੀ ਰਹੇਗੀ।

**ਚੁਣੌਤੀਆਂ ਦੇ ਹੱਲ ਲਈ ਪੰਥਕ ਪਿੱਚ ਤਿਆਰ ਹੋਈ : ਪ੍ਰੇਮ ਸਿੰਘ ਚੰਦੂਮਾਜਰਾ**

ਸ: ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅੱਜ ਸਿੱਖ ਪੰਥ ਤੇ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਦੇ ਹੱਲ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਪੰਥਕ ਪਿੱਚ ਤਿਆਰ ਹੋਈ ਹੈ। ਉਨ੍ਹਾਂ ਕਿਹਾ ਕਿ ਅੱਜ ਕਿਰਤੀ ਤੇ ਸਧਾਰਨ ਸਿੱਖ ਪਰਿਵਾਰ ਨਾਲ ਸੰਬੰਧਿਤ ਸ਼ਖ਼ਸੀਅਤ ਗਿਆਨੀ ਹਰਪ੍ਰੀਤ ਸਿੰਘ ਨੂੰ ਸਰਬਸੰਮਤੀ ਨਾਲ ਪ੍ਰਧਾਨ ਬਣਾਏ ਜਾਣ ਨੇ ਇਤਿਹਾਸ ਸਿਰਜਦਿਆਂ ਇਹ ਮਿੱਥ ਵੀ ਤੋੜ ਦਿੱਤੀ ਹੈ ਕਿ ਅਕਾਲੀ ਦਲ ਜੱਟਾਂ ਦੀ ਪਾਰਟੀ ਹੈ।

**ਅੱਜ ਦੇ ਦਿਨ ਦਾ ਇਤਿਹਾਸ ਪੜਚੋਲਿਆ ਜਾਵੇਗਾ : ਬੀਬੀ ਸਤਵੰਤ ਕੌਰ**

ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਕੌਂਸਲ ਦੀ ਨਵ-ਨਿਯੁਕਤ ਚੇਅਰਪਰਸਨ ਬੀਬੀ ਸਤਵੰਤ ਕੌਰ ਨੇ ਕਿਹਾ ਕਿ ਅੱਜ ਰੌਲਾ ਕੋਈ ਅਹੁਦਿਆਂ ਜਾਂ ਕੋਈ ਸੱਤਾ ਪ੍ਰਾਪਤੀ ਦਾ ਨਹੀਂ ਹੈ, ਅੱਜ ਗੱਲ ਸਿੱਖਾਂ ਦੀ ਗਵਾਚ ਚੁੱਕੀ ਹੋਂਦ ਹਸਤੀ ਨੂੰ ਬਰਕਰਾਰ ਕਰਨ ਦੀ ਹੈ। ਸਿੱਖਾਂ 'ਚੋਂ ਜੋ ਆਪਣੀ ਲੀਡਰਸ਼ਿਪ ਪ੍ਰਤੀ ਭਰੋਸਯੋਗਤਾ ਗਵਾਚ ਗਈ ਉਸ ਦੀ ਪੁਨਰ ਸੁਰਜੀਤੀ ਦੀ ਵੀ ਵੱਡੇ ਪੱਧਰ 'ਤੇ ਲੋੜ ਹੈ। ਉਨ੍ਹਾਂ ਕਿਹਾ ਕਿ ਬਿਨਾਂ ਸ਼ੱਕ ਕਿ ਭਾਰਤ ਦੇਸ਼ 'ਚ ਰਹਿਣ ਵਾਲੇ ਹਰੇਕ ਸਿੱਖ ਦੀ ਕੌਮੀਅਤ ਵੀ ਉਸੇ ਤਰ੍ਹਾਂ ਹੀ ਭਾਰਤੀ ਹੈ ਜਿਵੇਂ ਇਥੋਂ ਦੇ ਹਿੰਦੂਆਂ, ਇਸਾਈਆਂ, ਮੁਸਲਮਾਨਾਂ ਤੇ ਹੋਰ ਧਰਮਾਂ ਦੀ ਹੈ, ਕਿਉਂਕਿ ਭਾਰਤ ਲੋਕਤੰਤਰ ਦੇਸ਼ ਹੈ। ਇਥੇ ਵਸਣ ਵਾਲੀਆਂ ਹੋਰਨਾਂ ਕੌਮਾਂ ਵਾਂਗ ਸਿੱਖ ਵੀ ਇਕ ਵਿਲੱਖਣ ਸਵਰੂਪ ਸੁਤੰਤਰ ਸੱਭਿਆਚਾਰ ਅਤੇ ਸਮੁੱਚੀ ਮਾਨਵਤਾ ਲਈ ਮਾਰਗ ਦਰਸ਼ਕ ਨਿਵੇਕਲੇ ਸਿਧਾਂਤ ਅਤੇ ਪਰੰਪਰਾਵਾਂ ਦਾ ਸੁਮੇਲ ਰੱਖਣ ਦੀ ਇਕ ਜਾਗਦੀ ਜਮੀਰ ਵਾਲੀ ਕੌਮ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ 100 ਸਾਲਾਂ ਬਾਅਦ ਵੀ ਅੱਜ ਦੇ ਦਿਨ ਦਾ ਇਤਿਹਾਸ ਪੜਚੋਲਿਆ ਜਾਵੇਗਾ।

**ਪੰਥਕ ਏਕਤਾ ਲਈ ਯਤਨ ਕੀਤੇ ਜਾਣਗੇ:**



ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮੱਥਾ ਟੇਕਦੇ ਹੋਏ ਨਵ-ਨਿਯੁਕਤ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ, ਚੇਅਰਪਰਸਨ ਬੀਬੀ ਸਤਵੰਤ ਕੌਰ। ਨਾਲ ਪ੍ਰੇਮ ਸਿੰਘ ਚੰਦੂਮਾਜਰਾ, ਮਨਪ੍ਰੀਤ ਸਿੰਘ ਇਯਾਲੀ, ਜਥੇਦਾਰ ਇਕਬਾਲ ਸਿੰਘ ਝੂੰਦਾਂ, ਜਥੇਦਾਰ ਸੰਤਾ ਸਿੰਘ ਉਮੈਦਪੁਰੀ, ਪਰਮਿੰਦਰ ਸਿੰਘ ਢੀਂਡਸਾ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਰੱਖੜਾ, ਜਸਬੀਰ ਸਿੰਘ ਘੁੰਮਣ, ਕਰਨੈਲ ਸਿੰਘ ਪੀਰ ਮੁਹੰਮਦ ਅਤੇ ਹੋਰ।

**ਮਨਪ੍ਰੀਤ ਸਿੰਘ ਇਯਾਲੀ**

ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੋ ਸੇਵਾ ਲੱਗੀ ਸੀ ਉਸ ਸੇਵਾ ਨੂੰ ਪੂਰਾ ਕੀਤਾ ਹੈ। ਇਸ ਦੌਰਾਨ ਕਈ ਕਠਿਨਾਈਆਂ ਅਤੇ ਚੁਣੌਤੀਆਂ ਵੀ ਆਈਆਂ। ਸੇਵਾ ਨਿਭਾਉਂਦੇ ਹੋਏ ਕਿਰਦਾਰਕੁਸ਼ੀ ਵੀ ਹੋਈ ਪਰ ਜਦੋਂ ਗੁਰੂ ਦੇ ਸਿਧਾਂਤ ਅਨੁਸਾਰ ਕੋਈ ਹੁਕਮ ਹੋਵੇ ਤਾਂ ਹਰ ਸਿੱਖ ਦਾ ਫਰਜ਼ ਬਣਦਾ ਹੈ ਉਸ ਨੂੰ ਸਿਰੇ ਲਗਾਉਣਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਕਿਰਪਾ ਕੀਤੀ ਜੋ ਸਾਡੀ ਪ੍ਰੀਖਿਆ ਸੀ ਉਸ 'ਚੋਂ ਪਾਸ ਹੋਏ। ਉਨ੍ਹਾਂ ਕਿਹਾ ਕਿ ਹੁਣ ਅਗਲਾ ਕੰਮ ਪੰਥਕ ਏਕਤਾ ਦਾ ਯਤਨ ਕਰਨਾ ਹੈ, ਇਸ ਦੇ ਲਈ ਉਹ ਨਿਸ਼ਕਾਮ ਸੇਵਾ ਕਰਨਗੇ।

**15 ਲੱਖ ਦੇ ਕਰੀਬ ਭਰਤੀ ਕੀਤੀ ਗਈ ਹੈ: ਭਾਈ ਗੋਬਿੰਦ ਸਿੰਘ ਲੌਂਗੋਵਾਲ**

ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਅੱਜ ਦੇ ਡੈਲੀਗੇਟ ਇਜਲਾਸ ਨੂੰ ਲੈ ਕੇ ਸਮੂਹ ਪੰਜਾਬੀਆਂ 'ਚ ਭਾਰੀ ਉਤਸ਼ਾਹ ਪਾਇਆ ਗਿਆ ਹੈ ਅਤੇ ਸਭ ਦੀਆਂ ਨਜ਼ਰਾਂ ਇਸ ਪਾਸੇ ਲੱਗੀਆਂ ਹੋਈਆਂ ਸਨ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 2 ਦਸੰਬਰ, 2024 ਨੂੰ ਹੋਏ ਆਦੇਸ਼ਾਂ ਅਨੁਸਾਰ 15 ਲੱਖ ਦੇ ਕਰੀਬ ਭਰਤੀ ਕੀਤੀ ਗਈ ਹੈ, ਹੁਣ ਪੰਥਕ ਏਕਤਾ ਲਈ ਜ਼ੋਰ ਲਗਾਇਆ ਜਾਵੇਗਾ।

**ਇਜਲਾਸ 'ਚ ਪੁੱਜੀਆਂ ਸ਼ਖ਼ਸੀਅਤਾਂ :**

ਅੱਜ ਦੇ ਇਜਲਾਸ ਵਿਚ ਪੰਜ ਮੈਂਬਰੀ ਭਰਤੀ ਕਮੇਟੀ ਮੈਂਬਰਾਂ ਤੋਂ ਇਲਾਵਾ ਸੀਨੀਅਰ ਅਕਾਲੀ ਆਗੂ ਬੀਬੀ ਜਗੀਰ ਕੌਰ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਤੇ ਪ੍ਰੋ: ਮਨਜੀਤ ਸਿੰਘ, ਸੁਰਜੀਤ ਸਿੰਘ ਰੱਖੜਾ, ਪਰਮਿੰਦਰ ਸਿੰਘ ਢੀਂਡਸਾ, ਬੀਬੀ ਕਿਰਨਜੋਤ ਕੌਰ, ਚਰਨਜੀਤ ਸਿੰਘ ਬਰਾੜ, ਐਡਵੋਕੇਟ ਜਸਬੀਰ ਸਿੰਘ ਘੁੰਮਣ, ਭਾਈ ਮਨਜੀਤ ਸਿੰਘ, ਭਾਈ ਕਰਨੈਲ ਸਿੰਘ ਪੀਰ ਮੁਹੰਮਦ, ਭਾਈ ਹਰਿਸਿਮਰਨ ਸਿੰਘ, ਮੱਖਣ ਸਿੰਘ ਬਰਾੜ, ਕਰਨੈਲ ਸਿੰਘ ਪੰਜੋਲੀ, ਜਸਵੰਤ ਸਿੰਘ ਪੁੜੈਣ, ਸੁਖਦੇਵ ਸਿੰਘ ਚੱਕ, ਅਮਰਜੀਤ ਸਿੰਘ ਮੁੱਲਾਂਪੁਰ, ਹਰਬੰਸ ਸਿੰਘ ਮੰਝਪੁਰ, ਰਘਬੀਰ ਸਿੰਘ ਰਾਜਾਸਾਂਸੀ, ਪ੍ਰੋ: ਬਲਵਿੰਦਰ ਸਿੰਘ ਜੌੜਾਸਿੰਘ, ਕੁਲਜੀਤ ਸਿੰਘ ਸਿੰਘ ਬ੍ਰਦਰਜ਼, ਕੰਵਰ ਚੜ੍ਹਤ ਸਿੰਘ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਸਤਵਿੰਦਰਪਾਲ ਸਿੰਘ ਢੱਟ, ਅਵਤਾਰ ਸਿੰਘ ਜੌਹਲ, ਪਰਮਿੰਦਰ ਸਿੰਘ ਪੰਨੂੰ, ਮਾਸਟਰ ਕੁਲਵਿੰਦਰ ਸਿੰਘ ਜੰਡ, ਜਥੇਦਾਰ ਗੁਰਜੀਵਨ ਸਿੰਘ ਸਰੌਦ ਤੇ ਗਿਆਨੀ ਅਮਰ ਸਿੰਘ ਸਮੇਤ ਹੋਰ ਸ਼ਖ਼ਸੀਅਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ। ਇਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਭਾਈ ਜਸਵੰਤ ਸਿੰਘ ਸਾਬਕਾ ਹਜ਼ੂਰੀ ਰਾਗੀ ਜਥੇ ਨੇ ਸ਼ਬਦ ਕੀਰਤਨ ਗਾਇਣ ਕੀਤਾ।

# ਸਰਬਸੰਮਤੀ ਨਾਲ ਪਾਸ ਕੀਤੇ ਮਤੇ

ਡੈਲੀਗੇਟ ਇਜਲਾਸ ਦੌਰਾਨ ਸਰਬਸੰਮਤੀ ਨਾਲ ਪਾਸ ਕੀਤੇ ਗਏ ਮਤਿਆਂ ਵਿਚ ਪਿਛਲੇ ਕੁਝ ਦਹਾਕਿਆਂ ਵਿਚ ਪੰਥਕ ਸਿਧਾਂਤਾਂ, ਸੰਸਥਾਵਾਂ ਅਤੇ ਪ੍ਰੰਪਰਾਵਾਂ ਵਿਚ ਰਾਜਸੀ ਦਖ਼ਲ ਕਾਰਨ ਆਏ ਨਿਘਾਰ ਨੂੰ ਦੂਰ ਕਰਨ ਲਈ ਪੰਥਕ ਕੌਂਸਲ ਸਥਾਪਤ ਕਰਨ ਦਾ ਮਤਾ ਪੇਸ਼ ਕੀਤਾ ਗਿਆ, ਜਿਸ ਦੀ ਸਹਿਮਤੀ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਭਵਿੱਖ ਵਿਚ ਆਪਣੇ ਸਾਰੇ ਫ਼ੈਸਲੇ ਲਵੇਗਾ। ਦੂਜੇ ਮਤੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਚੁਣੀ ਹੋਈ 31 ਮੈਂਬਰੀ ਵਰਕਿੰਗ ਕਮੇਟੀ ਹੋਵੇਗੀ ਅਤੇ ਵਰਕਿੰਗ ਕਮੇਟੀ ਦੇ 10 ਮੈਂਬਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਨਾਮਜ਼ਦ ਕਰਨ ਦਾ ਅਧਿਕਾਰ ਹੋਵੇਗਾ।

ਤੀਜੇ ਮਤੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦਾ ਚੁਣਿਆ ਹੋਇਆ ਪ੍ਰਧਾਨ ਪਾਰਟੀ ਦੀ ਜਥੇਬੰਦਕ ਚੋਣ ਤੋਂ ਇਲਾਵਾ ਵਿਧਾਨ ਸਭਾ ਤੇ ਲੋਕ ਸਭਾ ਦੀ ਚੋਣ ਨਹੀਂ ਲੜੇਗਾ। ਪ੍ਰਧਾਨ ਦਾ ਕਾਰਜਕਾਲ ਤਿੰਨ ਸਾਲ ਦਾ ਹੋਵੇਗਾ ਉਹ ਲਗਾਤਾਰ ਛੇ ਸਾਲ (ਤਿੰਨ-ਤਿੰਨ ਸਾਲ ਦੀਆਂ ਦੋ ਟਰਮਾਂ) ਜਾਂ ਵਕਫ਼ਾ ਪਾ ਕੇ ਦੁਬਾਰਾ ਇਕ ਟਰਮ ਹੀ ਚੋਣ ਲੜ ਸਕੇਗਾ। ਪ੍ਰਧਾਨ ਜੇਕਰ ਚੋਣ ਲੜਨਾ ਚਾਹੁੰਦਾ ਹੈ ਤਾਂ ਘੱਟ ਤੋਂ ਘੱਟ ਇਕ ਸਾਲ ਪਹਿਲਾਂ ਉਸ ਨੂੰ ਪ੍ਰਧਾਨਗੀ ਦਾ ਅਹੁਦਾ ਛੱਡਣਾ ਪਵੇਗਾ। ਚੌਥੇ ਮਤੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਵਲੋਂ 2022 ਦੀਆਂ ਚੋਣਾਂ ਤੋਂ ਬਾਅਦ ਪਾਰਟੀ ਦੇ ਰਾਜਸੀ ਨਿਘਾਰ ਦੇ ਕਾਰਨਾਂ ਦੀ ਜਾਂਚ ਸੰਬੰਧੀ ਬਣੀ 'ਝੂੰਦਾਂ ਕਮੇਟੀ' ਦੀਆਂ ਸਿਫ਼ਾਰਸ਼ਾਂ ਨੂੰ ਇੰਨਬਿੰਨ ਲਾਗੂ ਕੀਤਾ ਜਾਵੇਗਾ। ਪੰਜਵੇਂ ਮਤੇ ਅਨੁਸਾਰ ਪਾਰਟੀ ਦਾ ਡੈਲੀਗੇਟ ਹਾਊਸ ਚੁਣਨ ਲਈ ਮੈਂਬਰਸ਼ਿਪ ਭਰਤੀ ਛੇ ਸਾਲ ਬਾਅਦ ਹੋਵੇਗੀ ਅਤੇ ਡੈਲੀਗੇਟ ਇਜਲਾਸ ਛੇ ਸਾਲ ਤੱਕ ਕਾਰਜਸ਼ੀਲ ਰਹੇਗਾ। ਸ਼੍ਰੋਮਣੀ ਅਕਾਲੀ ਦਲ ਦੀ ਖੁੱਲੀ ਭਰਤੀ ਹਮੇਸ਼ਾ ਚਾਲੂ ਰਹੇਗੀ ਅਤੇ ਮੈਂਬਰ ਬਣਨ 'ਤੇ ਕੋਈ ਪਾਬੰਦੀ ਨਹੀਂ ਹੋਵੇਗੀ। ਇਕ ਹੋਰ ਮਤੇ ਅਨੁਸਾਰ ਦਲ ਦਾ ਇਕ ਸਾਲ ਵਿਚ ਇਕ ਡੈਲੀਗੇਟ ਇਜਲਾਸ ਬੁਲਾਉਣਾ ਲਾਜ਼ਮੀ ਹੋਵੇਗਾ ਤੇ ਉਸ ਸਮੇਂ ਦੌਰਾਨ ਪਾਰਟੀ ਦੀ ਕਾਰਜਸ਼ੈਲੀ ਦਾ ਮੁਲਾਂਕਣ ਵੀ ਕੀਤਾ ਜਾਵੇਗਾ। ਹੋਰ ਮਤੇ ਅਨੁਸਾਰ ਇਕ ਪਰਿਵਾਰ ਨੂੰ ਇਕ ਅਹੁਦਾ ਮਿਲੇਗਾ ਤੇ ਇਕ ਪਰਿਵਾਰ ਇਕ ਟਿਕਟ ਦਾ ਹੱਕਦਾਰ ਹੋਵੇਗਾ। ਉਮੀਦਵਾਰ ਦੀ ਚੋਣ ਲਈ ਪਾਰਟੀ ਦਾ ਪਾਰਲੀਮੈਂਟਰੀ ਬੋਰਡ ਬਣਾਇਆ ਜਾਵੇਗਾ, ਜੋ ਚੇਅਰਮੈਨ ਅਤੇ ਕੋ-ਚੇਅਰਮੈਨ ਸਮੇਤ ਸੱਤ ਜਾਂ ਨੌਂ ਮੈਂਬਰੀ ਹੋਵੇਗਾ, ਜਿਸ ਦੀਆਂ ਸਿਫ਼ਾਰਸ਼ਾਂ ਅਤੇ ਸਹਿਮਤੀ ਨਾਲ ਪਾਰਟੀ ਪ੍ਰਧਾਨ ਫ਼ੈਸਲਾ ਲਵੇਗਾ। ਹੋਰ ਮਤਿਆਂ ਅਨੁਸਾਰ ਪੰਜਾਬ ਅਤੇ ਪੰਜਾਬ ਤੋਂ ਬਾਹਰ ਵਿੱਦਿਅਕ ਅਦਾਰਿਆਂ ਵਿਚ ਨੌਜਵਾਨਾਂ ਵਿਚ ਪਤਿਤਪੁਣਾ ਦੂਰ ਕਰਨ ਅਤੇ ਪੰਥਪ੍ਰਸਤੀ ਦੀ ਭਾਵਨਾ ਪੈਦਾ ਕਰਨ ਲਈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਪੁਨਰ ਸੁਰਜੀਤ ਕੀਤਾ ਜਾਵੇਗਾ। ਯੂਥ ਵਿੰਗ ਦੇ ਪ੍ਰਧਾਨ ਲਈ ਉਮਰ ਸੀਮਾ 37 ਸਾਲ ਹੋਵੇਗੀ, ਨੌਜਵਾਨ ਅਤੇ ਇਸਤਰੀ ਵਰਗ ਨੂੰ ਵਿਧਾਨ ਸਭਾ, ਲੋਕ ਸਭਾ ਅਤੇ ਪਾਰਟੀ ਦੇ ਹਰ ਪਲੇਟਫਾਰਮ ਤੇ ਯੋਗ ਨੁਮਾਇੰਦਗੀ ਦਿੱਤੀ ਜਾਵੇਗੀ। ਵਿਧਾਨ ਸਭਾ ਤੇ ਲੋਕ ਸਭਾ ਚੋਣ ਲੜਨ ਵਾਲੇ ਉਮੀਦਵਾਰਾਂ (ਜੇਕਰ ਸਿੱਖ ਧਰਮ ਨਾਲ ਸੰਬੰਧਿਤ ਹੋਣ) ਦਾ ਕੇਸਾਧਾਰੀ ਹੋਣਾ ਜ਼ਰੂਰੀ ਹੋਵੇਗਾ। ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜਨਰਲ ਸਕੱਤਰ ਦਾ ਅਹੁਦਾ ਹੋਵੇਗਾ। ਇਹ ਵੀ ਮਤਾ ਪਾਸ ਕੀਤਾ ਗਿਆ ਕਿ ਸ਼੍ਰੋਮਣੀ ਕਮੇਟੀ ਦਾ ਮੈਂਬਰ ਕੋਈ ਵੀ ਰਾਜਸੀ ਚੋਣ ਨਹੀਂ ਲੜੇਗਾ। ਬੰਦੀ ਸਿੰਘਾਂ ਦੀ ਰਿਹਾਈ ਲਈ ਪੰਥ ਵਲੋਂ ਠੋਸ ਉਪਰਾਲੇ ਕੀਤੇ ਜਾਣਗੇ ਤੇ ਰਾਸ਼ਟਰਪਤੀ ਤੱਕ ਪਹੁੰਚ ਕੀਤੀ ਜਾਵੇਗੀ। ਕਰਤਾਰਪੁਰ ਸਾਹਿਬ ਦੇ ਬੰਦ ਲਾਂਘੇ ਨੂੰ ਖੋਲ੍ਹਣ ਅਤੇ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਾ ਸਾਹਿਬਾਨ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਲਈ ਯਤਨ ਕਰਨਗੇ। ਬੰਦੀ ਸਿੰਘਾਂ ਦੀ ਰਿਹਾਈ ਅਤੇ ਗਲਤ ਲਗਾਈਆਂ ਐੱਨ. ਐੱਸ. ਏ. ਤੋੜਨ ਲਈ ਹਰ ਹੀਲਾ ਵਰਤਿਆ ਜਾਵੇਗਾ।

# ਗਿਆਨੀ ਹਰਪ੍ਰੀਤ ਸਿੰਘ ਦੇ ਜੀਵਨ 'ਤੇ ਇਕ ਝਾਤ



ਸ੍ਰੀ ਮੁਕਤਸਰ ਸਾਹਿਬ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਗਿਆ ਹੈ। ਉਹ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਨਾਲ ਸੰਬੰਧਿਤ ਹਨ ਤੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ (ਸ੍ਰੀ ਦਰਬਾਰ ਸਾਹਿਬ) ਸ੍ਰੀ ਮੁਕਤਸਰ ਸਾਹਿਬ ਵਿਖੇ ਉਨ੍ਹਾਂ ਕਥਾਵਾਚਕ ਤੇ ਹੈੱਡ ਗ੍ਰੰਥੀ ਵਜੋਂ ਲਗਾਤਾਰ 17 ਸਾਲ ਸੇਵਾਵਾਂ ਨਿਭਾਈਆਂ। ਆਪ ਦਾ ਜਨਮ ਪਿਤਾ ਰਣਜੀਤ ਸਿੰਘ ਦੇ ਘਰ ਮਾਤਾ ਹਰਭਜਨ ਕੌਰ ਦੀ ਕੁੱਖੋਂ 3 ਮਈ 1972 ਨੂੰ ਸਿੱਖ ਮੁਹੱਲੇ ਗਿੱਦੜਬਾਹਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਇਕ ਸਧਾਰਨ ਪਰਿਵਾਰ ਵਿਚ ਹੋਇਆ। ਆਪ ਨੇ ਪੜ੍ਹਾਈ ਮਗਰੋਂ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬੋ ਤੋਂ ਤਿੰਨ ਸਾਲਾਂ ਪ੍ਰਚਾਰਕ ਡਿਪਲੋਮਾ ਕੀਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਇਕ ਸਾਲਾ ਧਾਰਮਿਕ ਅਧਿਆਪਕ ਦਾ ਡਿਪਲੋਮਾ (ਇਨ ਡਿਵੀਨਿਟੀ) ਕੀਤਾ। ਯੂਨੀਵਰਸਿਟੀ ਵਿਚੋਂ ਹੀ ਐੱਮ.ਏ. ਧਰਮ ਅਧਿਐਨ ਪਹਿਲੇ ਦਰਜੇ ਵਿਚ ਪਾਸ ਕੀਤੀ। ਇਸ ਮਗਰੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਪਵਿੱਤਰ ਕੁਰਾਨ ਵਿਚ ਪਰਮ ਸੱਤ ਦੇ ਵਿਸ਼ੇਸ਼ਣੀ ਨਾਵਾਂ ਦਾ ਦਾਰਸ਼ਨਿਕ ਅਧਿਐਨ ਵਿਸ਼ੇ 'ਤੇ ਖੋਜ ਕਾਰਜ ਕਰ ਰਹੇ ਹਨ। ਆਪ ਵਲੋਂ ਪਵਿੱਤਰ ਕੁਰਾਨ ਸ਼ਰੀਫ਼ ਦਾ ਪੰਜਾਬੀ ਅਨੁਵਾਦ ਕੀਤਾ ਗਿਆ, ਜਿਸ ਨੂੰ ਨਵੀਂ ਦਿੱਲੀ ਦੇ ਗੁੱਡਵਰਡ ਪ੍ਰਕਾਸ਼ਨ ਵਲੋਂ 2011 ਵਿਚ ਪ੍ਰਕਾਸ਼ਿਤ ਕਰਕੇ ਵੱਡੀ ਗਿਣਤੀ ਵਿਚ ਵੰਡਿਆ ਗਿਆ। ਜੇਕਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਧਾਰਮਿਕ ਖੇਤਰ ਵਿਚ ਸੇਵਾਵਾਂ ਦਾ ਜ਼ਿਕਰ ਕਰੀਏ, ਤਾਂ ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ 2 ਸਾਲ ਬਤੌਰ ਕਥਾਵਾਚਕ ਸਿੱਖੀ ਪ੍ਰਚਾਰ ਦੀ ਸੇਵਾ ਨਿਭਾਈ। ਇਸ ਉਪਰੰਤ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਵਿਖੇ ਜੁਲਾਈ 1999 ਤੋਂ ਅਪ੍ਰੈਲ 2017 ਤੱਕ ਬਤੌਰ ਹੈੱਡ ਗ੍ਰੰਥੀ/ ਕਥਾਵਾਚਕ ਲਗਾਤਾਰ 17 ਸਾਲ ਸੇਵਾਵਾਂ ਨਿਭਾਈਆਂ। ਉਨ੍ਹਾਂ ਆਪਣੀ ਰਿਹਾਇਸ਼ ਵੀ ਸ੍ਰੀ ਮੁਕਤਸਰ ਸਾਹਿਬ ਵਿਖੇ ਹੀ ਰੱਖੀ। ਇਸ ਮਗਰੋਂ ਸਿੱਖ ਪੰਥ ਦੇ ਪਾਵਨ ਤਖ਼ਤ ਸ੍ਰੀ ਦਮਦਮਾ ਸਾਹਿਬ ਗੁਰੂ ਕਾਸ਼ੀ ਤਲਵੰਡੀ ਸਾਬੋ ਵਿਖੇ ਬਤੌਰ ਜਥੇਦਾਰ ਸਾਲ 2017 ਤੋਂ 2024 ਤੱਕ ਸੇਵਾਵਾਂ ਨਿਭਾਈਆਂ। ਇਸ ਉਪਰੰਤ ਸਿੱਖ ਪੰਥ ਦੇ ਸਰਵਉੱਚ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 22 ਅਕਤੂਬਰ 2018 ਤੋਂ 2024 ਤੱਕ ਕਾਰਜਕਾਰੀ ਜਥੇਦਾਰ ਵਜੋਂ ਸੇਵਾਵਾਂ ਨਿਭਾਈਆਂ। ਆਪ ਸ਼ੁਰੂ ਤੋਂ ਹੀ ਸਿੱਖੀ ਦੇ ਪ੍ਰਚਾਰ ਲਈ ਸਰਗਰਮ ਰਹੇ ਤੇ ਸ੍ਰੀ ਮੁਕਤਸਰ ਸਾਹਿਬ ਇਲਾਕੇ ਵਿਚ ਸੀਮਤ ਸਾਧਨਾਂ ਰਾਹੀਂ ਪਿੰਡਾਂ ਤੱਕ ਜਾ ਕੇ ਧਰਮ ਦਾ ਪ੍ਰਚਾਰ ਕਰਦੇ ਰਹੇ ਹਨ। ਇਨ੍ਹਾਂ ਦੇ ਪੁਰਖਿਆਂ ਦਾ ਪਿਛੋਕੜ ਪਿੰਡ ਹੁਸਨਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਦੇ ਪਿਤਾ ਰਣਜੀਤ ਸਿੰਘ ਪਹਿਲਾਂ ਮਜ਼ਦੂਰੀ ਕਰਦੇ ਸਨ, ਇਸ ਉਪਰੰਤ ਖੱਡੀ ਬੁਣਨ (ਖੇਸ ਬਣਾਉਣ) ਦਾ ਕੰਮ ਕਰਦੇ ਰਹੇ ਹਨ, ਪਰ ਦਸਵੀਂ ਪਾਸ ਹੋਣ ਕਾਰਨ ਉਨ੍ਹਾਂ ਸ੍ਰੀ ਮੁਕਤਸਰ ਸਾਹਿਬ ਤੋਂ ਬਾਅਦ ਵਿਚ ਸੰਥਿਆ ਲੈ ਕੇ ਗ੍ਰੰਥੀ ਬਣੇ। ਗਿਆਨੀ ਹਰਪ੍ਰੀਤ ਸਿੰਘ ਦਾ ਇਕ ਹੋਰ ਭਰਾ ਤੇ ਭੈਣ ਹੈ, ਜੋ ਵਿਆਹੇ ਹੋਏ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਪਰਿਵਾਰ ਦੀ ਆਰਥਿਕ ਪੱਖੋਂ ਕਮਜ਼ੋਰ ਹਾਲਤ ਵਿਚ ਹੀ ਦਸਵੀਂ ਪਾਸ ਕੀਤੀ। ਬਾਅਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਲੈ ਕੇ ਪਾਠੀ ਬਣੇ ਤੇ ਉਸ ਦੀ ਭੇਟਾ ਨਾਲ ਫ਼ੀਸ ਭਰ ਕੇ 10+2 ਪਾਸ ਕੀਤੀ। ਇਸ ਤੋਂ ਬਾਅਦ ਅਗਲੇਰੀ ਪੜ੍ਹਾਈ ਕੀਤੀ। ਗਿਆਨੀ ਹਰਪ੍ਰੀਤ ਸਿੰਘ ਦੇ ਧਰਮਪਤਨੀ ਬੀਬੀ ਰਵਿੰਦਰ ਕੌਰ ਹਨ, ਜੋ ਘਰੇਲੂ ਕੰਮਕਾਜ ਸੰਭਾਲਦੇ ਹਨ। ਕੁਝ ਸਮਾਂ ਪਹਿਲਾਂ ਹੀ ਗਿਆਨੀ ਹਰਪ੍ਰੀਤ ਸਿੰਘ ਨੇ ਬਠਿੰਡਾ ਵਿਖੇ ਰਿਹਾਇਸ਼ ਕੀਤੀ ਹੈ।

# ਸ੍ਰੀ ਮੁਕਤਸਰ ਸਾਹਿਬ ਵਿਖੇ ਲੰਮਾ ਸਮਾਂ ਰਹੇ ਹਨ ਬੀਬੀ ਸਤਵੰਤ ਕੌਰ



ਸ੍ਰੀ ਮੁਕਤਸਰ ਸਾਹਿਬ : ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਨੂੰ ਡੈਲੀਗੇਟ ਇਜਲਾਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਪੰਥਕ ਕੌਂਸਲ ਦੀ ਚੇਅਰਪਰਸਨ ਬਣਾਇਆ ਗਿਆ ਹੈ। ਉਨ੍ਹਾਂ ਦਾ ਜਨਮ ਪਿੰਡ ਭੂਰਾ ਕੋਹਨਾ ਤਹਿਸੀਲ ਪੱਟੀ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ, ਪਰ ਉਸ ਸਮੇਂ ਦੇ ਹਾਲਾਤਾਂ ਦੌਰਾਨ ਇਹ ਪਰਿਵਾਰ ਸੰਨ 1981 ਵਿਚ ਪਿੰਡ ਝੀਂਡਵਾਲਾ (ਸ੍ਰੀ ਮੁਕਤਸਰ ਸਾਹਿਬ) ਵਿਖੇ ਰਹਿਣ ਲੱਗਿਆ। ਬੀਬੀ ਸਤਵੰਤ ਕੌਰ ਦੇ ਮਾਸੜ ਭਾਈ ਕੁਲਦੀਪ ਸਿੰਘ ਝੀਂਡਵਾਲਾ ਨੇ ਦੱਸਿਆ ਕਿ ਬਾਅਦ ਵਿਚ ਸ੍ਰੀ ਦਰਬਾਰ ਸਾਹਿਬ ਦੇ ਗੁਰਦੁਆਰਾ ਤੰਬੂ ਸਾਹਿਬ ਨੇੜੇ ਸ੍ਰੀ ਮੁਕਤਸਰ ਸਾਹਿਬ ਵਿਖੇ ਭਾਈ ਅਮਰੀਕ ਸਿੰਘ ਦੇ ਪਰਿਵਾਰ ਨੇ ਸੰਨ 1985 ਵਿਚ ਰਿਹਾਇਸ਼ ਕੀਤੀ। ਭਾਈ ਅਮਰੀਕ ਸਿੰਘ ਦੀ ਸ਼ਹੀਦੀ ਮਗਰੋਂ ਉਨ੍ਹਾਂ ਦੀ ਪਤਨੀ ਬੀਬੀ ਹਰਮੀਤ ਕੌਰ ਨੇ ਆਪਣੀਆਂ ਸਪੁੱਤਰੀਆਂ ਸਤਵੰਤ ਕੌਰ, ਪਰਮਜੀਤ ਕੌਰ ਤੇ ਸਪੁੱਤਰ ਤਰਲੋਚਨ ਸਿੰਘ ਨੂੰ ਉੱਚ ਵਿਦਿਆ ਹਾਸਿਲ ਕਰਵਾਈ। ਬੀਬੀ ਸਤਵੰਤ ਕੌਰ ਨੇ ਦਸਵੀਂ ਤੱਕ ਪੜ੍ਹਾਈ ਸੇਂਟ ਸੋਲਜ਼ਰ ਸਕੂਲ ਸ੍ਰੀ ਮੁਕਤਸਰ ਸਾਹਿਬ ਤੋਂ ਕੀਤੀ ਤੇ ਉੱਚ ਵਿਦਿਆ ਫ਼ਿਰੋਜ਼ਪੁਰ ਤੋਂ ਹਾਸਿਲ ਕੀਤੀ। ਆਪ ਦੇ ਵਿਆਹ ਦੀਆਂ ਰਸਮਾਂ ਵੀ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਈਆਂ। ਬੀਬੀ ਸਤਵੰਤ ਕੌਰ ਦੇ ਦਾਦਾ ਸੰਤ ਕਰਤਾਰ ਸਿੰਘ ਖ਼ਾਲਸਾ ਭਿੰਡਰਾਂਵਾਲੇ ਕੁਝ ਸਮਾਂ ਸ੍ਰੀ ਮੁਕਤਸਰ ਸਾਹਿਬ ਵਿਖੇ ਪਟਵਾਰੀ ਵਜੋਂ ਨੌਕਰੀ ਕਰਦੇ ਰਹੇ, ਪਰ ਥੋੜ੍ਹੇ ਚਿਰ ਬਾਅਦ ਹੀ ਸੰਤ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਕੋਲ ਚਲੇ ਗਏ ਤੇ ਧਾਰਮਿਕ ਵਿਦਿਆ ਗ੍ਰਹਿਣ ਕਰਨ ਉਪਰੰਤ ਸਿੱਖੀ ਦੇ ਪ੍ਰਚਾਰ ਵਿਚ ਲੱਗ ਗਏ। ਬੀਬੀ ਸਤਵੰਤ ਕੌਰ ਦੇ ਭਰਾ ਤਰਲੋਚਨ ਸਿੰਘ ਪਹਿਲਾਂ ਪਿੰਡ ਭੁੱਟੀਵਾਲਾ (ਸ੍ਰੀ ਮੁਕਤਸਰ ਸਾਹਿਬ) ਵਿਖੇ ਕੰਪਿਊਟਰ ਟੀਚਰ ਵਜੋਂ ਕੁਝ ਸਮਾਂ ਨੌਕਰੀ ਕਰਦੇ ਰਹੇ ਹਨ, ਪਰ ਹੁਣ ਮਾਤਾ ਹਰਮੀਤ ਕੌਰ ਸਮੇਤ ਪਰਿਵਾਰ ਅਮਰੀਕਾ ਵਿਖੇ ਰਹਿੰਦੇ ਹਨ। ਸ੍ਰੀ ਮੁਕਤਸਰ ਸਾਹਿਬ ਵਿਖੇ ਇਨ੍ਹਾਂ ਦਾ ਘਰ ਮੌਜੂਦ ਹੈ। ਬੀਬੀ ਸਤਵੰਤ ਕੌਰ ਸ਼ੁਰੂ ਤੋਂ ਹੀ ਪਰਿਵਾਰ ਦੇ ਧਾਰਮਿਕ ਮਾਹੌਲ ਕਾਰਨ ਸਿੱਖੀ ਨਾਲ ਜੁੜ ਗਏ ਤੇ ਧਾਰਮਿਕ ਖੇਤਰ ਵਿਚ ਡੂੰਘੀ ਪਕੜ ਰੱਖਦੇ ਹਨ। ਪੰਜ ਮੈਂਬਰੀ ਕਮੇਟੀ ਵਿਚ ਉਹ ਸਰਗਰਮੀ ਨਾਲ ਪਿਛਲੇ ਸਮੇਂ 'ਚ ਵਿਚਰਦੇ ਰਹੇ ਤੇ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸਰਜੀਤੀ ਲਈ ਯੋਗਦਾਨ ਪਾਇਆ। ਆਪ ਡਾਇਰੈਕਟਰ ਐਜੂਕੇਸ਼ਨ (ਸਕੂਲਜ਼) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੀ ਸੇਵਾਵਾਂ ਨਿਭਾ ਰਹੇ ਹਨ।

# ਤਖਤਾਂ ਦੇ ਜਥੇਦਾਰ ਸਾਹਿਬਾਨ ਜੋ ਰਾਜਨੀਤੀ ਵਿਚ ਆਏ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ



1. ਜਥੇਦਾਰ ਤੇਜਾ ਸਿੰਘ ਅਕਰਪੁਰੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ ਬਾਅਦ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ। ਪਹਿਲੀ ਸਰਬਹਿੰਦ ਅਕਾਲੀ ਕਾਨਫਰੰਸ 20-21 ਫਰਵਰੀ 1940 ਨੂੰ ਜਥੇਦਾਰ ਤੇਜਾ ਸਿੰਘ ਅਕਰਪੁਰੀ ਦੀ ਪ੍ਰਧਾਨਗੀ ਹੇਠ ਹੋਈ ਉਸ ਸਮੇਂ ਆਪ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਨ। ਇਸੇ ਕਾਨਫਰੰਸ ਦੇ ਸਮੇਂ ਅਕਾਲ ਰੈਜਮੈਂਟ ਦੀ ਸਥਾਪਨਾ ਕੀਤੀ ਗਈ।
2. ਗਿ. ਗੁਰਮੁਖ ਸਿੰਘ ਮੁਸਾਫਿਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ ਜੋ ਬਾਅਦ ਵਿਚ ਸਭਾ ਸਭਾ ਦੇ ਮੈਂਬਰ ਅਤੇ 1 ਨਵੰਬਰ 1966 ਈ. ਨੂੰ ਪੰਜਾਬ ਦੇ ਮੁੱਖ ਮੰਤਰੀ ਬਣੇ।
3. ਜਥੇਦਾਰ ਊਧਮ ਸਿੰਘ ਨਾਗੋਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ ਜੋ ਬਾਅਦ ਵਿਚ ਸ਼੍ਰੋ. ਗੁ. ਪ੍ਰ. ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ।
4. ਜਥੇਦਾਰ ਅੱਛਰ ਸਿੰਘ ਜੀ ਜੋ ਸ੍ਰੀ ਅਕਾਲ ਤਖਤ ਸਾਹਿਬ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਨ ਜੋ ਬਾਅਦ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ ਅਤੇ ਕਰਨਾਲ ਵਾਲੀ ਸਰਬਹਿੰਦ ਅਕਾਲੀ ਕਾਨਫਰੰਸ ਜਥੇਦਾਰ ਅੱਛਰ ਸਿੰਘ ਜੀ ਦੀ ਪ੍ਰਧਾਨਗੀ ਸਮੇਂ ਹੋਈ।
5. ਸਿੰਘ ਸਾਹਿਬ ਗਿ. ਭੁਪਿੰਦਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਗ੍ਰੰਥੀ ਸਨ ਜੋ ਬਾਅਦ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ। ਆਪ ਜੀ ਰਾਜ ਸਭਾ ਦੇ ਵੀ ਮੈਂਬਰ ਸਨ।
6. ਜਥੇਦਾਰ ਮੋਹਣ ਸਿੰਘ ਤੁੜ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ ਜੋ ਬਾਅਦ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ। ਆਪ ਜੀ ਲੋਕ ਸਭਾ ਦੇ ਮੈਂਬਰ ਵੀ ਚੁਣੇ ਗਏ ਸਨ।
7. ਸੰਤ ਹਰਚੰਦ ਸਿੰਘ ਲੌਂਗੋਵਾਲ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਨ ਜੋ ਬਾਅਦ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ। ਆਪ ਐਮਰਜੈਂਸੀ ਮੋਰਚੇ ਸਮੇਂ ਅਤੇ ਧਰਮ ਯੁੱਧ ਮੋਰਚੇ ਸਮੇਂ ਮੋਰਚਾ ਡਿਕਟੇਟਰ ਸਨ।

**ਹਰਵਿੰਦਰ ਸਿੰਘ ਖ਼ਾਲਸਾ, ਬਠਿੰਡਾ**
**98155-33725**

# ਗਿਆਨੀ ਹਰਪ੍ਰੀਤ ਸਿੰਘ ਨੇ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਸਾਜ਼ਿਸ਼ ਰਚੀ : ਸੁਖਬੀਰ ਬਾਦਲ



ਪਟਿਆਲਾ : ਗਿਆਨੀ ਹਰਪ੍ਰੀਤ ਸਿੰਘ ਨੇ 2 ਦਸੰਬਰ 2024 ਦੇ ਉਸ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਵੱਖ-ਵੱਖ ਧੜੇ ਬਣਾਉਣ ਵਿਰੁੱਧ ਹੁਕਮ ਜਾਰੀ ਕੀਤਾ ਗਿਆ ਸੀ। ਸਾਰੀ ਦੁਨੀਆਂ ਜਾਣਦੀ ਹੈ ਕਿ ਹਰਪ੍ਰੀਤ ਸਿੰਘ ਨੇ ਸਿੱਖ ਵਿਰੋਧੀ ਤੇ ਪੰਜਾਬ ਵਿਰੋਧੀ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਖ਼ਾਲਸਾ ਪੰਥ, ਪੰਜਾਬ ਤੇ ਅਕਾਲੀ ਦਲ ਨੂੰ ਵੰਡਣ ਤੇ ਕਮਜ਼ੋਰ ਕਰਨ ਦੀ ਸਾਜ਼ਿਸ਼ ਰਚੀ ਹੈ। ਇਹ ਪ੍ਰਗਟਾਵਾ ਸੁਖਬੀਰ ਸਿੰਘ ਬਾਦਲ ਨੇ ਪਟਿਆਲਾ ਵਿਖੇ ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਸੂਬਾ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਵਿਰੁੱਧ ਪੁੱਡਾ ਦਫ਼ਤਰ ਸਾਹਮਣੇ ਵਿਸ਼ਾਲ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਕੀਤਾ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਮੈਨੂੰ ਤੇ ਅਕਾਲੀ ਲੀਡਰਸ਼ਿਪ ਨੂੰ ਇਕ ਸੋਚੀ ਸਮਝੀ ਸਾਜ਼ਿਸ਼ ਤਹਿਤ ਤਲਬ ਕੀਤਾ ਸੀ ਤਾਂ ਜੋ ਮੈਨੂੰ ਪੰਥ ਵਿਚੋਂ ਛੇਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਮਕਸਦ ਦੀ ਪੂਰਤੀ ਵਾਸਤੇ ਇਕ ਸਾਜ਼ਿਸ਼ ਅਧੀਨ ਸ਼ਿਕਾਇਤ ਮੰਗਵਾਈ ਗਈ। ਉਨ੍ਹਾਂ ਕਿਹਾ ਕਿ ਜਦੋਂ ਮਾਮਲਾ ਅਕਾਲੀ ਦਲ ਦੇ ਨੋਟਿਸ ਵਿਚ ਆਇਆ ਤਾਂ ਲੀਡਰਸ਼ਿਪ ਨੇ ਫ਼ੈਸਲਾ ਕੀਤਾ ਕਿ ਜਦੋਂ ਸ੍ਰੀ ਅਕਾਲ ਤਖ਼ਤ ਨੇ ਹੀ ਪ੍ਰਧਾਨ ਨੂੰ ਤਲਬ ਕਰ ਲਿਆ ਹੈ ਤਾਂ ਕੋਈ ਦਲੀਲਬਾਜ਼ੀ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਇਸੇ ਵਾਸਤੇ ਅਸੀਂ ਸਰਕਾਰ, ਪਾਰਟੀ ਜਾਂ ਕਿਸੇ ਵੀ ਅਫ਼ਸਰ ਵਲੋਂ ਕੀਤੀ ਗ਼ਲਤੀ ਦਾ ਦੋਸ਼ ਆਪਣੇ ਸਿਰ ਲੈ ਲਿਆ। ਉਨ੍ਹਾਂ ਸਪਸ਼ਟ ਤੌਰ 'ਤੇ ਕਿਹਾ ਕਿ ਉਹ ਹਮੇਸ਼ਾਂ ਪੰਥ ਦੇ ਸਿਧਾਂਤਾਂ ਲਈ ਡਟੇ ਰਹਿਣਗੇ। ਇਸ ਮੌਕੇ ਉਨ੍ਹਾਂ ਸੂਬਾ ਸਰਕਾਰ 'ਤੇ ਵਰ੍ਹਦਿਆਂ ਆਖਿਆ ਕਿ ਕੇਜਰੀਵਾਲ, ਭਗਵੰਤ ਸਿੰਘ ਮਾਨ ਰਾਹੀਂ ਮੋਟੀ ਕਮਾਈ ਕਰਨ ਲਈ ਪੰਜਾਬ ਦੀ ਜ਼ਮੀਨ ਬਾਹਰਲੇ ਬਿਲਡਰਾਂ ਨੂੰ ਲੁਟਾਉਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਹਮੇਸ਼ਾ ਪੰਜਾਬ ਦੇ ਲੋਕਾਂ ਅਤੇ ਪੰਜਾਬ ਦੇ ਹਿਤਾਂ ਲਈ ਡੱਟ ਕੇ ਪਹਿਰਾ ਦਿੰਦਾ ਰਿਹਾ ਹੈ ਤੇ ਉਹ ਸੂਬਾ ਸਰਕਾਰ ਤੇ ਕੇਜਰੀਵਾਲ ਦੀ ਲੈਂਡ ਪੂਲਿੰਗ ਨੀਤੀ ਰਾਹੀਂ ਜ਼ਮੀਨ ਹੜੱਪਣ ਦੀ ਸਾਜ਼ਿਸ਼ ਨੂੰ ਕਦੇ ਕਾਮਯਾਬ ਨਹੀਂ ਹੋਣ ਦੇਣਗੇ। ਉਨ੍ਹਾਂ ਮੁੜ ਦੁਹਰਾਇਆ ਕਿ 2027 ਵਿਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਐਕਵਾਇਰ ਕੀਤੀ ਗਈ ਜ਼ਮੀਨ, ਅਸਲ ਮਾਲਕਾਂ ਨੂੰ ਮੁੜ ਵਾਪਸ ਦਿੱਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਝਾਤ ਮਾਰਨ ਤੇ ਵੇਖਣ ਕਿ ਸੂਬੇ ਵਿਚ ਖੇਤੀਬਾੜੀ ਮੰਡੀਆਂ ਦੀ ਸਥਾਪਨਾ, ਸਿੰਜਾਈ ਸਹੂਲਤਾਂ ਦੀ ਸਥਾਪਨਾ ਜਾਂ ਮੁਫ਼ਤ ਬਿਜਲੀ, ਆਟਾ ਦਾਲ, ਸ਼ਗਨ ਜਾਂ ਬੁਢਾਪਾ ਪੈਨਸ਼ਨ ਵਰਗੀਆਂ ਸਕੀਮਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਦੇਣ ਹਨ। ਉਨ੍ਹਾਂ ਕਿਹਾ ਕਿ ਦੂਜੇ ਪਾਸੇ ਕਾਂਗਰਸ ਤੇ 'ਆਪ' ਸਰਕਾਰ ਕੋਲ ਕਾਰਗੁਜ਼ਾਰੀ ਦੇ ਨਾਂਅ 'ਤੇ ਵਿਖਾਉਣ ਵਾਸਤੇ ਕੱਖ ਨਹੀਂ ਹੈ। ਇਸ ਮੌਕੇ ਸੀਨੀਅਰ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਐਨ.ਕੇ. ਸ਼ਰਮਾ, ਅਰਸ਼ਦੀਪ ਸਿੰਘ ਕਲੇਰ, ਹਰਪ੍ਰੀਤ ਕੌਰ ਮੁਖਮੈਲਪੁਰ, ਗੁਰਪ੍ਰੀਤ ਸਿੰਘ ਰਾਜੂ ਖੰਨਾ, ਸੁਰਜੀਤ ਸਿੰਘ ਗੜ੍ਹੀ, ਕਬੀਰ ਦਾਸ, ਸਰਬਜੀਤ ਸਿੰਘ ਝਿੰਜਰ, ਜਗਮੀਤ ਸਿੰਘ ਹਰਿਆਊ, ਅਮਿਤ ਰਾਠੀ, ਜਸਪਾਲ ਸਿੰਘ ਬਿੱਟੂ ਚੱਠਾ, ਰਾਜਿੰਦਰ ਸਿੰਘ ਵਿਰਕ, ਮੱਖਣ ਸਿੰਘ ਲਾਲਕਾ, ਅਮਰਿੰਦਰ ਸਿੰਘ ਬਜਾਜ, ਅਮਰਜੀਤ ਸਿੰਘ ਪੰਜਰਥ, ਲਖਵੀਰ ਸਿੰਘ ਲੌਟ, ਇੰਦਰਮੋਹਨ ਸਿੰਘ ਬਜਾਜ, ਮਹਿੰਦਰ ਸਿੰਘ ਲਾਲਵਾ, ਜਸਮੇਰ ਸਿੰਘ ਲਾਛੜੂ, ਮਲਕੀਤ ਸਿੰਘ ਚੀਮਾ, ਗੁਰਬਖਸ਼ ਸਿੰਘ ਚੱਠਾ, ਵਿਕਰਮ ਚੌਹਾਨ, ਜੱਗਾ ਸਿੰਘ ਸਿੱਧੂ, ਦਵਿੰਦਰ ਸਿੰਘ ਸਿੱਧੂ, ਸੁਖਮਿੰਦਰ ਸਿੰਘ ਮਿੰਟਾਂ, ਜਸਪਾਲ ਸਿੰਘ ਖ਼ਾਲਸਾ ਅਤੇ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

## ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅਸਾਮ ਤੋਂ 21 ਅਗਸਤ ਨੂੰ ਆਰੰਭ ਹੋਵੇਗਾ ਨਗਰ ਕੀਰਤਨ : ਹਰਜਿੰਦਰ ਸਿੰਘ ਧਾਮੀ



ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਜਿਥੇ 350 ਸਾਲਾ ਸ਼ਹੀਦੀ ਸ਼ਤਾਬਦੀ ਸੰਬੰਧੀ ਉਲੀਕੇ ਨਗਰ ਕੀਰਤਨ ਅਤੇ ਹੋਰ ਸਮਾਗਮਾਂ ਦੀ ਤਫ਼ਸੀਲ ਜਾਰੀ ਕੀਤੀ, ਉਥੇ ਨਵੇਂ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਬਿਆਨਬਾਜ਼ੀ ਦੀ ਵੀ ਕਰੜੀ ਆਲੋਚਨਾ ਕੀਤੀ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਧਾਮੀ ਨੇ ਦੱਸਿਆ ਕਿ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਧੁਬੜੀ ਸਾਹਿਬ ਅਸਾਮ ਤੋਂ 21 ਅਗਸਤ ਨੂੰ 'ਧਰਮ ਹੇਤ ਸਾਕਾ ਜਿਨਿ ਕੀਆ' ਦੇ ਸਿਰਲੇਖ ਹੇਠ ਪਹਿਲਾ ਨਗਰ ਕੀਰਤਨ ਆਰੰਭ ਹੋਵੇਗਾ, ਜੋ ਭਾਰਤ ਦੇ 20 ਸੂਬਿਆਂ 'ਚੋਂ ਹੁੰਦਾ ਹੋਇਆ 23 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜ ਕੇ ਸੰਪੂਰਨ ਹੋਵੇਗਾ। ਉਨ੍ਹਾਂ ਕਿਹਾ ਕਿ 350 ਸਾਲਾ ਸ਼ਹੀਦੀ ਸ਼ਤਾਬਦੀ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਸੰਗਤ ਦੇ ਸਹਿਯੋਗ ਨਾਲ ਖ਼ਾਲਸਾਈ ਪ੍ਰੰਪਰਾਵਾਂ ਅਨੁਸਾਰ ਮਨਾਈ ਜਾ ਰਹੀ ਹੈ, ਜਿਥੇ ਦੇਸ਼ ਭਰ ਅੰਦਰ ਵੱਡੇ ਸ਼ਹਿਰਾਂ ਵਿਚ ਗੁਰਮਤਿ ਸਮਾਗਮ ਕੀਤੇ ਜਾਣਗੇ, ਉਥੇ ਵਿਸ਼ੇਸ਼ ਤੌਰ 'ਤੇ ਸ਼ਹੀਦੀ ਨਗਰ ਕੀਰਤਨ ਵੀ ਸਜਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਦੂਜਾ ਸ਼ਹੀਦੀ ਨਗਰ ਕੀਰਤਨ ਗੁਰਦੁਆਰਾ ਸ੍ਰੀ ਮਟਨ ਸਾਹਿਬ ਜੰਮੂ-ਕਸ਼ਮੀਰ ਤੋਂ 5 ਅਕਤੂਬਰ ਨੂੰ ਸਜਾਇਆ ਜਾਵੇਗਾ, ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਵੇਗਾ। ਤੀਜਾ ਨਗਰ ਕੀਰਤਨ 25 ਨਵੰਬਰ ਨੂੰ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਤੋਂ ਆਰੰਭ ਹੋਵੇਗਾ ਜੋ 29 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜੇਗਾ

ਪ੍ਰਧਾਨ ਧਾਮੀ ਨੇ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵਲੋਂ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿਚ ਦਿੱਲੀ ਵਿਖੇ ਸ਼ਹੀਦੀ ਸ਼ਤਾਬਦੀ ਸਮਾਗਮ ਕਰਨ ਲਈ ਕੀਤੀ ਪੇਸ਼ਕਸ਼ ਦੇ ਸੰਬੰਧ ਵਿਚ ਕਾਲਕਾ ਨੂੰ ਸਵਾਲ ਕੀਤਾ ਕਿ ਉਨ੍ਹਾਂ ਦੀ ਇਹ ਪੇਸ਼ਕਸ਼ ਕੇਵਲ ਇਕ ਚਿੱਠੀ ਤੱਕ ਹੀ ਸੀਮਤ ਸੀ, ਜਦਕਿ ਉਹ ਆਪਣੇ ਤੌਰ 'ਤੇ ਸਮਾਗਮ ਉਲੀਕ ਕੇ ਵੱਖ-ਵੱਖ ਜਥੇਬੰਦੀਆਂ ਨਾਲ ਮੀਟਿੰਗਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਪ੍ਰਧਾਨ ਨੂੰ ਕਾਹਲੀ ਵਿਚ ਆਪਣੇ ਪ੍ਰੋਗਰਾਮ ਐਲਾਨ ਨਹੀਂ ਕਰਨੇ ਚਾਹੀਦੇ, ਸਗੋਂ ਸ਼੍ਰੋਮਣੀ ਕਮੇਟੀ ਨਾਲ ਮਿਲ ਬੈਠਣਾ ਚਾਹੀਦਾ ਸੀ।

ਇਕ ਸਵਾਲ ਦੇ ਜਵਾਬ 'ਚ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਵੇਂ ਅਕਾਲੀ ਦਲ ਦੇ ਪ੍ਰਧਾਨ ਚੁਣੇ ਜਾਣ ਸੰਬੰਧੀ ਪ੍ਰਧਾਨ ਧਾਮੀ ਨੇ ਦੋਸ਼ ਲਾਇਆ ਕਿ ਗਿਆਨੀ ਹਰਪ੍ਰੀਤ ਸਿੰਘ ਪਹਿਲੇ ਦਿਨ ਤੋਂ ਹੀ ਅਕਾਲੀ ਦਲ ਦੇ ਦੋ ਧੜੇ ਬਣਾ ਕੇ ਪ੍ਰਧਾਨ ਬਣਨਾ ਚਾਹੁੰਦੇ ਤੇ ਬਾਗੀ ਧੜੇ ਨਾਲ ਮਿਲ ਕੇ ਅੱਜ ਉਨ੍ਹਾਂ ਦੀ ਮਨਸ਼ਾ ਪੂਰੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਹਥਿਆਉਣ ਦੀਆਂ ਗੱਲਾਂ ਉਨ੍ਹਾਂ ਦੀ ਮਨਸ਼ਾ ਨੂੰ ਸਿੱਧ ਕਰਦੀਆਂ ਹਨ ਕਿ ਉਹ ਕਿਸੇ ਦੇ ਚਲਾਏ ਚੱਲ ਰਹੇ ਹਨ। ਇਸ ਮੌਕੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਬਲਦੇਵ ਸਿੰਘ ਕਾਇਮਪੁਰ, ਅਜੈਬ ਸਿੰਘ ਅਭਿਆਸੀ, ਓ. ਐੱਸ. ਡੀ. ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ ਤੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਆਦਿ ਵੀ ਹਾਜ਼ਰ ਸਨ।


## ਸ਼੍ਰੋਮਣੀ ਅਕਾਲੀ ਦਲ ਦਾ ਨਾਂਅ ਵਰਤਣ ਵਾਲਿਆਂ ਖ਼ਿਲਾਫ਼ ਅਪਰਾਧਿਕ ਸ਼ਿਕਾਇਤ ਦਰਜ ਕਰਵਾਈ ਜਾਵੇਗੀ : ਡਾ. ਚੀਮਾ

### ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦੇ ਅਸਫ਼ਲ ਹੋਣ 'ਤੇ ਪੰਜਾਬੀਆਂ ਦੀ ਦਲੇਰੀ ਦਾ ਧੰਨਵਾਦ ਕਰਨ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ਼ੁਕਰਾਨਾ 31 ਨੂੰ ਕੀਤਾ ਜਾਵੇਗਾ




ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦਾ ਨਾਂਅ ਵਰਤਣ 'ਤੇ ਪਾਰਟੀ ਨਵੇਂ ਬਣੇ ਅਕਾਲੀ ਦਲ ਦੇ ਆਗੂਆਂ ਖ਼ਿਲਾਫ਼ ਅਪਰਾਧਕ ਸ਼ਿਕਾਇਤ ਦਰਜ ਕਰਵਾਏਗੀ, ਕਿਉਂਕਿ ਸ਼੍ਰੋਮਣੀ ਅਕਾਲੀ ਦਲ 1996 ਦੇ ਨੋਟੀਫ਼ਿਕੇਸ਼ਨ ਮੁਤਾਬਕ ਚੋਣ ਕਮਿਸ਼ਨ ਕੋਲ ਇਕ ਰਜਿਸਟਰਡ ਤੇ ਮਾਨਤਾ ਪ੍ਰਾਪਤ ਪਾਰਟੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਇਕ ਪੱਤਰਕਾਰ ਸੰਮੇਲਨ ਦੌਰਾਨ ਕੀਤਾ। ਡਾ. ਚੀਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਡੈਲੀਗੇਟਾਂ ਦੀ ਚੋਣ ਬਕਾਇਦਾ ਪਿਛਲੀ ਵਰਕਿੰਗ ਕਮੇਟੀ ਦੀ ਮਿਆਦ ਖ਼ਤਮ ਹੋਣ ਮਗਰੋਂ ਨਵੇਂ ਸਿਰੇ ਤੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਨਵੇਂ ਬਣੇ ਅਕਾਲੀ ਦਲ ਦੇ ਮੈਂਬਰਾਂ ਨੇ ਤਾਂ ਮੈਂਬਰਸ਼ਿਪ ਮੁਹਿੰਮ 'ਚ ਸ਼ਮੂਲੀਅਤ ਵੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਇਸ ਲਈ ਉਨ੍ਹਾਂ ਵਾਸਤੇ ਆਪਣੀ ਪਾਰਟੀ ਦੀ ਮੀਟਿੰਗ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਡੈਲੀਗੇਟ ਇਜਲਾਸ ਸੱਦਣ ਦਾ ਅਧਿਕਾਰ ਵੀ ਨਹੀਂ ਹੈ ਅਤੇ ਇਸ ਕਾਰਵਾਈ ਨੂੰ ਗੈਰ-ਕਾਨੂੰਨੀ, ਗੈਰ-ਸੰਵਿਧਾਨਕ ਤੇ ਅਨੈਤਿਕ ਕਰਾਰ ਦਿੰਦਿਆਂ ਕਿਹਾ ਕਿ ਅਕਾਲੀ ਦਲ ਇਸ ਮਾਮਲੇ 'ਚ ਅਪਰਾਧਕ ਸ਼ਿਕਾਇਤ ਕਰਨ ਵਾਸਤੇ ਕਾਨੂੰਨੀ ਮਾਹਿਰਾਂ ਨਾਲ ਰਾਇ ਮਸ਼ਵਰਾ ਕਰ ਰਿਹਾ ਹੈ। ਡਾ. ਚੀਮਾ ਨੇ ਕਿਹਾ ਕਿ ਨਵੇਂ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ 2 ਦਸੰਬਰ, 2024 ਨੂੰ ਜਾਰੀ ਹੁਕਮਨਾਮੇ ਦੀ ਅਵੱਗਿਆ ਕਰਨ ਦਾ ਵੀ ਗੰਭੀਰ ਨੋਟਿਸ ਲਿਆ ਗਿਆ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਸਾਰੇ ਵੱਖਰੇ ਧੜੇ ਆਪੋ-ਆਪਣੇ ਚੁੱਲ੍ਹੇ ਸਮੇਟਣ ਅਤੇ ਪੰਥਕ ਹਿੱਤਾਂ ਵਿਚ ਸ਼੍ਰੋਮਣੀ ਅਕਾਲੀ ਦਲ 'ਚ ਰਲੇਵਾਂ ਕਰਨ। ਉਨ੍ਹਾਂ ਕਿਹਾ ਕਿ ਜੋ ਵਿਅਕਤੀ ਸਰਬਉੱਚ ਸਿੱਖ ਸੰਸਥਾ ਦਾ ਜਥੇਦਾਰ ਰਿਹਾ ਹੋਵੇ, ਉਸ ਵਾਸਤੇ ਅਜਿਹਾ ਕਰਨਾ ਬਹੁਤ ਹੀ ਮੰਦਭਾਗਾ ਹੈ ਕਿ ਉਹ ਖ਼ੁਦ ਲਿਖੀਆਂ ਹਦਾਇਤਾਂ ਦੀ ਪਾਲਣਾ ਹੀ ਨਹੀਂ ਕਰ ਰਿਹਾ। ਅਕਾਲੀ ਆਗੂ ਨੇ ਮੀਡੀਆ ਨੂੰ ਵੀ ਅਪੀਲ ਕੀਤੀ ਕਿ ਉਹ ਜ਼ਿੰਮੇਵਾਰੀ ਨਾਲ ਪੇਸ਼ ਆਵੇ ਅਤੇ ਲੋਕਤੰਤਰੀ ਸੰਸਥਾਵਾਂ ਦੀ ਕਦਰ ਕਰੇ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਕਹਿਣਾ ਬਿਲਕੁਲ ਹੀ ਗਲਤ ਹੈ। ਡਾ. ਚੀਮਾ ਨੇ ਕਿਹਾ ਕਿ ਇਸ ਨਾਲ ਲੋਕਾਂ ਵਿਚ ਗਲਤ ਸੰਦੇਸ਼ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਾਰੇ ਮੀਡੀਆ ਘਰਾਣਿਆਂ ਨੂੰ ਪੱਤਰ ਲਿਖ ਕੇ ਅਸਲੀਅਤ ਤੋਂ ਜਾਣੂ ਕਰਵਾਏਗਾ ਅਤੇ ਨਾਲ ਹੀ ਯਕੀਨੀ ਬਣਾਵੇਗਾ ਕਿ ਗਿਆਨੀ ਹਰਪ੍ਰੀਤ ਅਤੇ ਉਨ੍ਹਾਂ ਦਾ ਧੜਾ ਸ਼੍ਰੋਮਣੀ ਅਕਾਲੀ ਦਲ ਦੇ ਨਾਂਅ ਦੀ ਦੁਰਵਰਤੋਂ ਨਾ ਕਰੇ। ਉਨ੍ਹਾਂ ਕਿਹਾ ਕਿ ਅਸੀਂ ਮੀਡੀਆ ਘਰਾਣਿਆਂ ਨੂੰ ਇਹ ਵੀ ਸਲਾਹ ਦੇਵਾਂਗੇ ਕਿ ਉਹ ਆਪਣੇ ਸੰਪਾਦਕੀ ਸਟਾਫ ਨੂੰ ਵੀ ਸਲਾਹ ਦੇਵੇ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹੀ ਸਿਰਫ ਸ਼੍ਰੋਮਣੀ ਅਕਾਲੀ ਦਲ ਹਨ ਅਤੇ ਇਸ ਮਾਮਲੇ ਵਿਚ ਗਲਤ ਤਰੀਕੇ ਨਾਲ ਖ਼ਬਰਾਂ ਪ੍ਰਕਾਸ਼ਿਤ ਨਾ ਕੀਤੀਆਂ ਜਾਣ। ਉਨ੍ਹਾਂ ਪੰਜਾਬ ਸਰਕਾਰ ਵਲੋਂ ਲੈਂਡ ਪੂਲਿੰਗ ਨੀਤੀ ਨੂੰ ਵਾਪਸ ਲੈਣ ਸਬੰਧੀ ਕਿਹਾ ਕਿ 'ਆਪ' ਨੇ ਪੰਜਾਬ ਦੀ 65,000 ਏਕੜ ਉਪਜਾਊ ਜ਼ਮੀਨ ਕੌਡੀਆਂ ਦੇ ਭਾਅ ਐਕਵਾਇਰ ਕਰਨ ਦੀ ਅਰਵਿੰਦ ਕੇਜਰੀਵਾਲ ਦੀ ਸਾਜ਼ਿਸ਼ ਨੂੰ ਮਾਤ ਪਾਉਣ ਲਈ ਅਕਾਲੀ ਦਲ ਦੇ ਜ਼ਮੀਨੀ ਪੱਧਰ ਦੇ ਸੰਘਰਸ਼ ਲਈ ਡਟਵਾਂ ਸਮਰਥਨ ਦੇਣ ਵਾਸਤੇ ਇਕਜੁੱਟ ਹੋਣ 'ਤੇ ਸਾਰਿਆਂ ਦਾ ਧੰਨਵਾਦ ਵੀ ਕੀਤਾ, ਜਿਨ੍ਹਾਂ ਨੇ ਮੋਹਰੀ ਹੋ ਕੇ ਇਹ ਲੜਾਈ ਲੜੀ ਅਤੇ 'ਆਪ' ਸਰਕਾਰ ਨੂੰ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਲਈ ਮਜਬੂਰ ਕੀਤਾ। ਪਾਰਟੀ ਨੇ ਇਹ ਵੀ ਐਲਾਨ ਕੀਤਾ ਕਿ ਉਹ 31 ਅਗਸਤ ਨੂੰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ਼ੁਕਰਾਨਾ ਸਮਾਗਮ ਕਰੇਗੀ। ਇਸ ਮੌਕੇ ਪਾਰਟੀ ਦੇ ਮੁੱਖ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਤੇ ਕੌਮੀ ਜਥੇਬੰਦਕ ਜਨਰਲ ਸਕੱਤਰ ਕਰਮਬੀਰ ਸਿੰਘ ਗੁੱਲੂ ਗੋਰਾਇਆ ਵੀ ਹਾਜ਼ਰ ਸਨ।

# ਕੁਲਗਾਮ ਮੁਕਾਬਲੇ ਵਿਚ ਪੰਜਾਬ ਦੇ ਦੋ ਜਵਾਨ ਸ਼ਹੀਦ





ਸ੍ਰੀਨਗਰ : ਜੰਮੂ-ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਦੇ ਅਖਲ ਜੰਗਲਾਂ 'ਚ ਅੱਤਵਾਦੀਆਂ ਨਾਲ ਜਾਰੀ ਮੁਕਾਬਲੇ 'ਚ ਪੰਜਾਬ ਦੇ ਦੋ ਜਵਾਨ ਸ਼ਹੀਦ ਹੋ ਗਏ। ਇਨ੍ਹਾਂ ਜਵਾਨਾਂ ਦੀ ਪਛਾਣ ਫ਼ਤਹਿਗੜ੍ਹ ਸਾਹਿਬ ਦੇ ਬਦਿਨਪੁਰ ਪਿੰਡ ਦੇ ਸਿਪਾਹੀ ਹਰਮਿੰਦਰ ਸਿੰਘ (26) ਅਤੇ ਸਮਰਾਲਾ ਦੇ ਮਾਨੂਪੁਰ ਪਿੰਡ ਦੇ ਲਾਂਸ ਨਾਇਕ ਪ੍ਰਿਤਪਾਲ ਸਿੰਘ (28) ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਪ੍ਰਿਤਪਾਲ ਸਿੰਘ ਦਾ ਵਿਆਹ ਅਜੇ ਕੁਝ ਮਹੀਨੇ ਪਹਿਲਾਂ ਹੀ ਹੋਇਆ ਸੀ ਤੇ ਉਸ ਦੀ ਪਤਨੀ ਬੇਸਬਰੀ ਨਾਲ ਉਸ ਦੀ ਉਡੀਕ ਕਰ ਰਹੀ ਸੀ, ਜਦੋਂ ਕਿ ਹਰਮਿੰਦਰ ਸਿੰਘ ਦੀ ਮਾਂ ਤੇ ਭੈਣਾਂ ਉਸ ਦੀ ਸੁਰੱਖਿਅਤ ਵਾਪਸੀ ਲਈ ਕਾਮਨਾ ਕਰ ਰਹੀਆਂ ਸਨ। ਸੁਰੱਖਿਆ ਬਲਾਂ ਨੇ 2 ਅਗਸਤ ਨੂੰ 2 ਅੱਤਵਾਦੀਆਂ ਨੂੰ ਹਲਾਕ ਕਰ ਦਿੱਤਾ ਸੀ, ਜਿਨ੍ਹਾਂ 'ਚੋਂ ਇਕ ਦੀ ਪਛਾਣ ਪੁਲਵਾਮਾ ਦੇ ਸੀ-ਸ਼੍ਰੇਣੀ ਦੇ ਅੱਤਵਾਦੀ ਹਰੀਸ ਨਜੀਰ ਡਾਰ ਵਜੋਂ ਹੋਈ ਹੈ, ਜੋ 26 ਅਪ੍ਰੈਲ ਦੇ ਪਹਿਲਗਾਮ ਹਮਲੇ ਦੇ ਬਾਅਦ ਖੁਫੀਆ ਏਜੰਸੀਆਂ ਵਲੋਂ ਨਾਮਜ਼ਦ 14 ਸਥਾਨਕ ਅੱਤਵਾਦੀਆਂ ਦੀ ਸੂਚੀ 'ਚ ਸ਼ਾਮਿਲ ਸੀ। ਮੁਕਾਬਲੇ ਦੌਰਾਨ ਹੁਣ ਤੱਕ 9 ਜਵਾਨ ਜ਼ਖਮੀ ਹੋ ਚੁੱਕੇ ਹਨ, ਜਿਨ੍ਹਾਂ 'ਚੋਂ ਪ੍ਰਿਤਪਾਲ ਸਿੰਘ ਤੇ ਹਰਮਿੰਦਰ ਸਿੰਘ ਨੇ ਦਮ ਤੋੜ ਦਿੱਤਾ। ਸੁਰੱਖਿਆ ਬਲਾਂ ਨੂੰ ਸ਼ੱਕ ਹੈ ਕਿ ਜੰਗਲ 'ਚ ਹੋਰ ਅੱਤਵਾਦੀ ਲੁਕੇ ਹੋਏ ਹਨ ਅਤੇ ਰੁਕ ਰੁਕ ਕੇ ਦੋਵਾਂ ਪਾਸਿਆਂ ਤੋਂ ਗੋਲੀਬਾਰੀ ਜਾਰੀ ਹੈ। ਇਹ ਆਪ੍ਰੇਸ਼ਨ ਸਪੈਸ਼ਲ ਆਪ੍ਰੇਸ਼ਨ ਗਰੁੱਪ, ਜੰਮੂ ਕਸ਼ਮੀਰ ਪੁਲਿਸ, ਫ਼ੌਜ ਤੇ ਸੀ.ਆਰ.ਪੀ.ਐਫ਼. ਦੀ ਇਕ ਸਾਂਝੀ ਟੀਮ ਵਲੋਂ ਚਲਾਇਆ ਜਾ ਰਿਹਾ ਹੈ। ਅਧਿਕਾਰੀਆਂ ਨੇ ਸਾਰੇ ਅੱਤਵਾਦੀਆਂ ਦੇ ਖ਼ਾਤਮੇ ਤੱਕ ਆਪ੍ਰੇਸ਼ਨ ਜਾਰੀ ਰੱਖਣ ਦਾ ਸੰਕਲਪ ਲਿਆ ਹੈ। ਫ਼ੌਜ ਦੀ ਸ੍ਰੀਨਗਰ ਆਧਾਰਿਤ ਚਿਨਾਰ ਕੋਰ ਨੇ 'ਐਕਸ' 'ਤੇ ਪੋਸਟ 'ਚ ਕਿਹਾ ਕਿ ਚਿਨਾਰ ਕੋਰ ਰਾਸ਼ਟਰ ਲਈ ਕਰਤੱਵ ਨਿਭਾਉਂਦੇ ਹੋਏ ਬਹਾਦਰ ਲਾਂਸ ਨਾਇਕ ਪ੍ਰਿਤਪਾਲ ਸਿੰਘ ਤੇ ਸਿਪਾਹੀ ਹਰਮਿੰਦਰ ਸਿੰਘ ਦੇ ਸਰਬੋਤਮ ਬਲਿਦਾਨ ਦਾ ਸਨਮਾਨ ਕਰਦੀ ਹੈ। ਉਨ੍ਹਾਂ ਦੀ ਬਹਾਦਰੀ ਤੇ ਸਮਰਪਣ ਦੀ ਭਾਵਨਾ ਸਾਨੂੰ ਹਮੇਸ਼ਾਂ ਪ੍ਰੇਰਿਤ ਕਰਦੀ ਰਹੇਗੀ। ਫੌਜ ਨੇ ਕਿਹਾ ਕਿ ਉਹ ਪ੍ਰਭਾਵਿਤ ਪਰਿਵਾਰਾਂ ਨਾਲ ਇਕਜੁਟਤਾ ਨਾਲ ਖੜ੍ਹੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜੰਮੂ-ਕਸ਼ਮੀਰ ਦੇ ਪੁਲਿਸ ਮੁਖੀ ਨਲਿਨ ਪ੍ਰਭਾਤ ਅਤੇ ਫ਼ੌਜ ਦੇ ਉਤਰੀ ਕਮਾਂਡਰ ਲੈਫ਼. ਜਨ. ਪ੍ਰਤੀਕ ਸ਼ਰਮਾ ਸਮੇਤ ਫ਼ੌਜ ਦੇ ਅਧਿਕਾਰੀ ਆਪ੍ਰੇਸ਼ਨ 'ਤੇ 24 ਘੰਟੇ ਨਜ਼ਰ ਰੱਖ ਰਹੇ ਹਨ। ਫ਼ੌਜ ਨੇ ਅੱਤਵਾਦੀਆਂ ਦਾ ਪਤਾ ਲਗਾਉਣ ਲਈ ਜੰਗਲ ਖੇਤਰ 'ਚ ਡਰੋਨ ਤੇ ਹੈਲੀਕਾਪਟਰਾਂ ਨੂੰ ਤਾਇਨਾਤ ਕੀਤਾ ਹੈ।

# ਸ਼ਹੀਦ ਹਰਮਿੰਦਰ ਸਿੰਘ ਦਾ ਪਿੰਡ ਬਦੀਨਪੁਰ 'ਚ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ





ਮੰਡੀ ਗੋਬਿੰਦਗੜ੍ਹ : ਜੰਮੂ ਕਸ਼ਮੀਰ ਦੇ ਕੁਲਗਾਮ ਜ਼ਿਲ੍ਹੇ ਦੇ ਅਖਲ ਜੰਗਲ ਵਿਚ ਅੱਤਵਾਦੀਆਂ ਨਾਲ ਮੁੱਠਭੇੜ ਦੌਰਾਨ ਸ਼ਹੀਦ ਹੋਏ ਨਜ਼ਦੀਕੀ ਪਿੰਡ ਬਦੀਨਪੁਰ ਦੇ ਹਰਮਿੰਦਰ ਸਿੰਘ (26 ਸਾਲ) ਦਾ ਸਰਕਾਰੀ ਸਨਮਾਨਾਂ ਨਾਲ ਜੱਦੀ ਪਿੰਡ ਵਿਚ ਅੰਤਿਮ ਸੰਸਕਾਰ ਕੀਤਾ ਗਿਆ, ਜਿਵੇਂ ਹੀ ਤਿਰੰਗੇ ਵਿਚ ਲਿਪਟੇ ਸ਼ਹੀਦ ਹਰਮਿੰਦਰ ਸਿੰਘ ਦੀ ਮ੍ਰਿਤਕ ਦੇਹ ਫ਼ੌਜ ਦੇ ਅਧਿਕਾਰੀਆਂ ਤੇ ਜਵਾਨ ਪੂਰੇ ਸਨਮਾਨ ਨਾਲ ਪਿੰਡ ਵਿਚ ਲੈ ਕੇ ਪਹੁੰਚੇ ਤਾਂ ਸਾਰਾ ਹੀ ਮਾਹੌਲ ਗ਼ਮਗੀਨ ਹੋ ਗਿਆ। ਹਰ ਅੱਖ ਵਿਚ ਅੱਥਰੂ ਸਨ ਸ਼ਹੀਦ ਦੇ ਮਾਂ ਪਿਉ ਅਤੇ ਪਰਿਵਾਰ ਦਾ ਹਾਲ ਦੇਖ ਕੇ ਕੋਈ ਵੀ ਆਪਣੇ-ਆਪ ਨੂੰ ਰੋਕ ਨਹੀਂ ਪਾ ਰਿਹਾ ਸੀ। ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਵੰਡਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਤਰਫ਼ੋਂ ਹਲਕਾ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ, ਐਸ.ਡੀ.ਐਮ. ਅਮਲੋਹ ਚੇਤਨ ਬੰਗਰ, ਡੀ.ਐਸ.ਪੀ. ਅਮਲੋਹ ਗੁਰਦੀਪ ਸਿੰਘ, 'ਆਪ' ਆਗੂ ਗੁਰਪ੍ਰੀਤ ਸਿੰਘ ਜੀ.ਪੀ., ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਗੁਰਪ੍ਰੀਤ ਸਿੰਘ ਰਾਜੂ ਖੰਨਾ, ਜ਼ਿਲ੍ਹਾ ਸੈਨਿਕ ਭਲਾਈ ਵਿਭਾਗ ਦੇ ਕਮਾਂਡਰ ਬਲਜਿੰਦਰ ਸਿੰਘ ਵਿਰਕ, ਭਾਰਤੀ ਫ਼ੌਜ ਦੀ 19 ਆਰਮਡ ਰੈਜ਼ੀਡੈਂਟ ਦੀ ਤਰਫ਼ੋਂ ਲੈਫ਼ਟੀਨੈਂਟ ਸੁਮੀਤ ਕੁਮਾਰ, ਰਾਜਿੰਦਰ ਕੁਮਾਰ ਟੀਟੂ, ਭਾਜਪਾ ਦੇ ਆਗੂ ਸੰਦੀਪ ਬਲ, ਰਾਜੀਵ ਵਰਮਾ, ਕੌਂਸਲਰ ਵਿਨੀਤ ਬਿੱਟੂ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਿੰਡ ਵਾਸੀਆਂ ਦੇ ਨਾਲ-ਨਾਲ ਇਲਾਕੇ ਭਰ ਤੋਂ ਸਿਆਸੀ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦੇ ਸਮੇਤ ਪੁਲਿਸ ਤੇ ਫ਼ੌਜ ਦੇ ਅਧਿਕਾਰੀਆਂ ਵਲੋਂ ਸ਼ਹੀਦ ਦੀ ਮ੍ਰਿਤਕ ਦੇਹ 'ਤੇ ਰੀਥ ਰੱਖਣ ਦੀ ਰਸਮ ਅਦਾ ਕਰਦੇ ਹੋਏ ਸ਼ਰਧਾ ਦੇ ਫ਼ੁਲ ਭੇਟ ਕੀਤੇ ਗਏ। ਇਸ ਦੌਰਾਨ ਪਿੰਡ ਦੇ ਸ਼ਮਸ਼ਾਨ ਘਾਟ ਵਿਖੇ ਸ਼ਹੀਦ ਨੂੰ ਫ਼ੌਜੀ ਜਵਾਨਾਂ ਦੀ ਟੁਕੜੀ ਵਲੋਂ ਹਥਿਆਰ ਝੁਕਾ ਕੇ ਸਲਾਮੀ ਦਿੱਤੀ ਗਈ ਜਿਸ ਤੋਂ ਬਾਅਦ ਵੱਖ-ਵੱਖ ਸ਼ਖ਼ਸੀਅਤਾਂ ਵਲੋਂ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਵਿਧਾਇਕ ਗੁਰਿਦਰ ਸਿੰਘ ਗੈਰੀ ਬੜਿੰਗ ਨੇ ਕਿਹਾ ਕਿ ਸ਼ਹੀਦ ਹਰਮਿੰਦਰ ਸਿੰਘ ਦੇ ਜਾਣ ਨਾਲ ਪਰਿਵਾਰ ਨੂੰ ਪਿਆ ਘਾਟਾ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਪੰਜਾਬ ਸਰਕਾਰ ਵਲੋਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਵਿੱਤੀ ਮਦਦ ਵਜੋਂ ਪ੍ਰਦਾਨ ਕੀਤੀ ਜਾਣ ਵਾਲੀ ਇਕ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਵੀ ਜਲਦੀ ਹੀ ਪੀੜਤ ਪਰਿਵਾਰ ਨੂੰ ਸੌਂਪ ਦਿੱਤੀ ਜਾਵੇਗੀ। ਇਕ ਇਨਸਾਨ 'ਤੇ ਦੁੱਖ ਦਾ ਪਹਾੜ ਡਿੱਗ ਪੈਂਦਾ ਹੈ, ਜਦੋਂ ਪੁੱਤ ਦੀ ਅਰਥੀ ਪਿਉ ਦੇ ਮੋਢਿਆਂ 'ਤੇ ਹੋਵੇ ਅਤੇ ਉਸਨੂੰ ਅੱਗ ਦੇਵੇ...ਕੁਝ ਅਜਿਹਾ ਦੀ ਦੁੱਖ ਦੇਖਣ ਨੂੰ ਮਿਲਿਆ ਸ਼ਹੀਦ ਹਰਮਿੰਦਰ ਸਿੰਘ ਦੇ ਅੰਤਿਮ ਸੰਸਕਾਰ ਮੌਕੇ ਜਿੱਥੇ ਪੁੱਤ ਦੇ ਵਿਛੋੜੇ ਪਿੱਛੋਂ ਦੁੱਖ ਵਿਚ ਟੁੱਟ ਚੁੱਕੇ ਪਿਉ ਨੇ ਉਸ ਦੀ ਮ੍ਰਿਤਕ ਦੇਹ ਨੂੰ ਅੱਗ ਭੇਟ ਕਰ ਪੁੱਤ ਸ਼ਹੀਦ ਹਰਮਿੰਦਰ ਸਿੰਘ ਨੂੰ ਅੰਤਿਮ ਵਿਦਾਇਗੀ ਦਿੱਤੀ।

# ਸ਼ਹੀਦ ਫ਼ੌਜੀ ਜਵਾਨ ਪ੍ਰਿਤਪਾਲ ਸਿੰਘ ਨੂੰ ਸਰਕਾਰੀ ਸਨਮਾਨ ਨਾਲ ਸ਼ਰਧਾਂਜਲੀ ਭੇਟ



ਸਮਰਾਲਾ : ਜੰਮੂ ਕਸ਼ਮੀਰ ਦੇ ਕੁਲਗਾਮ ਜ਼ਿਲੇ ?ਹ ਦੇ ਅਖਲ ਜੰਗਲਾਂ ਵਿਚ ਅੱਤਵਾਦੀਆਂ ਨਾਲ ਜਾਰੀ ਮੁਕਾਬਲੇ ਵਿਚ ਮਾਨੂੰਪੁਰ ਦਾ ਵਸਨੀਕ ਨਾਇਕ ਪ੍ਰਿਤਪਾਲ ਸਿੰਘ (28) ਅੱਤਵਾਦੀਆਂ ਦੇ ਮੁਕਾਬਲੇ ਦੌਰਾਨ ਬੀਤੇ ਦਿਨ ਸ਼ਹੀਦ ਹੋ ਗਿਆ ਸੀ। ਪਿੰਡ ਵਿਚ ਉਸ ਵੇਲੇ ਗਮ ਦਾ ਮਾਹੌਲ ਬਣ ਗਿਆ, ਜਦੋਂ ਮ੍ਰਿਤਕ ਦੀ ਦੇਹ ਪਿੰਡ ਪਹੁੰਚੀ ਤਾਂ ਸਾਰਾ ਪਿੰਡ ਹੀ ਆਪ ਮੁਹਾਰੇ ਸੜਕਾਂ 'ਤੇ ਉਤਰ ਆਇਆ ਤੇ ਉਨ੍ਹਾਂ ਵਲੋਂ ਆਪਣੇ ਸ਼ਹੀਦ ਬੇਟੇ ਨੂੰ ਸੋਗ ਦੇ ਮਾਹੌਲ 'ਚ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਫ਼ੌਜ ਦੇ ਮੁੱਖ ਅਫ਼ਸਰਾਂ ਨੇ ਸ਼ਹੀਦ ਦੀ ਪਤਨੀ ਅਤੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਸ਼ਹੀਦ ਫ਼ੌਜੀ ਜਵਾਨ ਦੀ ਪਤਨੀ ਨੂੰ ਤਿਰੰਗਾ ਝੰਡਾ ਭੇਟ ਕੀਤਾ। ਸ਼ਹੀਦ ਜਵਾਨ ਪ੍ਰਿਤਪਾਲ ਸਿੰਘ ਦੀ ਪਤਨੀ ਮਨਪ੍ਰੀਤ ਕੌਰ, ਪਿਤਾ ਹਰਬੰਸ ਸਿੰਘ, ਪਰਿਵਾਰ ਮੈਂਬਰਾਂ, ਨਗਰ ਨਿਵਾਸੀਆਂ ਅਤੇ ਫ਼ੌਜ ਵਲੋਂ ਸਰਕਾਰੀ ਸਨਮਾਨ ਤੇ ਪੂਰੀਆਂ ਰਸਮਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਅੱਜ ਮਾਨੂੰਪੁਰ ਦੇ ਪੂਰੇ ਇਲਾਕੇ ਵਿਚ ਵੱਖ-ਵੱਖ ਪਿੰਡਾਂ ਤੋਂ ਪਹੁੰਚੇ ਲੋਕ, ਰਿਸ਼ਤੇਦਾਰ, ਫ਼ੌਜ ਦੇ ਵੱਡੇ ਅਫ਼ਸਰ ਅਤੇ ਪੰਜਾਬ ਪੁਲਿਸ ਦੇ ਵੱਡੇ ਅਫ਼ਸਰ ਤੋਂ ਇਲਾਵਾ ਨਗਰ ਨਿਵਾਸੀਆਂ ਵਲੋਂ ਸ਼ਹੀਦ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।

# ਦੇਸ਼ ਦੀ ਆਜ਼ਾਦੀ ਵਿੱਚ ਪੰਜਾਬ ਦਾ ਯੋਗਦਾਨ ਸਭ ਤੋਂ ਵੱਧ ਰਿਹਾ : ਸੁਖਵਿੰਦਰ ਅਰੋੜਾ

## ਐਮ ਐਸ ਕੇ ਡੇ ਬੋਰਡਿੰਗ ਸੀਬੀਐਸਈ ਸੈਕੰਡਰੀ ਸਕੂਲ ਵਿਖੇ ਕਰਵਾਇਆ ਗਿਆ ਆਜ਼ਾਦੀ ਸਮਾਰੋਹ




ਸ਼ਹੀਦ ਭਗਤ ਸਿੰਘ ਦੇ ਜੀਵਨ ਤੇ ਕੋਰੀਓਗਰਾਫੀ ਪੇਸ਼ ਕਰਨ ਵਾਲੇ ਵਿਦਿਆਰਥੀਆਂ ਨਾਲ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ, ਕੋਆਰਡੀਨੇਟਰ ਲਖਵੀਰ ਸਿੰਘ ਅਤੇ ਹੋਰ ਸਟਾਫ ਮੈਂਬਰ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਦੇਸ਼ ਦੀ ਆਜ਼ਾਦੀ ਲਈ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਅਤੇ ਹਮੇਸ਼ਾ ਅੱਗੇ ਵਧ ਕੇ ਕੰਮ ਕੀਤਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਦੇ ਪ੍ਰਧਾਨ ਅਤੇ ਅੱਗੇ ਸਮਾਜ ਸੇਵਕ ਸੁਖਵਿੰਦਰ ਸਿੰਘ ਅਰੋੜਾ ਨੇ ਸਕੂਲ ਵਿਖੇ ਦੇਸ਼ ਦੀ ਆਜ਼ਾਦੀ ਸਬੰਧੀ ਕਰਵਾਏ ਗਏ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਆਪਣੇ ਸੰਬੋਧਨ ਵਿੱਚ ਕੀਤਾ। ਉਹਨਾਂ ਕਿਹਾ ਕਿ ਇਕੱਲੇ ਪੰਜਾਬ ਵਿੱਚੋਂ 90 ਫੀਸਦੀ ਤੋਂ ਵੱਧ ਸ਼ਹੀਦੀ ਜਾਮ ਪੀਣ ਵਾਲੇ ਪੰਜਾਬੀ ਹਨ ਤੇ ਇਹਨਾਂ ਵਿੱਚੋਂ ਵਧੇਰੇ ਸਿੱਖ ਹਨ। ਇਹ ਮਾਣ ਵਾਲੀ ਗੱਲ ਹੈ ਕਿ ਪੰਜਾਬ ਅੰਗਰੇਜ਼ਾਂ ਨੇ ਸਭ ਤੋਂ ਬਾਅਦ ਕਬਜ਼ਾ ਕੀਤਾ ਅਤੇ ਕਬਜ਼ਾ ਕਰਨ ਉਪਰੰਤ ਹੀ ਇਥੇ ਆਜ਼ਾਦੀ ਲਈ ਸੰਘਰਸ਼ ਸ਼ੁਰੂ ਹੋ ਗਿਆ ਤੇ ਇਹ ਸੰਘਰਸ਼ ਉਦੋਂ ਤੱਕ ਚਲਦਾ ਰਿਹਾ ਜਦੋਂ ਤੱਕ ਦੇਸ਼ ਆਜ਼ਾਦ ਨਹੀਂ ਹੋ ਗਿਆ। ਸੁਖਵਿੰਦਰ ਸਿੰਘ ਅਰੋੜਾ ਨੇ ਸਮੂਹ ਦੇਸ਼ ਵਾਸੀਆਂ ਨੂੰ ਇਸ ਆਜ਼ਾਦੀ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸਾਨੂੰ ਆਪਣੇ ਆਜ਼ਾਦੀ ਘੁਲਾਟੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਅਤੇ ਉਹਨਾਂ ਵੱਲੋਂ ਦਿਖਾਏ ਗਏ ਮਾਰਗ ਤੇ ਚੱਲਣਾ ਚਾਹੀਦਾ ਹੈ। ਇਸ ਮੌਕੇ ਬੱਚਿਆਂ ਵੱਲੋਂ ਦੇਸ਼ ਪ੍ਰੇਮ ਨਾਲ ਸੰਬੰਧਿਤ ਵੱਖ ਵੱਖ ਕਰੋਗਰਾਫੀਆਂ ਅਤੇ ਗੀਤ ਪੇਸ਼ ਕੀਤੇ ਗਏ। ਮੰਚ ਦਾ ਸੰਚਾਲਨ ਰਜਿੰਦਰ ਕੌਰ ਨੇ ਬਾਖੂਬੀ ਨਿਭਾਇਆ। ਇਸ ਮੌਕੇ ਸਕੂਲ ਸਟਾਫ ਵਿੱਚ ਕੋਆਡੀਨੇਟਰ ਲਖਬੀਰ ਸਿੰਘ, ਗੁਰਸ਼ਰਨ ਕੌਰ, ਅਮਨ ਸੰਧੂ, ਰੇਖਾ ਰਾਣੀ, ਨਵਨੀਤ ਕੌਰ, ਗੁਰਪ੍ਰੀਤ ਕੌਰ, ਪ੍ਰਭਜੋਤ ਕੌਰ ਤੇ ਹੋਰ ਹਾਜ਼ਰ ਸਨ।

# ਪ੍ਰਵਾਸੀ ਭਾਰਤੀ ਦੀ 20 ਕਰੋੜ ਤੋਂ ਜ਼ਿਆਦਾ ਦੀ ਜ਼ਮੀਨ ਹੜੱਪਣ ਦੇ ਮਾਮਲੇ ਦਾ ਪ੍ਰਮੁੱਖ ਦੋਸ਼ੀ ਗ੍ਰਿਫ਼ਤਾਰ

ਲੁਧਿਆਣਾ : ਦੋ ਪ੍ਰਵਾਸੀ ਭਾਰਤੀ ਭਰਾਵਾਂ ਵਲੋਂ ਵਿਖਾਏ ਗਏ ਭਰੋਸੇ ਦਾ ਇਕ ਵਿਅਕਤੀ ਨੇ ਨਾਜਾਇਜ਼ ਫਾਇਦਾ ਚੁੱਕਦੇ ਹੋਏ ਦੋਵੇਂ ਭਰਾਵਾਂ ਦੀ ਕਰੋੜਾਂ ਰੁਪਏ ਦੀ ਜ਼ਮੀਨ ਹੜੱਪਣ ਦੀ ਕੋਸ਼ਿਸ਼ ਕੀਤੀ, ਜਿਸ ਦੇ ਬਾਅਦ ਪ੍ਰਵਾਸੀ ਭਰਾਵਾਂ 'ਚੋਂ ਇਕ ਦੇ ਪ੍ਰਵਾਸੀ ਭਾਰਤੀ ਬੇਟੇ ਨੇ ਲੰਬੀ ਲੜਾਈ ਲੜਦੇ ਹੋਏ ਬਾਪ, ਬੇਟੇ, ਨੂੰਹ ਅਤੇ ਦੋ ਹੋਰ ਰਿਸ਼ਤੇਦਾਰਾਂ ਦੇ ਖ਼ਿਲਾਫ਼ ਸਾਜ਼ਿਸ਼ ਤਹਿਤ ਧੋਖਾਧੜੀ ਕਰਨ ਅਤੇ ਰਜਿਸਟ੍ਰੇਸ਼ਨ ਐਕਟ ਦੇ ਤਹਿਤ ਕੇਸ ਦਰਜ ਕਰਵਾਉਂਦੇ ਹੋਏ ਇਕ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਪਿੰਡ ਫੁੱਲਾਂਵਾਲ ਦੇ ਰਹਿਣ ਵਾਲੇ ਰਜਿੰਦਰ ਸਿੰਘ ਅਤੇ ਕੰਵਲਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਰਿਸ਼ਤੇਦਾਰ ਅਤੇ ਵਿਦੇਸ਼ ਰਹਿੰਦੇ ਕਰਮਜੀਤ ਸਿੰਘ ਗਰੇਵਾਲ ਦੇ ਪਿਤਾ ਸੰਤੋਖ ਸਿੰਘ ਗਰੇਵਾਲ ਅਤੇ ਚਾਚੇ ਸ਼ਮਸ਼ੇਰ ਸਿੰਘ ਗਰੇਵਾਲ ਨੇ ਆਪਣੇ ਦੋਸਤ ਅਤੇ ਧੋਖਾਧੜੀ ਮਾਮਲੇ ਦੇ ਪ੍ਰਮੁੱਖ ਮਨਜੀਤ ਸਿੰਘ ਮੰਡ ਭੁੱਟਾ ਨੂੰ ਆਪਣੀ ਕਰੋੜਾਂ ਰੁਪਏ ਦੀ ਜਾਇਦਾਦ ਦੀ ਦੇਖਭਾਲ ਕਰਨ ਲਈ ਪਾਵਰ ਆਫ਼ ਅਟਾਰਨੀ ਦਿੱਤੀ ਸੀ। ਮਨਜੀਤ ਸਿੰਘ ਮੰਡ ਨੇ ਕਥਿਤ ਧੋਖੇ ਨਾਲ ਇਕ ਪਾਵਰ ਆਫ਼ ਅਟਾਰਨੀ ਆਪਣੇ ਰਿਸ਼ਤੇਦਾਰ ਜਸਵੀਰ ਸਿੰਘ ਦੇ ਨਾਮ ਕਰਵਾ ਦਿੱਤੀ। ਮਨਜੀਤ ਸਿੰਘ ਮੰਡ ਨੇ ਆਪਣੇ ਬੇਟੇ ਗਗਨਗਿਆਨ ਸਿੰਘ ਮੰਡ, ਨੂੰਹ ਕਮਲਜੀਤ ਕੌਰ, ਗਗਨਗਿਆਨ ਦੇ ਸਾਲੇ ਸੁਖਬੀਰ ਸਿੰਘ ਭੈਣੀ ਅਰਾਈਆਂ ਅਤੇ ਸੱਸ ਰਣਜੀਤ ਕੌਰ ਦੇ ਨਾਲ ਮਿਲ ਕੇ ਸੰਤੋਖ ਸਿੰਘ ਗਰੇਵਾਲ ਅਤੇ ਸ਼ਮਸ਼ੇਰ ਸਿੰਘ ਗਰੇਵਾਲ ਦੀ 20 ਕਰੋੜ ਰੁਪਏ ਤੋਂ ਜ਼ਿਆਦਾ ਦੀ ਲਗਭਗ 4300 ਵਰਗ ਗਜ਼ ਜ਼ਮੀਨ ਗੈਰਕਾਨੂੰਨੀ ਢੰਗ ਨਾਲ ਤਬਦੀਲ ਕਰਵਾ ਲਈ ਅਤੇ ਇਸ ਦਾ ਪਤਾ ਚੱਲਣ 'ਤੇ ਜ਼ਮੀਨ ਹੜੱਪਣ ਦੀ ਕੋਸ਼ਿਸ਼ ਕਰਦੇ ਹੋਏ ਜ਼ਮੀਨ ਵਾਪਸ ਕਰਨ ਤੋਂ ਮਨ੍ਹਾ ਕਰ ਦਿੱਤਾ, ਜਿਸ ਸਬੰਧੀ ਪ੍ਰਵਾਸੀ ਭਾਰਤੀ ਕਰਮਜੀਤ ਸਿੰਘ ਗਰੇਵਾਲ ਨੇ ਲੁਧਿਆਣਾ ਦੇ ਪ੍ਰਵਾਸੀ ਭਾਰਤੀ ਪੁਲਿਸ ਥਾਣੇ 'ਚ ਸ਼ਿਕਾਇਤ ਦਿੰਦੇ ਹੋਏ 2024 'ਚ ਕੇਸ ਦਰਜ ਕਰਵਾਇਆ ਸੀ, ਪਰ ਪੁਲਿਸ ਵਲੋਂ ਇਨ੍ਹਾਂ ਦੀ ਗ੍ਰਿਫ਼ਤਾਰੀ ਨਹੀਂ ਸੀ ਕੀਤੀ ਜਾ ਰਹੀ, ਜਿਸ ਕਾਰਨ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਦੇ ਵਿਰੋਧ 'ਚ ਹਾਈਕੋਰਟ 'ਚ ਇਕ ਰਿੱਟ ਪਟੀਸ਼ਨ ਪਾਈ ਗਈ, ਜਿਸ ਦੇ ਬਾਅਦ ਹਾਈਕੋਰਟ ਦੇ ਹੁਕਮਾਂ ਦੇ ਬਾਅਦ ਪੁਲਿਸ ਨੇ ਮਨਜੀਤ ਸਿੰਘ ਮੰਡ ਨੂੰ ਇਕ ਆਸ਼ਰਮ 'ਚੋਂ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ, ਜਦਕਿ ਸੁਖਬੀਰ ਸਿੰਘ ਭੈਣੀ ਅਤੇ ਰਣਜੀਤ ਕੌਰ ਗ੍ਰਿਫ਼ਤਾਰੀ ਤੋਂ ਬਚਦੇ ਹੋਏ ਭੱਜੇ ਹੋਏ ਹਨ, ਜਿਨ੍ਹਾਂ ਦੀ ਗ੍ਰਿਫ਼ਤਾਰੀ ਲਈ ਪੁਲਿਸ ਵਲੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।



# ਪੰਜਾਬ ਸਰਕਾਰ ਨੇ ਵਾਪਸ ਲਈ ਲੈਂਡ ਪੂਲਿੰਗ ਨੀਤੀ

- ਕੁੱਲ 65,533 ਏਕੜ 'ਚੋਂ 46,861 ਏਕੜ ਜ਼ਮੀਨ ਕੇਵਲ ਲੁਧਿਆਣਾ 'ਚ ਹੀ ਪ੍ਰਾਪਤ ਕੀਤੀ ਜਾਣੀ ਸੀ
- ਕਾਨੂੰਨੀ ਤੇ ਸਿਆਸੀ ਦਬਾਅ ਕਾਰਨ ਸਕੀਮ 'ਤੇ ਅਮਲ ਹੋ ਗਿਆ ਸੀ ਠੱਪ






ਚੰਡੀਗੜ੍ਹ : ਪੰਜਾਬ ਸਰਕਾਰ ਵਲੋਂ ਆਪਣੀ ਵਿਵਾਦਿਤ ਲੈਂਡ ਪੂਲਿੰਗ ਸਕੀਮ, ਜਿਸ ਨੂੰ ਲੈ ਕੇ ਸੂਬੇ ਵਿਚ ਸਿਆਸੀ ਭੁਚਾਲ ਦਾ ਮਾਹੌਲ ਬਣ ਰਿਹਾ ਸੀ ਅਤੇ ਹਾਈ ਕੋਰਟ ਵਲੋਂ ਸਕੀਮ ਦੇ ਅਮਲ 'ਤੇ ਵੀ ਰੋਕ ਲੱਗ ਗਈ ਸੀ, ਨੂੰ ਸਰਕਾਰ ਵਲੋਂ ਅੱਜ ਵਾਪਸ ਲੈ ਲਿਆ ਗਿਆ। ਰਾਜ ਸਰਕਾਰ ਦੇ ਉੱਚ ਅਧਿਕਾਰੀ, ਦਿੱਲੀ ਟੀਮ ਤੇ ਮੰਤਰੀਆਂ ਵਲੋਂ ਅਦਾਲਤੀ ਰੋਕ ਕਾਰਨ ਪੈਦਾ ਹੋਈ ਸਥਿਤੀ 'ਤੇ ਵਿਚਾਰਾਂ ਹੋ ਰਹੀਆਂ ਸਨ ਅਤੇ ਕਾਨੂੰਨੀ ਮਾਹਰ ਵੀ ਸਰਕਾਰ ਨੂੰ ਸੁਪਰੀਮ ਕੋਰਟ ਜਾਣ ਲਈ ਹਾਮੀ ਨਹੀਂ ਭਰ ਰਹੇ ਸਨ। ਜਾਣਕਾਰ ਸੂਤਰਾਂ ਅਨੁਸਾਰ ਮੁੱਖ ਮੰਤਰੀ ਸਮੇਤ ਕਈ ਮੰਤਰੀ ਤੇ ਪਾਰਟੀ ਦੇ ਕਾਰਕੁੰਨ ਵੀ ਇਸ ਸਕੀਮ ਨੂੰ ਲੈ ਕੇ ਰਾਜ ਵਿਚ ਟਕਰਾਅ ਵਾਲੇ ਬਣ ਰਹੇ ਮਾਹੌਲ ਅਤੇ ਵਿਰੋਧੀ ਧਿਰਾਂ ਤੇ ਕਿਸਾਨਾਂ ਨੂੰ ਮਿਲ ਰਹੇ ਸਮਰਥਨ ਕਾਰਨ ਚਿੰਤਤ ਸਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵਲੋਂ ਆਪਣੇ ਅੰਤਰਿਮ ਆਦੇਸ਼ਾਂ ਵਿਚ ਕਾਹਲੀ ਵਿਚ ਸਾਰੇ ਪੱਖਾਂ ਨੂੰ ਵਿਚਾਰੇ ਬਿਨਾਂ ਨੀਤੀ ਬਣਾਉਣ, ਸਮਾਜਿਕ ਤੇ ਵਾਤਾਵਰਨ 'ਤੇ ਹੋਣ ਵਾਲੇ ਅਸਰਾਂ ਦਾ ਮੁਲਾਂਕਣ ਨਾ ਕਰਨ ਅਤੇ ਖੇਤੀ ਆਧਾਰਿਤ ਲੋਕਾਂ ਦੇ ਮੁੜ ਵਸੇਬੇ ਨੂੰ ਅੱਖੋਂ ਪਰੋਖੇ ਕੀਤੇ ਜਾਣ ਵਰਗੀਆਂ ਸਖ਼ਤ ਟਿੱਪਣੀਆਂ ਕੀਤੀਆਂ ਸਨ ਅਤੇ ਇਸ ਲਈ ਆਧਾਰ ਵੀ ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਬਣਾਇਆ ਸੀ। ਉਸ ਤੋਂ ਬਾਅਦ ਰਾਜ ਸਰਕਾਰ ਕੋਲ ਕਾਨੂੰਨੀ ਲੜਾਈ ਅੱਗੇ ਤੋਰਨ ਦੀ ਵੀ ਬਹੁਤੀ ਗੁੰਜਾਇਸ਼ ਨਹੀਂ ਰਹਿ ਗਈ ਸੀ। ਸਰਕਾਰ ਵਲੋਂ ਜੂਨ ਵਿਚ ਆਪਣੀ ਇਹ ਜੋ ਨੀਤੀ ਲਿਆਂਦੀ ਗਈ ਸੀ, ਉਸ ਅਧੀਨ ਕੁੱਲ ਪ੍ਰਾਪਤ ਕੀਤੀ ਜਾਣ ਵਾਲੀ 65,533 ਏਕੜ ਜ਼ਮੀਨ 'ਚੋਂ 46,861 ਏਕੜ ਜ਼ਮੀਨ ਕੇਵਲ ਲੁਧਿਆਣਾ ਵਿਚ ਹੀ ਪ੍ਰਾਪਤ ਕੀਤੀ ਜਾਣੀ ਸੀ ਪਰ ਇਹ ਸਪੱਸ਼ਟ ਨਹੀਂ ਸੀ ਹੋ ਰਿਹਾ ਕਿ ਸਰਕਾਰ ਏਨੀ ਵੱਡੀ ਜ਼ਮੀਨ ਦਾ ਕਰਨਾ ਕੀ ਚਾਹੁੰਦੀ ਹੈ, ਕਿਉਂਕਿ ਰਾਜ ਵਿਚ ਸ਼ਹਿਰੀਕਰਨ ਲਈ ਵੀ ਏਨੀ ਜ਼ਮੀਨ ਦੀ ਲੋੜ ਨਹੀਂ ਸਮਝੀ ਜਾ ਰਹੀ। ਰਾਜ ਸਰਕਾਰ ਵਲੋਂ 30 ਸਤੰਬਰ, 2024 ਤੱਕ ਕਿਸਾਨਾਂ ਤੋਂ ਨੋਟੀਫਾਈ ਕੀਤੀਆਂ ਜ਼ਮੀਨਾਂ ਲਈ ਸਕੀਮ ਹੇਠ ਜ਼ਮੀਨਾਂ ਦੇਣ ਲਈ ਰਜ਼ਾਮੰਦੀ ਪੱਤਰ ਮੰਗੇ ਗਏ ਸਨ ਅਤੇ ਸਰਕਾਰ ਇਸ ਸਕੀਮ ਨੂੰ ਅਮਲ ਹੇਠ ਲਿਆਉਣ ਲਈ ਕਾਫ਼ੀ ਦਬਾਅ ਹੇਠ ਅਤੇ ਬਜ਼ਿੱਦ ਨਜ਼ਰ ਆ ਰਹੀ ਸੀ। ਨੀਤੀ ਵਾਪਸ ਲੈਣ ਸੰਬੰਧੀ ਵੀ ਸਰਕਾਰ ਦੇ ਹਾਊਸਿੰਗ ਸਕੱਤਰ ਵਲੋਂ ਦੋ ਲਾਈਨਾਂ ਦਾ ਹੁਕਮ ਜਾਰੀ ਕੀਤਾ ਗਿਆ, ਉਸ ਤੋਂ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਸਰਕਾਰ ਵਲੋਂ ਜ਼ਮੀਨਾਂ ਦੀ ਪ੍ਰਾਪਤੀ ਸੰਬੰਧੀ ਜੋ ਨੋਟੀਫਿਕੇਸ਼ਨ ਜਾਰੀ ਕੀਤੇ ਗਏ ਸਨ ਅਤੇ ਨੋਟੀਫਾਈ ਕੀਤੀਆਂ ਗਈਆਂ ਜ਼ਮੀਨਾਂ 'ਤੇ ਸੀ.ਐਲ.ਯੂ. ਜਾਰੀ ਨਾ ਕਰਨ ਸੰਬੰਧੀ ਲਗਾਈਆਂ ਰੋਕਾਂ ਨੂੰ ਵੀ ਵਾਪਸ ਲਿਆ ਜਾ ਰਿਹਾ ਹੈ ਜਾਂ ਨਹੀਂ, ਫ਼ਿਲਹਾਲ ਇਹ ਵੀ ਸਪਸ਼ਟ ਨਹੀਂ ਹੋ ਰਿਹਾ ਕਿ ਕੀ ਸਰਕਾਰ ਆਪਣੀ ਇਸ ਲੈਂਡ ਪੂਲਿੰਗ ਨੀਤੀ ਨੂੰ ਦੁਬਾਰਾ ਸੋਧੇ ਹੋਏ ਰੂਪ 'ਚ ਅਮਲ ਹੇਠ ਲਿਆਉਣਾ ਚਾਹੇਗੀ ਜਾਂ ਨਹੀਂ। ਸਰਕਾਰੀ ਸੂਤਰਾਂ ਦਾ ਮੰਨਣਾ ਹੈ ਕਿ ਸਮਾਜਿਕ ਤੇ ਵਾਤਾਵਰਨ ਮੁਲਾਂਕਣ ਲਈ ਸਰਕਾਰ ਨੂੰ ਕਾਫ਼ੀ ਸਮੇਂ ਦੀ ਲੋੜ ਹੋਵੇਗੀ ਅਤੇ ਹਾਈ ਕੋਰਟ ਵਲੋਂ ਜੋ 3-4 ਫ਼ਸਲਾਂ ਦੇਣ ਵਾਲੀਆਂ ਜ਼ਮੀਨਾਂ ਦੀ ਸ਼ਹਿਰੀਕਰਨ ਲਈ ਵਰਤੋਂ ਸੰਬੰਧੀ ਟਿੱਪਣੀਆਂ ਕੀਤੀਆਂ ਹਨ, ਸਰਕਾਰ ਨੂੰ ਉਸ 'ਤੇ ਵੀ ਵਿਚਾਰ ਕਰਨਾ ਪਏਗਾ, ਜਿਸ ਕਾਰਨ ਨਵੀਂ ਨੀਤੀ ਨੂੰ ਬਹੁਤ ਛੇਤੀ ਲੈ ਕੇ ਆਉਣਾ ਸੰਭਵ ਨਹੀਂ ਹੋਵੇਗਾ।

## ਪੰਜਾਬ ਦੀ ਪਹਿਚਾਣ ਬਦਲਣ ਵਾਲੀ ਲੈਂਡ ਪੂਲਿੰਗ ਸਕੀਮ ਦਾ ਨੋਟੀਫਿਕੇਸ਼ਨ ਰੱਦ



ਚੰਡੀਗੜ੍ਹ : ਪੰਜਾਬ 'ਚ ਕਿਸਾਨਾਂ ਦੀ ਵੱਡੀ ਜਿੱਤ ਹੋਈ ਹੈ। ਦਅਰਸਲ ਪੰਜਾਬ ਕੈਬਨਿਟ ਨੇ ਲੈਂਡ ਪੂਲਿੰਗ ਸਕੀਮ ਦਾ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਗਿਆ ਹੈ। ਦੱਸ ਦਈਏ ਕਿ ਬੀਤੀ 11 ਅਗਸਤ ਨੂੰ ਸਰਕਾਰ ਵੱਲੋਂ ਕਿਸਾਨਾਂ ਅਤੇ ਵਿਰੋਧੀ ਪਾਰਟੀਆਂ ਦੇ ਭਾਰੀ ਵਿਰੋਧ ਦੇ ਚੱਲਦੇ ਸਕੀਮ ਨੂੰ ਵਾਪਸ ਲੈ ਲਿਆ ਸੀ। ਸ਼੍ਰੋਮਣੀ ਅਕਾਲੀ ਦਲ ਨੇ ਵੀ ਲੈਂਡ ਪੂਲਿੰਗ ਖਿਲਾਫ਼ ਵੱਡੇ ਪੱਧਰ 'ਤੇ ਸੰਘਰਸ਼ ਵਿੱਢਿਆ ਸੀ। ਮਿਲੀ ਜਾਣਕਾਰੀ ਮੁਤਾਬਿਕ ਪੰਜਾਬ ਸਰਕਾਰ ਦੀ ਕੈਬਨਿਟ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਹੈ। ਸਰਕਾਰ ਨੇ ਲੈਂਡ ਪੂਲਿੰਗ ਨੀਤੀ ਨੂੰ ਡੀਨੋਟੀਫਾਈ ਕਰ ਦਿੱਤਾ ਹੈ। ਇਹ ਮੀਟਿੰਗ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਵਾਸ ਸਥਾਨ 'ਤੇ ਹੋਈ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਜਲਦੀ ਹੀ ਇੱਕ ਪ੍ਰੈਸ ਕਾਨਫਰੰਸ ਕਰਨਗੇ। ਹਾਲ ਹੀ ਵਿੱਚ, ਸਰਕਾਰ ਨੇ ਲੈਂਡ ਪੂਲਿੰਗ ਨੀਤੀ ਨੂੰ ਡੀਨੋਟੀਫਾਈ ਕਰ ਦਿੱਤਾ ਸੀ।

## ਜ਼ਮੀਨ ਹੜੱਪਣ ਦੀ ਸਕੀਮ ਰੱਦ ਹੋਣਾ ਪੰਜਾਬੀਆਂ ਦੀ ਵੱਡੀ ਜਿੱਤ : ਸੁਖਬੀਰ ਸਿੰਘ ਬਾਦਲ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਵੱਲੋਂ ਜ਼ਮੀਨ ਹੜੱਪਣ (ਲੈਂਡ ਪੂਲਿੰਗ ਸਕੀਮ) ਦੀ ਸਕੀਮ ਰੱਦ ਕਰਨ ਦੇ ਫੈਸਲੇ ਨੂੰ ਸਾਰੇ ਪੰਜਾਬੀਆਂ ਦੀ ਜਿੱਤ ਕਰਾਰ ਦਿੱਤਾ ਹੈ ਅਤੇ ਇਸ ਸਕੀਮ ਖਿਲਾਫ ਪਾਰਟੀ ਦੀ ਮੁਹਿੰਮ ਦੇ ਸਮਰਥਨ ਲਈ ਸਾਰੇ ਅਕਾਲੀ ਵਰਕਰਾਂ, ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ ਤੇ ਸਮਾਜ ਦੇ ਹਰ ਵਰਗ ਦਾ ਧੰਨਵਾਦ ਕੀਤਾ ਹੈ।

ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਉਹ ਬਹਾਦਰ ਅਕਾਲੀ ਵਰਕਰਾਂ, ਕਿਸਾਨਾਂ, ਮਜ਼ਦੂਰਾਂ ਅਤੇ ਦੁਕਾਨਦਾਰਾਂ ਦੇ ਜਜ਼ਬੇ ਨੂੰ ਸਲਾਮ ਕਰਦੇ ਹਨ ਜੋ ਇਕਜੁੱਟ ਹੋ ਕੇ ਡਟੇ ਅਤੇ ਉਹਨਾਂ ਨੇ ਅਰਵਿੰਦ ਕੇਜਰੀਵਾਲ ਦੀ ਇਸ ਲੈਂਡ ਪੂਲਿੰਗ ਸਕੀਮ ਨੂੰ ਵਾਪਸ ਲੈਣ ਲਈ ਮਜਬੂਰ ਕੀਤਾ ਜਿਸ ਰਾਹੀਂ ਆਪ ਹਾਈ ਕਮਾਂਡ ਦਿੱਲੀ ਦੇ ਬਿਲਡਰਾਂ ਰਾਹੀਂ 30 ਹਜ਼ਾਰ ਕਰੋੜ ਰੁਪਏ ਇਕੱਠੇ ਕਰ ਕੇ ਦੇਸ਼ ਭਰ ਵਿਚ ਪਾਰਟੀ ਦਾ ਵਿਸਥਾਰ ਕਰਨਾ ਚਾਹੁੰਦੀ ਸੀ।



ਉਹਨਾਂ ਕਿਹਾ ਕਿ ਉਹ ਪੰਜਾਬੀਆਂ ਨੂੰ ਭਰੋਸਾ ਦੁਆਉਂਦੇ ਹਨ ਕਿ ਜਿਵੇਂ ਅਸੀਂ ਪੰਜਾਬ ਦੀ ਆਪ ਸਰਕਾਰ ਨੂੰ ਜ਼ਮੀਨ ਹੜੱਪ ਕਰਨ ਦੀ ਸਕੀਮ ਵਾਪਸ ਲੈਣ ਲਈ ਮਜਬੂਰ ਕੀਤਾ ਅਤੇ ਲੱਖਾਂ ਲੋਕਾਂ ਨੇ ਜ਼ਮੀਨੀ ਪੱਧਰ 'ਤੇ ਮੁਹਿੰਮ ਵਿਚ ਹਿੱਸਾ ਲਿਆ, ਇਸੇ ਤਰੀਕੇ ਅਸੀਂ ਭ੍ਰਿਸ਼ਟ ਤੇ ਘੁਟਾਲਿਆਂ ਭਰੀ ਆਪ ਸਰਕਾਰ ਵੱਲੋਂ ਪੰਜਾਬ ਨੂੰ ਕੰਗਾਲ ਕਰਨ, ਬਾਹਰਲਿਆਂ ਨੂੰ ਨੌਕਰੀਆਂ ਦੇਣ, ਕਾਨੂੰਨ ਵਿਵਸਥਾ ਭੰਗ ਕਰਨ ਅਤੇ ਗੈਂਗਸਟਰਾਂ ਦੀ ਪੁਸ਼ਤਪਨਾਹੀ ਕਰਨ ਦੀ ਵੀ ਜਵਾਬ ਤਲਬੀ ਕਰਾਂਗੇ।

ਉਹਨਾਂ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਬੈਨਰ ਹੇਠ ਇਕਜੁੱਟ ਹੋਣ ਤਾਂ ਜੋ ਪੰਜਾਬ ਨੂੰ ਮੁੜ ਲੀਹ 'ਤੇ ਪਾਇਆ ਜਾ ਸਕੇ ਅਤੇ ਸਾਡੀਆਂ ਆਉਂਦੀਆਂ ਪੀੜ੍ਹੀਆਂ ਦਾ ਭਵਿੱਖ ਸੁਨਹਿਰੀ ਬਣਾਇਆ ਜਾ ਸਕੇ।

ਉਹਨਾਂ ਨੇ ਇਹ ਵੀ ਕਿਹਾ ਕਿ ਉਸਨੂੰ ਪੰਜਾਬੀਆਂ ਦੀ ਇਸ ਗੱਲ 'ਤੇ ਮਾਣ ਹੈ ਕਿਉਂਕਿ ਅਸੀਂ ਮੋਹਰੀ ਹੋ ਕੇ ਲੜਾਈ ਲੜੀ ਹੈ। ਉਹਨਾਂ ਕਿਹਾ ਕਿ ਉਹ ਪੰਜਾਬ ਦੀ ਬੇਸ਼ਕੀਮਤੀ ਜ਼ਮੀਨ ਹੜੱਪ ਕਰਨ ਵਿਰੁੱਧ ਸਾਰੇ ਮਿਹਨਤੀ ਅਤੇ ਬਿਨਾਂ ਕਿਸੇ ਲਾਲਸਾ ਦੇ ਲੜਨ ਵਾਸਤੇ ਵਰਕਰਾਂ ਵੱਲੋਂ ਇਸ ਵਿਸ਼ਾਲ, ਤਾਕਤਵਰ ਤੇ ਉਤਸ਼ਾਹੀ ਲੜਾਈ ਦਾ ਹਿੱਸਾ ਬਣਨ 'ਤੇ ਉਹਨਾਂ ਦਾ ਧੰਨਵਾਦ ਕਰਦੇ ਹਨ।


## ਲੋਕ ਰੋਹ ਅੱਗੇ ਝੁਕੀ 'ਆਪ' ਸਰਕਾਰ : ਚੰਦੂਮਾਜਰਾ

ਜਲੰਧਰ : ਸਾਬਕਾ ਸੰਸਦ ਮੈਂਬਰ ਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਪੰਜਾਬ ਸਰਕਾਰ ਵਲੋਂ ਲੈਂਡ ਪੂਲਿੰਗ ਨੀਤੀ ਵਾਪਸ ਲੈਣ ਦੇ ਫੈਸਲੇ ਨੂੰ ਲੋਕਾਂ ਦੇ ਸੰਘਰਸ਼ ਦੀ ਜਿੱਤ ਕਰਾਰ ਦਿੰਦੇ ਹੋਏ ਕਿਹਾ ਕਿ ਲੋਕ ਰੋਹ ਨੇ ਸਰਕਾਰ ਨੂੰ ਇਹ ਨੀਤੀ ਵਾਪਸ ਲੈਣ ਲਈ ਮਜ਼ਬੂਰ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਮੁੜ ਸੁਰਜੀਤੀ ਦੇ ਦਿਨ ਸਰਕਾਰ ਵਲੋਂ ਕਿਸਾਨ ਵਿਰੋਧੀ ਇਸ ਨੀਤੀ ਨੂੰ ਵਾਪਸ ਲੈਣਾ ਇਹ ਸਾਬਤ ਕਰਦਾ ਹੈ ਕਿ ਲੋਕ ਸ਼ਕਤੀ ਅੱਗੇ ਕੋਈ ਵੀ ਤਾਕਤ ਟਿਕ ਨਹੀਂ ਸਕਦੀ ਤੇ ਉਸ ਨੂੰ ਆਖਰ ਝੁਕਣਾ ਹੀ ਪੈਣਾ ਹੈ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ ਗਰੀਬ, ਮਿਹਨਤੀ ਤੇ ਮਜ਼ਦੂਰ ਜਮਾਤ ਦੇ ਹੱਥਾਂ 'ਚ ਆਈ ਹੈ ਤੇ ਸ਼੍ਰੋਮਣੀ ਅਕਾਲੀ ਦਲ ਡੱਟ ਕੇ ਕਿਸਾਨਾਂ ਦੇ ਹੱਕਾਂ ਦੀ ਰਾਖੀ ਕਰੇਗਾ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਲੈਂਡ ਪੂਲਿੰਗ ਨੀਤੀ ਸੰਬੰਧੀ ਨੋਟੀਫਿਕੇਸ਼ਨ ਨੂੰ ਵੀ ਤੁਰੰਤ ਕੈਬਨਿਟ ਦੀ ਮੀਟਿੰਗ ਸੱਦ ਕੇ ਰੱਦ ਕਰੇ।



## ਲੈਂਡ ਪੂਲਿੰਗ ਸਕੀਮ 'ਤੇ ਪੰਜਾਬ ਸਰਕਾਰ ਦਾ ਯੂ-ਟਰਨ ਕਿਸਾਨ-ਮਜ਼ਦੂਰ ਸੰਘਰਸ਼ ਦੀ ਜਿੱਤ : ਸਰਵਨ ਸਿੰਘ ਪੰਧੇਰ

ਚੰਡੀਗੜ੍ਹ : ਲੈਂਡ ਪੂਲਿੰਗ ਸਕੀਮ ਦੇ ਖਿਲਾਫ ਕਿਸਾਨ - ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਰਾਜ ਪੱਧਰ 'ਤੇ ਕੀਤੇ ਗਏ ਵਿਆਪਕ ਵਿਰੋਧ ਅਤੇ ਮੋਟਰਸਾਈਕਲ ਮਾਰਚ ਤੋਂ ਬਾਅਦ, ਦੇਰ ਸ਼ਾਮ ਪ੍ਰਿੰਸੀਪਲ ਸੈਕਟਰੀਏਟ ਪੰਜਾਬ ਵੱਲੋਂ ਪ੍ਰੈਸ ਨੋਟ ਜਾਰੀ ਕਰਕੇ ਪਾਲਸੀ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਗਿਆ। ਇਸ ਫੈਸਲੇ 'ਤੇ ਕਮੇਟੀ ਦੇ ਸੂਬਾ ਜਨਰਲ ਸਕੱਤਰ ਸਰਵਨ ਸਿੰਘ ਪੰਧੇਰ ਨੇ ਆਪਣੀ ਪ੍ਰਤਿਕ੍ਰਿਆ ਦਿੱਤੀ।



ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜਨਰਲ ਸਕੱਤਰ ਸਰਵਨ ਸਿੰਘ ਪੰਧੇਰ ਨੇ ਆਪਣੇ ਪਿੰਡ ਅੰਮ੍ਰਿਤਸਰ ਪੰਧੇਰ ਤੋਂ ਮੀਡੀਆ ਨਾਲ ਗੱਲਬਾਤ ਦੌਰਾਨ ਸਭ ਤੋਂ ਪਹਿਲਾਂ ਉਹਨਾਂ ਸਾਰੇ ਕਿਸਾਨਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਲੈਂਡ ਪੋਲਿੰਗ ਪਾਲਸੀ ਦੇ ਵਿਰੋਧ 'ਚ ਆਪਣਾ ਯੋਗਦਾਨ ਪਾਇਆ। ਉਹਨਾਂ ਦੱਸਿਆ ਕਿ ਇਹ ਪਾਲਸੀ ਪਹਿਲਾਂ ਪੰਜਾਬ ਕੈਬਨਿਟ ਤੋਂ ਪਾਸ ਹੋਈ ਸੀ ਅਤੇ ਬਾਅਦ ਵਿੱਚ ਗਵਰਨਰ ਕੋਲ ਵੀ ਭੇਜੀ ਗਈ ਸੀ।

ਪੰਧੇਰ ਨੇ ਕਿਹਾ ਕਿ ਪਾਲਸੀ ਨੂੰ ਰੱਦ ਕਰਨ ਨੂੰ ਲੈ ਕੇ ਹਾਲੇ ਤੱਕ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਕੋਈ ਬਿਆਨ ਸਾਹਮਣੇ ਨਹੀਂ ਆਇਆ। ਉਹਨਾਂ ਸਪਸ਼ਟ ਕੀਤਾ ਕਿ ਜੇਕਰ ਪ੍ਰਿੰਸੀਪਲ ਸੈਕਟਰੀਏਟ ਵੱਲੋਂ ਜਾਰੀ ਪ੍ਰੈਸ ਬਿਆਨ ਦੇ ਅਨੁਸਾਰ ਪਾਲਿਸੀ ਰੱਦ ਹੁੰਦੀ ਹੈ, ਤਾਂ ਇਹ ਪੰਜਾਬ ਦੇ ਲੋਕਾਂ ਦੀ ਵੱਡੀ ਜਿੱਤ ਹੋਵੇਗੀ।

## ਕਿਸਾਨਾਂ ਦੀ ਖੁਸ਼ੀ ਜ਼ਿਆਦਾ ਮਹੱਤਵਪੂਰਨ : ਚੀਮਾ

ਚੰਡੀਗੜ੍ਹ : ਲੈਂਡ ਪੂਲਿੰਗ ਨੀਤੀ ਰੱਦ ਕਰਨ ਦੇ ਫ਼ੈਸਲੇ 'ਤੇ 'ਆਪ' ਆਗੂ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਾਡੇ ਲਈ ਇਸ ਨੀਤੀ ਤੋਂ ਵੱਧ ਆਪਣੇ ਕਿਸਾਨਾਂ ਦੀ ਖੁਸ਼ੀ ਅਤੇ ਉਨ੍ਹਾਂ ਦੀ ਸੰਤੁਸ਼ਟੀ ਜ਼ਿਆਦਾ ਮਹੱਤਵਪੂਰਨ ਹੈ।



ਉਨ੍ਹਾਂ ਨੇ ਕਿਹਾ ਕਿ 'ਆਪ' ਸ਼ੁਰੂ ਤੋਂ ਹੀ ਕਿਸਾਨ ਹਿਤੈਸ਼ੀ ਪਾਰਟੀ ਰਹੀ ਹੈ।

ਕਿਸਾਨਾਂ ਦੇ ਫਾਇਦੇ ਲਈ ਹੀ 'ਆਪ' ਸਰਕਾਰ ਇਹ ਨੀਤੀ ਲੈ ਕੇ ਆਈ ਸੀ, ਪਰ ਇਹ ਕਿਸਾਨਾਂ ਨੂੰ ਪਸੰਦ ਨਹੀਂ ਆਈ ਤਾਂ ਬਿਨਾਂ ਦੇਰ ਕੀਤਿਆਂ ਇਹ ਨੀਤੀ ਵਾਪਸ ਲੈ ਲਈ। ਸਾਡਾ ਮਕਸਦ ਕਿਸਾਨਾਂ ਦਾ ਆਰਥਿਕ ਵਿਕਾਸ ਅਤੇ ਖੁਸ਼ਹਾਲੀ ਹੈ।

# ‘ਵੋਟ ਚੋਰੀ’ ਤੇ ‘ਐਸ.ਆਈ.ਆਰ.’ ਖ਼ਿਲਾਫ਼ ‘ਇੰਡੀਆ’ ਗੱਠਜੋੜ ਵਲੋਂ ਵਿਰੋਧ ਮਾਰਚ

## ਚੋਣ ਕਮਿਸ਼ਨ ਦੇ ਦਫ਼ਤਰ ਵੱਲ ਮਾਰਚ ਕਰ ਰਹੇ ਆਗੂਆਂ ਨੂੰ ਹਿਰਾਸਤ ’ਚ ਲੈਣ ਮਗਰੋਂ ਛੱਡਿਆ








ਨਵੀਂ ਦਿੱਲੀ : ਬਿਹਾਰ ਦੀਆਂ ਵੋਟਰ ਸੂਚੀਆਂ ’ਚ ਸੁਧਾਈ (ਐੱਸਆਈਆਰ) ਅਤੇ ‘ਵੋਟ ਚੋਰੀ’ ਖ਼ ?ਲਾਫ਼ ਵਿਰੋਧੀ ਧਿਰਾਂ ਦੇ ਸੰਸਦ ਮੈਂਬਰਾਂ ਨੇ ਅੱਜ ਇਕਜੁੱਟਤਾ ਦਿਖਾਉਂਦਿਆਂ ਸੰਸਦ ਤੋਂ ਚੋਣ ਕਮਿਸ਼ਨ ਦੇ ਦਫ਼ਤਰ ਵੱਲ ਰੋਸ ਮਾਰਚ ਕੀਤਾ। ਇਸ ਦੌਰਾਨ ਪੁਲੀਸ ਨੇ ਆਗੂਆਂ ਨੂੰ ਰਾਹ ’ਚ ਹੀ ਰੋਕ ਕੇ ਹਿਰਾਸਤ ’ਚ ਲੈ ਲਿਆ ਪਰ ਬਾਅਦ ’ਚ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ। ਰੋਸ ਮਾਰਚ ’ਚ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ, ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ, ਤ੍ਰਿਣਮੂਲ ਕਾਂਗਰਸ ਦੀ ਮਹੂਆ ਮੋਇਤਰਾ, ਡੈਰੇਕ ਓ’ਬ੍ਰਾਇਨ, ਡੀਐੱਮਕੇ ਦੇ ਟੀਆਰ ਬਾਲੂ, ਸ਼ਿਵ ਸੈਨਾ (ਯੂਬੀਟੀ) ਦੇ ਸੰਜੇ ਰਾਊਤ, ‘ਆਪ’ ਦੇ ਸੰਜੇ ਸਿੰਘ ਅਤੇ ਕਈ ਹੋਰ ਪਾਰਟੀਆਂ ਦੇ ਆਗੂ ਸ਼ਾਮਲ ਸਨ। ਪੁਲੀਸ ਨੇ ਪੀਟੀਆਈ ਬਿਲਡਿੰਗ ਦੇ ਬਾਹਰ ਬੈਰੀਕੇਡ ਲਗਾਏ ਹੋਏ ਸਨ ਤਾਂ ਜੋ ਸੰਸਦ ਮੈਂਬਰਾਂ ਨੂੰ ਅੱਗੇ ਵਧਣ ਤੋਂ ਰੋਕਿਆ ਜਾ ਸਕੇ। ਜਿਵੇਂ ਹੀ ਸੰਸਦ ਮੈਂਬਰਾਂ ਨੂੰ ਰੋਕਿਆ ਗਿਆ ਤਾਂ ਉਹ ਸੜਕ ’ਤੇ ਹੀ ਬੈਠ ਗਏ ਅਤੇ ਉਨ੍ਹਾਂ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਤ੍ਰਿਣਮੂਲ ਕਾਂਗਰਸ ਦੀ ਮਹੂਆ ਮੋਇਤਰਾ ਤੇ ਸੁਸ਼ਮਿਤਾ ਦੇਵ ਅਤੇ ਕਾਂਗਰਸ ਦੀ ਸੰਜਨਾ ਜਾਟਵ ਤੇ ਜੋਤੀਮਣੀ ਬੈਰੀਕੇਡਾਂ ’ਤੇ ਚੜ੍ਹ ਗਈਆਂ ਅਤੇ ਉਨ੍ਹਾਂ ਚੋਣ ਕਮਿਸ਼ਨ ਖ਼ਿਲਾਫ਼ ਨਾਅਰੇ ਲਗਾਏ। ਪ੍ਰਦਰਸ਼ਨ ਦੌਰਾਨ ਮਹੂਆ ਅਤੇ ਮਿਤਾਲੀ ਬੇਗ਼ ਬੇਹੋਸ਼ ਹੋ ਗਈਆਂ ਸਨ ਅਤੇ ਰਾਹੁਲ ਗਾਂਧੀ ਨੇ ਉਨ੍ਹਾਂ ਦੀ ਸਹਾਇਤਾ ਕੀਤੀ। ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਪੁਲੀਸ ਘੇਰਾ ਤੋੜਨ ਦੀ ਕੋਸ਼ਿਸ਼ ਤਹਿਤ ਬੈਰੀਕੇਡ ਟੱਪ ਲਿਆ ਪਰ ਉਨ੍ਹਾਂ ਨੂੰ ਅੱਗੇ ਨਹੀਂ ਵਧਣ ਦਿੱਤਾ ਗਿਆ। ਸੰਸਦ ਮੈਂਬਰਾਂ ਨੂੰ ਬੱਸਾਂ ’ਚ ਬਿਠਾ ਕੇ ਪਾਰਲੀਮੈਂਟ ਸਟਰੀਟ ਪੁਲੀਸ ਸਟੇਸ਼ਨ ਲਿਜਾਇਆ ਗਿਆ ਜਿਥੋਂ ਸਾਰਿਆਂ ਨੂੰ ਬਾਅਦ ’ਚ ਰਿਹਾਅ ਕਰ ਦਿੱਤਾ ਗਿਆ। ਹਿਰਾਸਤ ’ਚ ਲੈਣ ਮਗਰੋਂ ਰਾਹੁਲ ਗਾਂਧੀ ਨੇ ਕਿਹਾ, “ਇਹ ਕੋਈ ਸਿਆਸੀ ਨਹੀਂ ਸਗੋਂ ਸੰਵਿਧਾਨ ਬਚਾਉਣ ਦੀ ਲੜਾਈ ਹੈ। ਇਹ ‘ਇਕ ਵਿਅਕਤੀ, ਇਕ ਵੋਟ’ ਦੀ ਜੰਗ ਹੈ ਅਤੇ ਅਸੀਂ ਸਾਫ਼-ਸੁਥਰੀ ਵੋਟਰ ਸੂਚੀ ਚਾਹੁੰਦੇ ਹਾਂ। ਉਹ ਗੱਲਬਾਤ ਨਹੀਂ ਕਰ ਸਕਦੇ ਹਨ ਕਿਉਂਕਿ ਸਚਾਈ ਪੂਰੇ ਮੁਲਕ ਸਾਹਮਣੇ ਆ ਗਈ ਹੈ।” ਖੜਗੇ ਨੂੰ ਵੀ ਹਿਰਾਸਤ ’ਚ ਲਿਆ ਗਿਆ ਅਤੇ ਉਨ੍ਹਾਂ ਕਿਹਾ ਕਿ ਇਹ ਲੋਕਾਂ ਦੇ ਵੋਟ ਦੇ ਹੱਕ ਦੀ ਰਾਖੀ ਅਤੇ ਲੋਕਤੰਤਰ ਬਚਾਉਣ ਦਾ ਸੰਘਰਸ਼ ਹੈ। ਉਨ੍ਹਾਂ ਕਿਹਾ ਕਿ ‘ਇੰਡੀਆ’ ਗੱਠਜੋੜ ਭਾਜਪਾ ਦੀ ਸਾਜ਼ਿਸ਼ ਦਾ ਪਰਦਾਫਾਸ਼ ਕਰੇਗਾ। ਕਾਂਗਰਸ ਨੇਤਾ ਜੈਰਾਮ ਰਮੇਸ਼ ਨੇ ਪਹਿਲਾਂ ਚੋਣ ਕਮਿਸ਼ਨ ਨੂੰ ਪੱਤਰ ਲਿਖਿਆ ਸੀ ਕਿ ਉਹ ਉਨ੍ਹਾਂ ਨਾਲ ਮੀਟਿੰਗ ਅਤੇ ਐੱਸਆਈਆਰ ਸਮੇਤ ਹੋਰ ਮੁੱਦਿਆਂ ’ਤੇ ਚਰਚਾ ਕਰਨ ਦੀ ਇਜਾਜ਼ਤ ਦੇਣ। ਉਨ੍ਹਾਂ ਚੋਣ ਕਮਿਸ਼ਨ ਨੂੰ ਆਪਣੇ ਮਾਰਚ ਬਾਰੇ ਜਾਣਕਾਰੀ ਦੇਣ ਲਈ ਲਿਖੇ ਪੱਤਰ ਵਿੱਚ ਕਿਹਾ, “ਸੰਸਦ ਮੈਂਬਰ ਬਿਹਾਰ ਵਿੱਚ ਕੀਤੀਆਂ ਜਾ ਰਹੀਆਂ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਸਮੇਤ ਕਈ ਹੋਰ ਮੁੱਦਿਆਂ ’ਤੇ ਕਮਿਸ਼ਨ ਨਾਲ ਸਮੂਹਿਕ ਤੌਰ ’ਤੇ ਮੁਲਾਕਾਤ ਕਰਨਾ ਚਾਹੁੰਦੇ ਹਨ।” ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ‘ਚੁਰਾਓ ਆਯੋਗ’ ਨਾ ਬਣੇ। ਸੰਸਦ ਮੈਂਬਰਾਂ ਨੇ ਆਪਣੇ ਸਿਰਾਂ ’ਤੇ ਚਿੱਟੀਆਂ ਟੋਪੀਆਂ ਪਾਈਆਂ ਹੋਈਆਂ ਸਨ, ਜਿਨ੍ਹਾਂ ’ਤੇ ‘ਐੱਸਆਈਆਰ’ ਅਤੇ ‘ਵੋਟ ਚੋਰੀ’ ਲਿਖਿਆ ਹੋਇਆ ਸੀ ਅਤੇ ਉਪਰ ਲਾਲ ਰੰਗ ਨਾਲ ਕਾਟਾ ਮਾਰਿਆ ਹੋਇਆ ਸੀ। ਰੋਸ ਮਾਰਚ ਸ਼ੁਰੂ ਕਰਨ ਤੋਂ ਪਹਿਲਾਂ ਵਿਰੋਧੀ ਧਿਰਾਂ ਦੇ ਸੰਸਦ ਮੈਂਬਰਾਂ ਨੇ ਮਕਰ ਦੁਆਰ ਵਿਖੇ ਰਾਸ਼ਟਰੀ ਗੀਤ ਵੀ ਗਾਇਆ। ਸੰਸਦ ਮੈਂਬਰਾਂ ਨੇ ਹੱਥਾਂ ਵਿਚ ਤਖ਼ਤੀਆਂ ਚੁੱਕੀਆਂ ਹੋਈਆਂ ਸਨ, ਜਿਨ੍ਹਾਂ ’ਤੇ ‘ਐੱਸਆਈਆਰ+ਵੋਟ ਚੋਰੀ= ਲੋਕਤੰਤਰ ਦਾ ਕਤਲ’, ‘ਐੱਸਆਈਆਰ ਲੋਕਤੰਤਰ ਪਰ ਵਾਰ’ ਅਤੇ ‘ਐੱਸਆਈਆਰ ਪਰ ਚੁੱਪੀ ਕਿਉਂ’ ਲਿਖਿਆ ਹੋਇਆ ਸੀ।

## ਡੇਟਾ ਚੋਣ ਕਮਿਸ਼ਨ ਦੀ ਵੈੱਬਸਾਈਟ ਤੋਂ ਲਿਆ, ਹਲਫ਼ਨਾਮਾ ਕਿਉਂ ਦੇਵਾਂ: ਰਾਹੁਲ

ਨਵੀਂ ਦਿੱਲੀ: ਲੋਕ ਸਭਾ ’ਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਇਕਜੁੱਟ ਵਿਰੋਧੀ ਧਿਰ ਅਤੇ ਦੇਸ਼ ਦਾ ਹਰ ਵੋਟਰ ਸਾਫ਼-ਸੁਥਰੀ ਵੋਟਰ ਸੂਚੀ ਚਾਹੁੰਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਨੇ ਕਿਹਾ ਕਿ ਇਹ ਕੋਈ ਇਕ ਹਲਕੇ ਦਾ ਨਹੀਂ ਸਗੋਂ ਪੂਰੇ ਦੇਸ਼ ਦਾ ਮਾਮਲਾ ਹੈ ਅਤੇ ਵੋਟਰ ਸੂਚੀਆਂ ’ਚ ਕਥਿਤ ਬੇਨਿਯਮੀਆਂ ਦਾ ਮੁੱਦਾ ਛੇਤੀ ਹੋਰ ਭਖ਼ੇਗਾ। ਉਨ੍ਹਾਂ ਚੋਣ ਕਮਿਸ਼ਨ ਵੱਲੋਂ ਮੰਗਿਆ ਗਿਆ ਹਲਫ਼ਨਾਮਾ ਨਾ ਦੇਣ ਦਾ ਸੰਕੇਤ ਦਿੰਦਿਆਂ ਕਿਹਾ ਕਿ ‘ਵੋਟ ਚੋਰੀ’ ਦਾ ਸਬੂਤ ਦੇਣ ਲਈ ਕਾਂਗਰਸ ਵੱਲੋਂ ਅਧਿਐਨ ਕੀਤਾ ਗਿਆ ਡੇਟਾ ਚੋਣ ਕਮਿਸ਼ਨ ਦੀ ਵੈੱਬਸਾਈਟ ਤੋਂ ਲਿਆ ਗਿਆ ਹੈ। ‘ਇਹ ਉਨ੍ਹਾਂ ਦਾ ਡੇਟਾ ਹੈ।

ਇਹ ਕੋਈ ਮੇਰਾ ਡੇਟਾ ਨਹੀਂ ਹੈ ਜਿਸ ’ਤੇ ਮੈਨੂੰ ਦਸਤਖ਼ਤ ਕਰਨੇ ਚਾਹੀਦੇ ਹਨ। ਅਸੀਂ ਚੋਣ ਕਮਿਸ਼ਨ ਦੀ ਵੈੱਬਸਾਈਟ ਤੋਂ ਇਹ ਡੇਟਾ ਲਿਆ ਹੈ। ਇਹ ਸਿਰਫ਼ ਧਿਆਨ ਵੰਡਾਉਣ ਦੀ ਚਾਲ ਹੈ।’ ਰਾਹੁਲ ਨੇ ਬਾਅਦ ’ਚ ‘ਐਕਸ ’ਤੇ ਕਿਹਾ ਕਿ ਸਾਫ਼-ਸੁਥਰੀ ਵੋਟਰ ਸੂਚੀ ਅਤੇ ਲੋਕਾਂ ਦੇ ਵੋਟ ਦੇ ਹੱਕ ਨੂੰ ਹਰ ਕੀਮਤ ’ਤੇ ਸੁਰੱਖਿਅਤ ਕੀਤਾ ਜਾਵੇਗਾ।

## ਸੰਸਦ ’ਚ ਰੌਲੇ-ਰੱਪੇ ਦੌਰਾਨ 8 ਬਿੱਲਾਂ ਨੂੰ ਮਨਜ਼ੂਰੀ

### ਲੋਕ ਸਭਾ ’ਚ 2 ਟੈਕਸ ਬਿੱਲਾਂ ਸਮੇਤ 4 ਬਿੱਲ ਪਾਸ

ਨਵੀਂ ਦਿੱਲੀ : ਬਿਹਾਰ ’ਚ ਵੋਟਰ ਸੂਚੀਆਂ ਦੇ ਵਿਸ਼ੇਸ਼ ਵਿਆਪਕ ਮੁੜ ਨਿਰੀਖਣ (ਐਸ.ਆਈ.ਆਰ.) ’ਤੇ ਵਿਰੋਧੀ ਧਿਰ ਦੇ ਵਿਰੋਧ ਵਿਚਾਲੇ ਲੋਕ ਸਭਾ ਨੇ 4 ਬਿੱਲ- ਆਮਦਨ ਟੈਕਸ (ਨੰਬਰ 2), ਟੈਕਸੇਸ਼ਨ ਕਾਨੂੰਨ (ਸੋਧ), ਰਾਸ਼ਟਰੀ ਖੇਡ ਪ੍ਰਸ਼ਾਸਨ ਬਿੱਲ ਤੇ ਰਾਸ਼ਟਰੀ ਡੋਪਿੰਗ ਵਿਰੋਧੀ (ਸੋਧ) ਬਿੱਲ ਨੂੰ ਪਾਸ ਕਰ ਦਿੱਤਾ। ਰਾਜ ਸਭਾ ਨੇ ਗੋਆ ਵਿਧਾਨ ਸਭਾ ਹਲਕਿਆਂ ’ਚ ਅਨੁਸੂਚਿਤ ਜਨਜਾਤੀਆਂ ਦੀ ਪ੍ਰਤੀਨਿਧਤਾ ਦਾ ਪੁਨਰਗਠਨ ਬਿੱਲ ਅਤੇ ਵਪਾਰੀ ਸ਼ਿਪਿੰਗ ਬਿੱਲ ਪਾਸ ਕਰ ਦਿੱਤਾ ਅਤੇ ਮਨੀਪੁਰ ਵਿਨਿਯਮ ਬਿੱਲ ਅਤੇ ਮਨੀਪੁਰ ਮਾਲ ਤੇ ਸੇਵਾ ਕਰ (ਸੋਧ) ਜੋ ਪਹਿਲਾਂ ਹੀ ਲੋਕ ਸਭਾ ਵਲੋਂ ਪਾਸ ਕੀਤੇ ਜਾ ਚੁੱਕੇ ਸਨ, ਵਾਪਸ ਭੇਜ ਦਿੱਤੇ। ਲੋਕ ਸਭਾ ਨੇ ਸੋਮਵਾਰ ਨੂੰ ਟੈਕਸੇਸ਼ਨ (ਕਰ ਲਾਉਣ) ਨਾਲ ਸੰਬੰਧਿਤ ਦੋ ਕਾਨੂੰਨ ਆਮਦਨ-ਟੈਕਸ (ਨੰਬਰ 2) ਬਿੱਲ ਅਤੇ ਟੈਕਸੇਸ਼ਨ ਕਾਨੂੰਨ (ਸੋਧ) ਬਿੱਲ ਨੂੰ ਰੌਲੇ-ਰੱਪੇ ਦੌਰਾਨ ਬਿਨਾਂ ਬਹਿਸ ਦੇ ਪਾਸ ਕਰ ਦਿੱਤਾ। ਆਮਦਨ-ਟੈਕਸ (ਨੰਬਰ 2) ਬਿੱਲ, 2025 ਆਮਦਨ-ਟੈਕਸ ਐਕਟ 1961 ਨਾਲ ਸੰਬੰਧਿਤ ਕਾਨੂੰਨ ਨੂੰ ਇਕੱਠਾ ਕਰਨ ਅਤੇ ਸੋਧਣ ਦੀ ਵਿਵਸਥਾ ਕਰਦਾ ਹੈ ਜਦੋਂ ਕਿ ਟੈਕਸੇਸ਼ਨ ਕਾਨੂੰਨ (ਸੋਧ) ਬਿੱਲ, 2025 ਆਮਦਨ-ਟੈਕਸ ਐਕਟ, 1961 ਦੇ ਨਾਲ-ਨਾਲ ਵਿੱਤ ਐਕਟ, 2025 ’ਚ ਵੀ ਸੋਧ ਕਰੇਗਾ।

**ਮਰਚੈਂਟ ਸ਼ਿਪਿੰਗ ਬਿੱਲ, 2025 ਨੂੰ ਮਨਜ਼ੂਰੀ**

ਸੰਸਦ ਨੇ ‘ਮਰਚੈਂਟ ਸ਼ਿਪਿੰਗ ਬਿੱਲ, 2025’ ਨੂੰ ਮਨਜ਼ੂਰੀ ਦੇ ਦਿੱਤੀ ਅਤੇ ਰਾਜ ਸਭਾ ਨੇ ਇਸ ਨੂੰ ਜ਼ਬਾਨੀ ਵੋਟਾਂ ਨਾਲ ਪਾਸ ਕਰ ਦਿੱਤਾ। ਲੋਕ ਸਭਾ ਨੇ 6 ਅਗਸਤ ਨੂੰ ਇਹ ਬਿੱਲ ਪਾਸ ਕਰ ਦਿੱਤਾ ਸੀ। ਬਿਹਾਰ ਵਿਚ ਵੋਟਰ ਸੂਚੀਆਂ ਦੇ ਵਿਸ਼ੇਸ਼ ਵਿਆਪਕ ਮੁੜ-ਨਿਰੀਖਣ (ਐਸ.ਆਈ.ਆਰ.) ’ਤੇ ਚਰਚਾ ਦੀ ਮੰਗ ਕਰਨ ਵਾਲੇ ਵਿਰੋਧੀ ਧਿਰ ਦੇ ਵਾਕਆਊਟ ਦੇ ਵਿਚਕਾਰ ਇਹ ਬਿੱਲ ਉੱਪਰਲੇ ਸਦਨ ਵਿਚ ਪਾਸ ਹੋ ਗਿਆ। ਇਹ ਬਿੱਲ ਮਰਚੈਂਟ ਸ਼ਿਪਿੰਗ ਜਹਾਜ਼ਾਂ ਦੀ ਮਾਲਕੀ ਲਈ ਯੋਗਤਾ ਮਾਪਦੰਡਾਂ ਦਾ ਵਿਸਥਾਰ ਕਰਨ ਅਤੇ ਸਮੁੰਦਰੀ ਹਾਦਸਿਆਂ ਦੀ ਜਾਂਚ ਅਤੇ ਪੁੱਛਗਿੱਛ ਸਮੇਤ ਹੋਰ ਵਿਵਸਥਾਵਾਂ ਕਰਨ ਦੀ ਕੋਸ਼ਿਸ਼ ਕਰਦਾ ਹੈ। ਕੇਂਦਰੀ ਬੰਦਰਗਾਹ, ਜਹਾਜ਼ਰਾਨੀ ਤੇ ਜਲਮਾਰਗ ਮੰਤਰੀ ਸਰਬਾਨੰਦਾ ਸੋਨੋਵਾਲ ਨੇ ‘ਮਰਚੈਂਟ ਸ਼ਿਪਿੰਗ ਬਿੱਲ 2025’ ’ਤੇ ਬਹਿਸ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਬਿੱਲ ਦਾ ਮੁੱਖ ਮਕਸਦ ਸਮੁੰਦਰੀ ਖੇਤਰ ’ਚ ਭਾਰਤ ਦੀ ਸਮਰੱਥਾ ਨੂੰ ਵਧਾਉਣਾ ਹੈ।

## ਚੋਣ ਕਮਿਸ਼ਨ ਨੇ ਮੈਨੂੰ ਦਾਦੀ ਬਣਾ ਦਿੱਤਾ : ਮਿੰਤਾ ਦੇਵੀ



ਪਟਨਾ : ਅਗਾਮੀ ਬਿਹਾਰ ਵਿਧਾਨ ਸਭਾ ਚੋਣਾਂ ਦੌਰਾਨ ਪਹਿਲੀ ਵਾਰ ਵੋਟ ਪਾਉਣ ਦੀ ਉਡੀਕ ਕਰ ਰਹੀ ਮਿੰਤਾ ਦੇਵੀ ਨੇ ਕਿਹਾ ਕਿ ਚੋਣ ਕਮਿਸ਼ਨ ਨੇ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਮੁੜ ਨਿਰੀਖਣ (ਐਸ.ਆਈ.ਆਰ.) ਦੇ ਚੱਲ ਰਹੇ ਅਮਲ ਦੌਰਾਨ ਉਸ ਨੂੰ ਦਾਦੀ ਬਣਾ ਦਿੱਤਾ ਹੈ। ਮਿੰਤਾ ਦੇਵੀ, ਜਿਸ ਦੀ ਉਮਰ 35 ਸਾਲ ਹੈ ਤੇ ਜਿਸ ਦਾ ਨਾਂਅ ਹੁਣ ਸੋਸ਼ਲ ਮੀਡੀਆ ’ਤੇ ਟਰੈਂਡ ਕਰ ਰਿਹਾ ਹੈ, ਨੇ ਕਿਹਾ ਕਿ ਮੈਨੂੰ ਇਸ ਮੂਰਖਤਾ ਲਈ ਕਿਵੇਂ ਦੋਸ਼ੀ ਠਹਿਰਾਇਆ ਜਾ ਸਕਦਾ ਹੈ? ਮੈਂ ਬੂਥ ਲੈਵਲ ਅਧਿਕਾਰੀ ਦੀ ਲੰਮਾ ਸਮਾਂ ਉਡੀਕ ਕਰਨ ਤੋਂ ਬਾਅਦ ਆਪਣਾ ਗਣਨਾ ਫਾਰਮ ਆਨਲਾਈਨ ਭਰਿਆ ਸੀ। ਹਾਲਾਂਕਿ, ਜ਼ਿਲ੍ਹਾ ਸੀਵਾਨ ਪ੍ਰਸ਼ਾਸਨ ਨੇ ਇਕ ਬਿਆਨ ’ਚ ਦਾਅਵਾ ਕੀਤਾ ਕਿ ਇਸ ਵੋਟਰ ਨਾਲ ਸੰਪਰਕ ਕੀਤਾ ਗਿਆ ਹੈ ਤੇ ਵੋਟਰ ਸੂਚੀ ਵਿਚ ਦਰੁਸਤੀ ਲਈ ਕਦਮ ਚੁੱਕੇ ਗਏ ਸਨ।

## ਸੁਪਰੀਮ ਕੋਰਟ ਦੇ ਹੁਕਮਾਂ ’ਤੇ ਮੁੜ ਹੋਈ EVM ਵੋਟਾਂ ਦੀ ਗਿਣਤੀ, ਹਾਰਿਆ ਉਮੀਦਵਾਰ ਜਿੱਤਿਆ...




ਹਰਿਆਣਾ ਤੋਂ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਸੁਪਰੀਮ ਕੋਰਟ ਨੇ ਹਰਿਆਣਾ ਦੇ ਪਾਣੀਪਤ ਜ਼ਿਲ੍ਹੇ ਦੇ ਬੁਆਨਾ ਲੱਖੂ ਪਿੰਡ ਦੀ ਗ੍ਰਾਮ ਪੰਚਾਇਤ ਦੇ ਸਰਪੰਚ ਦੀ ਚੋਣ ਨਾਲ ਸਬੰਧਤ ਇਲੈਕਟ ?ਾਨਿਕ ਵੋਟਿੰਗ ਮਸ਼ੀਨਾਂ (EVMs) ਅਤੇ ਹੋਰ ਰਿਕਾਰਡਾਂ ਨੂੰ ਤਲਬ ਕੀਤਾ ਅਤੇ ਵੋਟਾਂ ਦੀ ਮੁੜ ਗਿਣਤੀ ਕਰਵਾਈ, ਜਿਸ ਨਾਲ ਨਤੀਜੇ ਹੀ ਬਦਲ ਗਏ। ਇਹ ਮੁੜ ਗਿਣਤੀ ਸੁਪਰੀਮ ਕੋਰਟ ਦੇ ਓਐੱਸਡੀ (ਰਜਿਸਟਰਾਰ) ਕਾਵੇਰੀ ਵੱਲੋਂ ਦੋਵਾਂ ਧਿਰਾਂ ਅਤੇ ਉਨ੍ਹਾਂ ਦੇ ਵਕੀਲਾਂ ਦੀ ਮੌਜੂਦਗੀ ਵਿਚ ਕੀਤੀ ਗਈ ਅਤੇ ਪੂਰੀ ਕਾਰਵਾਈ ਦੀ ਵੀਡੀਓਗ੍ਰਾਫੀ ਕੀਤੀ ਗਈ।

ਬੈਂਚ ਨੇ ਆਪਣੇ 11 ਅਗਸਤ ਦੇ ਹੁਕਮ ਵਿਚ ਕਿਹਾ ਕਿ ਡਿਪਟੀ ਕਮਿਸ਼ਨਰ-ਕਮ-ਚੋਣ ਅਧਿਕਾਰੀ ਪਾਣੀਪਤ ਨੂੰ ਇਸ ਸਬੰਧੀ ਦੋ ਦਿਨਾਂ ਦੇ ਅੰਦਰ ਇਕ ਨੋਟੀਫਿਕੇਸ਼ਨ ਜਾਰੀ ਕਰਨ ਦਾ ਨਿਰਦੇਸ਼ ਦਿੱਤਾ ਜਾਂਦਾ ਹੈ, ਜਿਸ ਵਿਚ ਅਪੀਲਕਰਤਾ (ਮੋਹਿਤ ਕੁਮਾਰ) ਨੂੰ ਉਪਰੋਕਤ ਗ੍ਰਾਮ ਪੰਚਾਇਤ ਦਾ ਚੁਣਿਆ ਹੋਇਆ ਸਰਪੰਚ ਘੋਸ਼ਿਤ ਕੀਤਾ ਜਾਵੇ। ਦੱਸ ਦਈਏ ਕਿ ਇਹ ਵਿਵਾਦ 2 ਨਵੰਬਰ 2022 ਨੂੰ ਹੋਈ ਸਰਪੰਚ ਦੀ ਚੋਣ ਨਾਲ ਸਬੰਧਤ ਹੈ, ਜਿਸ ਵਿਚ ਕੁਲਦੀਪ ਸਿੰਘ ਨੂੰ ਵਿਰੋਧੀ ਮੋਹਿਤ ਕੁਮਾਰ ਦੇ ਮੁਕਾਬਲੇ ਜੇਤੂ ਘੋਸ਼ਿਤ ਕੀਤਾ ਗਿਆ ਸੀ।

ਅਪੀਲਕਰਤਾ ਕੁਮਾਰ ਨੇ ਪਾਣੀਪਤ ਦੇ ਵਧੀਕ ਸਿਵਲ ਜੱਜ (ਸੀਨੀਅਰ ਡਿਵੀਜ਼ਨ)-ਕਮ-ਚੋਣ ਟ੍ਰਿਬਿਊਨਲ ਅੱਗੇ ਨਤੀਜੇ ਨੂੰ ਚੁਣੌਤੀ ਦਿੰਦੇ ਹੋਏ ਇਕ ਚੋਣ ਪਟੀਸ਼ਨ ਦਾਇਰ ਕੀਤੀ, ਜਿਸ ਨੇ 22 ਅਪ੍ਰੈਲ 2025 ਨੂੰ ਡਿਪਟੀ ਕਮਿਸ਼ਨਰ-ਕਮ-ਚੋਣ ਅਧਿਕਾਰੀ ਨੂੰ 7 ਮਈ, 2025 ਨੂੰ ਬੂਥ ਨੰਬਰ 69 ਦੀਆਂ ਵੋਟਾਂ ਦੀ ਮੁੜ ਗਿਣਤੀ ਦਾ ਹੁਕਮ ਦਿੱਤਾ। ਹਾਲਾਂਕਿ, ਚੋਣ ਟ੍ਰਿਬਿਊਨਲ ਦੇ ਇਸ ਹੁਕਮ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਹਿਲੀ ਜੁਲਾਈ 2025 ਨੂੰ ਰੱਦ ਕਰ ਦਿੱਤਾ ਸੀ।

6 ਅਗਸਤ 2025 ਨੂੰ ਸਾਰੇ ਬੂਥਾਂ (65 ਤੋਂ 70) ਦੀਆਂ ਵੋਟਾਂ ਦੀ ਮੁੜ ਗਿਣਤੀ ਕੀਤੀ ਅਤੇ ਇਕ ਰਿਪੋਰਟ ਪੇਸ਼ ਕੀਤੀ, ਜਿਸ ਵਿੱਚ ਕੁੱਲ 3,767 ਵੋਟਾਂ ਵਿਚੋਂ ਪਟੀਸ਼ਨਰ ਮੋਹਿਤ ਕੁਮਾਰ ਨੂੰ 1,051 ਵੋਟਾਂ ਮਿਲੀਆਂ, ਜਦੋਂ ਕਿ ਉਸ ਦੇ ਨਜ਼ਦੀਕੀ ਵਿਰੋਧੀ ਰਿਸਪੋਂਡੈਂਟ ਕੁਲਦੀਪ ਸਿੰਘ ਨੂੰ 1,000 ਵੋਟਾਂ ਮਿਲੀਆਂ।

**ਕੁਝ ਘੰਟਿਆਂ ਵਿੱਚ ਦੋ ਸਰਪੰਚ ਬਣ ਗਏ**

ਪੰਚਾਇਤੀ ਰਾਜ ਸੰਸਥਾਵਾਂ ਅਧੀਨ 2 ਨਵੰਬਰ ਨੂੰ ਹੋਈਆਂ ਗ੍ਰਾਮ ਪੰਚਾਇਤ ਚੋਣਾਂ ਵਿਚ ਪਿੰਡ ਬੁਆਨਾ ਲੱਖੂ ਵਿੱਚ ਇੱਕ ਅਧਿਕਾਰੀ ਦੀ ਛੋਟੀ ਜਿਹੀ ਗਲਤੀ ਕਾਰਨ ਕੁਝ ਘੰਟਿਆਂ ਵਿਚ ਦੋ ਸਰਪੰਚ ਬਣ ਗਏ ਸਨ। ਪ੍ਰਸ਼ਾਸਨ ਨੇ ਦੋਵਾਂ ਨੂੰ ਜਿੱਤ ਦਾ ਸਰਟੀਫਿਕੇਟ ਵੀ ਦੇ ਦਿੱਤਾ ਸੀ, ਪਰ ਇਹ ਗਲਤੀ ਥੋੜ੍ਹੇ ਸਮੇਂ ਵਿੱਚ ਮਹਿੰਗੀ ਸਾਬਤ ਹੋਈ।

**ਬੂਥ ਨੰਬਰ 69 ‘ਤੇ ਗਲਤੀ ਨੇ ਨਤੀਜਾ ਬਦਲ ਦਿੱਤਾ :** ਪੰਚਾਇਤ ਚੋਣਾਂ ਵਿੱਚ ਇਸ ਪਿੰਡ ਤੋਂ ਸਰਪੰਚ ਦੇ ਅਹੁਦੇ ਲਈ 7 ਉਮੀਦਵਾਰਾਂ ਨੇ ਚੋਣ ਲੜੀ। ਇਨ੍ਹਾਂ ਵਿਚੋਂ ਦੋ ਉਮੀਦਵਾਰਾਂ ਕੁਲਦੀਪ ਅਤੇ ਮੋਹਿਤ ਵਿਚਕਾਰ ਸਖ਼ਤ ਮੁਕਾਬਲਾ ਸੀ। ਇਸ ਪਿੰਡ ਵਿੱਚ ਬੂਥ ਨੰਬਰ 65, 66, 67, 68, 69 ਅਤੇ 270 ਬਣਾਏ ਗਏ ਸਨ। ਪ੍ਰੀਜ਼ਾਈਡਿੰਗ ਅਫਸਰ ਨੇ ਗਲਤੀ ਨਾਲ ਬੂਥ ਨੰਬਰ 69 ‘ਤੇ ਨਤੀਜਾ ਬਦਲ ਦਿੱਤਾ।

ਇੱਥੇ ਉਮੀਦਵਾਰ ਮੋਹਿਤ ਨੂੰ ਮਿਲੀਆਂ ਵੋਟਾਂ ਕੁਲਦੀਪ ਦੇ ਖਾਤੇ ਵਿੱਚ ਜੁੜ ਗਈਆਂ ਅਤੇ ਕੁਲਦੀਪ ਦੀਆਂ ਵੋਟਾਂ ਮੋਹਿਤ ਦੇ ਖਾਤੇ ਵਿੱਚ ਆ ਗਈਆਂ। ਜਿਸ ਤੋਂ ਬਾਅਦ ਸਾਰੇ ਬੂਥਾਂ ਦੇ ਕੁੱਲ ਦੇ ਆਧਾਰ ‘ਤੇ ਕੁਲਦੀਪ ਨੂੰ ਜੇਤੂ ਐਲਾਨਿਆ ਗਿਆ। ਕੁਲਦੀਪ ਨੂੰ ਜੇਤੂ ਸਰਟੀਫਿਕੇਟ ਵੀ ਦਿੱਤਾ ਗਿਆ।



Jai Mata Di
Jai Mata Di
Hindu Temple & Community Center, Sunnyvale
(A Non Profit, Tax Exempt Religious Organization)
Invites all devotees to
Vishal Bhagwati Jagran
Performed by
Lakhbir Singh Lakha
Devotional Singer from India
Aug. 29, 2025
Friday from 7:30 PM
450 Persian Drive
Sunnyvale, CA 94089
Priti Bhoj
Served
5:30 PM
For Sponsorship Information:
Balwant Birla
(510) 750-8640
Raj Bhanot
(408) 687-1955
Supporting Organizations:
• Maa Durga Parivar
• Hindu Swayamsevak Sangh
• Dadi Pariwar USA
• Association of Indo-Americans

# ਭਗਵਾਨ ਸ਼੍ਰੀ ਕ੍ਰਿਸ਼ਨ ਜੀ



ਭਾਰਤ ਆਪਣੇ ਸੱਭਿਆਚਾਰ ਅਤੇ ਤਿਉਹਾਰਾਂ ਨੂੰ ਖੁਸ਼ੀ ਨਾਲ ਮਨਾਉਣ ਲਈ ਪੂਰੀ ਦੁਨੀਆ ਵਿੱਚ ਜਾਣਿਆ ਜਾਂਦਾ ਹੈ। ਸਾਡੇ ਦੇਸ਼ ਵਿੱਚ ਸਾਰੇ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਹਰ ਸਾਲ ਵੱਖ-ਵੱਖ ਤਰ੍ਹਾਂ ਦੇ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਏ ਜਾਂਦੇ ਹਨ।

ਸਾਡੇ ਦੇਸ਼ ਭਾਰਤ ਵਿੱਚ ਹਰ ਮਹੀਨੇ ਕੋਈ ਨਾ ਕੋਈ ਤਿਉਹਾਰ ਆਉਂਦਾ ਹੈ। ਲੋਕ ਆਉਣ ਵਾਲੇ ਤਿਉਹਾਰ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ ਜੀ ਹਾਂ, ਅਸੀਂ ਗੱਲ ਕਰ ਰਹੇ ਹਾਂ ਕ੍ਰਿਸ਼ਨ ਜਨਮ ਅਸ਼ਟਮੀ 2025 ਦੀ, ਜਿਸ ਲਈ ਲੋਕ ਬਹੁਤ ਇੰਤਜ਼ਾਰ ਕਰਦੇ ਹਨ। ਇਸ ਸਮੇਂ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਭਗਤਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ।

ਲੋਕ ਫਿਰ ਤੋਂ ਭਗਤੀ ਮਾਰਗ ਵੱਲ ਪਰਤ ਰਹੇ ਹਨ। ਹਿੰਦੂ ਕੈਲੰਡਰ ਦੇ ਅਨੁਸਾਰ, ਕ੍ਰਿਸ਼ਨ ਜਨਮ ਅਸ਼ਟਮੀ 2025 ਦਾ ਪਵਿੱਤਰ ਤਿਉਹਾਰ ਭਾਦਰਪਦ ਮਹੀਨੇ ਦੇ ਕ੍ਰਿਸ਼ਨ ਪੱਖ ਦੀ ਅਸ਼ਟਮੀ ਨੂੰ ਮਨਾਇਆ ਜਾਂਦਾ ਹੈ।

ਇਸ ਦਿਨ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਬਾਲ ਰੂਪ ਦੀ ਪੂਜਾ ਕੀਤੀ ਜਾਂਦੀ ਹੈ। ਇਸ ਦਿਨ, ਪੁਰਸ਼ ਅਤੇ ਔਰਤਾਂ ਦੋਵੇਂ ਵਰਤ ਰੱਖਦੇ ਹਨ ਅਤੇ ਅੱਧੀ ਰਾਤ ਨੂੰ ਯਾਨੀ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਤੋਂ ਬਾਅਦ ਆਪਣਾ ਵਰਤ ਤੋੜਦੇ ਹਨ।

ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਦਿਨ ਵਰਤ ਰੱਖਣ ਵਾਲਾ ਕੋਈ ਵੀ ਮਰਦ ਜਾਂ ਔਰਤ ਭਗਵਾਨ ਸ਼੍ਰੀ ਕ੍ਰਿਸ਼ਨ ਦਾ ਆਸ਼ੀਰਵਾਦ ਪ੍ਰਾਪਤ ਕਰਦਾ ਹੈ।

ਔਰਤਾਂ ਬੱਚੇ ਦੇ ਜਨਮ ਲਈ ਭਗਵਾਨ ਸ਼੍ਰੀ ਕ੍ਰਿਸ਼ਨ ਨੂੰ ਪ੍ਰਾਰਥਨਾ ਕਰਦੀਆਂ ਹਨ। ਇਸ ਦਿਨ ਬਾਲ ਗੋਪਾਲ ਨੂੰ ਖੁਸ਼ ਕਰਨ ਲਈ ਉਸ ਲਈ ਕਈ ਪ੍ਰਕਾਰ ਦੇ ਪਕਵਾਨ ਤਿਆਰ ਕੀਤੇ ਜਾਂਦੇ ਹਨ ਅਤੇ ਬਾਲ ਗੋਪਾਲ ਨੂੰ ਝੂਲਾ ਦਿੱਤਾ ਜਾਂਦਾ ਹੈ ਅਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਜਾਂਦੀ ਹੈ ਕਿ ਉਹ ਹਰ ਹਾਲਤ ਵਿੱਚ ਮਦਦ ਕਰੇ।

ਤਾਂ ਆਓ ਜਾਣਦੇ ਹਾਂ ਕਿ ਇਸ ਵਾਰ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ 2025 ਕਦੋਂ ਅਤੇ ਕਿਵੇਂ ਮਨਾਈ ਜਾਵੇਗੀ ਅਤੇ ਇਸ ਦਾ ਸ਼ੁਭ ਸਮਾਂ ਕੀ ਹੋਵੇਗਾ।

ਹਿੰਦੂ ਧਰਮ ਦੀ ਮਾਨਤਾ ਅਨੁਸਾਰ, ਹਰ ਤਿਉਹਾਰ ਦੀ ਇੱਕ ਨਿਸ਼ਚਿਤ ਤਾਰੀਖ ਹੁੰਦੀ ਹੈ। ਉਹ ਤਿਉਹਾਰ ਉਸੇ ਤਾਰੀਖ ਨੂੰ ਮਨਾਇਆ ਜਾਂਦਾ ਹੈ।

ਸਿਰਫ਼ ਤਿਉਹਾਰ ਹੀ ਨਹੀਂ, ਸਗੋਂ ਹਿੰਦੂ ਧਰਮ ਵਿੱਚ ਹਰ ਤਰ੍ਹਾਂ ਦੀ ਪੂਜਾ ਦੀ ਇੱਕ ਨਿਸ਼ਚਿਤ ਤਾਰੀਖ ਹੁੰਦੀ ਹੈ ਅਤੇ ਹੋਰ ਵੀ ਬਹੁਤ ਸਾਰੇ ਕੰਮ ਹਨ ਜੋ ਚੰਗੀ ਤਾਰੀਖ ਜਾਂ ਮੁਹੂਰਤ ਦੇਖ ਕੇ ਹੀ ਕੀਤੇ ਜਾਂਦੇ ਹਨ, ਜਿਵੇਂ ਕਿ ਘਰ ਨੂੰ ਗਰਮ ਕਰਨ ਵਾਲੀ ਪੂਜਾ, ਵਿਆਹ ਅਤੇ ਨਾਮਕਰਨ ਦੀ ਰਸਮ ਇਤਿਆਦਿ।

ਭਾਦਰਪਦ ਮਹੀਨੇ ਦੇ ਕ੍ਰਿਸ਼ਨ ਪੱਖ ਵਿੱਚ ਅਸ਼ਟਮੀ ਤਿਥੀ 15 ਅਗਸਤ 2025 ਨੂੰ ਰਾਤ 11:49 ਵਜੇ ਤੋਂ ਸ਼ੁਰੂ ਹੋ ਕੇ 16 ਅਗਸਤ 2025 ਨੂੰ ਰਾਤ 09:34 ਵਜੇ ਤੱਕ ਹੋਵੇਗੀ।

ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ 2025 ਦੀ ਕੋਈ ਨਿਸ਼ਚਿਤ ਤਾਰੀਖ ਨਹੀਂ ਹੈ, ਇਹ ਹਰ ਸਾਲ ਬਦਲਦੀ ਰਹਿੰਦੀ ਹੈ।

ਤਾਰੀਖ ਦੇ ਨਾਲ-ਨਾਲ, ਸਾਡੇ ਲਈ ਜਨਮ ਅਸ਼ਟਮੀ ਪੂਜਾ ਦੇ ਸ਼ੁਭ ਸਮੇਂ ਜਾਂ ਸ਼ੁਭ ਪਲ ਨੂੰ ਜਾਣਨਾ ਵੀ ਜ਼ਰੂਰੀ ਹੈ ਕਿਉਂਕਿ ਹਰ ਧਾਰਮਿਕ ਕਾਰਜ ਦੇ ਦੋ ਸ਼ੁਭ ਅਤੇ ਅਸ਼ੁਭ ਸਮੇਂ ਹੁੰਦੇ ਹਨ। ਜੇਕਰ ਕੰਮ ਸਹੀ ਸਮੇਂ 'ਤੇ ਕੀਤਾ ਜਾਵੇ ਤਾਂ ਇਹ ਤੁਹਾਡੇ ਲਈ ਵੀ ਚੰਗਾ ਅਤੇ ਲਾਭਦਾਇਕ ਹੋਵੇਗਾ, ਪਰ ਕੋਈ ਵੀ ਕੰਮ ਕਰਨ ਲਈ ਸਮਾਂ ਸ਼ੁਭ ਨਹੀਂ ਹੈ ਅਤੇ ਜੇਕਰ ਉਹ ਕੰਮ ਹੋ ਵੀ ਜਾਵੇ ਤਾਂ ਤੁਹਾਨੂੰ ਖੁਸ਼ੀ ਦੀ ਬਜਾਏ ਦੁੱਖ ਝੱਲਣਾ ਪੈ ਸਕਦਾ ਹੈ।

ਹੁਣ ਅਸੀਂ ਗੱਲ ਕਰ ਰਹੇ ਹਾਂ ਆਉਣ ਵਾਲੇ ਤਿਉਹਾਰ ਕ੍ਰਿਸ਼ਨ ਜਨਮ ਅਸ਼ਟਮੀ ਦੀ। ਬਹੁਤ ਸਾਰੇ ਲੋਕ ਇਹ ਜਾਣਨਾ ਚਾਹੁਣਗੇ ਕਿ ਇਸ ਸਾਲ 2025 ਵਿੱਚ ਕ੍ਰਿਸ਼ਨ ਜਨਮ ਅਸ਼ਟਮੀ ਕਿਹੜੀ ਤਾਰੀਖ਼ ਹੋਵੇਗੀ ਅਤੇ ਜਨਮ ਅਸ਼ਟਮੀ ਦਾ ਸਭ ਤੋਂ ਸ਼ੁਭ ਸਮਾਂ ਕੀ ਹੋਵੇਗਾ।

**ਕ੍ਰਿਸ਼ਨ ਜਨਮ ਅਸ਼ਟਮੀ ਕੀ ਹੈ**

ਜੇਕਰ ਤੁਸੀਂ ਭਾਰਤ ਵਿੱਚ ਰਹਿੰਦੇ ਹੋ, ਤਾਂ ਇਹ ਸੰਭਵ ਨਹੀਂ ਹੈ ਕਿ ਤੁਹਾਨੂੰ ਕ੍ਰਿਸ਼ਨ ਜਨਮ ਅਸ਼ਟਮੀ ਬਾਰੇ ਪਤਾ ਨਾ ਹੋਵੇ। ਇਹ ਭਾਰਤ ਵਿੱਚ ਮਨਾਏ ਜਾਣ ਵਾਲੇ ਤਿਉਹਾਰਾਂ ਵਿੱਚੋਂ ਇੱਕ ਹੈ, ਜਿਸ ਬਾਰੇ ਅਸੀਂ ਅੱਜ ਦੇ ਇਸ ਲੇਖ ਰਾਹੀਂ ਤੁਹਾਨੂੰ ਪੂਰੀ ਜਾਣਕਾਰੀ ਪ੍ਰਦਾਨ ਕਰਾਂਗੇ।

ਇਸ ਦਿਨ ਨੂੰ ਭਗਵਾਨ ਸ਼੍ਰੀ ਹਰੀ ਵਿਸ਼ਨੂੰ ਦੇ ਅੱਠਵੇਂ ਅਵਤਾਰ, ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਦਿਵਸ ਵਜੋਂ ਵੀ ਮਨਾਇਆ ਜਾਂਦਾ ਹੈ।

ਹਰ ਜਗ੍ਹਾ 'ਤੇ ਕ੍ਰਿਸ਼ਨ ਜਨਮ ਅਸ਼ਟਮੀ ਨੂੰ ਵੱਖ-ਵੱਖ ਤਰੀਕਿਆਂ ਨਾਲ ਮਨਾ ਕੇ ਭਗਵਾਨ ਸ਼੍ਰੀ ਕ੍ਰਿਸ਼ਨ ਨੂੰ ਖੁਸ਼ ਕਰਨ ਦਾ ਯਤਨ ਕੀਤਾ ਜਾਂਦਾ ਹੈ। ਇਸ ਦਿਨ ਭਗਵਾਨ ਕ੍ਰਿਸ਼ਨ ਸਾਰੇ ਮੰਦਰਾਂ ਨੂੰ ਫੁੱਲਾਂ ਅਤੇ ਉਨ੍ਹਾਂ ਦੀਆਂ ਝਾਕੀਆਂ ਨਾਲ ਸਜਾਇਆ ਗਿਆ ਹੈ।

ਗੋਵਿੰਦ, ਗੋਪਾਲ ਅਤੇ ਕਾਨਹਾ ਵਰਗੇ ਹੋਰ 108 ਭਗਵਾਨ ਕ੍ਰਿਸ਼ਨ, ਜਿਨ੍ਹਾਂ ਨੂੰ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ, ਨੇ ਆਪਣੀ ਲੀਲਾ ਅਤੇ ਮਨਮੋਹਕ ਦਿੱਖ ਕਾਰਨ ਲੋਕਾਂ ਦੇ ਦਿਲਾਂ ਵਿੱਚ ਇੱਕ ਛਵੀ ਬਣਾਈ ਹੈ।

ਸ਼੍ਰੀ ਕ੍ਰਿਸ਼ਨ ਦਾ ਜਨਮ ਧਰਤੀ 'ਤੇ ਇੱਕ ਆਮ ਮਨੁੱਖ ਦੇ ਰੂਪ ਵਿੱਚ ਹੋਇਆ ਸੀ ਅਤੇ ਉਨ੍ਹਾਂ ਨੇ ਦੁਸ਼ਟਾਂ ਨੂੰ ਮਾਰ ਕੇ ਇਸ ਧਰਤੀ ਨੂੰ ਪਾਪ ਤੋਂ ਮੁਕਤ ਕੀਤਾ ਸੀ।

ਇਸ ਤੋਂ ਇਲਾਵਾ, ਭਗਵਾਨ ਸ਼੍ਰੀ ਕ੍ਰਿਸ਼ਨ ਦੁਆਰਾ ਪਾਪੀਆਂ ਨੂੰ ਖਤਮ ਕਰਨ ਲਈ ਕੀਤੇ ਗਏ ਬਹੁਤ ਸਾਰੇ ਮਹਾਨ ਕਾਰਜ ਹਨ, ਇਸ ਲਈ ਸਾਡੇ ਲਈ ਉਨ੍ਹਾਂ ਨਾਲ ਸਬੰਧਤ ਸਾਰੇ ਇਤਿਹਾਸ ਨੂੰ ਜਾਣਨਾ ਮਹੱਤਵਪੂਰਨ ਹੈ। ਇਸ ਲਈ ਇਸ ਲੇਖ ਰਾਹੀਂ ਅਸੀਂ ਤੁਹਾਨੂੰ ਸ਼੍ਰੀ ਕ੍ਰਿਸ਼ਨ ਦੇ ਜਨਮ ਨਾਲ ਜੁੜੀ ਹਰ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਾਂਗੇ।

ਇਹ ਪਵਿੱਤਰ ਤਿਉਹਾਰ ਹਿੰਦੂ ਧਰਮ ਦੇ ਲੋਕਾਂ ਲਈ ਬਹੁਤ ਮਹੱਤਵਪੂਰਨ ਹੈ। ਇਸ ਦਿਨ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਬਾਲ ਗੋਪਾਲ ਰੂਪ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਖੁਸ਼ੀ, ਖੁਸ਼ਹਾਲੀ ਅਤੇ ਬੱਚੇ ਦੇ ਜਨਮ ਲਈ ਭਗਵਾਨ ਨੂੰ ਪ੍ਰਾਰਥਨਾ ਕੀਤੀ ਜਾਂਦੀ ਹੈ।

ਸ਼੍ਰੀ ਕ੍ਰਿਸ਼ਨ ਜਨਮ ਦਿਵਸ ਕ੍ਰਿਸ਼ਨਾ ਜਯੰਤੀ ਵਜੋਂ ਵੀ ਮਨਾਇਆ ਜਾਂਦਾ ਹੈ। ਇਸ ਦਿਨ ਭਗਵਾਨ ਨੂੰ ਖੁਸ਼ ਕਰਨ ਲਈ ਅੱਧੀ ਰਾਤ ਤੱਕ ਵਰਤ ਰੱਖਿਆ ਜਾਂਦਾ ਹੈ।

ਕ੍ਰਿਸ਼ਨ ਜਨਮ ਅਸ਼ਟਮੀ ਦੇ ਦਿਨ ਦੇਸ਼ ਭਰ 'ਚ ਤਿਉਹਾਰ ਨੂੰ ਲੈ ਕੇ ਸਾਰਿਆਂ 'ਚ ਉਤਸ਼ਾਹ ਹੈ। ਇਹ ਇੱਕੋ ਇੱਕ ਤਿਉਹਾਰ ਹੈ ਜੋ ਭਾਰਤ ਦੇ ਨਾਲ-ਨਾਲ ਵਿਦੇਸ਼ਾਂ ਵਿੱਚ ਵੀ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਸ਼੍ਰੀ ਕ੍ਰਿਸ਼ਨ ਦੇ ਭਗਤ ਇਸ ਦਿਨ ਉਨ੍ਹਾਂ ਦਾ ਆਸ਼ੀਰਵਾਦ ਲੈਣ ਲਈ ਵਰਤ ਰੱਖਦੇ ਹਨ।

ਪੂਰੇ ਭਾਰਤ ਵਿੱਚ ਹਰ ਥਾਂ ਸਾਰੇ ਮੰਦਰਾਂ ਨੂੰ ਸਜਾਇਆ ਜਾਂਦਾ ਹੈ। ਇਸ ਦਿਨ ਸ਼੍ਰੀ ਕ੍ਰਿਸ਼ਨ ਦੇ ਬਾਲ ਰੂਪ, ਜਿਸ ਨੂੰ ਲੱਡੂ ਗੋਪਾਲ ਜੀ ਵੀ ਕਿਹਾ ਜਾਂਦਾ ਹੈ, ਦੀ ਪੂਰੇ ਦੇਸ਼ ਵਿੱਚ ਪੂਜਾ ਕੀਤੀ ਜਾਂਦੀ ਹੈ। ਮੰਦਰਾਂ ਵਿੱਚ ਭਜਨ ਅਤੇ ਕੀਰਤਨ ਕੀਤੇ ਜਾਂਦੇ ਹਨ।

ਨੌਜਵਾਨਾਂ ਵੱਲੋਂ ਦਹੀਂ ਹਾਂਡੀ ਕਰਵਾਈ ਜਾਂਦੀ ਹੈ। ਇਸ ਤੋਂ ਇਲਾਵਾ ਸ਼੍ਰੀ ਕ੍ਰਿਸ਼ਨ ਦੀ ਨਗਰੀ ਮਥੁਰਾ ਵਿੱਚ ਵੀ ਇਸ ਦਿਨ ਵੱਡੀ ਗਿਣਤੀ ਵਿੱਚ ਸ਼ਰਧਾਲੂ ਭਗਵਾਨ ਦੇ ਦਰਸ਼ਨਾਂ ਲਈ ਆਉਂਦੇ ਹਨ। ਮਥੁਰਾ ਦਾ ਦਹੀ ਹਾਂਡੀ ਤਿਉਹਾਰ ਬਹੁਤ ਮਸ਼ਹੂਰ ਹੈ।

ਕ੍ਰਿਸ਼ਨ ਜਨਮ ਉਤਸਵ ਵਾਲੇ ਦਿਨ, ਸ਼੍ਰੀ ਕ੍ਰਿਸ਼ਨ ਦੇ ਮੰਦਰ ਦੇ ਨਾਲ-ਨਾਲ, ਪੂਰੇ ਮਥੁਰਾ ਸ਼ਹਿਰ ਨੂੰ ਵੱਖ-ਵੱਖ ਕਿਸਮਾਂ ਦੇ ਫੁੱਲਾਂ ਨਾਲ ਸਜਾਇਆ ਜਾਂਦਾ ਹੈ।


ਸ਼੍ਰੀ ਕ੍ਰਿਸ਼ਨ ਜੀ ਦੀ ਜਨਮ ਭੂਮੀ ਮਥੁਰਾ ਤੋਂ
ਜਨਮ ਅਸ਼ਟਮੀ ਦੀਆਂ ਲੱਖ-ਲੱਖ ਵਧਾਈਆਂ

ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਦਿਵਸ 'ਤੇ ਪੂਰਾ ਮਥੁਰਾ ਸ਼ਹਿਰ ਚਮਕਦਾ ਹੈ। ਸ਼੍ਰੀ ਕ੍ਰਿਸ਼ਨ ਦੇ ਮੰਦਰ ਵਿੱਚ ਲਗਾਈਆਂ ਗਈਆਂ ਲਾਈਟਾਂ ਪੂਰੇ ਮੰਦਰ ਦੀ ਸੁੰਦਰਤਾ ਨੂੰ ਹੋਰ ਵਧਾਉਂਦੀਆਂ ਹਨ।

**ਦਹੀਂ ਹਾਂਡੀ ਦਾ ਤਿਉਹਾਰ**

ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੋ ਕਿ ਸ਼੍ਰੀ ਕ੍ਰਿਸ਼ਨ ਬਚਪਨ ਵਿੱਚ ਬਹੁਤ ਸ਼ਰਾਰਤੀ ਸਨ ਅਤੇ ਉਨ੍ਹਾਂ ਦੀ ਮਨਪਸੰਦ ਚੀਜ਼ ਮੱਖਣ ਸੀ।

ਇਸਨੂੰ ਖਾਣ ਲਈ, ਉਹ ਦੂਜੇ ਲੋਕਾਂ ਦੇ ਮੱਖਣ ਵਾਲੇ ਭਾਂਡੇ ਵੀ ਤੋੜ ਦਿੰਦਾ ਸੀ। ਇਸ ਲਈ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਲੀਲਾ ਨੂੰ ਹਾਂਡੀ ਤਿਉਹਾਰ ਰਾਹੀਂ ਦੁਬਾਰਾ ਬਣਾਇਆ ਜਾਂਦਾ ਹੈ।

ਕਈ ਥਾਈਂ ਤਾਂ ਹਾਂਡੀ ਤੋੜਨ ਦੇ ਪ੍ਰੋਗਰਾਮ ਵੀ ਕਰਵਾਏ ਜਾਂਦੇ ਹਨ। ਇਸ ਘੜੇ ਨੂੰ ਤੋੜਨ ਨਾਲ ਭਗਤਾਂ ਦੇ ਮਨਾਂ ਵਿਚ ਪ੍ਰਮਾਤਮਾ ਦੀ ਯਾਦ ਤਾਜ਼ਾ ਹੋ ਜਾਂਦੀ ਹੈ।

-ਜਨਮ ਅਸ਼ਟਮੀ ਵਾਲੇ ਦਿਨ ਸਵੇਰੇ ਜਲਦੀ ਉੱਠ ਕੇ ਇਸ਼ਨਾਨ ਕਰਨਾ ਚਾਹੀਦਾ ਹੈ।

-ਵਿਸ਼ੇਸ਼ ਤੌਰ 'ਤੇ ਇਸ਼ਨਾਨ ਆਦਿ ਤੋਂ ਬਾਅਦ ਪੂਜਾ ਸਥਾਨ ਨੂੰ ਸਾਫ਼ ਕਰੋ।

- ਇਸ ਤੋਂ ਬਾਅਦ ਭਗਵਾਨ ਨੂੰ ਚੜ੍ਹਾਉਣ ਲਈ ਫੁੱਲ ਅਤੇ ਦੀਵੇ ਤਿਆਰ ਕਰੋ।

-ਪੂਜਾ ਸਥਾਨ ਦੇ ਨਾਲ-ਨਾਲ ਭਗਵਾਨ ਦੀ ਮੂਰਤੀ ਨੂੰ ਚੰਗੀ ਤਰ੍ਹਾਂ ਸਾਫ਼ ਕਰੋ।

-ਪ੍ਰਮਾਤਮਾ ਨੂੰ ਫੁੱਲ ਚੜ੍ਹਾਓ ਅਤੇ ਉਸ ਦਾ ਆਸ਼ੀਰਵਾਦ ਲਓ।

ਇਸ ਤੋਂ ਬਾਅਦ ਭਗਵਾਨ ਨੂੰ ਭੋਜਨ ਚੜ੍ਹਾਓ। ਜਨਮਾਸ਼ਟਮੀ ਦੇ ਪੂਰੇ ਦਿਨ ਲਈ ਵਰਤ ਰੱਖੋ ਜਦੋਂ ਤੱਕ ਤੁਹਾਡੀ ਪੂਜਾ ਪੂਰੀ ਨਹੀਂ ਹੋ ਜਾਂਦੀ।

-ਜੇ ਸੰਭਵ ਹੋਵੇ, ਤਾਂ ਰੁਦਰਾਕਸ਼ ਮਾਲਾ ਪਹਿਨੋ ਅਤੇ ਰਾਧਾ ਕ੍ਰਿਸ਼ਨ ਦੇ ਨਾਮ ਦਾ ਜਾਪ ਕਰੋ।

**ਜਨਮ ਅਸ਼ਟਮੀ ਦੇ ਦਿਨ ਧਿਆਨ ਦੇਣ ਯੋਗ ਗੱਲਾਂ**

-ਇਸ ਦਿਨ ਭਗਵਾਨ ਦੀ ਪੂਜਾ ਕਰੋ।

-ਇਸ ਦਿਨ ਪਰਮਾਤਮਾ ਦਾ ਸਿਮਰਨ ਕਰੋ ਅਤੇ ਉਸ ਦੇ ਨਾਮ ਦਾ ਉਚਾਰਨ ਕਰੋ।

-ਇਸ ਦਿਨ ਰੱਬ ਦੀਆਂ ਲੋਕ ਕਹਾਣੀਆਂ ਜ਼ਰੂਰ ਪੜ੍ਹੋ।

-ਇਸ ਦਿਨ ਪ੍ਰਮਾਤਮਾ ਲਈ ਵਰਤ ਰੱਖੋ।

-ਜਨਮ ਅਸ਼ਟਮੀ ਦੇ ਦਿਨ ਦਾਨ ਕਰਨ ਦਾ ਬਹੁਤ ਮਹੱਤਵ ਹੈ, ਜੇ ਹੋ ਸਕੇ ਤਾਂ ਲੋੜਵੰਦਾਂ ਦੀ ਮਦਦ ਕਰੋ।

-ਇਸ ਦਿਨ ਮਾਸਾਹਾਰੀ ਭੋਜਨ ਤੋਂ ਪਰਹੇਜ਼ ਕਰੋ।

-ਘਰ ਦਾ ਮਾਹੌਲ ਪੂਰੀ ਤਰ੍ਹਾਂ ਸ਼ਾਂਤ ਰੱਖੋ।

-ਇਸ ਦਿਨ ਕਿਸੇ ਨੂੰ ਵੀ ਅਪਸ਼ਬਦ ਨਾ ਕਹੋ।

ਕ੍ਰਿਸ਼ਨ ਜਨਮ ਅਸ਼ਟਮੀ 2025 ਦਾ ਹਿੰਦੂ ਧਰਮ ਵਿੱਚ ਬਹੁਤ ਮਹੱਤਵ ਹੈ। ਇਸ ਦਿਨ, ਭਗਵਾਨ ਸ਼੍ਰੀ ਕ੍ਰਿਸ਼ਨ ਦੇ ਬਾਲ ਰੂਪ ਦੀ ਪੂਜਾ ਕੀਤੀ ਜਾਂਦੀ ਹੈ, ਜਿਨ੍ਹਾਂ ਨੂੰ ਕਈ ਥਾਵਾਂ 'ਤੇ ਲੱਡੂ ਗੋਪਾਲ ਜੀ ਵੀ ਕਿਹਾ ਜਾਂਦਾ ਹੈ।

ਸ਼੍ਰੀ ਕ੍ਰਿਸ਼ਨ ਜਨਮਾਸ਼ਟਮੀ 2025 (ਸ਼੍ਰੀ ਕ੍ਰਿਸ਼ਨ ਜਨਮਾਸ਼ਟਮੀ 2025) ਨੂੰ ਭਗਵਾਨ ਕ੍ਰਿਸ਼ਨ ਦੇ ਜਨਮ ਦਿਨ ਵਜੋਂ ਮਨਾਇਆ ਜਾਂਦਾ ਹੈ।

ਇਸ ਦਿਨ ਵਰਤ ਰੱਖਣ ਦਾ ਨਿਯਮ ਹੈ। ਕਿਹਾ ਜਾਂਦਾ ਹੈ ਕਿ ਜੋ ਕੋਈ ਇਸ ਦਿਨ ਵਰਤ ਰੱਖਦਾ ਹੈ ਅਤੇ ਸੱਚੇ ਦਿਲ ਨਾਲ ਪਰਮਾਤਮਾ ਦਾ ਨਾਮ ਜਪਦਾ ਹੈ, ਪਰਮਾਤਮਾ ਉਸ ਦੀਆਂ ਸਾਰੀਆਂ ਮੁਸੀਬਤਾਂ ਦੂਰ ਕਰ ਦਿੰਦਾ ਹੈ ਅਤੇ ਹਮੇਸ਼ਾ ਉਸ ਉੱਤੇ ਆਪਣੀਆਂ ਬੇਅੰਤ ਅਸੀਸਾਂ ਰੱਖਦਾ ਹੈ।

ਇਸ ਦਿਨ, ਪ੍ਰਭੂ ਨੂੰ ਖੁਸ਼ ਕਰਨ ਲਈ, ਉਸਨੂੰ ਸੁੰਦਰ ਢੰਗ ਨਾਲ ਸਜਾਇਆ ਜਾਂਦਾ ਹੈ ਅਤੇ ਝੂਲਾ ਲਗਾਇਆ ਜਾਂਦਾ ਹੈ।

ਭਗਵਾਨ ਦੇ ਮੰਦਰ ਨੂੰ ਸ਼ਾਨਦਾਰ ਰੋਸ਼ਨੀਆਂ ਅਤੇ ਫੁੱਲਾਂ ਅਤੇ ਹਾਰਾਂ ਨਾਲ ਸਜਾਇਆ ਗਿਆ ਹੈ। ਕਈ ਥਾਈਂ ਤਾਂ ਹਾਂਡੀ ਤੋੜਨ ਦੇ ਪ੍ਰੋਗਰਾਮ ਵੀ ਕਰਵਾਏ ਜਾਂਦੇ ਹਨ। ਇਸ ਘੜੇ ਨੂੰ ਤੋੜਨ ਨਾਲ ਭਗਤਾਂ ਦੇ ਮਨਾਂ ਵਿਚ ਪਰਮਾਤਮਾ ਦੀ ਯਾਦ ਤਾਜ਼ਾ ਹੋ ਜਾਂਦੀ ਹੈ।

ਪੂਰੇ ਭਾਰਤ ਵਿੱਚ ਹਰ ਥਾਂ ਮੰਦਰਾਂ ਨੂੰ ਸਜਾਇਆ ਜਾਂਦਾ ਹੈ। ਇਸ ਦਿਨ, ਸ਼੍ਰੀ ਕ੍ਰਿਸ਼ਨ ਦੇ ਬਾਲ ਰੂਪ, ਜਿਸ ਨੂੰ ਲੱਡੂ ਗੋਪਾਲ ਜੀ ਵੀ ਕਿਹਾ ਜਾਂਦਾ ਹੈ, ਦੀ ਪੂਰੇ ਦੇਸ਼ ਵਿੱਚ ਪੂਜਾ ਕੀਤੀ ਜਾਂਦੀ ਹੈ। ਮੰਦਰਾਂ ਵਿੱਚ ਭਜਨ ਅਤੇ ਕੀਰਤਨ ਕੀਤੇ ਜਾਂਦੇ ਹਨ।

ਭਗਵਾਨ ਕ੍ਰਿਸ਼ਨ ਦਾ ਜਨਮ ਮਨੁੱਖ ਦੇ ਰੂਪ ਵਿੱਚ ਇਸ ਲਈ ਹੋਇਆ ਕਿਉਂਕਿ ਉਸ ਸਮੇਂ ਕੰਸ ਦਾ ਆਤੰਕ ਬਹੁਤ ਵੱਧ ਗਿਆ ਸੀ, ਜਿਸ ਨੂੰ ਖਤਮ ਕਰਨ ਲਈ ਭਗਵਾਨ ਵਿਸ਼ਨੂੰ ਨੇ ਸ਼੍ਰੀ ਕ੍ਰਿਸ਼ਨ ਦੇ ਰੂਪ ਵਿੱਚ ਆਪਣਾ ਅੱਠਵਾਂ ਅਵਤਾਰ ਧਾਰਨ ਕੀਤਾ। ਜਿਸ ਰਾਹੀਂ ਉਸਨੇ ਸਾਨੂੰ ਬਹੁਤ ਸਾਰੀਆਂ ਚੀਜ਼ਾਂ ਬਾਰੇ ਗਿਆਨ ਦੀਆਂ ਗੱਲਾਂ ਦੱਸੀਆਂ।

ਇਸ ਤੋਂ ਇਲਾਵਾ ਉਸ ਨੇ ਮਹਾਭਾਰਤ ਯੁੱਧ ਦੌਰਾਨ ਆਪਣੀ ਦੋਸਤੀ ਦਾ ਫਰਜ਼ ਵੀ ਨਿਭਾਇਆ ਅਤੇ ਅਰਜੁਨ ਨੂੰ ਸਹੀ ਰਸਤਾ ਦਿਖਾਇਆ।

# ਭਾਰਤ ਦੀ ਆਜ਼ਾਦੀ ਦਿਵਸ ਉਪਰ ਭਾਰੀ ਇਕੱਠ

## ਆਜ਼ਾਦੀ ਜਸ਼ਨ 'ਚ ਭਾਰਤ ਦੀਆਂ 29 States ਨੇ ਲਿਆ ਹਿੱਸਾ

## ਭਾਰਤ ਦੀ ਅਜ਼ਾਦੀ ਲਈ ਪੰਜਾਬ ਨੇ ਲੱਖਾਂ ਕੁਰਬਾਨੀਆਂ ਕੀਤੀਆਂ : ਸ਼੍ਰੀ ਰਾਜ ਭਨੋਟ









ਸੈਨਹੋਜ਼ੇ/ਕੈਲੀਫੋਰਨੀਆ : 9 ਅਗਸਤ ਦਿਨ ਸ਼ਨੀਵਾਰ ਸੈਨਹੋਜ਼ੇ ਕੈਲੀਫੋਰਨੀਆ ਵਿਖੇ ਭਾਰਤ ਦੇ ਕੌਂਸਲ ਜਨਰਲ ਸਨਫਰਾਂਸਿਸਕੋ, ਹਿੰਦੂ ਮੰਦਰ ਸਨੀਵੇਲ, ਭਾਰਤ ਦੀਆਂ ਵੱਖ-ਵੱਖ ਜੰਥੇਬੰਦੀਆਂ ਅਤੇ ਆਜ਼ਾਦੀ ਜਸ਼ਨ 'ਚ ਭਾਰਤ ਦੀਆਂ 29 States and G Union Territories. ਨੇ ਹਿੱਸਾ ਲਿਆ। ਸੈਨਹੋਜ਼ੇ ਕੈਲੀਫੋਰਨੀਆ ਵਿਖੇ ਭਾਰਤ ਦੇ ਆਜ਼ਾਦੀ ਦਿਵਸ ਨੂੰ ਸਮਰਪਿਤ ਵੱਡਾ ਸਮਾਗਮ ਕਰਵਾਇਆ ਗਿਆ। ਬੇ-ਏਰੀਆ ਦੀ ਪਹਾੜਾਂ 'ਚ ਘਿਰੀ ਹਰੀ ਭਰੀ ਗਰਾਊਡ 'ਤੇ ਜਸ਼ਨਾਂ ਲਈ ਸਜਾਈ ਵਿਸ਼ਾਲ ਸਟੇਜ ਤੋਂ 'ਇੰਡੀਆ ਡੇਅ ਫੈਸਟੀਵਲ ਐਂਡ ਗਰੈਂਡ ਪਰੇਡ' ਦੀ ਆਰੰਭਤਾ ਸਵੇਰ ਦਸ ਵਜੇ ਹੋਈ ਅਤੇ ਸ਼ਾਮ ਤੱਕ ਗੀਤ-ਸੰਗੀਤ ਨਾਲ ਮਨੋਰੰਜਨ ਦੇ ਪ੍ਰੋਗਰਾਮ ਜਾਰੀ ਰਿਹਾ। ਸ਼ੁਰੂਆਤ ਭਾਰਤ ਦੇ ਰਾਸ਼ਟਰੀ ਗੀਤ ਅਤੇ ਝੰਡਾ ਲਹਿਰਾਉਣ ਦੀ ਰਸਮ ਨਾਲ ਹੋਈ। ਕੌਂਸਲ ਜਨਰਲ ਭਾਰਤ ਦੇ ਕੌਂਸਲ ਜਨਰਲ ਸਨਫਰਾਂਸਿਸਕੋ ਨੇ ਆਪਣੇ ਵਿਚਾਰ ਸਾਂਝੇ ਕੀਤੇ। ਗਰੈਂਡ ਪਰੇਡ ਵਿੱਚ ਭਾਰਤੀ ਪਹਿਰਾਵੇ ਵਾਲੇ ਲੋਕਾਂ ਦੀ ਚੋਖੀ ਹਾਜ਼ਰੀ ਦੇਖੀ ਗਈ। ਕਲਾਸੀਕਲ ਡਾਂਸਰ ਨੇ ਵੀ ਆਪਣੀ ਕਲਾ ਦਾ ਮੁਜ਼ਾਹਰਾ ਕੀਤਾ।

ਭਾਰਤ ਦੇ 78ਵੇਂ ਆਜ਼ਾਦੀ ਦਿਹਾੜੇ ਸੰਬੰਧੀ ਵਿਦੇਸ਼ਾਂ 'ਚ ਵਸਦੇ ਭਾਰਤੀਆਂ ਦੇ ਮਨਾਂ 'ਚ ਬੇਹੱਦ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਇੰਡੋ-ਯੂ.ਐਸ. ਐਸੋਸੀਏਸ਼ਨ ਆਫ਼ ਅਮਰੀਕਾ ਵਲੋਂ ਕੈਲੀਫੋਰਨੀਆ ਦੇ ਪ੍ਰਮੁੱਖ ਸ਼ਹਿਰ ਸੈਨਹੋਜੇ ਦੇ ਡਾਊਨ ਟਾਊਨ 'ਚ ਆਜ਼ਾਦੀ ਦਿਹਾੜੇ ਸੰਬੰਧੀ ਵਿਸ਼ੇਸ਼ ਪਰੇਡ ਕਰਵਾਈ ਗਈ, ਜਿਸ ਦੌਰਾਨ ਪੰਜਾਬ ਸਮੇਤ ਡੇਢ ਦਰਜਨ ਤੋਂ ਵੱਧ ਭਾਰਤ ਦੇ ਵੱਖ-ਵੱਖ ਸੂਬਿਆਂ ਨਾਲ ਸੰਬੰਧਿਤ ਲੋਕਾਂ ਵਲੋਂ ਆਪੋ-ਆਪਣੀਆਂ ਝਲਕੀਆਂ ਆਪੋ-ਆਪਣੇ ਸੱਭਿਆਚਾਰ, ਪਛਾਣ-ਪਹਿਰਾਵਾ ਸਮੇਤ ਰਵਾਇਤੀ ਸ਼ਾਨੋ-ਸ਼ੌਕਤ ਨਾਲ ਖ਼ੂਬਸੂਰਤ ਅੰਦਾਜ਼ ਨਾਲ ਸ਼ਿੰਗਾਰੀਆਂ ਗਈਆਂ। ਪਰੇਡ 'ਚ ਪੰਜਾਬ ਦੀ ਝਲਕੀ ਦੀ ਅਗਵਾਈ ਰਾਜ ਭਨੋਟ ਨੇ ਕੀਤੀ। ਉਨ੍ਹਾਂ ਨਾਲ ਪੰਜਾਬੀ ਦੇ ਨਾਮਵਰ ਗਾਇਕ ਸੱਤੀ ਪਾਬਲਾ ਤੇ ਬੀਨਾ ਸਾਗਰ ਨੇ ਆਪਣੇ ਗੀਤਾਂ ਨਾਲ ਦੇਸ਼ ਪਿਆਰ ਦਾ ਜਜ਼ਬਾ ਬਾਖ਼ੂਬੀ ਪੇਸ਼ ਕੀਤਾ। ਇਸ ਕਰੀਬ ਦੋ ਕਿਲੋਮੀਟਰ ਲੰਬੀ ਪਰੇਡ ਦੇ ਆਖਿਰ 'ਚ ਰਵਾਇਤੀ ਪੰਜਾਬੀ ਬੋਲੀਆਂ ਨੇ ਸਰੋਤਿਆਂ ਨੂੰ ਝੂੰਮਣ ਲਾ ਦਿੱਤਾ। ਥਾਂ-ਥਾਂ 'ਤੇ ਸਵਾਗਤ ਲਈ ਜਿਥੇ ਵੱਡੀ ਗਿਣਤੀ 'ਚ ਭਾਰਤੀ ਲੋਕ ਪਰਿਵਾਰਾਂ ਸਮੇਤ ਸ਼ਾਮਿਲ ਸਨ, ਉਥੇ ਗੋਰਿਆਂ ਨੇ ਵੀ ਪਰੇਡ ਨੂੰ ਜੀ ਆਇਆ ਆਖਿਆ। ਰੰਗ-ਬਰੰਗੀਆਂ ਪੁਸ਼ਾਕਾਂ ਤੇ ਤਿਰੰਗੇ ਦੇ ਰੰਗਾਂ 'ਚ ਰੰਗੀ ਪਰੇਡ ਨੇ ਸਾਰਿਆਂ ਦਾ ਮਨ ਮੋਹ ਲਿਆ।








# ਗੁਰੂ ਸਾਹਿਬ ਦੀ ਘਿਰਣਤ ਨਿੰਦਾ

## (ਸ੍ਰੀ ਦਸਮ ਗ੍ਰੰਥ ਸਾਹਿਬ ਬਾਰੇ ਛਪ ਰਹੀ ਪੁਸਤਕ ਵਿਚੋਂ)

ਸਤਿਗੁਰੂ ਜੀ ਸਿੱਖ ਦੇ ਹਲਤ ਪਲਤ, ਦੀਨ ਦੁਨੀ ਦੇ ਰਾਖੇ ਹਨ। ਇਸ ਲਈ ਸਤਿਗਰੂ ਜੀ ਨੇ ਗੁਰਬਾਣੀ ਰਾਹੀਂ ਸਿੱਖ ਦੀ ਅਗਵਾਈ ਕੀਤੀ ਹੈ। ਜਿਵੇਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਧ ਗੋਸ਼ਟ ਵਿਚ ਸਿਧਾਂ ਦੇ ਸ਼ੰਕੇ ਅਤੇ ਉਨ੍ਹਾਂ ਦਾ ਸਮਾਧਾਨ ਬਖਸ਼ਿਸ਼ ਕਰਦੇ ਹਨ।

ਸਿਧਾਂ ਨੇ ਸਤਿਗੁਰੂ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਕਿ ਅਸੀਂ ਤਾਂ ਸੰਸਾਰੀ ਕਾਰ ਵਿਹਾਰ ਤੋਂ ਨਿਰਲੇਪ ਹੋ ਕੇ ਰੁਖਾਂ ਬਿਰਖਾਂ ਦੀ ਛਾਂ ਥੱਲੇ ਗੁਜ਼ਰ ਬਸਰ ਕਰਦੇ ਹਾਂ, ਕੰਦ ਮੂਲ ਸਾਡਾ ਭੋਜਨ ਹੈ, ਤੀਰਥਾਂ ਤੇ ਇਸ਼ਨਾਨ ਕਰਦੇ ਹਾਂ ਅਤੇ ਇਸ ਤਰ੍ਹਾਂ ਮੈਲ ਤੋ ਨਿਵਰਤ ਹੁੰਦੇ ਹਾਂ।

**ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ॥**
**ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥**
**ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥**
**ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥੭॥ (ਮ:੧ ੯੩੯)**

ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਇਹਨਾਂ ਤੁਕਾਂ ਨੂੰ ਪੜ੍ਹ ਕੇ ਹੀ ਕੋਈ ਇਸਨੂੰ ਗੁਰ ਉਪਦੇਸ਼ ਨਾ ਸਮਝ ਬੈਠੇ। ਇਹ ਤਾਂ ਇਕ ਪ੍ਰਸ਼ਨ, ਮਸਲਾ ਜਾਂ ਸਿਧਾਂ ਦੀ ਸੋਚ ਜਾਂ ਵਿਚਾਰ ਹਨ। ਇਸ ਦੇ ਜਵਾਬ ਵਿਚ ਸਤਿਗੁਰੂ ਜੀ ਨੇ ਇਸ ਸਿਧਾਂਤ ਨੂੰ ਪੂਰੀ ਤਰ੍ਹਾਂ ਖੰਡਤ ਕਰਦੇ ਹੋਏ ਉਪਦੇਸ਼ ਦਿੱਤਾ ਕਿ ਘਰ ਬਾਰ ਛੱਡ ਕੇ, ਸੰਸਾਰ ਤੋਂ ਨਾਤਾ ਤੋੜ ਕੇ ਤੁਹਾਨੂੰ ਕੁਝ ਵੀ ਪ੍ਰਾਪਤ ਨਹੀਂ ਹੋਏਗਾ। ਇਸ ਮਨ ਨੂੰ ਟਿਕਾਣ ਲਈ ਨਾਮ ਦਾ ਆਧਾਰ ਤੇ ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਾ ਰਾਹ ਦੱਸਿਆ। ਸਤਿਗੁਰੂ ਜੀ ਨੇ ਉਪਦੇਸ਼ ਦਿੱਤਾ,

**ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ॥**
**ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ॥**
**ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ॥**
**ਖੰਡਿ ਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ॥੯॥ (ਮ:੧ ੯੩੯)**

ਹੁਣ ਜੇਕਰ ਕੋਈ ਪਹਿਲੇ ਹਿੱਸੇ ਨੂੰ ਪੜ੍ਹ ਕੇ ਹੀ ਨਿਰਣਾ ਕਰੀ ਜਾਏ ਤਾਂ ਦੀਨ ਦੁਨੀ ਦੋਨੋਂ ਗਵਾ ਬੈਠੇ ਗਾ। ਗੁਰਬਾਣੀ ਵਿਚ ਇਸ ਤਰ੍ਹਾਂ ਕਈ ਹਵਾਲੇ ਹਨ। ਜਿਵੇਂ ਪਹਿਲੇ ਪ੍ਰਸ਼ਨ ਹੈ,

**ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥**
**ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥**
**ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥੧॥ ਰਹਾਉ॥**

**ਫਿਰ ਨਾਲ ਹੀ ਇਸਦਾ ਜਵਾਬ ਵੀ ਹੈ,**

**ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥**
**ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ॥੧॥**
**ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ॥੧॥ ਰਹਾਉ॥**

ਇਸੇ ਤਰ੍ਹਾਂ ਨਕਲੀ ਨਿਰੰਕਾਰੀ ਵੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਇਕ ਸ਼ਬਦ ਦੀਆਂ ਪਹਿਲੀਆਂ ਦੋ ਤੁਕਾਂ ਪੜ੍ਹ ਕੇ ਕਹਿੰਦੇ ਹਨ ਕਿ ਗੁਰੂ ਸਾਹਿਬ ਵੀ ਹੁਕਮ ਕਰਦੇ ਹਨ ਕਿ ਪਾਠ ਕਰਨ ਆਦਿ ਦਾ ਕੋਈ ਲਾਭ ਨਹੀਂ ਹੈ। ਉਹ ਤੁਕਾਂ ਪੜ੍ਹਦੇ ਹਨ,

**ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥**
**ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥੧॥........**

ਪਰ ਇਸ ਤੋਂ ਅਗਲੀਆਂ ਦੋ ਤੁਕਾਂ ਨੂੰ ਉਹ ਜਾਣ ਬੁਝ ਕੇ ਛੱਡ ਜਾਂਦੇ ਹਨ ਜਿਸ ਵਿਚ ਸਤਿਗੁਰੂ ਜੀ ਫੁਰਮਾਂਦੇ ਹਨ,

**ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥**
**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ ਰਹਾਉ॥ (ਮ:੫ ੬੪੨)**

**ਗੁਰਬਾਣੀ ਵਿਚ ਤਾਂ ਇਹ ਵੀ ਬਚਨ ਹਨ,**

**ਛੋਡਿ ਰਾਮੁ ਕੀ ਨ ਭਜਹਿ ਖੁਦਾਇ॥੬॥**
**ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥**
**ਪਿੰਡੁ ਪੜੈ ਤਉ ਹਰਿ ਗੁਨ ਗਾਇ॥੭॥**
**(ਭਗਤ ਨਾਮਦੇਵ ਜੀ: ੧੧੬੬)**



ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

ਹੁਣ ਜੇ ਕੋਈ ਪਹਿਲੀ ਇਕ ਤੁਕ ਹੀ ਪੜ੍ਹ ਕੇ ਸੁਣਾਈ ਜਾਏ ਤਾਂ ਕੀ ਅਰਥ ਦਾ ਅਨਰਥ ਨਹੀਂ ਹੋ ਜਾਏਗਾ? ਇਸੇ ਤਰ੍ਹਾਂ ਇਕ ਬੰਦਾ ਕਹੀ ਜਾ ਰਿਹਾ ਸੀ ਜੀ ਵੇਖੋ ਲਿਖਿਆ ਹੈ, ਕੁਰਾਨ ਮਤ ਪੜ੍ਹੋ! ਕੁਰਾਨ ਮਤ ਪੜ੍ਹੋ! ਕੁਰਾਨ ਮਤ ਪੜ੍ਹੋ!। ਪਰ ਉਹ ਇਸ ਤੋਂ ਅਗਲੀਆਂ ਤੁਕਾਂ ਨਹੀਂ ਪੜ੍ਹ ਰਿਹਾ ਜਿਸ ਵਿਚ ਲਿਖਿਆ ਸੀ, ਜਬ ਤਕ ਤੁਮ ਵੁਜ਼ੂ ਨਾ ਕਰ ਲੋ।

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚ ਚਰਿਤ੍ਰੋਪਾਖਯਾਨ ਦੇ ਚਰਿਤ੍ਰ ੨੪੪ ਤੇ ਚਾਰ ਤੁਕਾਂ ਦਾ ਇਕ ਬੰਦ ਹੈ। ਇਸ ਵਿਚ ਪਹਿਲੀਆਂ ਦੋ ਤੁਕਾਂ ਵਿਚ ਇਕ ਪ੍ਰਸ਼ਨ ਜਾਂ ਮਸਲਾ ਹੈ ਅਤੇ ਉਸ ਤੋਂ ਅਗਲੀਆਂ ਦੋ ਤੁਕਾਂ ਵਿਚ ਸਤਿਗੁਰੂ ਜੀ ਆਪਣਾ ਨਿਰਣਾ ਦੇਂਦੇ ਹਨ। ਪੂਰਾ ਬੰਦ ਬਿਲਕੁਲ ਗੁਰ ਆਸ਼ੇ ਨੂੰ ਸਪਸ਼ਟ ਕਰਦਾ ਹੈ।

**ਕਾਮਾਤੁਰ ਹ੍ਵੈ ਜੁ ਤ੍ਰਿਯ ਪੁਰਖ ਪ੍ਰਤਿ ਆਵਈ ॥**
**ਘੋਰ ਨਰਕ ਮਹਿ ਪਰੈ ਜੁ ਤਾਹਿ ਨ ਰਾਵਈ॥**
**ਜੋ ਪਰ ਤ੍ਰਿਯ ਪਰ ਸੇਜ ਭਜਤ ਹੈ ਜਾਇ ਕਰਿ॥**
**ਹੋ ਪਾਪ ਕੁੰਡ ਕੇ ਮਾਹਿ ਪਰਤ ਸੋ ਧਾਇ ਕਰਿ॥੨੦॥ (ਚਰਿਤ੍ਰ ੨੪੪)**

ਪਹਿਲੀਆਂ ਦੋ ਤੁਕਾਂ ਵਿਚ ਹੈ ਕਿ ਜੇਕਰ ਕੋਈ ਕਾਮਾਤੁਰ (ਆਤੁਰ = ਪੱਕਾ ਰੋਗੀ) ਇਸਤ੍ਰੀ ਪੁਰਖ ਨੂੰ ਮਿਲਣਾ ਚਾਹੁੰਦੀ ਹੈ ਤੇ ਜੇਕਰ ਉਹ ਨਾ ਮਿਲੇ ਤਾਂ ਉਹ ਵਿਅਕਤੀ ਨਰਕ ਦਾ ਭਾਗੀ ਹੋਏਗਾ। ਪਰ ਇਸਦੇ ਨਾਲ ਹੀ ਇਸੇ ਛੰਦ ਦੀਆਂ ਅਗਲੀਆਂ ਦੋ ਤੁਕਾਂ ਵਿਚ ਸਤਿਗੁਰੂ ਸੱਚੇ ਪਾਤਸ਼ਾਹ ਚਾਰ ਬੱਜਰ ਕੁਰਹਿਤਾਂ ਵਿਚੋ ਪਰ ਤਨ ਗਾਮੀ ਵਾਲੀ ਇਕ ਕੁਰਹਿਤ ਦੀ ਵਿਆਖਿਆ ਕਰਦੇ ਹਨ ਕਿ ਜੇ ਕੋਈ ਵਿਅਕਤੀ ਕਿਸੇ ਪਰ ਇਸਤ੍ਰੀ ਦੇ ਨਾਲ ਸੰਗ ਕਰਦਾ ਹੈ ਤਾਂ ਉਸਨੂੰ ਪਾਪ ਕੁੰਡ ਵਿਚ ਧਾਅ ਕਰ ਕੇ ਡਿੱਗੇ ਗਾ।

ਪਰ ਅਫਸੋਸ, ਸਦ ਅਫਸੋਸ ਸਿੱਖ ਮਿਸ਼ਨਰੀ ਕਾਲਜ ਨੇ ਆਪਣੀ "ਖੋਜ ਭਰਪੂਰ" ਵਿਵਾਦਤ ਪੁਸਤਕ ਦਸਮ ਗ੍ਰੰਥ ਦਰਪਨ, ਪੰਨਾ ੧੯ ਵਿਚ ਬਾਅਦ ਦੀਆਂ ਦੋ ਤੁਕਾਂ ਕਟ ਕੇ ਇਸ ਤਰ੍ਹਾਂ ਛਾਪਿਆ ਹੈ,

**ਕਾਮਾਤੁਰ ਹ੍ਵੈ ਜੁ ਤ੍ਰਿਯ ਪੁਰਖ ਪ੍ਰਤਿ ਆਵਈ॥**
**ਘੋਰ ਨਰਕ ਮਹਿ ਪਰੈ ਜੁ ਤਾਹਿ ਨ ਰਾਵਈ ॥੨੦॥**

ਇਸ ਵਿਚ ਅੰਕ ॥੨੦॥ ਵੀ ਪਿੱਛੋਂ ਚੁਕ ਪਹਿਲੀਆਂ ਦੋ ਤੁਕਾਂ ਦੇ ਬਾਅਦ ਜੋੜ ਦਿੱਤਾ ਹੈ ਤਾਂ ਜੋ ਇਹ ਲੱਗੇ ਕਿ ਸਤਿਗੁਰੂ ਜੀ ਚਰਿਤ੍ਰ ਹੀਣਤਾ ਦਾ ਉਪਦੇਸ਼ ਦੇ ਰਹੇ ਹਨ। ਇਹ ਅਣਗਹਿਲੀ ਨਹੀਂ ਬਲਕਿ ਜਾਣ ਬੁਝ ਕੇ ਕੀਤੀ ਗਈ ਘੋਰ ਗੁਰੂ ਨਿੰਦਾ ਅਤੇ ਇਖਲਾਕੀ ਜੁਰਮ ਹੈ। ਦੁਨਿਆਵੀ ਪੱਧਰ ਤੇ ਵੀ ਜੇਕਰ ਕੋਈ ਐਸੀ ਹਰਕਤ ਕਰਦਾ ਹੈ ਤਾਂ ਇਹ ਧੋਖਾਧੜੀ ਦੇ ਰੂਪ ਵਿਚ ਇਕ ਕਾਨੂੰਨੀ ਜੁਰਮ ਮੰਨਿਆ ਜਾਏਗਾ। ਸ਼ਾਇਦ ਇਸੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੇ ੨੭ ਨਵੰਬਰ, ੨੦੦੬ ਨੂੰ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਨਿੰਦਕਾ ਨੂੰ 'ਸ਼ਰਾਰਤੀ ਅਨਸਰ' ਐਲਾਨਿਆ ਹੈ।

ਹੁਣ ਇਸ ਗੁਰੂ ਨਿੰਦਾ ਬਾਰੇ ਤਾਂ ਸਿਰਫ਼ ਭਾਈ ਗੁਰਦਾਸ ਜੀ ਦੀ ਇਕ ਵਾਰ ਦਾ ਹੀ ਹਵਾਲਾ ਦਿੱਤਾ ਜਾ ਸਕਦਾ ਹੈ। ਭਾਈ ਸਾਹਿਬ ਜੀ ਫਰਮਾਉਂਦੇ ਹਨ,

**ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ॥**
**ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ॥**
**ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ॥**
**ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ॥**
**ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ॥ ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ ॥੯॥**
**(ਵਾਰ ੩੫ ਪਉੜੀ ੯)**

editor@santsipahi.org
www.santsipahi.org;
www.patshahi10.org


## ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਭਗਵੰਤ ਮਾਨ ਸਕੂਲੀ ਵਿਦਿਆਰਥੀਆਂ ਨਾਲ ਕੀਤੀ ਮੁਲਾਕਾਤ



ਫਾਜ਼ਿਲਕਾ : ਆਮ ਆਦਮੀ ਪਾਰਟੀ (ਆਪ) ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਪਾਰਟੀ ਨੇਤਾ ਮਨੀਸ਼ ਸਿਸੋਦੀਆ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਫਾਜ਼ਿਲਕਾ ਵਿੱਚ ਸਕੂਲੀ ਵਿਦਿਆਰਥੀਆਂ ਲਈ ਭਾਰਤ ਦਾ ਪਹਿਲਾ ਸਬੂਤ-ਅਧਾਰਤ ਨਸ਼ਾ ਵਿਰੋਧੀ ਪਾਠਕ੍ਰਮ ਸ਼ੁਰੂ ਕਰਦੇ ਹੋਏ ਸਕੂਲੀ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ।

## ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਉਪ ਕੁਲਪਤੀ ਪ੍ਰੋਫੈਸਰ ਕਰਮਜੀਤ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ

ਅੰਮ੍ਰਿਤਸਰ: ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਗੁਰੂ ਨਾਨਕ ਦੇਵ ਯੂਨੀਵਰਸਟੀ ਦੇ ਉਪ ਕੁਲਪਤੀ ਪ੍ਰੋਫੈਸਰ ਕਰਮਜੀਤ ਸਿੰਘ ਨੂੰ ਉਨ੍ਹਾਂ ਵਲੋਂ ਦੱਖਣ ਭਾਰਤ ਵਿਚ ਹੋਏ ਇਕ ਸਮਾਗਮ ਦੌਰਾਨ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਦੇ ਲੱਗੇ ਦੋਸ਼ਾਂ ਦੇ ਤਹਿਤ 15 ਦਿਨ ਦੇ ਅੰਦਰ ਅੰਦਰ ਅਕਾਲ ਤਖਤ ਸਕੱਤਰੇਤ ਵਿਖੇ ਨਿੱਜੀ ਰੂਪ ਵਿਚ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਦੀ ਹਦਾਇਤ ਕੀਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਉਪ ਕੁਲਪਤੀ ਨੂੰ ਇਸ ਸੰਬੰਧੀ ਇਕ ਪੱਤਰ ਸਕੱਤਰੇਤ ਦੇ ਇੰਚਾਰਜ ਬਗੀਚਾ ਸਿੰਘ ਵਲੋਂ ਭੇਜਿਆ ਗਿਆ ਹੈ। ਚਿੱਠੀ ਵਿਚ ਲਿਖਿਆ ਹੈ ਕਿ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਦੇ ਖਿਲਾਫ਼ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਸ਼ਿਕਾਇਤਾਂ ਪੁੱਜ ਰਹੀਆਂ ਹਨ ਕਿ ਆਪ ਨੇ ਦੱਖਣ ਭਾਰਤ ਵਿਚ ਹੋਏ ਇਕ ਸਮਾਗਮ ਦੌਰਾਨ ਸਿੱਖ ਭਾਵਨਾਵਾਂ ਨੂੰ ਸੱਟ ਮਾਰੀ ਹੈ। ਪੁੱਜੀਆਂ ਸ਼ਿਕਾਇਤਾਂ ਅਤੇ ਮੀਡੀਆ 'ਤੇ ਵਾਇਰਲ ਹੋਈ ਤੁਹਾਡੀ ਵੀਡੀਓ ਅਨੁਸਾਰ ਤੁਸੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਇਕ ਚੇਅਰ ਦੇ ਸੋਧ ਕਾਰਜਾਂ ਰਾਹੀਂ ਸਿੱਖਾਂ ਦੀ ਵਿਲੱਖਣ ਹੋਂਦ ਦੇ ਵਿਰੁੱਧ ਪ੍ਰਗਟਾਵਾ ਕੀਤਾ, ਜੋ ਕਿ ਗੁਰਮਤਿ ਅਨੁਸਾਰੀ ਨਹੀਂ ਹੈ। ਇਸ ਸੰਬੰਧੀ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਲੋਂ ਹੋਏ ਆਦੇਸ਼ ਅਨੁਸਾਰ ਲਿਖਿਆ ਜਾਂਦਾ ਹੈ ਕਿ ਆਪ ਨੇ ਇਸ ਸੰਬੰਧੀ ਆਪਣਾ ਲਿਖਤੀ ਸਪੱਸ਼ਟੀਕਰਨ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਦਫ਼ਤਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਰੂਪ ਵਿਚ ਪੇਸ਼ ਹੋ ਕੇ ਦੇਣਾ ਹੈ।



ਸਕੱਤਰੇਤ
ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ ਸਾਹਿਬ
Secretariat
Sri Akal Takhat Sahib, Sri Amritsar Sahib

ਡਾ. ਕਰਮਜੀਤ ਸਿੰਘ
ਵਾਈਸ ਚਾਂਸਲਰ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਸ੍ਰੀ ਅੰਮ੍ਰਿਤਸਰ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਧੰਨਵਾਦ ਸਹਿਤ,

(ਬਗੀਚਾ ਸਿੰਘ)



## ਅਮਰੀਕਾ 'ਚ ਐਫਬੀਆਈ (FBI) ਵੱਲੋਂ ਅੰਤਰਰਾਸ਼ਟਰੀ ਖੂੰਖਾਰ ਭਾਰਤੀ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਨਜ਼ਦੀਕੀ ਰੰਦੀਪ ਮਲਿਕ ਗ੍ਰਿਫ਼ਤਾਰ

ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਨਜ਼ਦੀਕੀ ਸਾਥੀ ਰੰਦੀਪ ਮਲਿਕ ਨੂੰ ਅਮਰੀਕਾ ਵਿੱਚ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (FBI) ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸੂਤਰਾਂ ਅਨੁਸਾਰ, ਮਲਿਕ ਵਿਦੇਸ਼ 'ਚ ਬੈਠ ਕੇ ਬਿਸ਼ਨੋਈ ਦੇ ਇਸ਼ਾਰਿਆਂ 'ਤੇ ਭਾਰਤ ਵਿੱਚ ਕਤਲ ਕਰਵਾਉਂਦਾ ਸੀ।

ਰੰਦੀਪ ਮਲਿਕ ਦਿੱਲੀ ਦੇ ਨਾਦਿਰ ਸ਼ਾਹ ਕਤਲ ਮਾਮਲੇ ਵਿੱਚ ਵੀ ਲੋੜੀਦਾਂ ਹੈ, ਜਿਸ ਵਿੱਚ ਉਸ 'ਤੇ ਵਿਦੇਸ਼ ਤੋਂ ਹਥਿਆਰ ਸਪਲਾਈ ਕਰਨ ਦੇ ਦੋਸ਼ ਹਨ, ਜੋ ਇਸ ਜੁਰਮ 'ਚ ਵਰਤੇ ਗਏ ਸਨ। ਇਸ ਤੋਂ ਇਲਾਵਾ, ਉਸ 'ਤੇ ਗੁਰਗਾਂਵ ਅਤੇ ਚੰਡੀਗੜ੍ਹ ਦੇ ਕਲੱਬਾਂ ਦੇ ਬਾਹਰ ਧਮਾਕੇ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਵੀ ਹਨ।



ਰਿਪੋਰਟਾਂ ਮੁਤਾਬਕ, ਰੰਦੀਪ ਮਲਿਕ ਇਸ ਵੇਲੇ ਅਮਰੀਕਾ ਦੇ ਜੈਕਸਨ ਪੈਰਿਸ ਕਰੈਕਸ਼ਨਲ ਸੈਂਟਰ ਜੋਨਸਬੋਰੋ, ਲੂਈਜ਼ਿਆਨਾ, ਅਮਰੀਕਾ 'ਚ ਰਿਮਾਂਡ 'ਤੇ ਹੈ। ਇਹ ਉਹ ਜੇਲ੍ਹ ਹੈ ਜੋ ਐਫਬੀਆਈ ਅਤੇ ਆਈਸ (935) ਵਰਗੀਆਂ ਸੰਘੀ ਏਜੰਸੀਆਂ ਇਥੇ ਆਪਣੇ ਕੈਦੀਆਂ ਨੂੰ ਰੱਖਦੀ ਹੈ। ਐਫਬੀਆਈ ਨੇ ਉਸ ਦੀ ਗ੍ਰਿਫ਼ਤਾਰੀ ਬਾਰੇ ਸਾਰੀ ਜਾਣਕਾਰੀ ਭਾਰਤੀ ਏਜੰਸੀਆਂ ਨਾਲ ਸਾਂਝੀ ਕੀਤੀ ਹੈ।

## ਨੈਸ਼ਨਲ ਮਿਡ-ਡੇ ਮੀਲ ਸ਼ੈੱਫ ਫਰੰਟ ਕੁੱਕਾਂ ਨੇ ਮਾਣ ਭੱਤੇ ਵਿੱਚ ਵਾਧੇ ਅਤੇ ਬਰਾਬਰ ਕੰਮ ਲਈ ਬਰਾਬਰ ਤਨਖਾਹ ਦੀ ਮੰਗ ਕਰਦੇ ਹੋਏ ਕੀਤਾ ਪ੍ਰਦਰਸ਼ਨ





ਪਟਨਾ : ਨੈਸ਼ਨਲ ਮਿਡ ਡੇ ਮੀਲ ਸ਼ੈੱਫ ਫਰੰਟ ਕੁੱਕਾਂ ਨੇ ਬੁੱਧਵਾਰ ਨੂੰ ਪਟਨਾ ਵਿੱਚ ਮਾਣ ਭੱਤੇ ਵਿੱਚ ਵਾਧੇ ਅਤੇ ਬਰਾਬਰ ਕੰਮ ਲਈ ਬਰਾਬਰ ਤਨਖਾਹ ਦੀ ਮੰਗ ਕਰਦੇ ਹੋਏ ਇੱਕ ਵਿਰੋਧ ਪ੍ਰਦਰਸ਼ਨ ਕੀਤਾ।

# ਵਾਸ਼ਿੰਗਟਨ 'ਚ ਅਪਰਾਧ ਨੂੰ ਜੜਾਂ ਤੋਂ ਪੱਟਣ ਲਈ ਪ੍ਰੈਜ਼ੀਡੈਂਟ ਟਰੰਪ ਵਲੋਂ ਜੰਗੀ ਪੱਧਰ ਉਪਰ ਤਿਆਰੀ

















ਵਾਸ਼ਿੰਗਟਨ ਡੀ.ਸੀ. : ਮੰਗਲਵਾਰ ਸ਼ਾਮ ਨੂੰ ਵਾਸ਼ਿੰਗਟਨ ਮੋਨਿਊਮੈਂਟ ਦੇ ਨੇੜੇ ਨੈਸ਼ਨਲ ਗਾਰਡ ਦੇ ਜਵਾਨ ਤਾਇਨਾਤ ਹੋਣ ਲੱਗੇ, ਜਿਸ ਨਾਲ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਘੋਸ਼ਿਤ "ਤਾਕਤ ਦੇ ਪ੍ਰਦਰਸ਼ਨ" ਦੀ ਸ਼ੁਰੂਆਤ ਦਿੱਖਣ ਲੱਗੀ।

ਹਾਲਾਂਕਿ, ਇਹ ਹਾਲੇ ਸਪਸ਼ਟ ਨਹੀਂ ਕਿ ਇਹ ਫੌਜੀ ਮੌਜੂਦਗੀ ਟਰੰਪ ਦੇ ਨਾਟਕੀ ਅਤੇ ਚਿਤਾਵਨੀ ਭਰੇ ਬਿਆਨਾਂ ਦੇ ਪੱਧਰ ਤੱਕ ਪਹੁੰਚੇਗੀ ਜਾਂ ਨਹੀਂ।

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਘੋਸ਼ਿਤ "ਤਾਕਤ ਦੇ ਪ੍ਰਦਰਸ਼ਨ" ਦੀ ਯੋਜਨਾ ਹੁਣ ਹਕੀਕਤ ਦਾ ਰੂਪ ਲੈਣ ਲੱਗੀ ਹੈ। ਮੰਗਲਵਾਰ ਸ਼ਾਮ ਨੂੰ ਵਾਸ਼ਿੰਗਟਨ ਮੋਨਿਊਮੈਂਟ ਦੇ ਨੇੜੇ ਨੇਸ਼ਨਲ ਗਾਰਡ ਦੇ ਜਵਾਨਾਂ ਦੀ ਤੈਨਾਤੀ ਦਿੱਖੀ ਗਈ। ਇਹ ਤਾਇਨਾਤੀ ਦੇਸ਼ ਦੀ ਰਾਜਧਾਨੀ ਵਿੱਚ ਇੱਕ ਵੱਡੇ ਸੁਰੱਖਿਆ ਕਦਮ ਵਜੋਂ ਵੇਖੀ ਜਾ ਰਹੀ ਹੈ।

ਸਰੋਤਾਂ ਅਨੁਸਾਰ, ਗਾਰਡ ਦੇ ਵਾਹਨ ਅਤੇ ਜਵਾਨ ਸ਼ਹਿਰ ਦੇ ਕੁਝ ਮੁੱਖ ਖੇਤਰਾਂ ਵਿੱਚ ਮੌਜੂਦ ਹਨ, ਪਰ ਹਾਲੇ ਇਹ ਸਪਸ਼ਟ ਨਹੀਂ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਤਾਕਤ ਦਾ ਪ੍ਰਦਰਸ਼ਨ ਟਰੰਪ ਦੇ "ਅਪੋਕੈਲਿਪਟਿਕ" ਬਿਆਨਾਂ ਦੇ ਬਰਾਬਰ ਹੋਵੇਗਾ ਜਾਂ ਨਹੀਂ। ਟਰੰਪ ਨੇ ਹਾਲ ਹੀ ਵਿੱਚ ਚਿਤਾਵਨੀ ਦਿੱਤੀ ਸੀ ਕਿ ਦੇਸ਼ ਨੂੰ ਅੰਦਰੂਨੀ ਅਸ਼ਾਂਤੀ ਅਤੇ ਸੰਭਾਵਿਤ ਖਤਰਨਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਲਈ "ਮਜ਼ਬੂਤ ਜਵਾਬ" ਲਾਜ਼ਮੀ ਹੈ।

ਫਿਲਹਾਲ, ਵ੍ਹਾਈਟ ਹਾਊਸ ਨੇ ਤਾਇਨਾਤੀ ਦੇ ਪੱਧਰ ਅਤੇ ਮਿਆਦ ਬਾਰੇ ਕੋਈ ਅਧਿਕਾਰਿਕ ਜਾਣਕਾਰੀ ਨਹੀਂ ਦਿੱਤੀ। ਕੁਝ ਨਿਗਰਾਨ ਮੰਨਦੇ ਹਨ ਕਿ ਇਹ ਕਦਮ ਰਾਜਨੀਤਿਕ ਸੰਕੇਤ ਵੀ ਦੇ ਸਕਦਾ ਹੈ, ਜਦਕਿ ਹੋਰਾਂ ਦਾ ਮੰਨਣਾ ਹੈ ਕਿ ਇਸ ਨਾਲ ਰਾਜਧਾਨੀ ਵਿੱਚ ਤਣਾਅ ਦਾ ਮਾਹੌਲ ਬਣ ਸਕਦਾ ਹੈ।

ਸਥਾਨਕ ਨਿਵਾਸੀਆਂ ਅਤੇ ਸੈਲਾਨੀਆਂ ਲਈ ਵੀ ਇਹ ਦ੍ਰਿਸ਼ ਅਸਧਾਰਨ ਸੀ, ਕਿਉਂਕਿ ਵਾਸ਼ਿੰਗਟਨ ਮੋਨਿਊਮੈਂਟ ਦੇ ਆਲੇ-ਦੁਆਲੇ ਸੈਨਿਕ ਜਵਾਨਾਂ ਅਤੇ ਫੌਜੀ ਵਾਹਨਾਂ ਦੀ ਮੌਜੂਦਗੀ ਆਮ ਨਹੀਂ ਹੁੰਦੀ। ਹਾਲਾਂਕਿ, ਕੁਝ ਵਿਸ਼ਲੇਸ਼ਕਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਸ ਤੈਨਾਤੀ ਦਾ ਪੈਮਾਨਾ ਵਧਾਇਆ ਗਿਆ, ਤਾਂ ਇਸ ਨਾਲ ਲੋਕਾਂ ਵਿੱਚ ਡਰ ਅਤੇ ਅਸੁਰੱਖਿਆ ਦੀ ਭਾਵਨਾ ਵੱਧ ਸਕਦੀ ਹੈ।

## ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਵਿਰੁੱਧ ਪਟਿਆਲਾ ਵਿੱਚ ਕਿਸਾਨਾਂ ਨੇ ਬਾਈਕ ਰੈਲੀ ਕੱਢੀ



ਪਟਿਆਲਾ ਵਿੱਚ ਲੈਂਡ ਪੂਲਿੰਗ ਨੀਤੀ ਵਿਰੁੱਧ ਪੰਜਾਬ ਸਰਕਾਰ ਵਿਰੁੱਧ ਰਾਜ ਪੱਧਰੀ ਵਿਰੋਧ ਪ੍ਰਦਰਸ਼ਨ ਦੌਰਾਨ ਕਿਸਾਨਾਂ ਨੇ ਬਾਈਕ ਰੈਲੀ ਕੱਢੀ।

## ਬੀਐਸਐਫ ਨੇ ਪੰਜਾਬ ਦੇ ਫਿਰੋਜ਼ਪੁਰ ਵਿੱਚ ਸਰਹੱਦ ਨੇੜੇ 655 ਗ੍ਰਾਮ ਹੈਰੋਇਨ ਕੀਤੀ ਬਰਾਮਦ




ਬੀਐਸਐਫ ਨੇ ਫਿਰੋਜ਼ਪੁਰ ਦੇ ਨਿਹਾਲੇਵਾਲਾ ਪਿੰਡ ਵਿਖੇ ਸਰਹੱਦੀ ਵਾੜ ਨੇੜੇ ਇੱਕ ਖੇਤ ਤੋਂ 655 ਗ੍ਰਾਮ ਹੈਰੋਇਨ ਬਰਾਮਦ ਕੀਤੀ

## ਟਰੰਪ ਪ੍ਰਸ਼ਾਸਨ ਦੀ ਵੱਡੀ ਕਾਨੂੰਨੀ ਜਿੱਤ

### ਅਰਬਾਂ ਦੀ ਸਹਾਇਤਾ ਰੋਕ ਸਕਦਾ ਹੈ ਟਰੰਪ ਪ੍ਰਸ਼ਾਸਨ ਅਦਾਲਤ ਦੇ ਪੈਨਲ ਨੇ ਸੁਣਾਇਆ ਫੈਸਲਾ

ਟਰੰਪ ਪ੍ਰਸ਼ਾਸਨ ਦੀ ਉਸ ਸਮੇਂ ਵੱਡੀ ਇਤਿਹਾਸਕ ਜਿੱਤ ਹੋਈ ਜਦੋਂ ਅਮਰੀਕਾ ਦੀ ਫੈਡਰਲ ਅਪੀਲ ਅਦਾਲਤ ਨੇ ਬੁੱਧਵਾਰ ਨੂੰ ਫ਼ੈਸਲਾ ਦਿੱਤਾ ਕਿ ਟਰੰਪ ਪ੍ਰਸ਼ਾਸਨ ਵਿਦੇਸ਼ੀ ਸਹਾਇਤਾ ਵਿੱਚੋਂ ਅਰਬਾਂ ਡਾਲਰ ਰੋਕ ਸਕਦਾ ਹੈ। ਅਦਾਲਤ ਦੇ 2-1 ਫ਼ੈਸਲੇ ਅਨੁਸਾਰ, ਉਹ ਗੈਰ-ਸਰਕਾਰੀ ਸੰਸਥਾਵਾਂ ਜੋ ਇਹ ਫੰਡ ਵਾਪਸ ਲੈਣ ਲਈ ਅਦਾਲਤ ਗਈਆਂ ਸਨ, ਕਾਨੂੰਨੀ ਤੌਰ 'ਤੇ ਚੁਣੌਤੀ ਦੇਣ ਦਾ ਅਧਿਕਾਰ ਨਹੀਂ ਰੱਖਦੀਆਂ।

**ਮਾਮਲੇ ਦੀ ਪਿਛੋਕੜ** : ਇਹ ਕੇਸ ਉਸ ਸਮੇਂ ਉੱਠਿਆ ਜਦੋਂ ਰਾਸ਼ਟਰਪਤੀ ਟਰੰਪ ਨੇ ਕਾਂਗਰਸ ਵੱਲੋਂ ਪਹਿਲਾਂ ਹੀ ਮਨਜ਼ੂਰ ਕੀਤੇ ਗਏ ਫੰਡ ਰੋਕ ਦਿੱਤੇ ਸਨ। 'ਇੰਪਾਉਂਡਮੈਂਟ' (Impoundment) ਨਾਂ ਦੀ ਇਸ ਕਾਰਵਾਈ ਨੂੰ ਕਈ ਕਾਨੂੰਨੀ ਵਿਦਵਾਨ ਸਖ਼ਤ ਸੀਮਤ ਮੰਨਦੇ ਹਨ, ਪਰ ਟਰੰਪ ਪ੍ਰਸ਼ਾਸਨ ਨੇ ਕਈ ਵਾਰ ਇਹ ਅਧਿਕਾਰ ਵਧਾ ਕੇ ਵਰਤਿਆ।

**ਅਦਾਲਤ ਦਾ ਤਰਕ** : ਅਪੀਲ ਅਦਾਲਤ ਦੇ ਬਹੁਮਤ (2 ਜੱਜ) ਦਾ ਕਹਿਣਾ ਹੈ ਕਿ 1974 ਦੇ ਇੰਪਾਉਂਡਮੈਂਟ ਕੰਟਰੋਲ ਐਕਟ ਅਧੀਨ, ਸਿਰਫ਼ ਕਾਂਗਰਸ ਦੀ ਨਿਗਰਾਨੀ ਕਰਨ ਵਾਲੀ Government Accountability Office (GAO) ਹੀ ਰਾਸ਼ਟਰਪਤੀ ਦੇ ਫੰਡ ਰੋਕਣ ਦੇ ਫ਼ੈਸਲੇ ਨੂੰ ਚੁਣੌਤੀ ਦੇ ਸਕਦੀ ਹੈ, ਨਾ ਕਿ ਉਹ ਸੰਸਥਾਵਾਂ ਜੋ ਇਹ ਫੰਡ ਪ੍ਰਾਪਤ ਕਰਦੀਆਂ ਹਨ। ਇਸ ਫ਼ੈਸਲੇ ਨਾਲ ਹੇਠਲੀ ਅਦਾਲਤ ਦਾ ਉਹ ਆਦੇਸ਼ ਰੱਦ ਹੋ ਗਿਆ ਜਿਸ ਵਿੱਚ ਟਰੰਪ ਪ੍ਰਸ਼ਾਸਨ ਨੂੰ ਕਾਂਗਰਸ ਵੱਲੋਂ ਮਨਜ਼ੂਰ ਕੀਤੀ ਵਿਦੇਸ਼ੀ ਸਹਾਇਤਾ ਜਾਰੀ ਰੱਖਣ ਲਈ ਕਿਹਾ ਗਿਆ ਸੀ।

**ਅਸਰ** : ਹੁਣ ਟਰੰਪ ਪ੍ਰਸ਼ਾਸਨ ਨੂੰ ਇਹ ਛੂਟ ਮਿਲ ਗਈ ਹੈ ਕਿ ਉਹ ਅਰਬਾਂ ਡਾਲਰ ਦੀ ਸਹਾਇਤਾ ਘਟਾ ਸਕੇ, ਏਜੰਸੀਆਂ ਬੰਦ ਕਰ




ਸਕੇ ਅਤੇ ਪੂਰੇ ਪ੍ਰੋਗਰਾਮ ਰੱਦ ਕਰ ਸਕੇ। ਇਸ ਵਿੱਚ 2024 ਲਈ ਗਲੋਬਲ ਹੈਲਥ ਲਈ ਲਗਭਗ 4 ਅਰਬ ਡਾਲਰ ਅਤੇ 2028 ਤੱਕ HIV/AIDS ਪ੍ਰੋਗਰਾਮਾਂ ਲਈ 6 ਅਰਬ ਡਾਲਰ ਸ਼ਾਮਲ ਸਨ।

**ਪ੍ਰਤੀਕ੍ਰਿਆ** : ਗਲੋਬਲ ਹੈਲਥ ਕੌਂਸਲ ਦੀ ਪ੍ਰਧਾਨ ਐਲੀਸ਼ਾ ਡਨ-ਜਾਰਜਿਓ ਨੇ ਕਿਹਾ ਕਿ ਫ਼ੈਸਲਾ ਨਿਰਾਸ਼ਾਜਨਕ ਹੈ, ਪਰ ਉਹ ਦੁਨੀਆ ਭਰ ਵਿੱਚ ਚੱਲ ਰਹੇ ਸਿਹਤ ਪ੍ਰੋਗਰਾਮਾਂ ਨੂੰ ਬਚਾਉਣ ਲਈ ਜੰਗ ਜਾਰੀ ਰੱਖਣਗੇ।

**ਵਿਰੋਧੀ ਰਾਏ** : ਜੱਜ ਫ਼ਲੋਰੈਂਸ ਵਾਈ. ਪੈਨ (ਰਾਸ਼ਟਰਪਤੀ ਬਾਈਡਨ ਦੀ ਨਿਯੁਕਤੀ) ਨੇ ਵਿਰੋਧੀ ਰਾਏ ਵਿੱਚ ਲਿਖਿਆ ਕਿ ਜਦੋਂ ਰਾਸ਼ਟਰਪਤੀ ਕਾਂਗਰਸ ਵੱਲੋਂ ਮਨਜ਼ੂਰ ਕੀਤੇ ਫੰਡ ਨੀਤੀਕ ਕਾਰਨਾਂ ਕਰਕੇ ਖਰਚਣ ਤੋਂ ਇਨਕਾਰ ਕਰਦਾ ਹੈ, ਤਾਂ ਇਹ ਸਿਰਫ਼ ਕਾਨੂੰਨੀ ਨਹੀਂ ਸਗੋਂ ਸੰਵਿਧਾਨਕ ਮੁੱਦਾ ਵੀ ਹੈ, ਅਤੇ ਅਦਾਲਤਾਂ ਨੂੰ ਇਸ 'ਤੇ ਕਾਰਵਾਈ ਕਰਨੀ ਚਾਹੀਦੀ ਹੈ।

# ਇਜ਼ਰਾਇਲ ਦਾ ਗਾਜ਼ਾ ਸਿਟੀ 'ਤੇ ਮੁਕੰਮਲ ਕਬਜ਼ਾ, ਵੱਡੇ ਆਪਰੇਸ਼ਨ ਦੇ ਸੰਕੇਤ






ਤੇਲ ਅਵੀਵ/ਯਰੂਸ਼ਲਮ : 7 ਅਗਸਤ 2025 ਨੂੰ ਇਜ਼ਰਾਇਲ ਦੀ ਸੁਰੱਖਿਆ ਕੈਬਨਿਟ ਨੇ ਫੌਜ ਨੂੰ ਗਾਜ਼ਾ ਸਿਟੀ 'ਤੇ ਪੂਰਾ ਕਬਜ਼ਾ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਫੈਸਲਾ ਹਮਾਸ ਨਾਲ ਚੱਲ ਰਹੇ ਯੁੱਧ ਦੇ ਤਹਿਤ ਇੱਕ ਵੱਡੇ ਫੌਜੀ ਆਪਰੇਸ਼ਨ ਦਾ ਹਿੱਸਾ ਹੈ, ਜਿਸਨੂੰ ਭਵਿੱਖ ਵਿੱਚ ਪੂਰੇ ਗਾਜ਼ਾ ਪੱਟੀ 'ਤੇ ਫੈਲਾਇਆ ਜਾ ਸਕਦਾ ਹੈ।

**ਕੀ ਹੈ ਮੌਜੂਦਾ ਹਾਲਾਤ ?**

- ਇਸ ਵੇਲੇ ਇਜ਼ਰਾਇਲੀ ਫੌਜ ਸਿਰਫ ਗਾਜ਼ਾ ਸਿਟੀ ਵਿੱਚ ਪੂਰੀ ਫੌਜੀ ਕੰਟਰੋਲ ਹਾਸਲ ਕਰਨ ਲਈ ਅੱਗੇ ਵੱਧ ਰਹੀ ਹੈ।
- ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ, ਅੰਦਰੂਨੀ ਯੋਜਨਾ ਦੇ ਅਧਾਰ 'ਤੇ ਆਈ.ਡੀ.ਐਫ. (ਇਜ਼ਰਾਇਲੀ ਫੌਜ) ਗਾਜ਼ਾ ਦੇ ਲਗਭਗ 85% ਇਲਾਕੇ 'ਤੇ ਕਬਜ਼ਾ ਕਰਨ ਦੀ ਤਿਆਰੀ ਕਰ ਰਹੀ ਹੈ, ਜਦੋਂਕਿ ਬਾਕੀ 15% ਇਲਾਕੇ ਵਿੱਚ ਫ਼ਲਸਤੀਨੀਆਂ ਨੂੰ ਸੰਕੇਂਦਰਿਤ ਕੀਤਾ ਜਾਵੇਗਾ।

**ਨੇਤਨਯਾਹੂ ਦਾ ਬਿਆਨ :** ਇਜ਼ਰਾਇਲੀ ਪ੍ਰਧਾਨ ਮੰਤਰੀ ਬੈਨਜਾਮਿਨ ਨੇਤਨਯਾਹੂ ਨੇ ਦਾਅਵਾ ਕੀਤਾ ਹੈ ਕਿ ਇਜ਼ਰਾਇਲ ਦਾ ਮਕਸਦ ਗਾਜ਼ਾ ਨੂੰ ਸਥਾਈ ਤੌਰ 'ਤੇ ਸ਼ਾਸਿਤ ਕਰਨਾ ਨਹੀਂ, ਸਗੋਂ ਇੱਕ ਸੁਰੱਖਿਆ ਘੇਰਾ (ਸਿਕਿਊਰਿਟੀ ਪੇਰੀਮੀਟਰ) ਬਣਾਉਣਾ ਹੈ, ਤਾਂ ਜੋ ਹਮਾਸ ਜਾਂ ਹੋਰ ਗਰੁੱਪਾਂ ਤੋਂ ਭਵਿੱਖੀ ਖ਼ਤਰੇ ਤੋਂ ਬਚਿਆ ਜਾ ਸਕੇ।

**ਅੰਤਰਰਾਸ਼ਟਰੀ ਪ੍ਰਤੀਕ੍ਰਿਆ**

- ਫ਼ਲਸਤੀਨੀ ਨੇਤਾਵਾਂ ਨੇ ਇਸ ਕਦਮ ਨੂੰ ਗਾਜ਼ਾ ਉਪਰ ਮੁਕੰਮਲ ਕੱਬਜੇ-ਵਜੋਂ ਵੇਖਿਆ ਹੈ ਅਤੇ ਇਸਦੀ ਤਿੱਖੀ ਨਿਖੇਧੀ ਕੀਤੀ ਹੈ।
- ਕੁਝ ਅੰਤਰਰਾਸ਼ਟਰੀ ਮੀਡੀਆ ਰਿਪੋਰਟਾਂ ਇਸਨੂੰ ਪੂਰੇ ਗਾਜ਼ਾ 'ਤੇ ਕਬਜ਼ੇ ਦੀ ਸ਼ੁਰੂਆਤ ਮੰਨ ਰਹੀਆਂ ਹਨ, ਹਾਲਾਂਕਿ ਅਧਿਕਾਰਕ ਤੌਰ 'ਤੇ ਇਜ਼ਰਾਇਲ ਨੇ ਪੂਰੇ ਗਾਜ਼ਾ 'ਤੇ ਕਬਜ਼ੇ ਦਾ ਐਲਾਨ ਨਹੀਂ ਕੀਤਾ।

**ਪਿਛੋਕੜ**

- ਗਾਜ਼ਾ ਪੱਟੀ ਵਿੱਚ ਅਕਤੂਬਰ 2023 ਤੋਂ ਹਮਾਸ ਅਤੇ ਇਜ਼ਰਾਇਲ ਵਿਚਾਲੇ ਟਕਰਾਅ ਬਹੁਤ ਵੱਧ ਗਿਆ ਸੀ, ਜਿਸ ਤੋਂ ਬਾਅਦ ਇਜ਼ਰਾਇਲ ਨੇ ਕਈ ਵੱਡੇ ਜ਼ਮੀਨੀ ਅਤੇ ਹਵਾਈ ਹਮਲੇ ਕੀਤੇ।
- ਗਾਜ਼ਾ ਸਿਟੀ, ਜੋ ਕਿ ਪੱਟੀ ਦਾ ਸਭ ਤੋਂ ਵੱਡਾ ਸ਼ਹਿਰ ਹੈ, ਹਮਾਸ ਦਾ ਇੱਕ ਮੁੱਖ ਗੜ੍ਹ ਮੰਨਿਆ ਜਾਂਦਾ ਹੈ।

## NSUI ਸਮਰਥਕਾਂ ਨੇ ਕਥਿਤ ਵੋਟ ਚੋਰੀ ਦੇ ਮੁੱਦੇ 'ਤੇ ਕੀਤਾ ਵਿਰੋਧ ਪ੍ਰਦਰਸ਼ਨ




ਲਖਨਊ : ਨੈਸ਼ਨਲ ਸਟੂਡੈਂਟਸ ਯੂਨੀਅਨ ਆਫ਼ ਇੰਡੀਆ (NSUI) ਦੇ ਸਮਰਥਕਾਂ ਨੇ ਬੁੱਧਵਾਰ ਨੂੰ ਲਖਨਊ ਵਿੱਚ ਕਥਿਤ ਵੋਟ ਚੋਰੀ ਦੇ ਮੁੱਦੇ 'ਤੇ ਉੱਤਰ ਪ੍ਰਦੇਸ਼ ਚੋਣ ਕਮਿਸ਼ਨ ਦਫ਼ਤਰ ਵੱਲ ਰੋਸ ਮਾਰਚ ਕੱਢਿਆ।

## ਵੰਡ ਦਾ ਦਰਦ ਹੰਡਾਉਣ ਵਾਲੇ 96 ਸਾਲਾਂ ਬਜ਼ੁਰਗ ਨੇ ਦੱਸੀਆਂ ਬਟਵਾਰੇ ਦੌਰਾਨ ਵਾਪਰੀਆਂ ਘਟਨਾਵਾਂ

ਬਟਾਲਾ ਸ਼ਹਿਰ ਦੇ ਰਹਿਣ ਵਾਲੇ 96 ਸਾਲਾ ਬਜ਼ੁਰਗ ਪੂਰਨ ਚੰਦ ਜਿਨ੍ਹਾਂ ਨੇ 15 ਅਗਸਤ 1947 ਦਾ ਅੱਖੀ ਡਿੱਠਿਆ ਹਾਲ ਦੱਸਿਆ ਗੱਲਬਾਤ ਦੌਰਾਨ ਪੂਰਨ ਚੰਦ ਨੇ ਕਿਹਾ ਕਿ ਜਦੋਂ ਭਾਰਤ ਅਤੇ ਪਾਕਿਸਤਾਨ ਦੀ ਵੰਡ ਦੀ ਗੱਲ ਚੱਲ ਰਹੀ ਸੀ ਜਾਂ ਫਿਰ ਵੰਡ ਹੋਈ ਉਸ ਸਮੇਂ ਉਹਨਾਂ ਦੀ ਉਮਰ ਕਰੀਬ 16 ਤੋਂ 18 ਸਾਲ ਸੀ ਉਹ ਉਸ ਸਮੇਂ ਆਪਣੇ ਪਿਤਾ ਦੇ ਨਾਲ ਬਲਦਾਂ ਦੇ ਨਾਲ ਖੇਤੀ ਕਰਦੇ ਸੀ ਉਹਨਾਂ ਦੇ ਪਿਤਾ ਕੋਲ ਛੇ ਕਿੱਲੇ ਜਮੀਨ ਸਨ ਕਣਕ ਝੋਨਾ ਬੀਜਦੇ ਸਨ ਜਦੋਂ ਭਾਰਤ ਪਾਕਿਸਤਾਨ ਦੀ ਵੰਡ ਹੋਈ ਉਸ ਸਮੇਂ ਬਹੁਤ ਸਾਰਾ ਕਤਲੇਆਮ ਹੋਇਆ ਪਰ ਜਿਸ ਇਲਾਕੇ ਵਿੱਚ ਰਹਿੰਦੇ ਸੀ ਜਾਂ ਉਹਨਾਂ ਨਾਲ ਕਿਸੇ ਨੇ ਵੀ ਅਜਿਹੀ ਕੋਈ ਹਰਕਤ ਨਹੀਂ ਕੀਤੀ ਨਾ ਹੀ ਉਹਨਾਂ ਨੇ ਆਪਣੇ ਅੱਖੀ ਕਤਲੇਆਮ ਦੇਖਿਆ ਪਰ ਭਾਰਤ ਪਾਕਿਸਤਾਨ ਦੀ ਵੰਡ ਦਾ ਗਹਿਰਾ ਦੁੱਖ ਹੈ ਉਸ ਸਮੇਂ ਉਹਨਾਂ ਦੇ ਨਾਲ ਕਈ ਉਹਨਾਂ ਦੇ ਯਾਰ ਦੋਸਤ ਸਨ ਜਿਨ੍ਹਾਂ ਨਾਲ ਅਕਸਰ ਸਮਾਂ ਬਤੀਤ ਕਰਦੇ ਸੀ ਅੱਜ ਆਪਣਾ ਉਹ ਪੁਰਾਣਾ ਘਰ ਤੇ ਉਹ ਯਾਰ ਦੋਸਤ ਚੇਤੇ ਬਹੁਤ ਆਉਂਦੇ ਨੇ ਪਰ ਮੈਂ ਕਦੀ ਕੋਸ਼ਿਸ਼ ਨਹੀਂ ਕੀਤੀ ਕਿ ਮੁੜ ਪਾਕਿਸਤਾਨ ਜਾਵਾਂ।





## ਅਸਦੁੱਦੀਨ ਓਵੇਸੀ ਨੇ ਆਸਿਮ ਮੁਨੀਰ ਵੱਲੋਂ ਭਾਰਤ ਖ਼ਿਲਾਫ਼ ਦਿੱਤੀ ਗਈ ਪ੍ਰਮਾਣੂ ਧਮਕੀ ਦੀ ਕੀਤੀ ਨਿੰਦਾ

ਦਿੱਲੀ : ਆਲ ਇੰਡੀਆ ਮਜਲਿਸ-ਏ-ਇਤਿਹਾਦੁਲ ਮੁਸਲਿਮੀਨ (AIMIM) ਦੇ ਮੁਖੀ ਅਸਦੁੱਦੀਨ ਓਵੇਸੀ ਨੇ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਆਸਿਮ ਮੁਨੀਰ ਵੱਲੋਂ ਭਾਰਤ ਖ਼ਿਲਾਫ਼ ਦਿੱਤੀ ਗਈ ਪਰਮਾਣੂ ਧਮਕੀ ਦੀ ਕੜੀ ਨਿੰਦਾ ਕੀਤੀ ਹੈ।



ਓਵੇਸੀ ਨੇ ਕਿਹਾ ਕਿ ਇਹ ਬਹੁਤ ਹੀ ਵਿਰੋਧਾਭਾਸੀ ਗੱਲ ਹੈ ਕਿ ਪਾਕਿਸਤਾਨੀ ਫੌਜ ਦਾ ਮੁਖੀ ਅਮਰੀਕੀ ਧਰਤੀ 'ਤੇ ਖੜ੍ਹ ਕੇ ਭਾਰਤ ਨੂੰ ਐਸੀ ਖੁੱਲ੍ਹੀਆਂ ਧਮਕੀਆਂ ਦੇ ਰਿਹਾ ਹੈ, ਜਦੋਂ ਕਿ ਭਾਰਤ ਅਮਰੀਕਾ ਦਾ ਰਣਨੀਤਿਕ ਸਾਥੀ ਹੈ।

ਉਨ੍ਹਾਂ ਨੇ ਮੋਦੀ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਧਮਕੀ ਦਾ ਸਿਆਸੀ ਪੱਧਰ 'ਤੇ ਕੜਾ ਜਵਾਬ ਦੇਣ ਦੀ ਲੋੜ ਹੈ ਅਤੇ ਇਹ ਮੰਨਣਾ ਪਵੇਗਾ ਕਿ ਪਾਕਿਸਤਾਨੀ ਫੌਜ ਅਤੇ ਉਸਦੀ ਡੀਪ ਸਟੇਟ ਭਾਰਤ ਲਈ ਸਦੀਵੀ ਖ਼ਤਰਾ ਬਣੇ ਹੋਏ ਹਨ।

ਓਵੇਸੀ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਭਾਰਤ ਨੂੰ ਸੰਭਾਵਿਤ ਖ਼ਤਰਿਆਂ ਨਾਲ ਨਜਿੱਠਣ ਲਈ ਆਪਣਾ ਰੱਖਿਆ ਬਜਟ ਵਧਾਉਣਾ ਚਾਹੀਦਾ ਹੈ ਤਾਂ ਜੋ ਦੇਸ਼ ਹਰ ਕਿਸਮ ਦੀ ਐਮਰਜੈਂਸੀ ਲਈ ਤਿਆਰ ਰਹੇ।

## ਕੌਮੀ ਇਨਸਾਫ਼ ਮੋਰਚਾ ਦੇ ਸਮਰਥਕਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਖਿਲਾਫ ਕੀਤਾ ਪ੍ਰਦਰਸ਼ਨ







ਪਟਿਆਲਾ : ਕੌਮੀ ਇਨਸਾਫ ਮੋਰਚਾ ਦੇ ਸਮਰਥਕਾਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਖਿਲਾਫ ਪਟਿਆਲਾ ਵਿੱਚ ਰੋਸ ਪ੍ਰਦਰਸ਼ਨ

# ਮੋਗਾ ਵਿੱਚ ਛੋਟੇ ਦੁਕਾਨਦਾਰ ਨਾਲ ਲੁੱਟ, ਚਾਰ ਗ੍ਰਿਫ਼ਤਾਰ







ਡੀ.ਐਸ.ਪੀ. ਸਿਟੀ ਗੁਰਪ੍ਰੀਤ ਸਿੰਘ



ਪੀੜਤ ਦੁਕਾਨਦਾਰ ਇੰਦਰਜੀਤ ਸਿੰਘ

ਮੋਗਾ (ਨਿਗਾਹਾਂ ਰੋਡ) : 7 ਅਗਸਤ ਦੀ ਰਾਤ ਮੋਗਾ ਦੇ ਨਿਗਾਹਾਂ ਰੋਡ 'ਤੇ ਇੱਕ ਛੋਟੇ ਦੁਕਾਨਦਾਰ ਨਾਲ ਹੋਈ ਲੁੱਟ ਦੀ ਘਟਨਾ ਵਿੱਚ ਪੁਲਿਸ ਨੇ ਦੋ ਔਰਤਾਂ ਸਮੇਤ ਚਾਰ ਆਰੋਪੀਆਂ ਨੂੰ ਗਿਰਫ਼ਤਾਰ ਕਰ ਲਿਆ ਹੈ। ਸਭ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ 'ਤੇ ਲਿਆ ਜਾਵੇਗਾ।

ਡੀ.ਐਸ.ਪੀ. ਸਿਟੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇੰਦਰਜੀਤ ਸਿੰਘ, ਜੋ ਚਾਹ ਵੇਚਣ ਦੀ ਦੁਕਾਨ ਚਲਾਉਂਦਾ ਹੈ, ਆਪਣੀ ਦੁਕਾਨ ਬੰਦ ਕਰਨ ਤੋਂ ਬਾਅਦ ਕੰਮ ਕਰਦੇ ਮੁੰਡੇ ਨੂੰ ਘਰ ਛੱਡ ਕੇ ਵਾਪਸ ਆਪਣੀ ਐਕਟੀਵਾ 'ਤੇ ਘਰ ਜਾ ਰਿਹਾ ਸੀ। ਰਸਤੇ ਵਿੱਚ ਦੋ ਔਰਤਾਂ ਨੇ ਉਸਨੂੰ ਰੋਕਿਆ ਤੇ ਉਨ੍ਹਾਂ ਦੇ ਪਿੱਛੇ ਆ ਰਹੇ ਦੋ ਨੌਜਵਾਨਾਂ ਨੇ ਪਹਿਲਾਂ ਇੰਦਰਜੀਤ ਦੀ ਪਿਟਾਈ ਕੀਤੀ ਅਤੇ ਫਿਰ ਉਸਦਾ ਮੋਬਾਈਲ ਫ਼ੋਨ, ਹੱਥ ਵਿੱਚ ਪਾਇਆ ਸੋਨੇ ਦਾ ਕੜਾ, ਨਕਦੀ ਅਤੇ ਐਕਟੀਵਾ ਲੁੱਟ ਕੇ ਫਰਾਰ ਹੋ ਗਏ। ਲੁੱਟ ਦੀ ਪੂਰੀ ਘਟਨਾ ਨੇੜਲੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਸੀ। ਪੁਲਿਸ ਨੇ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਚਾਰਾਂ ਨੂੰ ਗਿਰਫ਼ਤਾਰ ਕਰ ਲਿਆ ਹੈ ਅਤੇ ਅੱਗੇ ਦੀ ਕਾਰਵਾਈ ਜਾਰੀ ਹੈ।

## ਆਮ ਲੋਕਾਂ ਦੀ ਜ਼ਿੰਦਗੀ ਨਰਕ ਬਣਨ ਲੱਗੀ ਪੰਜਾਬ ਦੇ ਹਾਲਤ ਅਤਿ ਖਤਰਨਾਕ



ਜ਼ਿਲਾ ਗੁਰਦਾਸਪੁਰ ਦੇ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ 'ਚ ਅੱਜ ਫਿਰ ਤੜਕਸਾਰ ਗੋਲੀ ਚੱਲਣ ਦੀ ਖਬਰ ਸਾਹਮਣੇ ਆਈ ਹੈ। ਪਿੰਡ ਵਡਾਲਾ ਬਾਂਗਰ ਵਿਖੇ ਇੱਕ ਮੈਡੀਕਲ ਸਟੋਰ ਤੇ ਗੋਲੀ ਚੱਲਣ ਦੀ ਘਟਨਾ ਵਾਪਰੀ। ਇੱਥੇ ਮੈਡੀਕਲ ਸਟੋਰ ਤੇ ਬੈਠੇ ਪਤੀ ਪਤਨੀ ਤੇ ਅਨਪਛਾਤੇ ਮੋਟਰਸਾਈਕਲ ਸਵਾਰ ਵੱਲੋਂ ਗੋਲੀ ਚਲਾਈ ਗਈ ਅਤੇ ਮੌਕੇ ਤੋਂ ਫਰਾਰ ਹੋ ਗਏ। ਕਲਾ ਨੌਰ ਪੁਲਿਸ ਨੇ ਮੌਕੇ ਤੇ ਪਹੁੰਚ ਕੇ ਘਟਨਾ ਦਾ ਜਾਇਜ਼ਾ ਲਿਆ। ਦੱਸਣਯੋਗ ਹੈ ਕਿ ਕੁਝ ਸਮਾਂ ਪਹਿਲਾਂ ਇਸ ਮੈਡੀਕਲ ਸਟੋਰ ਦੇ ਨਜ਼ਦੀਕ ਹੀ ਸਥਿਤ ਪੁਲਿਸ ਚੌਂਕੀ ਤੇ ਵੀ ਹਮਲਾ ਹੋਇਆ ਸੀ। ਵਡਾਲਾ ਬਾਂਗਰ ਚ ਸਥਿਤ ਮੈਡੀਕਲ ਸਟੋਰ ਤੇ ਗੋਲੀਬਾਰੀ ਦਾ ਮਾਮਲਾ ਵੀ ਫਰੌਤੀ ਦੇ ਨਾਲ ਸਬੰਧਤ ਲੱਗ ਰਿਹਾ ਹੈ। ਵਾਰਦਾਤ ਤੋਂ ਬਾਅਦ ਇਲਾਕੇ ਚ ਡਰ ਦਾ ਮਾਹੌਲ ਹੈ। ਵਧੇਰੇ ਜਾਣਕਾਰੀ ਮੈਡੀਕਲ ਸਟੋਰ ਮਾਲਕ ਨੇ ਦਿੱਤੀ।

## ਬੱਦਲ ਫਟਣ ਕਾਰਨ ਵੱਡੀ ਤਬਾਹੀ, 10 ਤੋਂ 15 ਮੌਤਾਂ ਦਾ ਖਦਸ਼ਾ...



ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਵਿੱਚ ਬੱਦਲ ਫਟਣ ਕਾਰਨ ਵੱਡੀ ਤਬਾਹੀ ਦੀ ਖਬਰ ਆ ਰਹੀ ਹੈ। ਬੱਦਲ ਫਟਣ ਕਾਰਨ ਇਲਾਕੇ ਵਿਚ ਹੜ੍ਹ ਆ ਗਿਆ ਹੈ। ਇਸ ਘਟਨਾ ਵਿੱਚ ਘੱਟੋ-ਘੱਟ 15 ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ।

ਬੱਦਲ ਫਟਣ ਦੀ ਇਹ ਘਟਨਾ ਕਿਸ਼ਤਵਾੜ ਜ਼ਿਲ੍ਹੇ ਦੇ ਮਚੈਲ ਮੱਟਾ ਯਾਤਰਾ ਮਾਰਗ 'ਤੇ ਚਿਸ਼ੋਤੀ ਖੇਤਰ ਵਿੱਚ ਵਾਪਰੀ। ਸਥਾਨਕ ਸੂਤਰਾਂ ਅਨੁਸਾਰ ਪ੍ਰਭਾਵਿਤ ਖੇਤਰ ਵਿੱਚ 200 ਤੋਂ 300 ਲੋਕਾਂ ਦੇ ਫਸੇ ਹੋਣ ਦਾ ਖਦਸ਼ਾ ਹੈ।

ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਵਿਚ ਅਚਾਨਕ ਆਏ ਹੜ੍ਹ ਕਾਰਨ ਦਸ ਲੋਕਾਂ ਦੀ ਮੌਤ ਹੋਣ ਦੀ ਖ਼ਬਰ ਹੈ। ਇਸ ਕੁਦਰਤੀ ਆਫ਼ਤ ਕਾਰਨ ਲਗਭਗ 17 ਲੋਕ ਗੰਭੀਰ ਜ਼ਖਮੀ ਹੋਏ ਹਨ। ਰਾਹਤ ਅਤੇ ਬਚਾਅ ਕਾਰਜ ਲਈ ਐਸਡੀਆਰਐਫ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਹਨ। ਜ਼ਖਮੀਆਂ ਨੂੰ ਨੇੜਲੇ ਹਸਪਤਾਲਾਂ ਵਿਚ ਭੇਜਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਨਾਲ ਹੀ, ਇਲਾਕੇ ਵਿੱਚ ਫਸੇ ਲੋਕਾਂ ਨੂੰ ਬਾਹਰ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਭੇਜਿਆ ਜਾ ਰਿਹਾ ਹੈ।

ਮੁੱਢਲੀ ਜਾਣਕਾਰੀ ਅਨੁਸਾਰ ਬੱਦਲ ਫਟਣ ਦੀ ਇਹ ਘਟਨਾ ਕਿਸ਼ਤਵਾੜ ਦੇ ਪੱਦਾੱਰ ਤੋਸ਼ੋਤੀ ਇਲਾਕੇ ਵਿੱਚ ਵਾਪਰੀ ਹੈ। ਇਹ ਇਲਾਕਾ ਮਚੈਲ ਮਾਤਾ ਮੰਦਰ ਦੇ ਰਸਤੇ 'ਤੇ ਪੈਂਦਾ ਹੈ। ਅਚਾਨਕ ਬੱਦਲ ਫਟਣ ਤੋਂ ਬਾਅਦ ਇਲਾਕੇ ਵਿਚ ਹੜ੍ਹ ਆਪਣੇ ਨਾਲ ਸਭ ਕੁਝ ਵਹਾ ਕੇ ਲੈ ਗਿਆ। ਇਸ ਦੇ ਨਾਲ ਹੀ ਯਾਤਰਾ ਮਾਰਗ 'ਤੇ ਮੌਜੂਦ ਕਈ ਸ਼ਰਧਾਲੂ ਹੜ੍ਹ ਵਿੱਚ ਵਹਿ ਗਏ। ਦੱਸਿਆ ਜਾ ਰਿਹਾ ਹੈ ਕਿ ਯਾਤਰਾ ਮਾਰਗ 'ਤੇ ਸਥਿਤ ਮੰਦਰ ਦੇ ਲੰਗਰ ਸ਼ੈੱਡ ਵਿੱਚ ਕੁਝ ਲੋਕ ਮੌਜੂਦ ਸਨ। ਇਹ ਸਾਰੇ ਲੋਕ ਹੜ੍ਹ ਵਿੱਚ ਫਸ ਗਏ, ਜਿਸ ਵਿੱਚ ਲਗਭਗ ਦਸ ਲੋਕਾਂ ਦੀ ਮੌਤ ਹੋਣ ਦੀ ਮੁੱਢਲੀ ਜਾਣਕਾਰੀ ਹੈ। ਇਸ ਦੇ ਨਾਲ ਹੀ ਇਸ ਹਾਦਸੇ ਵਿੱਚ ਲਗਭਗ 17 ਲੋਕ ਜ਼ਖਮੀ ਹੋਏ ਹਨ। ਹਾਦਸੇ ਦੀ ਸੂਚਨਾ ਮਿਲਦੇ ਹੀ ਸਥਾਨਕ ਪ੍ਰਸ਼ਾਸਨ, ਪੁਲਿਸ ਫੋਰਸ ਅਤੇ ਐਸਡੀਆਰਐਫ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ।

**ਮਰਦਾ ਕੀ ਨਹੀਂ ਕਰਦਾ**

## ਜ਼ਮੀਨੀ ਵਿਵਾਦ ਦੇ ਚਲਦਿਆਂ ਇਨਸਾਫ ਨਾ ਮਿਲਣ ਤੇ ਪੀੜਤ ਵਿਅਕਤੀ ਪੈਟਰੋਲ ਦੀ ਬੋਤਲ ਲੈ ਕੇ ਪਾਣੀ ਵਾਲੀ ਟੈਂਕੀ 'ਤੇ ਚੜ੍ਹਿਆ

ਗੁਰਦਾਸਪੁਰ, (ਸਾਡੇ ਲੋਕ) : ਗੁਰਦਾਸਪੁਰ ਦੇ ਪਿੰਡ ਠੱਕਰ ਸੰਧੂ ਵਿਖੇ ਮੰਗਲਵਾਰ ਸਵੇਰੇ ਜ਼ਮੀਨੀ ਵਿਵਾਦ ਨੂੰ ਚੱਲ ਰਹੇ ਝਗੜੇ ਦੌਰਾਨ ਇਨਸਾਫ ਨਾ ਮਿਲਣ ਤੇ ਪੀੜਿਤ ਪਰਿਵਾਰ ਦਾ ਵਿਅਕਤੀ ਪੈਟਰੋਲ ਦੀ ਬੋਤਲ ਲੈ ਕੇ ਪਾਣੀ ਵਾਲੀ ਟੈਂਕੀ 'ਤੇ ਪਰਿਵਾਰ ਸਮੇਤ ਚੜ੍ਹਨ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਲਵਿੰਦਰ ਸਿੰਘ ਪੁੱਤਰ ਸਵ. ਬਲਦੇਵ ਸਿੰਘ ਵਾਸੀ ਠੱਕਰ ਸੰਧੂ ਨੇ ਦੱਸਿਆ ਕਿ ਉਸ ਦਾ ਆਪਣੇ ਸ਼ਰੀਕੇ ਵਿੱਚ ਲੱਗਦੇ ਰਿਸ਼ਤੇਦਾਰਾਂ ਦੇ ਨਾਲ ਜ਼ਮੀਨੀ ਵਿਵਾਦ ਚੱਲ ਰਿਹਾ ਹੈ ਜੋ ਕਿ ਤਕਸੀਮ ਦਾ ਕੇਸ ਸੀ ਅਤੇ ਅੱਠ ਤੋਂ 10 ਘਰਾਂ ਦੇ ਥੱਲੇ ਇਹ ਜ਼ਮੀਨ ਆਉਂਦੀ ਸੀ ਪਰ ਮੇਰੇ ਇਕੱਲੇ ਦੇ ਥੱਲੇ ਜ਼ਮੀਨ ਕੱਢ ਕੇ ਮੇਰੇ ਨਾਲ ਬੇਇਨਸਾਫੀ ਕੀਤੀ ਜਾ ਰਹੀ ਹੈ। ਉਸ ਨੇ ਦੱਸਿਆ ਕਿ ਇਸ ਸਬੰਧੀ ਉਸ ਨੇ ਵੱਖ ਵੱਖ ਮਾਨਯੋਗ ਅਦਾਲਤ ਵਿੱਚ ਕੇਸ ਦੀ ਅਪੀਲ ਪਾਈ ਹੋਈ ਹੈ ਪਰ ਅੱਜ ਧੱਕੇ ਨਾਲ ਜ਼ਮੀਨ ਦੇ ਉੱਤੇ ਦੂਸਰੀ ਧਿਰ ਦੇ ਵੱਲੋਂ ਪ੍ਰਸ਼ਾਸਨ ਨੂੰ ਨਾਲ ਲੈ ਕੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਦੇ ਚਲਦਿਆਂ ਉਹ ਅੱਜ ਮਜਬੂਰ ਹੋ ਕੇ ਆਪਣੇ ਪਰਿਵਾਰ ਸਮੇਤ ਪੈਟਰੋਲ ਦੀ ਬੋਤਲ ਲੈ ਕੇ ਪਾਣੀ ਵਾਲੀ ਟੈਂਕੀ ਤੇ ਚੜ੍ਹ ਕੇ ਆਤਮ ਹੱਤਿਆ ਕਰਨ ਲਈ ਮਜਬੂਰ ਹੋਇਆ। ਜੇਕਰ ਮੈਨੂੰ ਇਨਸਾਫ ਨਾ ਮਿਲਿਆ ਤਾਂ ਉਹ ਆਪਣੇ ਪਰਿਵਾਰ ਸਮੇਤ ਅੱਗ ਲਗਾ ਕੇ ਆਪਣੇ ਜੀਵਨ ਲੀਲਾ ਸਮਾਪਤ ਕਰ ਲਵੇਗਾ। ਜਿਸ ਲਈ ਜ਼ਿੰਮੇਵਾਰ ਸਬੰਧਤ ਪ੍ਰਸ਼ਾਸਨ ਤੇ ਸਬੰਧਤ ਦੂਸਰੀ ਧਿਰ ਹੋਵੇਗੀ।

ਉਧਰ ਦੂਜੇ ਪਾਸੇ ਗੱਲਬਾਤ ਕਰਦਿਆਂ ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਜੇਕਰ ਸਾਡੇ ਪਰਿਵਾਰ ਦੇ ਨਾਲ ਧੱਕਾ ਹੋਇਆ ਤਾਂ ਉਹ ਆਪਣੇ ਆਪ ਨੂੰ ਖਤਮ ਕਰ ਲੈਣਗੇ। ਉਧਰ ਦੂਜੇ ਪਾਸੇ ਥਾਣਾ ਸੇਖਵਾਂ ਦੇ ਐਸਐਚ ਓ ਹਰਜਿੰਦਰ ਸਿੰਘ ਪੁਲਿਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਪਰਿਵਾਰ ਨੂੰ ਥੱਲੇ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ।



ਪੈਟਰੋਲ ਦੀ ਬੋਤਲ ਲੈ ਕੇ ਪਰਿਵਾਰ ਸਮੇਤ ਪਾਣੀ ਵਾਲੀ ਟੈਂਕੀ ਤੇ ਚੜ੍ਹਿਆ ਵਿਅਕਤੀ ਬਲਵਿੰਦਰ ਸਿੰਘ ਅਤੇ ਉਸਦੀ ਪਤਨੀ

## ਸ਼੍ਰੋਮਣੀ ਅਕਾਲੀ ਦਲ ਦੇ ਸਮਰਥਕਾਂ ਨੇ ਲੈਂਡ ਪੂਲਿੰਗ ਨੀਤੀ ਨੂੰ ਲੈ ਕੇ ਪੰਜਾਬ ਸਰਕਾਰ ਵਿਰੁੱਧ ਕੀਤਾ ਪ੍ਰਦਰਸ਼ਨ







ਪਟਿਆਲਾ : ਸ਼੍ਰੋਮਣੀ ਅਕਾਲੀ ਦਲ ਦੇ ਸਮਰਥਕਾਂ ਨੇ ਸੋਮਵਾਰ ਨੂੰ ਪਟਿਆਲਾ ਵਿੱਚ ਕਿਸਾਨਾਂ ਦੇ ਸਮਰਥਨ ਵਿੱਚ ਜ਼ਮੀਨ ਪੁਟਾਈ ਨੀਤੀ ਨੂੰ ਲੈ ਕੇ ਪੰਜਾਬ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ।

# ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਦੀ ਪੁਲਿਸ ਲਾਈਨ ਗਰਾਊਂਡ 'ਚ ਹੋਈ ਫੁੱਲ ਡਰੈੱਸ ਰਿਹਰਸਲ

## ਆਜ਼ਾਦੀ ਦਿਵਸ ਮੌਕੇ ਮੰਤਰੀ ਮੋਹਿੰਦਰ ਭਗਤ ਲਹਿਰਾਉਣਗੇ ਰਾਸ਼ਟਰੀ ਝੰਡਾ




ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਆਜ਼ਾਦੀ ਦਿਵਸ ਮੌਕੇ 15 ਅਗਸਤ ਨੂੰ ਸਥਾਨਕ ਪੁਲਿਸ ਲਾਈਨ ਗਰਾਊਂਡ ਵਿਖੇ ਹੋਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਕੈਬਨਿਟ ਮੰਤਰੀ ਮੋਹਿੰਦਰ ਭਗਤ ਰਾਸ਼ਟਰੀ ਝੰਡਾ ਲਹਿਰਾਉਣਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਜ਼ਿਲ੍ਹਾ ਪੱਧਰੀ ਸਮਾਗਮ ਨਾਲ ਸਬੰਧਤ ਫੁੱਲ ਡਰੈੱਸ ਰਿਹਰਸਲ ਦਾ ਜਾਇਜ਼ਾ ਲੈਣ ਉਪਰੰਤ ਦਿੱਤੀ। ਇਸ ਦੌਰਾਨ ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਵੀ ਉਨ੍ਹਾਂ ਨਾਲ ਮੌਜੂਦ ਸਨ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਦੀ ਫੁੱਲ ਡਰੈੱਸ ਰਿਹਰਸਲ ਦੌਰਾਨ ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਜਿਥੇ ਪਰੇਡ ਦਾ ਨਿਰੀਖਣ ਕੀਤਾ, ਉਥੇ ਪਰੇਡ ਕਮਾਂਡਰ ਡੀ.ਐਸ.ਪੀ ਮਨਪ੍ਰੀਤ ਕੌਰ ਸ਼ੀਮਾਰ ਦੀ ਅਗਵਾਈ ਹੇਠ ਜ਼ਿਲ੍ਹਾ ਪੁਲਿਸ, ਜ਼ਿਲ੍ਹਾ ਮਹਿਲਾ ਪੁਲਿਸ, ਪੰਜਾਬ ਹੋਮਗਾਰਡਜ਼, 12 ਪੰਜਾਬ ਬਟਾਲੀਅਨ ਐਨਸੀਸੀ, ਸਕਾਊਟਸ, ਗਰਲ ਗਾਈਡਜ਼ ਅਤੇ ਪੀ.ਆਰ.ਟੀ.ਸੀ ਜਹਾਨਖੇਲਾਂ ਦੇ ਬੈਂਡ ਦੀਆਂ ਟੁਕੜੀਆਂ ਨੇ ਸਲਾਮੀ ਦਿੱਤੀ। ਇਸ ਮੌਕੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਮਾਸ ਪੀ.ਟੀ ਸ਼ੋਅ, ਦੇਸ਼ ਭਗਤੀ 'ਤੇ ਆਧਾਰਿਤ ਸੱਭਿਆਚਾਰਕ ਪ੍ਰੋਗਰਾਮ ਅਤੇ ਗਿੱਧੇ-ਭੰਗੜੇ ਦੀ ਸ਼ਾਨਦਾਰ ਪੇਸ਼ਕਾਰੀ ਦਿੱਤੀ। ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਦੇਸ਼ ਭਗਤੀ ਦੀ ਭਾਵਨਾ ਉਮੜ ਰਹੀ ਸੀ, ਜਿਸ ਦੀ ਭਰਪੂਰ ਸ਼ਲਾਘਾ ਕੀਤੀ ਗਈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਆਜ਼ਾਦੀ ਦਿਵਸ ਸਮਾਗਮ ਦੌਰਾਨ ਮੁੱਖ ਮਹਿਮਾਨ ਕੈਬਨਿਟ ਮੰਤਰੀ ਮੋਹਿੰਦਰ ਭਗਤ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ, ਸ਼ਹੀਦਾਂ ਦੇ ਪਰਿਵਾਰਾਂ, ਵੱਖ-ਵੱਖ ਵਿਭਾਗਾਂ ਵਿਚ ਸ਼ਲਾਘਾਯੋਗ ਸੇਵਾਵਾਂ ਦੇਣ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਅਤੇ ਸਮਾਜਿਕ ਕਾਰਜਾਂ ਆਦਿ ਵਿਚ ਵਿਸ਼ੇਸ਼ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਤੇ ਸ਼ਖਸੀਅਤਾਂ ਨੂੰ ਸਨਮਾਨਿਤ ਵੀ ਕਰਨਗੇ। ਫੁੱਲ ਡਰੈੱਸ ਰਿਹਰਸਲ ਤੋਂ ਬਾਅਦ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਸਾਰਿਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਤਨਦੇਹੀ ਨਾਲ ਨਿਭਾਉਣ ਦੇ ਨਿਰਦੇਸ਼ ਦਿੱਤੇ। ਆਸ਼ਿਕਾ ਜੈਨ ਨੇ ਜ਼ਿਲ੍ਹਾ ਵਾਸੀਆਂ ਨੂੰ ਪੂਰੇ ਉਤਸ਼ਾਹ ਨਾਲ ਵਧ-ਚੜ੍ਹ ਕੇ ਆਜ਼ਾਦੀ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ ਵਿਚ ਆਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਸਾਡੇ ਦੇਸ਼ ਦੀ ਆਜ਼ਾਦੀ ਦੇ 78 ਸਾਲ ਪੂਰੇ ਹੋ ਚੁੱਕੇ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ, ਆਰ.ਟੀ.ਓ ਅਮਨਦੀਪ ਕੌਰ, ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ, ਡੀ.ਆਰ.ਓ ਅਮਨਦੀਪ ਚਾਵਲਾ, ਡੀ.ਡੀ.ਪੀ.ਓ ਸੰਦੀਪ ਸਿੰਘ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਮੇਜਰ ਮੁਨੀਸ਼ ਅਤੇ ਕੈਪਟਨ ਹਰਪ੍ਰੀਤ ਚੌਹਾਨ ਬਣੇ ਬ੍ਰਿਟਿਸ਼ ਆਰਮੀ ਵਿੱਚ ਕਮਿਸ਼ਨ ਹਾਸਲ ਕਰਨ ਵਾਲੇ ਪਹਿਲੇ ਭਾਰਤੀ ਜੋੜਾ



ਲੰਡਨ/ਨਵੀਂ ਦਿੱਲੀ, (ਦਲਜੀਤ ਅਜਨੋਹਾ) : ਵਿਦੇਸ਼ ਵਿੱਚ ਵੱਸਦੇ ਭਾਰਤੀਆਂ ਲਈ ਇਹ ਮਾਣ ਵਾਲੀ ਘੜੀ ਹੈ। ਮੇਜਰ ਮੁਨੀਸ਼ ਚੌਹਾਨ ਅਤੇ ਕੈਪਟਨ ਹਰਪ੍ਰੀਤ ਚੌਹਾਨ ਨੇ ਬ੍ਰਿਟਿਸ਼ ਆਰਮੀ ਵਿੱਚ ਅਧਿਕਾਰੀ ਵਜੋਂ ਕਮਿਸ਼ਨ ਪ੍ਰਾਪਤ ਕਰਕੇ ਇਤਿਹਾਸ ਰਚਿਆ ਹੈ। ਉਹ ਇਹ ਉਪਲਬਧੀ ਹਾਸਲ ਕਰਨ ਵਾਲੇ ਪਹਿਲੇ ਭਾਰਤੀ ਦੰਪਤੀ ਹਨ।

ਦੋਵੇਂ ਅਫਸਰ ਭਾਰਤ ਵਿੱਚ ਜਨਮੇ ਸਨ ਅਤੇ ਲਗਭਗ 20 ਸਾਲ ਪਹਿਲਾਂ ਸਿਪਾਹੀ ਵਜੋਂ ਬ੍ਰਿਟਿਸ਼ ਆਰਮੀ ਵਿੱਚ ਭਰਤੀ ਹੋਏ। ਉਨ੍ਹਾਂ ਦੀ ਲਗਨ ਅਤੇ ਮਿਹਨਤ ਨੇ ਉਨ੍ਹਾਂ ਨੂੰ ਅੱਜ ਇਸ ਮੁਕਾਮ 'ਤੇ ਪਹੁੰਚਾਇਆ ਜਿੱਥੇ ਉਹ ਹਜ਼ਾਰਾਂ ਭਾਰਤੀਆਂ ਲਈ ਪ੍ਰੇਰਣਾ ਬਣੇ ਹੋਏ ਹਨ।

**ਸਿਪਾਹੀ ਤੋਂ ਸਰਜਨ: ਮੇਜਰ ਮੁਨੀਸ਼ ਚੌਹਾਨ**

ਮੁਨੀਸ਼ ਨੇ ਆਪਣਾ ਸੈਨਾ ਦਾ ਸਫ਼ਰ 18 ਸਾਲ ਪਹਿਲਾਂ ਇੱਕ ਜੂਨੀਅਰ ਸਿਪਾਹੀ ਵਜੋਂ ਸ਼ੁਰੂ ਕੀਤਾ ਸੀ। ਉਨ੍ਹਾਂ ਦੀ ਦਿਲਚਸਪੀ ਅਤੇ ਲਗਾਤਾਰ ਕੋਸ਼ਿਸ਼ ਨੇ ਉਨ੍ਹਾਂ ਨੂੰ ਡਾਕਟਰੀ ਪੜ੍ਹਾਈ ਵੱਲ ਮੋੜਿਆ। ਅੱਜ ਉਹ ਬ੍ਰਿਟਿਸ਼ ਆਰਮੀ ਵਿੱਚ ਸੇਵਾ ਕਰਦੇ ਇਕਲੌਤੇ ਭਾਰਤ ਵਿੱਚ ਜਨਮੇ ਸਰਜਨ ਹਨ।

ਉਨ੍ਹਾਂ ਨੇ ਕਿਹਾ: ਕਿ "ਲੀਡਰ ਬਣਨਾ ਸਿਰਫ ਰੈਂਕ ਜਾਂ ਪਦਵੀ ਦੀ ਗੱਲ ਨਹੀਂ, ਗੱਲ ਹੈ ਹੋਰਾਂ ਨੂੰ ਨਾਲ ਲੈ ਕੇ ਅੱਗੇ ਵਧਣ ਦੀ। ਮੇਰਾ ਸਫ਼ਰ ਇੱਕ ਸਿਪਾਹੀ ਤੋਂ ਸਰਜਨ ਬਣਨ ਤੱਕ ਇਹ ਸਾਬਤ ਕਰਦਾ ਹੈ ਕਿ ਜੇ ਤੁਸੀਂ ਵਿਸ਼ਵਾਸ ਅਤੇ ਮਿਹਨਤ ਕਰਦੇ ਹੋ, ਤਾਂ ਕੋਈ ਵੀ ਮੰਜ਼ਿਲ ਦੂਰ ਨਹੀਂ।"

"ਮੈਂ ਚਾਹੁੰਦਾ ਹਾਂ ਕਿ ਮੇਰੀ ਕਹਾਣੀ ਹਰ ਨੌਜਵਾਨ ਭਾਰਤੀ ਨੂੰ ਇਹ ਦੱਸੇ ਕਿ ਸੀਮਾਵਾਂ ਸਿਰਫ਼ ਨਕਸ਼ਿਆਂ 'ਤੇ ਹੁੰਦੀਆਂ ਹਨ। ਸੁਪਨੇ ਹਮੇਸ਼ਾ ਹਕੀਕਤ ਬਣ ਸਕਦੇ ਨੇ।

**"ICU ਨਰਸ ਤੋਂ ਕਪਤਾਨ:** ਕੈਪਟਨ ਹਰਪ੍ਰੀਤ ਚੌਹਾਨ ਹਰਪ੍ਰੀਤ ਚੌਹਾਨ ਨੇ 17 ਸਾਲ ਪਹਿਲਾਂ ਬ੍ਰਿਟਿਸ਼ ਆਰਮੀ ਵਿੱਚ ਸਿਪਾਹੀ ਵਜੋਂ ਆਪਣਾ ਸਫ਼ਰ ਸ਼ੁਰੂ ਕੀਤਾ। ਉਨ੍ਹਾਂ ਦੀ ਦਿਲਚਸਪੀ ਸਿਹਤ ਸੰਭਾਲ ਵਿੱਚ ਸੀ ਅਤੇ ਉਹ ਇੱਕ ICU ਨਰਸ ਵਜੋਂ ਭਰਤੀ ਹੋਈ। ਉਨ੍ਹਾਂ ਦੀ ਮਿਹਨਤ, ਇਮਾਨਦਾਰੀ ਕਾਰਗੁਜ਼ਾਰੀ ਅਤੇ ਲੀਡਰਸ਼ਿਪ ਨੇ ਉਨ੍ਹਾਂ ਨੂੰ ਕੈਪਟਨ ਬਣਨ ਦਾ ਮੌਕਾ ਦਿੱਤਾ। ਉਹ ਕਹਿੰਦੇ ਹਨ "ਇੱਕ ਔਰਤ, ਪਰਵਾਸੀ ਅਤੇ ਸਿਪਾਹੀ ਹੋਣ ਦੇ ਨਾਤੇ, ਰਸਤੇ ਆਸਾਨ ਨਹੀਂ ਸਨ। ਪਰ ਹਰ ਚੁਣੌਤੀ ਨੇ ਮੈਨੂੰ ਹੋਰ ਮਜ਼ਬੂਤ ਬਣਾਇਆ। ਅੱਜ ਜਦੋਂ ਮੈਂ ਕਪਤਾਨ ਬਣੀ ਹਾਂ, ਇਹ ਸਿਰਫ ਮੇਰੀ ਨਹੀਂ, ਹਰ ਉਸ ਕੁੜੀ ਦੀ ਜਿੱਤ ਹੈ ਜੋ ਵੱਡਾ ਸੁਪਨਾ ਵੇਖਦੀ ਹੈ।" ਅਸਲ ਲੀਡਰਸ਼ਿਪ ਦਿਲ, ਹਿੰਮਤ ਅਤੇ ਈਮਾਨਦਾਰੀ ਨਾਲ ਆਉਂਦੀ ਹੈ। ਅਸੀਂ ਨਾਂ ਸਿਰਫ਼ ਬ੍ਰਿਟਿਸ਼ ਆਰਮੀ ਨੂੰ, ਸਗੋਂ ਭਾਰਤ ਦੀ ਰੂਹ ਨੂੰ ਵੀ ਦਰਸਾਉਂਦੇ ਹਾਂ।

**ਨਵੀਂ ਪੀੜ੍ਹੀ ਲਈ ਪ੍ਰੇਰਣਾ**

ਇਹ ਜੋੜਾ ਸਿਰਫ਼ ਆਪਣੀ ਉਪਲਬਧੀ ਲਈ ਨਹੀਂ ਜਾਣਿਆ ਜਾਂਦਾ, ਸਗੋਂ ਭਾਰਤੀ ਸਮੁਦਾਇ ਲਈ ਉਮੀਦ ਦੀ ਕਿਰਣ ਹੈ। ਉਨ੍ਹਾਂ ਦੀ ਕਹਾਣੀ ਦੱਸਦੀ ਹੈ ਕਿ ਮਿਹਨਤ, ਦ੍ਰਿੜਤਾ ਅਤੇ ਸੱਚੀ ਲਗਨ ਨਾਲ ਕੋਈ ਵੀ ਮੰਜ਼ਿਲ ਪਾਈ ਜਾ ਸਕਦੀ ਹੈ। "ਆਪਣੀ ਜੜ੍ਹਾਂ ਨੂੰ ਨਾ ਭੁੱਲੋ, ਆਪਣੇ ਸੁਪਨਿਆਂ ਨੂੰ ਵੱਡਾ ਰੱਖੋ। ਕਾਬਲੀਅਤ ਦੀ ਕੋਈ ਸਰਹੱਦ ਨਹੀਂ ਹੁੰਦੀ।"

ਉਨ੍ਹਾਂ ਦੀ ਕਹਾਣੀ ਦਸਦੀ ਹੈ ਕਿ ਮਿਹਨਤ, ਦ੍ਰਿੜਤਾ ਅਤੇ ਸੱਚੀ ਲਗਨ ਨਾਲ ਕੋਈ ਵੀ ਮੰਜ਼ਿਲ ਪਾਈ ਜਾ ਸਕਦੀ ਹੀ "ਆਪਣੀ ਜੜ੍ਹਾਂ ਨੂੰ ਨਾ ਭੁੱਲੋ, ਆਪਣੇ ਸੁਪਨਿਆਂ ਨੂੰ ਵੱਡਾ ਰੱਖੋ। ਕਾਬਲੀਅਤ ਦੀ ਕੋਈ ਸਰਹੱਦ ਨਹੀਂ ਹੁੰਦੀ।"

# 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਗੜ੍ਹਸ਼ੰਕਰ ਦੇ ਪਿੰਡ ਦੇਨੋਵਾਲ ਖੁਰਦ 'ਚ ਨਸ਼ਾ ਤਸਕਰਾਂ ਦੇ ਘਰਾਂ ਚੱਲਿਆ ਪੀਲਾ ਪੰਜਾ

## -ਸਥਾਨਕ ਵਾਸੀਆਂ ਨੇ ਪੰਜਾਬ ਸਰਕਾਰ ਦੀ ਨਸ਼ੇ ਖ਼ਿਲਾਫ਼ ਕਾਰਵਾਈ ਦੀ ਕੀਤੀ ਸ਼ਲਾਘਾ







ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਸ਼ੁਰੂ ਕੀਤੇ ਗਏ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ੇ ਦੇ ਖ਼ਾਤਮੇ ਅਤੇ ਨਸ਼ਾ ਤਸਕਰਾਂ ਵੱਲੋਂ ਕੀਤੇ ਗਏ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਹੁਸ਼ਿਆਰਪੁਰ ਪੁਲਿਸ ਨੇ ਗੜ੍ਹਸ਼ੰਕਰ ਵਿਚ ਪੰਚਾਇਤ ਵਿਭਾਗ ਦੇ ਸਹਿਯੋਗ ਨਾਲ ਪਿੰਡ ਦੇਨੋਵਾਲ ਖੁਰਦ ਦੀ ਬਸਤੀ ਸਾਂਸੀਆ ਵਿਚ 13 ਮਰਲੇ ਰਕਬੇ ਵਿਚ ਪੰਚਾਇਤੀ ਜ਼ਮੀਨ 'ਤੇ ਬਣੀਆਂ 5 ਅਣ-ਅਧਿਕਾਰਤ ਉਸਾਰੀਆਂ ਨੂੰ ਢਾਹ ਦਿੱਤਾ। ਇਹ ਗ਼ੈਰ-ਕਾਨੂੰਨੀ ਉਸਾਰੀ 9 ਲੋਕਾਂ ਵੱਲੋਂ ਕੀਤੀ ਗਈ ਸੀ, ਜਿਨ੍ਹਾਂ ਵਿਰੁੱਧ 100 ਐਫ.ਆਈ.ਆਰ ਦਰਜ ਹਨ, ਜਿਨ੍ਹਾਂ ਵਿਚੋਂ 92 ਐਫ.ਆਈ.ਆਰ ਐਨ.ਡੀ.ਪੀ.ਐਸ ਮਾਮਲਿਆਂ ਨਾਲ ਸਬੰਧਤ ਹਨ ਅਤੇ ਕਈ ਮਾਮਲਿਆਂ ਵਿਚ ਉਨ੍ਹਾਂ ਨੂੰ ਸਜ਼ਾ ਵੀ ਹੋਈ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਐਸ.ਐਸ.ਪੀ ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਨੇ ਦੱਸਿਆ ਕਿ ਇਹ ਕਾਰਵਾਈ ਪੇਂਡੂ ਵਿਕਾਸ ਅਤੇ ਪੰਚਾਇਤ ਅਫ਼ਸਰ ਦੀ ਬੇਨਤੀ 'ਤੇ ਕੀਤੀ ਗਈ ਹੈ, ਜਿਨ੍ਹਾਂ ਨੂੰ ਇਸ ਗੈਰ-ਕਾਨੂੰਨੀ ਉਸਾਰੀ ਨੂੰ ਢਾਹੁਣ ਲਈ ਪੁਲਿਸ ਸਹਾਇਤਾ ਦੀ ਲੋੜ ਸੀ। ਇਹ ਕਾਰਵਾਈ 9 ਲੋਕਾਂ ਵਿਰੁੱਧ ਕੀਤੀ ਗਈ ਹੈ। ਇਨ੍ਹਾਂ ਵਿਚ ਗੁਲਜ਼ਾਰ ਸਿੰਘ, ਸੁਖਵਿੰਦਰ ਰਾਣੀ, ਗੁਰਦਿਆਲ ਸਿੰਘ, ਅਮਰਜੀਤ ਕੌਰ, ਨਿਰਮਲ ਚੰਦ, ਇੰਦਰਜੀਤ, ਜੋਗਾ ਸਿੰਘ, ਸੰਤੋਖ ਸਿੰਘ ਅਤੇ ਜੋਗਿੰਦਰ ਸਿੰਘ ਸ਼ਾਮਲ ਹਨ। ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ 'ਤੇ ਹੁਸ਼ਿਆਰਪੁਰ ਪੁਲਿਸ ਨਸ਼ਿਆਂ ਅਤੇ ਗੈਰ-ਕਾਨੂੰਨੀ ਕਬਜ਼ੇ ਵਿਰੁੱਧ ਸਖ਼ਤ ਕਾਰਵਾਈ ਜਾਰੀ ਰੱਖੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਬਾਰੇ ਪੁਲਿਸ ਨੂੰ ਸੂਚਿਤ ਕੀਤਾ ਜਾਵੇ। ਉਨ੍ਹਾਂ ਭਰੋਸਾ ਦਿੱਤਾ ਕਿ ਦੋਸ਼ੀਆਂ ਵਿਰੁੱਧ ਤੁਰੰਤ ਅਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੱਤੀ ਕਿ ਜਾਂ ਤਾਂ ਨਸ਼ਾ ਤਸਕਰੀ ਛੱਡ ਕੇ ਕੋਈ ਹੋਰ ਕੰਮ ਕਰਨ ਜਾਂ ਸਖ਼ਤ ਕਾਰਵਾਈ ਲਈ ਤਿਆਰ ਰਹਿਣ। ਉਨ੍ਹਾਂ ਕਿਹਾ ਕਿ ਸਥਾਨਕ ਲੋਕ ਇਨ੍ਹਾਂ ਤਸਕਰਾਂ ਤੋਂ ਬਹੁਤ ਪ੍ਰੇਸ਼ਾਨ ਸਨ, ਜਿਸ ਲਈ ਉਨ੍ਹਾਂ ਨੇ ਪੰਜਾਬ ਸਰਕਾਰ ਦੀ ਇਸ ਕਾਰਵਾਈ ਦਾ ਸਵਾਗਤ ਕੀਤਾ ਹੈ। ਲੋਕਾਂ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੀ ਦੁਰਵਰਤੋਂ ਨੂੰ ਖਤਮ ਕਰਨ ਲਈ ਕੀਤੇ ਜਾ ਰਹੇ ਇਨ੍ਹਾਂ ਯਤਨਾਂ ਦਾ ਸਵਾਗਤ ਕਰਦੇ ਹਨ। ਇਸ ਦੌਰਾਨ ਉਨ੍ਹਾਂ ਨਾਲ ਐਸ.ਪੀ ਮੇਜਰ ਸਿੰਘ, ਡੀ.ਐਸ.ਪੀ ਪਲਵਿੰਦਰ ਸਿੰਘ, ਡੀ.ਐਸ.ਪੀ ਜਸਪ੍ਰੀਤ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਸ਼ੁਲਕ, ਵਪਾਰ ਅਤੇ ਦ੍ਰਿੜਤਾ : ਭਾਰਤ ਨੂੰ ਸੰਕਟ ਨੂੰ ਮੌਕੇ 'ਚ ਬਦਲਣਾ ਚਾਹੀਦਾ ਹੈ : ਅੰਮ੍ਰਿਤ ਸਾਗਰ ਮਿੱਤਲ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਆਈ.ਟੀ.ਐਲ. ਗਰੁੱਪ ਦੇ ਵਾਈਸ ਚੇਅਰਮੈਨ ਅੰਮ੍ਰਿਤ ਸਾਗਰ ਮਿੱਤਲ ਨੇ ਕਿਹਾ ਹੈ ਕਿ ਅਮਰੀਕਾ ਵੱਲੋਂ ਭਾਰਤੀ ਸਾਮਾਨ 'ਤੇ ਲਗਾਇਆ ਗਿਆ 50% ਦਾ ਭਾਰੀ ਸ਼ੁਲਕ ਸਿਰਫ਼ ਇੱਕ ਚੁਣੌਤੀ ਨਹੀਂ, ਸਗੋਂ ਭਾਰਤ ਲਈ ਆਪਣੇ ਵਪਾਰਕ ਲਚਕੀਲੇਪਣ ਨੂੰ ਮਜ਼ਬੂਤ ਕਰਨ ਦਾ ਇੱਕ ਮੌਕਾ ਵੀ ਹੈ।



ਵਿਸ਼ੇਸ਼ ਗੱਲਬਾਤ ਦੌਰਾਨ ਮਿੱਤਲ ਨੇ ਜ਼ੋਰ ਦਿੱਤਾ ਕਿ ਭਾਰਤ ਨੂੰ ਆਪਣੇ ਨਿਰਯਾਤ ਬਾਜ਼ਾਰਾਂ ਦਾ ਵਿਭਿੰਨਕਰਨ ਕਰਨਾ ਚਾਹੀਦਾ ਹੈ, ਬ੍ਰਿਟੇਨ, ਯੂਰਪੀ ਯੂਨੀਅਨ, ਕੈਨੇਡਾ ਅਤੇ ਆਸਟ੍ਰੇਲੀਆ ਨਾਲ ਵਪਾਰਕ ਸਮਝੌਤਿਆਂ ਨੂੰ ਤੇਜ਼ੀ ਨਾਲ ਅੰਤਿਮ ਰੂਪ ਦੇਣਾ ਚਾਹੀਦਾ ਹੈ ਅਤੇ ਘਰੇਲੂ ਮੁਕਾਬਲਾਪਨ ਵਧਾਉਣ ਲਈ ਬੁਨਿਆਦੀ ਢਾਂਚੇ ਵਿੱਚ ਸੁਧਾਰ, ਖ਼ਾਸ ਆਰਥਿਕ ਖੇਤਰਾਂ (SEZ) 'ਚ ਸੁਧਾਰ ਅਤੇ ਟਾਰਗੇਟਡ ਨਿਰਯਾਤ ਪ੍ਰੋਤਸਾਹਨ ਲਾਗੂ ਕਰਨੇ ਚਾਹੀਦੇ ਹਨ। ਉਹਨਾਂ ਕਿਹਾ ਕਿ ਹਰ ਸੰਕਟ ਆਪਣੇ ਨਾਲ ਇੱਕ ਮੌਕਾ ਲਿਆਉਂਦਾ ਹੈ—ਭਾਰਤ ਨੂੰ ਇਸ ਚੁਣੌਤੀ ਨੂੰ ਲੰਬੇ ਸਮੇਂ ਦੇ ਵਪਾਰਕ ਲਚਕੀਲੇਪਣ ਦਾ ਉਤਪ੍ਰੇਰਕ ਬਣਾਉਣਾ ਹੋਵੇਗਾ।

ਮਿੱਤਲ ਦੇ ਇਹ ਟਿੱਪਣੀਆਂ ਉਸ ਸਮੇਂ ਆਈਆਂ ਹਨ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ 27 ਅਗਸਤ ਤੋਂ ਭਾਰਤੀ ਆਯਾਤ 'ਤੇ ਔਸਤ 50% ਦੰਡਾਤਮਕ ਸ਼ੁਲਕ ਲਾਗੂ ਕਰਨ ਦਾ ਐਲਾਨ ਕੀਤਾ ਹੈ। ਇਹ ਕਦਮ ਲਗਭਗ 48 ਅਰਬ ਡਾਲਰ ਦੇ ਭਾਰਤੀ ਨਿਰਯਾਤ ਨੂੰ ਖ਼ਤਰੇ 'ਚ ਪਾ ਰਿਹਾ ਹੈ, ਜਦਕਿ ਅਮਰੀਕਾ ਭਾਰਤ ਦੇ ਕੁੱਲ ਨਿਰਯਾਤ ਦਾ 20% ਅਤੇ GDP ਦਾ ਲਗਭਗ 2% ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਸ਼ੁਲਕ ਵਧਾਉਣ ਨਾਲ ਅਮਰੀਕੀ ਬਾਜ਼ਾਰ ਵਿੱਚ ਭਾਰਤੀ ਸਾਮਾਨ ਕਾਫ਼ੀ ਮਹਿੰਗਾ ਹੋ ਜਾਵੇਗਾ, ਜਿਸ ਨਾਲ ਉਹਨਾਂ ਦੀ ਮੁਕਾਬਲਾਪਨ ਦੀ ਸਮਰੱਥਾ ਘਟੇਗੀ। ਹਾਲਾਂਕਿ, ਦਵਾਈ ਉਦਯੋਗ (10.5 ਅਰਬ ਡਾਲਰ), ਇਲੈਕਟ੍ਰਾਨਿਕਸ (14.6 ਅਰਬ ਡਾਲਰ), ਇੰਜੀਨੀਅਰਿੰਗ ਉਤਪਾਦ ਅਤੇ ਆਟੋ ਕੰਪੋਨੈਂਟਸ (9.3 ਅਰਬ ਡਾਲਰ) ਅਤੇ ਪੈਟਰੋਲਿਯਮ ਉਤਪਾਦ (4.09 ਅਰਬ ਡਾਲਰ) ਨੂੰ ਇਸ ਸ਼ੁਲਕ ਤੋਂ ਛੂਟ ਦਿੱਤੀ ਗਈ ਹੈ, ਪਰ ਖੇਤੀਬਾੜੀ, ਕੱਪੜੇ, ਰਤਨ ਤੇ ਗਹਿਣੇ, ਮਸ਼ੀਨਰੀ, ਚਮੜਾ ਅਤੇ ਰਸਾਇਣ ਵਰਗੇ ਖੇਤਰਾਂ 'ਤੇ ਭਾਰੀ ਸ਼ੁਲਕ—ਕੁਝ ਮਾਮਲਿਆਂ 'ਚ 64% ਤੱਕ—ਲਗਾਇਆ ਗਿਆ ਹੈ, ਜੋ ਗੰਭੀਰ ਨਿਰਯਾਤ ਘਾਟ ਦਾ ਕਾਰਨ ਬਣ ਸਕਦਾ ਹੈ।

ਵਪਾਰ ਵਿਸ਼ਲੇਸ਼ਕ ਚੇਤਾਵਨੀ ਦੇ ਰਹੇ ਹਨ ਕਿ ਵੀਅਤਨਾਮ, ਬੰਗਲਾਦੇਸ਼ ਅਤੇ ਮੈਕਸੀਕੋ ਵਰਗੇ ਮੁਕਾਬਲੇਬਾਜ਼ ਦੇਸ਼—ਜੋ ਘੱਟ ਅਮਰੀਕੀ ਸ਼ੁਲਕ ਜਾਂ ਮੁਕਤ ਵਪਾਰ ਸਮਝੌਤਿਆਂ ਦਾ ਲਾਭ ਲੈ ਰਹੇ ਹਨ—ਭਾਰਤ ਤੋਂ ਬਾਜ਼ਾਰ ਹਿੱਸਾ ਖੋਹ ਸਕਦੇ ਹਨ। ਭਾਰਤ-ਅਮਰੀਕਾ ਵਿਚਕਾਰ ਵਿਸਤ੍ਰਿਤ ਵਪਾਰ ਸਮਝੌਤੇ ਦੀ ਗੈਰਹਾਜ਼ਰੀ ਨਵੀਂ ਦਿੱਲੀ ਨੂੰ ਐਸੇ ਇੱਕਤਰਫ਼ਾ ਕਦਮਾਂ ਲਈ ਅਸੁਰੱਖਿਅਤ ਬਣਾ ਰਹੀ ਹੈ।

# ਨਵੀਂ ਰਾਸ਼ਟਰੀ ਸਿੱਖਿਆ ਨੀਤੀ ਕਾਰਨ ਵਿਦਿਆਰਥੀਆਂ 'ਤੇ ਵਧ ਰਿਹਾ ਅਕਾਦਮਿਕ ਬੋਝ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਨਵੀਂ ਰਾਸ਼ਟਰੀ ਸਿੱਖਿਆ ਨੀਤੀ (NEP) ਦੇ ਲਾਗੂ ਹੋਣ ਨਾਲ ਵਿਦਿਆਰਥੀਆਂ 'ਤੇ ਪਾਠਕ੍ਰਮਕ ਬੋਝ ਵਿਚ ਕਾਫੀ ਵਾਧਾ ਹੋਇਆ ਹੈ। ਜਦਕਿ ਇਸ ਨੀਤੀ ਦਾ ਮਕਸਦ ਹਰਮੁੱਖੀ ਅਤੇ ਬਹੁ-ਵਿਸ਼ਿਆਂ ਵਾਲੀ ਸਿੱਖਿਆ ਦੇਣਾ ਹੈ, ਪਰ ਮਲਟੀਡਿਸਿਪਲਿਨਰੀ ਕੋਰਸ (MDC), ਵੈਲਯੂ ਐਡਡ ਕੋਰਸ (VAC) ਅਤੇ ਸਕਿੱਲ ਇਨਹਾਂਸਮੈਂਟ ਕੋਰਸ (SEC) ਵਰਗੇ ਨਵੇਂ ਲਾਜ਼ਮੀ ਪੇਪਰਾਂ ਨੇ ਖਾਸ ਕਰਕੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਲਈ ਨਵੀਆਂ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ ਹਨ।

ਇਹ ਪੇਪਰ, ਹਾਲਾਂਕਿ ਨੀਕ ਨੀਤੀਆਂ ਨਾਲ ਸ਼ੁਰੂ ਕੀਤੇ ਗਏ ਹਨ, ਪਰ ਵਿਦਿਆਰਥੀਆਂ ਲਈ ਇਹ ਲਾਭਕਾਰੀ ਦੀ ਬਜਾਏ ਬੋਝ ਬਣ ਗਏ ਹਨ। ਆਪਣੇ ਮੁੱਖ ਵਿਸ਼ਿਆਂ ਵਿੱਚ ਹੀ ਵਿਅਸਤ ਵਿਦਿਆਰਥੀ ਹੁਣ ਤਿੰਨ ਹੋਰ ਪੇਪਰਾਂ ਦੀ ਤਿਆਰੀ ਕਰਣ ਲਈ ਮਜਬੂਰ ਹਨ, ਜੋ ਅਕਸਰ ਉਨ੍ਹਾਂ ਦੇ ਮੁੱਖ ਵਿਸ਼ਿਆਂ ਨਾਲ ਸੰਬੰਧਤ ਵੀ ਨਹੀਂ ਹੁੰਦੇ। ਇਸ ਕਾਰਨ ਉਨ੍ਹਾਂ ਦੇ ਪ੍ਰਧਾਨ ਵਿਸ਼ਿਆਂ ਦੇ ਨਤੀਜਿਆਂ 'ਤੇ ਬੁਰਾ ਪ੍ਰਭਾਵ ਪੈ ਰਿਹਾ ਹੈ।



ਇਹਨਾਂ ਪੇਪਰਾਂ ਦੀ ਅੰਕਾਂ ਆਧਾਰਿਤ ਜਾਂਚ ਪ੍ਰਣਾਲੀ ਕਾਰਨ ਵੀ ਵਿਦਿਆਰਥੀਆਂ 'ਤੇ ਨੰਬਰ ਲੈਣ ਦਾ ਦਬਾਅ ਵੱਧ ਗਿਆ ਹੈ। ਇੱਕ ਵਿਅਵਹਾਰਿਕ ਅਤੇ ਵਿਦਿਆਰਥੀ-ਪੱਖੀ ਹੱਲ ਇਹ ਹੋ ਸਕਦਾ ਹੈ ਕਿ MDC, VAC ਅਤੇ SEC ਲਈ ਗ੍ਰੇਡਿੰਗ ਸਿਸਟਮ (ਜਿਵੇਂ ਕਿ 1, 2, 3) ਲਾਗੂ ਕੀਤਾ ਜਾਵੇ। ਇਸ ਨਾਲ ਵਿਦਿਆਰਥੀ ਸੈਕੰਡਰੀ ਪੇਪਰਾਂ ਵਿੱਚ ਵੀ ਸ਼ਾਮਿਲ ਹੋ ਸਕਣਗੇ ਪਰ ਅਤਿਰਿਕਤ ਦਬਾਅ ਤੋਂ ਬਚ ਜਾਣਗੇ।

ਸਿੱਖਿਆ ਦਾ ਮਕਸਦ ਅਸਲ ਸਿੱਖ ਅਤੇ ਹੁਨਰ ਵਿਕਾਸ ਹੋਣਾ ਚਾਹੀਦਾ ਹੈ, ਨਾ ਕਿ ਵਿਦਿਆਰਥੀਆਂ ਨੂੰ ਵਧੇਰੇ ਪੇਪਰਾਂ ਅਤੇ ਅੰਕਾਂ ਦੀ ਹੋੜ ਹੇਠ ਲਿਆਂਦਾ। ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਜਾਂਚ ਪ੍ਰਣਾਲੀ 'ਚ ਲਚਕ ਲਿਆਉਂਦੇ ਹੋਏ, ਇਸ ਨੂੰ NEP ਦੀ ਆਤਮਾ ਦੇ ਅਨੁਕੂਲ ਬਣਾਏ। ਜੇਕਰ ਗ੍ਰੇਡਿੰਗ ਪ੍ਰਣਾਲੀ ਲਾਗੂ ਕੀਤੀ ਜਾਵੇ, ਤਾਂ ਵਿਦਿਆਰਥੀ ਆਪਣੇ ਮੁੱਖ ਵਿਸ਼ਿਆਂ 'ਤੇ ਧਿਆਨ ਕੇਂਦਰਤ ਕਰ ਸਕਣਗੇ, ਜਿਸ ਨਾਲ ਉਨ੍ਹਾਂ ਦੇ ਨਤੀਜੇ ਵੀ ਸੁਧਰਣਗੇ ਅਤੇ ਵਿਸ਼ਿਆਂ ਦੀ ਗੁਣਵੱਤਾ ਬਣੀ ਰਹੇਗੀ।

# ਦਿੱਲੀ ਐੱਨਸੀਆਰ 'ਚ ਸਾਰੇ ਆਵਾਰਾ ਕੁੱਤਿਆਂ ਨੂੰ ਆਸਰਾ ਕੇਂਦਰਾਂ 'ਚ ਤਬਦੀਲ ਕੀਤਾ ਜਾਵੇ: ਸੁਪਰੀਮ ਕੋਰਟ








ਦਿੱਲੀ-ਐਨਸੀਆਰ ਦੇ ਸਾਰੇ ਆਵਾਰਾ ਕੁੱਤਿਆਂ ਨੂੰ 8 ਹਫ਼ਤਿਆਂ ਦੇ ਅੰਦਰ ਸ਼ੈਲਟਰਾਂ ਵਿੱਚ ਭੇਜਣ ਦੇ ਸੁਪਰੀਮ ਕੋਰਟ ਦੇ ਹੁਕਮਾਂ ਵਿਰੁੱਧ ਕੁੱਤੇ ਪ੍ਰੇਮੀਆਂ ਨੇ ਨਵੀਂ ਦਿੱਲੀ ਦੇ ਕਨਾਟ ਪਲੇਸ ਵਿਖੇ ਵਿਰੋਧ ਪ੍ਰਦਰਸ਼ਨ ਕੀਤਾ।




ਇਸ ਮੁਸੀਬਤ ਤੋਂ ਤੰਗ ਆਕੇ ਇੱਕ ਪਹਿਲਾ ਵੀ ਭਾਜਪਾ ਨੇਤਾ ਵਿਜੇ ਗੋਇਲ ਨੇ ਆਰ.ਡਬਲਯੂ.ਏ. ਅਤੇ ਐਨ.ਜੀ.ਓ. ਪ੍ਰਤਿਨਿਧੀਆਂ ਨਾਲ ਮਿਲ ਕੇ ਆਵਾਰਾ ਕੁੱਤਿਆਂ ਦੀ ਸਮੱਸਿਆ ਵਿਰੁੱਧ ਨਵੀਂ ਦਿੱਲੀ 'ਚ ਐਤਵਾਰ ਨੂੰ ਧਰਨਾ ਪ੍ਰਦਰਸ਼ਨ ਕੀਤਾ ਸੀ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਦਿੱਲੀ ਸ਼ਹਿਰ ਵਿੱਚ ਆਵਾਰਾ ਕੁੱਤਿਆਂ ਦੇ ਖਤਰੇ ਨੂੰ 'ਬਹੁਤ ਹੀ ਭਿਆਨਕ' ਕਰਾਰ ਦਿੰਦੇ ਹੋਏ ਸੋਮਵਾਰ ਨੂੰ ਦਿੱਲੀ ਸਰਕਾਰ ਅਤੇ ਨਗਰ ਨਿਗਮਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਜਲਦੀ ਤੋਂ ਜਲਦੀ ਸਾਰੇ ਇਲਾਕਿਆਂ 'ਚੋਂ ਆਵਾਰਾ ਕੁੱਤਿਆਂ ਨੂੰ ਚੁੱਕਣਾ ਸ਼ੁਰੂ ਕਰਨ ਅਤੇ ਉਨ੍ਹਾਂ ਨੂੰ ਕੁੱਤਿਆਂ ਲਈ ਬਣਾਏ ਆਸਰਾ ਸਥਾਨਾਂ 'ਤੇ ਰੱਖਣ।

ਕੁੱਤਿਆਂ ਵੱਲੋਂ ਆਮ ਲੋਕਾਂ ਨੂੰ ਵੱਢਣ ਦੀਆਂ ਵਧਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਕਈ ਨਿਰਦੇਸ਼ ਦਿੰਦੇ ਹੋਏ ਅਦਾਲਤ ਨੇ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਵਿਅਕਤੀ ਜਾਂ ਸੰਗਠਨ ਅਧਿਕਾਰੀਆਂ ਵੱਲੋਂ ਆਵਾਰਾ ਕੁੱਤਿਆਂ ਨੂੰ ਚੁੱਕਣ ਦੇ ਰਾਹ ਵਿੱਚ ਅੜਿੱਕਾ ਬਣਦਾ ਹੈ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।





ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਆਰ. ਮਹਾਦੇਵਨ ਦੇ ਬੈਂਚ ਨੇ ਕਿਹਾ ਕਿ ਹਾਲ ਦੀ ਘੜੀ ਕਰੀਰ 5,000 ਆਵਾਰਾ ਕੁੱਤਿਆਂ ਦੇ ਰਹਿਣ ਲਈ ਆਸਰਾ ਸਥਾਨ ਬਣਾਏ ਜਾਣ ਅਤੇ ਕੁੱਤਿਆਂ ਦੀ ਨਸਬੰਦੀ ਅਤੇ ਟੀਕਾਕਰਨ ਲਈ ਉੱਥੇ ਲੋੜੀਂਦੇ ਕਰਮਚਾਰੀ ਤਾਇਨਾਤ ਕੀਤੇ ਜਾਣੇ ਚਾਹੀਦੇ ਹਨ।





ਅੰਮ੍ਰਿਤਸਰ ਵਿੱਚ ਤੀਜ ਤਿਉਹਾਰ ਦੇ ਜਸ਼ਨਾਂ ਦੌਰਾਨ ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਸ਼ਹਿਜ਼ਾਦਾ ਨੰਦ ਕਾਲਜ ਦੇ ਵਿਦਿਆਰਥੀ ਜੀਵੰਤ ਲੋਕ ਨਾਚ 'ਗਿੱਧਾ' ਪੇਸ਼ ਕਰਦੇ ਹੋਏ।







ਟਰੰਪ ਦਾ ਭਾਰਤ 'ਤੇ ਟੈਰਿਫ ਹਮਲਾ

# ਕੀ ਟੈਰਿਫ ਤੋਂ ਪੀੜਤ ਦੇਸ਼ ਟਰੰਪ ਵਿਰੁੱਧ ਇੱਕਜੁੱਟ ਹੋ ਕੇ ਟਰੰਪ ਲਈ ਸਮੱਸਿਆਵਾਂ ਪੈਦਾ ਕਰਨਗੇ?

ਵਿਸ਼ਵ ਪੱਧਰ 'ਤੇ ਪਿਛਲੇ ਕੁਝ ਦਿਨਾਂ ਤੋਂ ਅਮਰੀਕਾ ਦੇ ਰਾਸ਼ਟਰਪਤੀ ਦੁਨੀਆ ਭਰ ਵਿੱਚ ਆਪਣੇ ਟੈਰਿਫਾਂ ਬਾਰੇ ਗਰਜ ਰਹੇ ਹਨ, ਜਿਸਨੂੰ ਉਹ ਦਬਾਅ ਦੇ ਹਥਿਆਰ ਵਜੋਂ ਵਰਤ ਰਹੇ ਹਨ, ਸਾਰੇ ਦੇਸ਼ਾਂ ਨੂੰ ਆਪਣੇ ਤਰੀਕੇ ਨਾਲ ਆਪਣੀਆਂ ਸ਼ਰਤਾਂ 'ਤੇ ਸਹਿਮਤ ਕਰਵਾ ਰਹੇ ਹਨ ਅਤੇ ਉਨ੍ਹਾਂ ਨੂੰ ਟੈਰਿਫਾਂ ਵਿੱਚ ਛੋਟ ਦੇ ਰਹੇ ਹਨ। ਜਦੋਂ ਕਿ, ਜਿਨ੍ਹਾਂ ਦੇਸ਼ਾਂ ਵਿੱਚ ਅਮਰੀਕਾ ਦਾ ਕੰਮ ਰੁਕਿਆ ਹੋਇਆ ਹੈ ਜਾਂ ਕੁਝ ਜ਼ਰੂਰੀ ਸਫਲਤਾ ਪ੍ਰਾਪਤ ਹੋ ਰਹੀ ਹੈ, ਉਹ ਉਨ੍ਹਾਂ ਨੂੰ ਛੱਡ ਰਹੇ ਹਨ। ਮੇਰਾ ਮੰਨਣਾ ਹੈ ਕਿ ਬਹੁਤ ਸਾਰੇ ਦੇਸ਼ ਆਪਣੇ ਟੈਰਿਫ ਦਬਾਅ ਕਾਰਨ ਇਸ ਸੌਦੇ ਲਈ ਸਹਿਮਤ ਹੋ ਗਏ ਹਨ, ਪਰ ਭਾਰਤ ਰੱਖਿਆ ਉਪਕਰਣਾਂ ਦੀ ਖਰੀਦ ਅਤੇ ਪਸ਼ੂ ਪਾਲਣ, ਡੇਅਰੀ ਫਾਰਮ, ਕਿਸਾਨਾਂ ਅਤੇ ਮੱਛੀ ਪਾਲਣ ਖੇਤਰ ਸਮੇਤ ਕੁਝ ਮੁੱਦਿਆਂ 'ਤੇ ਰੂਸ ਨਾਲ ਮੁਕਤ ਵਪਾਰ ਸਮਝੌਤੇ 'ਤੇ ਦਸਤਖਤ ਨਾ ਕਰਨ 'ਤੇ ਅਡੋਲ ਹੈ, ਜਿਸ ਕਾਰਨ ਮਾਮਲਾ ਬਹੁਤ ਭਿਆਨਕ ਹੱਦ ਤੱਕ ਵਿਗੜ ਗਿਆ ਹੈ। ਦੋ ਦਿਨ ਪਹਿਲਾਂ 50 ਪ੍ਰਤੀਸ਼ਤ ਟੈਰਿਫ ਦੇ ਐਲਾਨ ਤੋਂ ਬਾਅਦ, ਹੁਣ 8 ਜੁਲਾਈ, 2025 ਨੂੰ ਟਰੰਪ ਨੇ ਭਾਰਤ ਨਾਲ ਵਪਾਰ 'ਤੇ ਕੋਈ ਮੀਟਿੰਗ ਜਾਂ ਗੱਲਬਾਤ ਨਾ ਕਰਨ ਦਾ ਐਲਾਨ ਕੀਤਾ ਹੈ, ਜਿਸਦਾ ਮਤਲਬ ਹੈ ਕਿ ਹੁਣ ਅਮਰੀਕਾ ਤੋਂ ਅਧਿਕਾਰੀਆਂ ਦਾ ਵਫ਼ਦ ਨਹੀਂ ਆਵੇਗਾ ਅਤੇ ਹੁਣ ਭਾਰਤ ਅਮਰੀਕਾ ਨੂੰ ਟੱਕਰ ਦੇਣ ਲਈ ਤਿਆਰ ਹੈ, ਜਿਸ 'ਤੇ ਟਰੰਪ ਸਮੇਤ ਪੂਰੀ ਦੁਨੀਆ ਹੈਰਾਨ ਹੈ ਕਿ ਭਾਰਤ ਨੇ ਇੰਨੇ ਪ੍ਰਭਾਵਸ਼ਾਲੀ ਦੇਸ਼ ਨੂੰ ਸਖ਼ਤ ਜਵਾਬ ਕਿਵੇਂ ਦਿੱਤਾ, ਜੋ ਆ ਕੇ ਭਾਰਤ ਦੇ ਪਿੱਛੇ ਖੜ੍ਹਾ ਹੈ? ਅਜਿਹੇ ਕਈ ਸਵਾਲ ਉੱਠੇ ਹਨ। ਤੁਹਾਨੂੰ ਦੱਸ ਦੇਈਏ ਕਿ 8 ਅਗਸਤ 2025 ਨੂੰ, ਭਾਰਤੀ ਪ੍ਰਧਾਨ ਮੰਤਰੀ ਨੇ ਰੂਸ ਦੇ ਰਾਸ਼ਟਰਪਤੀ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਸੀ ਅਤੇ ਰੂਸੀ ਰਾਸ਼ਟਰਪਤੀ ਦੇ ਜਲਦੀ ਹੀ ਭਾਰਤ ਆਉਣ ਦੀ ਸੰਭਾਵਨਾ ਹੈ ਅਤੇ ਚੀਨ, ਬ੍ਰਾਜ਼ੀਲ, ਇਜ਼ਰਾਈਲ, ਈਰਾਨ ਤੋਂ ਵੀ ਭਾਰਤ ਨੂੰ ਸਮਰਥਨ ਦੇ ਸੰਕੇਤ ਮਿਲ ਰਹੇ ਹਨ। ਸੰਭਾਵਨਾ ਹੈ ਕਿ ਭਾਰਤੀ ਪ੍ਰਧਾਨ ਮੰਤਰੀ 31 ਅਗਸਤ ਤੋਂ 1 ਸਤੰਬਰ 2025 ਤੱਕ ਸ਼ੰਘਾਈ ਸਹਿਯੋਗ ਸੰਗਠਨ ਸੰਮੇਲਨ ਵਿੱਚ ਹਿੱਸਾ ਲੈਣਗੇ ਅਤੇ ਚੀਨ, ਰੂਸ, ਬ੍ਰਾਜ਼ੀਲ ਆਦਿ ਦੇਸ਼ਾਂ ਨਾਲ ਯਕੀਨੀ ਤੌਰ 'ਤੇ ਫਲਦਾਇਕ ਗੱਲਬਾਤ ਹੋਵੇਗੀ ਅਤੇ ਰੂਸ-ਚੀਨ-ਭਾਰਤ ਤਿਕੋਣ ਬਣ ਸਕਦਾ ਹੈ, ਜੋ ਅਮਰੀਕਾ ਲਈ ਮੁਸੀਬਤਾਂ ਦਾ ਦਰਵਾਜ਼ਾ ਖੋਲ੍ਹ ਸਕਦਾ ਹੈ, ਫਿਰ ਨਿਸ਼ਚਤ ਤੌਰ 'ਤੇ ਨੋਬਲ ਸ਼ਾਂਤੀ ਪੁਰਸਕਾਰ ਪ੍ਰਾਪਤ ਕਰਨ ਦੀ ਇੱਛਾ ਨੂੰ ਝਟਕਾ ਲੱਗ ਸਕਦਾ ਹੈ। ਦੂਜੇ ਪਾਸੇ, ਪਾਕਿਸਤਾਨੀ ਜਨਰਲ ਕੁਝ ਹਫ਼ਤਿਆਂ ਵਿੱਚ ਦੂਜੀ ਵਾਰ ਅਮਰੀਕਾ ਦਾ ਦੌਰਾ ਕਰ ਰਹੇ ਹਨ। ਇਸ ਦੌਰਾਨ, ਟਰੰਪ ਨੇ ਟੈਰਿਫ ਨੂੰ ਹੋਰ ਵਧਾਉਣ ਅਤੇ ਕਈ ਪਾਬੰਦੀਆਂ ਲਗਾਉਣ ਦਾ ਸੰਕੇਤ ਦਿੱਤਾ ਹੈ। ਤੁਹਾਨੂੰ ਦੱਸ ਦੇਈਏ ਕਿ 500 ਪ੍ਰਤੀਸ਼ਤ ਤੱਕ ਟੈਰਿਫ ਲਗਾਉਣ ਵਾਲਾ ਬਿੱਲ ਸੰਸਦ ਦੁਆਰਾ ਪਾਸ ਹੋਣ ਦੀ ਸੰਭਾਵਨਾ ਹੈ। ਭਾਰਤ 'ਤੇ ਟਰੰਪ ਦੇ ਟੈਰਿਫ ਯੁੱਧ ਤੋਂ ਬਾਅਦ ਭਾਰਤ ਦੇ ਝੁਕਣ ਤੋਂ ਇਨਕਾਰ ਕਰਨ ਤੋਂ ਬਾਅਦ, ਕੀ ਦੁਨੀਆ ਦੇ ਪ੍ਰਮੁੱਖ ਦੇਸ਼ ਭਾਰਤ ਦਾ ਸਮਰਥਨ ਕਰਨ ਲਈ ਤਿਆਰ ਹਨ? ਇਸ ਲਈ, ਅੱਜ, ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ, ਅਸੀਂ ਇਸ ਲੇਖ ਰਾਹੀਂ ਚਰਚਾ ਕਰਾਂਗੇ, ਜੇਕਰ ਟਰੰਪ ਦੇ ਟੈਰਿਫ ਤੋਂ ਪ੍ਰਭਾਵਿਤ ਦੇਸ਼ਾਂ ਦਾ ਸਮੂਹ ਇੱਕਜੁੱਟ ਹੋ ਜਾਂਦਾ ਹੈ, ਤਾਂ ਕੀ ਟਰੰਪ ਦੀਆਂ ਮੁਸ਼ਕਲਾਂ ਵਧ ਜਾਣਗੀਆਂ?

ਦੋਸਤੋ, ਜੇਕਰ ਅਸੀਂ ਟੈਰਿਫ ਦੇ ਮੁੱਦੇ 'ਤੇ ਭਾਰਤ ਅਤੇ ਅਮਰੀਕਾ ਵਿਚਕਾਰ ਤੇਜ਼ੀ ਨਾਲ ਵਧ ਰਹੇ ਵਿਵਾਦ ਦੀ ਗੱਲ ਕਰੀਏ ਤਾਂ ਇੱਕ ਪਾਸੇ ਅਮਰੀਕੀ ਰਾਸ਼ਟਰਪਤੀ ਨੇ ਭਾਰਤ ਤੋਂ ਆਯਾਤ ਹੋਣ ਵਾਲੀਆਂ ਵਸਤਾਂ 'ਤੇ ਟੈਕਸ 25 ਤੋਂ ਵਧਾ ਕੇ 50 ਪ੍ਰਤੀਸ਼ਤ ਕਰ ਦਿੱਤਾ ਹੈ, ਜਦੋਂਕਿ ਭਾਰਤ ਨੇ ਟਰੰਪ ਦੇ ਫੈਸਲੇ ਨੂੰ ਪੂਰੀ ਤਰ੍ਹਾਂ ਅਨੁਚਿਤ, ਅਨਿਆਂਪੂਰਨ ਅਤੇ ਅਸੰਗਤ ਕਰਾਰ ਦਿੱਤਾ ਹੈ, ਜਦੋਂਕਿ ਭਾਰਤ ਦੇ ਪ੍ਰਧਾਨ ਮੰਤਰੀ ਨੇ ਵੀ ਕਿਸੇ ਦਾ ਨਾਮ ਲਏ ਬਿਨਾਂ ਅਮਰੀਕਾ ਨੂੰ ਸਖ਼ਤ ਸੰਦੇਸ਼ ਦਿੱਤਾ ਹੈ। ਭਾਰਤ ਵਿਰੁੱਧ ਟਰੰਪ ਦੀ ਟੈਰਿਫ ਜੰਗ ਨੇ ਦੇਸ਼ ਦੇ 146 ਕਰੋੜ ਲੋਕਾਂ ਨੂੰ ਇੱਕਜੁੱਟ ਕਰ ਦਿੱਤਾ ਹੈ। ਭਾਰਤ ਅਮਰੀਕਾ ਨੂੰ ਆਪਣਾ ਦੋਸਤ ਮੰਨਦਾ ਸੀ ਅਤੇ ਸਮਾਨਤਾ ਦੇ ਰਿਸ਼ਤੇ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰਦਾ ਸੀ। ਪਰ ਟਰੰਪ ਭਾਰਤ ਤੋਂ ਨਿੱਜੀ ਅਤੇ ਵਪਾਰਕ ਲਾਭ ਲੈਣਾ ਚਾਹੁੰਦਾ ਸੀ। ਅੱਜ ਸਾਡੇ ਦੇਸ਼ ਵਿੱਚ ਲਗਭਗ 70 ਕਰੋੜ ਲੋਕ ਖੇਤੀਬਾੜੀ 'ਤੇ ਨਿਰਭਰ ਹਨ, ਲਗਭਗ 3 ਕਰੋੜ ਲੋਕ ਮੱਛੀ ਪਾਲਣ ਨਾਲ ਜੁੜੇ ਹੋਏ ਹਨ, ਜਦੋਂ ਕਿ 8 ਕਰੋੜ ਪਰਿਵਾਰ ਹਨ ਜਿਨ੍ਹਾਂ ਕੋਲ ਗਾਵਾਂ ਅਤੇ ਮੱਝਾਂ ਹਨ। ਅੱਜ ਪ੍ਰਧਾਨ ਮੰਤਰੀ ਇਨ੍ਹਾਂ ਸਾਰੇ ਲੋਕਾਂ ਦੇ ਹਿੱਤਾਂ ਨੂੰ ਬਚਾਉਣ ਲਈ ਲੜ ਰਹੇ ਹਨ।

ਜੇਕਰ ਅਸੀਂ ਟੈਰਿਫ ਦੇ ਮੁੱਦੇ 'ਤੇ ਅਮਰੀਕਾ ਨਾਲ ਵਧ ਰਹੇ ਟਕਰਾਅ, ਵਿਗੜਦੇ ਸਬੰਧਾਂ ਅਤੇ ਭਾਰਤ ਨੂੰ ਕਈ ਪ੍ਰਮੁੱਖ ਵਿਸ਼ਵ ਨੇਤਾਵਾਂ ਦਾ ਸਮਰਥਨ ਪ੍ਰਾਪਤ ਹੋਣ ਦੀ ਗੱਲ ਕਰੀਏ, ਤਾਂ ਚੀਨ, ਰੂਸ, ਬ੍ਰਾਜ਼ੀਲ, ਇਜ਼ਰਾਈਲ, ਈਰਾਨ ਹੁਣ ਟੈਰਿਫ ਜੰਗ 'ਤੇ ਭਾਰਤ ਦੇ ਹੱਕ ਵਿੱਚ ਬੋਲ ਰਹੇ ਹਨ। ਭਾਰਤ ਵਿੱਚ ਚੀਨੀ ਰਾਜਦੂਤ ਨੇ ਇੱਕ ਸੋਸ਼ਲ ਮੀਡੀਆ ਪੋਸਟ ਸਾਂਝੀ ਕੀਤੀ ਹੈ ਅਤੇ ਲਿਖਿਆ ਹੈ - ਧੱਕੇਸ਼ਾਹੀ ਕਰਨ ਵਾਲੇ ਨੂੰ ਇੱਕ ਇੰਚ ਦਿਓ, ਉਹ ਇੱਕ ਮੀਲ ਲੈ ਜਾਵੇਗਾ, ਇਸਦਾ ਸਿੱਧਾ ਅਰਥ ਇਹ ਹੈ ਕਿ ਜੇਕਰ ਤੁਸੀਂ ਕਿਸੇ ਧੱਕੇਸ਼ਾਹੀ ਕਰਨ ਵਾਲੇ ਨੂੰ ਥੋੜ੍ਹੀ ਜਿਹੀ ਵੀ ਛੋਟ ਦਿੰਦੇ ਹੋ, ਤਾਂ ਉਹ ਇਸਦਾ ਪੂਰਾ ਫਾਇਦਾ ਉਠਾਏਗਾ ਅਤੇ ਤੁਹਾਡੇ ਤੋਂ ਹੋਰ ਹੜੱਪਣ ਦੀ ਕੋਸ਼ਿਸ਼ ਕਰੇਗਾ। ਇਸਨੂੰ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਦੀ ਉਲੰਘਣਾ ਕਿਹਾ ਗਿਆ ਹੈ।

ਜੇਕਰ ਅਸੀਂ ਭਾਰਤ ਅਤੇ ਅਮਰੀਕਾ ਵਿਚਕਾਰ ਵਧ ਰਹੇ ਟਕਰਾਅ ਨੂੰ ਪੰਜ ਮੁੱਦਿਆਂ ਵਿੱਚ ਸਮਝਣ ਦੀ ਕੋਸ਼ਿਸ਼ ਕਰੀਏ, ਤਾਂ (1) ਟਰੰਪ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਉਨ੍ਹਾਂ ਨੂੰ ਭਾਰਤ ਨਾਲ ਵਪਾਰ ਘਾਟੇ ਅਤੇ ਅਮਰੀਕੀ ਸਾਮਾਨ ਦੀ ਮਾਰਕੀਟ ਪਹੁੰਚ ਵਿੱਚ ਰੁਕਾਵਟਾਂ ਕਾਰਨ ਭਾਰਤ 'ਤੇ ਉੱਚ ਟੈਰਿਫ ਲਗਾਉਣੇ ਪਏ ਹਨ। (2) ਪਾਕਿਸਤਾਨ ਵਿਰੁੱਧ ਜੰਗਬੰਦੀ ਦੇ ਦਾਅਵੇ ਨੂੰ ਸਵੀਕਾਰ ਨਾ ਕਰਨਾ - ਟਰੰਪ ਲਗਾਤਾਰ ਦਾਅਵਾ ਕਰ ਰਿਹਾ ਹੈ ਕਿ ਉਸਨੇ ਭਾਰਤ-ਪਾਕਿਸਤਾਨ ਟਕਰਾਅ ਨੂੰ ਰੋਕਿਆ ਹੈ। ਉਸਨੇ ਇਹ ਦਾਅਵਾ ਘੱਟੋ-ਘੱਟ 25 ਵਾਰ ਕੀਤਾ ਹੈ ਪਰ ਭਾਰਤ ਨੇ ਵਾਰ-ਵਾਰ ਇਨ੍ਹਾਂ ਦਾਅਵਿਆਂ ਨੂੰ ਰੱਦ ਕਰ ਦਿੱਤਾ ਹੈ। (3) ਉਹ ਬ੍ਰਿਕਸ ਬਾਰੇ ਵੀ ਨਾਰਾਜ਼ ਹੈ - ਉਹ ਬ੍ਰਿਕਸ ਬਾਰੇ ਭਾਰਤ ਨੂੰ ਵੀ ਨਿਸ਼ਾਨਾ ਬਣਾ ਰਿਹਾ ਹੈ ਕਿਉਂਕਿ ਬ੍ਰਿਕਸ ਦੇਸ਼ਾਂ ਦੀਆਂ ਨੀਤੀਆਂ ਅਮਰੀਕੀ ਡਾਲਰ ਦੀ ਗਲੋਬਲ ਸਥਿਤੀ ਨੂੰ ਚੁਣੌਤੀ ਦਿੰਦੀਆਂ ਹਨ। ਬ੍ਰਿਕਸ ਸਮੂਹ (ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣੀ ਅਫਰੀਕਾ ਅਤੇ ਕੁਝ ਹੋਰ ਦੇਸ਼ ਜੋ ਹਾਲ ਹੀ ਵਿੱਚ ਸ਼ਾਮਲ ਹੋਏ ਹਨ) ਵਿਸ਼ਵਵਿਆਪੀ ਜੀਡੀਪੀ ਦੇ 40% ਤੱਕ ਯੋਗਦਾਨ ਪਾਉਂਦੇ ਹਨ। ਇਨ੍ਹਾਂ ਦੇਸ਼ਾਂ ਵਿਚਕਾਰ ਵਧਦਾ ਵਪਾਰ। ਡਾਲਰ ਦੀ ਬਜਾਏ ਹੋਰ ਮੁਦਰਾ ਵਿਕਲਪਾਂ ਦੀ ਚਰਚਾ ਟਰੰਪ ਨੂੰ ਬੇਚੈਨ ਕਰ ਰਹੀ ਹੈ। (4) ਯੂਕਰੇਨ ਯੁੱਧ ਸ਼ੁਰੂ ਹੋਣ ਤੋਂ ਬਾਅਦ, ਭਾਰਤ ਨੇ ਰੂਸੀ ਤੇਲ ਦੇ ਆਯਾਤ ਵਿੱਚ ਕਾਫ਼ੀ ਵਾਧਾ ਕੀਤਾ ਹੈ। ਹੁਣ ਭਾਰਤ ਰੂਸ ਤੋਂ ਆਪਣੀਆਂ ਕੁੱਲ ਤੇਲ ਜ਼ਰੂਰਤਾਂ

ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ
9226229318

ਦਾ ਲਗਭਗ 36-40% ਆਯਾਤ ਕਰਦਾ ਹੈ। ਇਸ ਨਾਲ ਭਾਰਤ ਨੂੰ ਸਬਸਿਡੀ ਵਾਲੀਆਂ ਦਰਾਂ 'ਤੇ ਤੇਲ ਮਿਲਦਾ ਹੈ। ਮਹਿੰਗਾਈ ਕਾਬੂ ਵਿੱਚ ਹੈ, ਪਰ ਪੱਛਮੀ ਦੇਸ਼ਾਂ, ਖਾਸ ਕਰਕੇ ਅਮਰੀਕਾ ਵਿੱਚ ਇਸਦੀ ਆਲੋਚਨਾ ਕੀਤੀ ਗਈ ਹੈ। ਟਰੰਪ ਦਾ ਮੰਨਣਾ ਹੈ ਕਿ ਭਾਰਤ ਰੂਸ ਤੋਂ ਵੱਡੀ ਮਾਤਰਾ ਵਿੱਚ ਤੇਲ ਖਰੀਦ ਕੇ 'ਰੂਸੀ ਜੰਗੀ ਮਸ਼ੀਨ' ਦੀ ਮਦਦ ਕਰ ਰਿਹਾ ਹੈ, ਜਿਸ ਕਾਰਨ ਯੂਕਰੇਨ ਵਿੱਚ ਭਿਆਨਕ ਜੰਗ ਚੱਲ ਰਹੀ ਹੈ।

ਦੋਸਤੋ, ਜੇਕਰ ਅਸੀਂ ਭਾਰਤੀ ਪ੍ਰਧਾਨ ਮੰਤਰੀ ਦੇ ਨਿੱਜੀ ਨੁਕਸਾਨ ਸਹਿਣ ਬਾਰੇ ਬਿਆਨ ਦਾ ਵਿਸ਼ਲੇਸ਼ਣ ਕਰੀਏ, ਤਾਂ ਅਮਰੀਕੀ ਟੈਰਿਫ ਦੇ ਮੁੱਦੇ 'ਤੇ, ਉਨ੍ਹਾਂ ਨੇ ਕਿਹਾ ਹੈ ਕਿ ਜੇਕਰ ਮੈਨੂੰ




ਨਿੱਜੀ ਤੌਰ 'ਤੇ ਕੋਈ ਕੀਮਤ ਚੁਕਾਉਣੀ ਪਵੇ, ਤਾਂ ਮੈਂ ਤਿਆਰ ਹਾਂ - ਇਸ ਲਈ ਇਹ ਇੱਕ ਰਾਜਨੀਤਿਕ ਅਤੇ ਕੂਟਨੀਤਕ ਬਿਆਨ ਹੈ, ਜਿਸ ਵਿੱਚ 'ਨਿੱਜੀ ਕੀਮਤ' ਦਾ ਅਰਥ ਸਿੱਧਾ ਪੈਸਾ ਨਹੀਂ ਹੈ, ਸਗੋਂ ਰਾਜਨੀਤਿਕ, ਕੂਟਨੀਤਕ ਅਤੇ ਚਿੱਤਰ ਨਾਲ ਸਬੰਧਤ ਨੁਕਸਾਨ ਹੈ। ਉਨ੍ਹਾਂ ਲਈ ਅਜਿਹੀਆਂ ਸੰਭਾਵਿਤ ਨਿੱਜੀ ਕੀਮਤਾਂ ਇਸ ਪ੍ਰਕਾਰ ਹੋ ਸਕਦੀਆਂ ਹਨ: (ੳ) ਰਾਜਨੀਤਿਕ ਸਾਖ 'ਤੇ ਪ੍ਰਭਾਵ (1) ਘਰੇਲੂ ਰਾਜਨੀਤੀ ਵਿੱਚ ਆਲੋਚਨਾ ਕਿ ਅਮਰੀਕਾ ਨਾਲ ਟਕਰਾਅ ਕਾਰਨ ਵਪਾਰ, ਨਿਵੇਸ਼ ਜਾਂ ਤਕਨੀਕੀ ਸਹਿਯੋਗ ਘਟਿਆ। (2) ਵਿਰੋਧੀ ਧਿਰ ਦਾ ਦੋਸ਼ ਹੈ ਕਿ ਪ੍ਰਧਾਨ ਮੰਤਰੀ ਦੀਆਂ ਨੀਤੀਆਂ ਕਾਰਨ ਦੇਸ਼ ਦੀ ਆਰਥਿਕਤਾ ਜਾਂ ਕੂਟਨੀਤਕ ਸਬੰਧ ਵਿਗੜ ਗਏ। (3) ਅੰਤਰਰਾਸ਼ਟਰੀ ਮੰਚਾਂ 'ਤੇ 'ਸਖ਼ਤ' ਜਾਂ 'ਜ਼ਿੱਦੀ' ਵਜੋਂ ਪੇਸ਼ ਕੀਤੇ ਜਾਣ ਕਾਰਨ ਇੱਕ ਲਚਕਦਾਰ ਨੇਤਾ ਦੀ ਛਵੀ ਕਮਜ਼ੋਰ ਹੋ ਰਹੀ ਹੈ। (ਅ) ਕੂਟਨੀਤਕ ਪੂੰਜੀ ਦਾ ਨੁਕਸਾਨ:- (1) ਅਮਰੀਕਾ ਵਰਗੇ ਰਣਨੀਤਕ ਭਾਈਵਾਲਾਂ ਨਾਲ ਨਿੱਜੀ ਸਬੰਧਾਂ ਵਿੱਚ ਠੰਢਾ ਪੈਣਾ। (2) ਦੂਜੇ ਪੱਛਮੀ ਦੇਸ਼ਾਂ ਵਿੱਚ ਭਾਰਤ ਲਈ ਘੱਟ ਲਾਬਿੰਗ ਸਮਰੱਥਾ, ਕਿਉਂਕਿ ਲੀਡਰ-ਟੂ-ਲੀਡਰ ਵਿਸ਼ਵਾਸ ਅਕਸਰ ਮਹੱਤਵਪੂਰਨ ਹੁੰਦਾ ਹੈ। (3) ਅੰਤਰਰਾਸ਼ਟਰੀ ਗੱਲਬਾਤ ਵਿੱਚ ਘੱਟ ਸਮਰਥਨ (ਜਿਵੇਂ ਕਿ ਜਲਵਾਯੂ ਪਰਿਵਰਤਨ, ਯੂਐਨਐਸਸੀ ਸਥਾਈ ਮੈਂਬਰਸ਼ਿਪ, ਆਦਿ) (ੲ) ਆਰਥਿਕ ਵਿਕਾਸ ਏਜੰਡੇ 'ਤੇ ਦਬਾਅ (1) ਜੇਕਰ ਅਮਰੀਕੀ ਟੈਰਿਫ ਕਾਰਨ ਭਾਰਤ ਦੇ ਨਿਰਯਾਤ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਹੁੰਦੇ ਹਨ, ਤਾਂ ਵਿਕਾਸ, ਰੁਜ਼ਗਾਰ ਅਤੇ ਵਿਦੇਸ਼ੀ ਨਿਵੇਸ਼ ਦੇ ਟੀਚੇ ਪ੍ਰਭਾਵਿਤ ਹੋਣਗੇ - ਇਸਦਾ ਰਾਜਨੀਤਿਕ ਦੋਸ਼ ਸਿੱਧਾ ਪ੍ਰਧਾਨ ਮੰਤਰੀ 'ਤੇ ਪਵੇਗਾ। (2) ਗਲੋਬਲ ਕੰਪਨੀਆਂ ਦੇ ਨਿਵੇਸ਼ ਫੈਸਲਿਆਂ ਨੂੰ ਮੁਲਤਵੀ ਜਾਂ ਬਦਲ ਦਿੱਤਾ ਜਾਵੇਗਾ, ਜੋ 'ਮੇਕ ਇਨ ਇੰਡੀਆ' ਵਰਗੀਆਂ ਯੋਜਨਾਵਾਂ ਦੀ ਗਤੀ ਨੂੰ ਪ੍ਰਭਾਵਤ ਕਰੇਗਾ। (ਸ) ਅੰਤਰਰਾਸ਼ਟਰੀ ਮੀਡੀਆ ਵਿੱਚ ਨਿੱਜੀ ਅਕਸ ਦਾ ਵਿਗਾੜ:- (1) ਵਿਦੇਸ਼ੀ ਮੀਡੀਆ ਵਿੱਚ 'ਅਮਰੀਕਾ ਨਾਲ ਸਬੰਧਾਂ ਨੂੰ ਵਿਗਾੜਨ ਵਾਲੇ ਨੇਤਾ' ਵਜੋਂ ਪੇਸ਼ ਕਰਨਾ। (2) ਨਿਵੇਸ਼ਕਾਂ ਅਤੇ ਗਲੋਬਲ ਰਾਜਨੀਤਿਕ ਵਿਸ਼ਲੇਸ਼ਕਾਂ ਵਿੱਚ ਘਟਿਆ ਵਿਸ਼ਵਾਸ। (3) 'ਗਲੋਬਲ ਡੀਲਮੇਕਰ' ਬ੍ਰਾਂਡਿੰਗ 'ਤੇ ਪ੍ਰਭਾਵ। (5) 7-20 ਅਤੇ ਗਲੋਬਲ ਲੀਡਰਸ਼ਿਪ ਭੂਮਿਕਾਵਾਂ 'ਤੇ ਪ੍ਰਭਾਵ:- (1) ਭਵਿੱਖ ਵਿੱਚ ਭਾਰਤ ਵੱਲੋਂ ਪ੍ਰਮੁੱਖ ਫੋਰਮਾਂ 'ਤੇ ਸਮਾਗਮਾਂ ਦੀ ਮੇਜ਼ਬਾਨੀ ਜਾਂ ਅਗਵਾਈ ਕਰਨ ਲਈ ਅਮਰੀਕਾ ਵੱਲੋਂ ਘੱਟ ਸਮਰਥਨ। (2) ਗਲੋਬਲ ਮੁੱਦਿਆਂ 'ਤੇ ਭਾਰਤ ਦੀ ਆਵਾਜ਼ ਦਾ ਕਮਜ਼ੋਰ ਹੋਣਾ, ਜਿਸ ਨਾਲ ਮੋਦੀ ਦੀ ਨਿੱਜੀ ਪ੍ਰਤਿਸ਼ਠਾ ਘੱਟ ਸਕਦੀ ਹੈ। (6) ਚੋਣ ਰਣਨੀਤੀ 'ਤੇ ਪ੍ਰਭਾਵ:- (1) ਜੇਕਰ ਟੈਰਿਫ ਯੁੱਧ ਮਹਿੰਗਾਈ, ਬੇਰੁਜ਼ਗਾਰੀ ਜਾਂ ਵਪਾਰ ਘਾਟੇ ਵੱਲ ਲੈ ਜਾਂਦਾ ਹੈ, ਤਾਂ ਵਿਰੋਧੀ ਧਿਰ ਇਨ੍ਹਾਂ ਮੁੱਦਿਆਂ ਨੂੰ ਚੋਣ ਹਥਿਆਰ ਵਜੋਂ ਵਰਤ ਸਕਦੀ ਹੈ। (2) ਪੇਂਡੂ ਅਤੇ ਉਦਯੋਗਿਕ ਖੇਤਰਾਂ ਵਿੱਚ ਵੋਟਰਾਂ ਵਿੱਚ ਅਸੰਤੁਸ਼ਟੀ - ਖਾਸ ਕਰਕੇ ਜੇਕਰ ਖੇਤੀਬਾੜੀ, ਡੇਅਰੀ ਜਾਂ ਤਕਨੀਕੀ ਖੇਤਰ ਪ੍ਰਭਾਵਿਤ ਹੁੰਦੇ ਹਨ। ਨਿੱਜੀ ਸਬੰਧਾਂ ਵਿੱਚ ਠੰਢ:- (1) ਡੋਨਾਲਡ ਟਰੰਪ ਵਰਗੇ ਨੇਤਾਵਾਂ ਨਾਲ ਬਣਾਈ ਗਈ 'ਦੋਸਤਾਨਾ' ਰਾਜਨੀਤਿਕ ਤਸਵੀਰ ਦਾ ਕਮਜ਼ੋਰ ਹੋਣਾ। (2) ਭਵਿੱਖ ਵਿੱਚ ਨਿੱਜੀ ਮੀਟਿੰਗਾਂ ਜਾਂ ਤੇਜ਼ ਫੋਨ ਕੂਟਨੀਤੀ ਵਿੱਚ ਵਧਦੀ ਮੁਸ਼ਕਲ।

ਇਸ ਲਈ, ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਟਰੰਪ ਦਾ ਭਾਰਤ 'ਤੇ ਟੈਰਿਫ ਹਮਲਾ - ਭਾਰਤ ਝੁਕਣ ਤੋਂ ਇਨਕਾਰ ਕਰਦਾ ਹੈ - ਕੀ ਦੁਨੀਆ ਦੇ ਪ੍ਰਮੁੱਖ ਦੇਸ਼ ਭਾਰਤ ਦਾ ਸਮਰਥਨ ਕਰਨ ਲਈ ਤਿਆਰ ਹਨ? ਕੀ ਟਰੰਪ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ ਜੇਕਰ ਟੈਰਿਫ ਤੋਂ ਪ੍ਰਭਾਵਿਤ ਦੇਸ਼ ਟਰੰਪ ਦੇ ਵਿਰੁੱਧ ਇੱਕਜੁੱਟ ਹੋ ਜਾਂਦੇ ਹਨ? ਭਾਰਤ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਦਾ ਸਾਹਮਣਾ ਕਰਨ ਲਈ ਤਿਆਰ ਹੈ - ਪ੍ਰਧਾਨ ਮੰਤਰੀ ਦੀ ਗਰਜ - ਜੇਕਰ ਮੈਨੂੰ ਨਿੱਜੀ ਤੌਰ 'ਤੇ ਕੋਈ ਕੀਮਤ ਚੁਕਾਉਣੀ ਪਵੇ, ਤਾਂ ਮੈਂ ਤਿਆਰ ਹਾਂ - ਦੇਸ਼ ਨੂੰ ਪ੍ਰਧਾਨ ਮੰਤਰੀ 'ਤੇ ਮਾਣ ਹੈ!

## ਕਿਸਾਨੀ ਦੇ ਹਿੱਤ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਭਾਰਤ ਖ਼ਿਲਾਫ਼ ਕੀਤੇ ਜਾ ਰਹੇ ਟੈਰਿਫ ਹੱਲੇ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਖ਼ਿਰਕਾਰ ਠੋਸ ਜਵਾਬ ਦਿੱਤਾ ਹੈ। ਉਨ੍ਹਾਂ ਦੇਸ਼ ਦੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਹੈ ਕਿ ਕਿਸਾਨਾਂ ਦੇ ਹਿੱਤਾਂ ਦੀ ਕਿਸੇ ਵੀ ਕੀਮਤ 'ਤੇ ਬਲੀ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਦਾ ਇਹ ਬਿਆਨ ਉੱਘੇ ਖੇਤੀ ਵਿਗਿਆਨੀ ਐੱਮਐੱਸ ਸਵਾਮੀਨਾਥਨ ਦੇ ਜਨਮ ਦੀ ਸ਼ਤਾਬਦੀ ਵਰ੍ਹੇਗੰਢ ਮੌਕੇ ਆਇਆ ਹੈ ਜਿਸ ਕਰ ਕੇ ਇਸ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਸਵਾਮੀਨਾਥਨ ਨੂੰ ਭਾਰਤ ਦੀ ਹਰੀ ਕ੍ਰਾਂਤੀ ਦਾ ਮੋਢੀ ਮੰਨਿਆ ਜਾਂਦਾ ਹੈ ਜਿਸ ਕਰ ਕੇ ਦੇਸ਼ ਅਨਾਜ ਦੇ ਮਾਮਲੇ ਵਿੱਚ ਆਤਮ-ਨਿਰਭਰਤਾ ਹਾਸਿਲ ਕਰ ਸਕਿਆ।

ਜ਼ਾਹਿਰ ਹੈ ਕਿ ਦਿੱਲੀ ਨੇ ਵਾਸ਼ਿੰਗਟਨ ਦੇ ਟੈਰਿਫ ਪੈਂਤੜੇ ਖ਼ਿਲਾਫ਼ ਸਟੈਂਡ ਲੈਣ ਦਾ ਫ਼ੈਸਲਾ ਕੀਤਾ ਹੈ ਜੋ ਮੱਕੀ, ਸੋਇਆਬੀਨ, ਸੇਬ, ਬਦਾਮ ਅਤੇ ਐਥਾਨੌਲ ਜਿਹੇ ਉਤਪਾਦਾਂ ਉੱਪਰ ਟੈਰਿਫ ਘਟਾਉਣ ਅਤੇ ਨਾਲ ਹੀ ਭਾਰਤੀ ਮੰਡੀ ਵਿੱਚ ਅਮਰੀਕੀ ਡੇਅਰੀ ਵਸਤਾਂ ਦੀ ਜ਼ਿਆਦਾ ਰਸਾਈ ਦੀ ਮੰਗ ਕਰ ਰਹੀ ਸੀ। ਪ੍ਰਧਾਨ ਮੰਤਰੀ ਵੱਲੋਂ ਪੇਂਡੂ ਅਰਥਚਾਰੇ ਦੇ ਤਿੰਨ ਅਹਿਮ ਵਰਗਾਂ- ਕਿਸਾਨਾਂ, ਡੇਅਰੀ ਉਤਪਾਦਕਾਂ ਤੇ ਮਛੇਰਿਆਂ ਦੇ ਹਿੱਤਾਂ ਪ੍ਰਤੀ ਵਚਨਬੱਧਤਾ ਦ੍ਰਿੜ੍ਹਾਉਣਾ ਸ਼ਲਾਘਾਯੋਗ ਕਦਮ ਹੈ। ਉਂਝ, ਇਸ ਵਚਨਬੱਧਤਾ ਦੀ ਅਸਲ ਪਰਖ



ਉਦੋਂ ਹੋਵੇਗੀ ਜਦੋਂ ਟਰੰਪ ਵੱਲੋਂ ਭਾਰਤ ਉੱਪਰ ਹੋਰ ਜ਼ਿਆਦਾ ਦਬਾਅ ਲਾਮਬੰਦ ਕੀਤਾ ਜਾਵੇਗਾ, ਖ਼ਾਸਕਰ ਇਸ ਨੂੰ ਰੂਸੀ ਤੇਲ ਖਰੀਦਣ ਤੋਂ ਰੋਕਣ ਦੇ ਮੰਤਵ ਲਈ। ਇਹ ਗੱਲ ਸਮਝ ਪੈਂਦੀ ਹੈ ਕਿ ਮੋਦੀ ਸਰਕਾਰ ਅਮਰੀਕਾ ਦੇ ਅਜਿਹੇ ਵਤੀਰੇ ਸਾਹਮਣੇ ਝੁਕ ਕੇ ਕਿਸਾਨਾਂ ਦੀ ਨਾਰਾਜ਼ਗੀ ਨਹੀਂ ਸਹੇੜ ਸਕਦੀ, ਖ਼ਾਸਕਰ ਉਦੋਂ ਜਦੋਂ ਇਸ ਨੂੰ 2020-21 ਵਿੱਚ ਤਿੰਨ ਖੇਤੀ ਕਾਨੂੰਨਾਂ ਜਿਨ੍ਹਾਂ ਨੂੰ ਸੰਯੁਕਤ ਕਿਸਾਨ ਮੋਰਚੇ ਨੇ ਕਾਲੇ ਕਾਨੂੰਨ ਕਰਾਰ ਦਿੱਤਾ ਸੀ, ਖ਼ਿਲਾਫ਼ ਸਾਲ ਭਰ ਲੰਮੀ ਲੜਾਈ ਦੌਰਾਨ ਕੌੜਾ ਸਬਕ ਸਿੱਖਣਾ ਪਿਆ ਸੀ। ਵਿਵਾਦਤ ਕਾਨੂੰਨਾਂ ਨੂੰ ਅਖ਼ੀਰ ਵਿੱਚ ਵਾਪਸ ਲੈ ਲਿਆ ਗਿਆ ਸੀ, ਪਰ ਇਸ ਤੋਂ ਪਹਿਲਾਂ 700 ਤੋਂ ਵੱਧ ਮੁਜ਼ਾਹਰਾਕਾਰੀ ਕਿਸਾਨਾਂ ਦੀ ਮੌਤ ਹੋ ਚੁੱਕੀ ਸੀ। ਕਿਸਾਨਾਂ ਦੀ ਪ੍ਰਮੁੱਖ ਮੰਗ- ਵੱਖ-ਵੱਖ ਫ਼ਸਲਾਂ ਲਈ ਐੱਮਐੱਸਪੀ (ਘੱਟੋ-ਘੱਟ ਸਮਰਥਨ ਮੁੱਲ) ਉੱਤੇ ਬਣਿਆ ਜਮੂਦ- ਕੇਂਦਰ ਸਰਕਾਰ ਤੇ ਕਿਸਾਨ ਜਥੇਬੰਦੀਆਂ ਵਿਚਾਲੇ ਕਈ ਗੇੜਾਂ ਦੀ ਵਾਰਤਾ ਦੇ ਬਾਵਜੂਦ ਅਜੇ ਵੀ ਕਾਇਮ ਹੈ। ਅਮਰੀਕਾ ਦਾ ਟਾਕਰਾ ਕਰਨ ਲਈ ਹਿੱਤ ਧਾਰਕਾਂ ਨੂੰ ਇਕੱਠੇ ਹੋ ਕੇ ਕਰੀਬੀ ਤਾਲਮੇਲ ਕਰਨ ਦੀ ਲੋੜ ਹੈ ਜਿਹੜਾ ਭਾਰਤ ਨੂੰ 'ਡੰਪਿੰਗ ਗਰਾਊਂਡ' ਬਣਾਉਣ ਉੱਤੇ ਤੁਲਿਆ ਹੋਇਆ ਹੈ, ਖ਼ਾਸ ਤੌਰ 'ਤੇ ਇਸ ਦੇ ਡੇਅਰੀ ਉਤਪਾਦਾਂ ਲਈ। ਟਰੰਪ ਦੇ ਹੱਲਿਆਂ ਅੱਗੇ ਖੜ੍ਹਨ ਲਈ ਭਾਰਤ ਦੇ ਖੇਤੀ ਖੇਤਰ ਨੂੰ ਹੋਰ ਸਮਰੱਥ ਤੇ ਲਾਹੇਵੰਦ ਬਣਾਉਣਾ ਬਹੁਤ ਜ਼ਰੂਰੀ ਹੈ। ਭਾਰਤ ਦੇ ਕਿਸਾਨਾਂ 'ਤੇ ਦਮਨਕਾਰੀ ਕਰਜ਼ੇ ਦਾ ਬੋਝ ਚਿੰਤਾਜਨਕ ਹੈ, ਵਿਸ਼ੇਸ਼ ਤੌਰ 'ਤੇ ਪੰਜਾਬ ਅਤੇ ਹਰਿਆਣਾ ਵਰਗੇ ਅੰਨਦਾਤਾ ਸੂਬਿਆਂ 'ਚ ਇਹ ਹੋਰ ਵੀ ਪ੍ਰੇਸ਼ਾਨ ਕਰਨ ਵਾਲਾ ਹੈ ਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵੱਡੇ-ਵੱਡੇ ਵਾਅਦਿਆਂ ਦਾ ਕੀ ਬਣਿਆ? ਸਵਾਮੀਨਾਥਨ ਵਰਗੀ ਸ਼ਖ਼ਸੀਅਤ ਨੂੰ ਸਭ ਤੋਂ ਚੰਗੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਹਰ ਚੰਗੇ-ਮਾੜੇ ਸਮੇਂ 'ਚ ਮਿਹਨਤ ਕਰਦੇ ਅੰਨਦਾਤਾ ਦੀ ਦਿਲੋਂ ਮਦਦ ਕੀਤੀ ਜਾਵੇ। ਪਿਛਲੇ ਸਮੇਂ ਦੌਰਾਨ ਇਹ ਤੱਥ ਵਾਰ-ਵਾਰ ਉੱਭਰ ਕੇ ਸਾਹਮਣੇ ਆਇਆ ਹੈ ਕਿ ਕਿਸਾਨੀ ਇਸ ਵਕਤ ਗਹਿਰੇ ਸੰਕਟ ਵਿਚੋਂ ਲੰਘ ਰਹੀ ਹੈ। ਇਸ ਲਈ ਇਸ ਬਾਰੇ ਵੱਧ ਸੰਜੀਦਗੀ ਨਾਲ ਵਿਚਾਰਨ ਦੀ ਜ਼ਰੂਰਤ ਹੈ।

## ਜਨਮ ਦਿਨ 'ਤੇ ਵਿਸ਼ੇਸ਼


# ਸ਼ਹੀਦ ਭਾਈ ਜਸਵੀਰ ਸਿੰਘ (ਡਾਕਟਰ)

ਜੰਮੂ-ਕਸ਼ਮੀਰ ਦੀ ਖਾੜਕੂ ਜਥੇਬੰਦੀ "ਖਾਲਿਸਤਾਨ ਜ਼ਿੰਦਾਬਾਦ ਫੋਰਸ" ਦੇ ਚੀਫ਼ ਡਾ. ਜਸਵੀਰ ਸਿੰਘ ਦਾ ਜਨਮ 11 ਅਗਸਤ 1969 ਨੂੰ ਮਾਤਾ ਸਤਨਾਮ ਕੌਰ ਜੀ ਦੀ ਕੁੱਖ 'ਚੋਂ ਪਿਤਾ ਸ੍ਰ. ਹਰਭਜਨ ਸਿੰਘ ਦੇ ਘਰ ਜੰਮੂ ਵਿਖੇ ਹੋਇਆ, ਇਸ ਘਰ ਦੇ ਮੁਖੀ ਸ੍ਰੀ ਹਰਭਜਨ ਸਿੰਘ ਜੀ ਜੰਮੂ ਦੇ ਡਿਗਿਆਨਾ ਨਗਰ ਵਿਖੇ ਰਹਿੰਦੇ ਸਨ, ਪਰਿਵਾਰ ਨੂੰ ਜੰਮੂ ਛੱਡ ਕੇ ਸਰਦਾਰ ਸਾਹਿਬ ਤਕਰੀਬਨ 25 ਸਾਲ ਭਗਤ ਪੂਰਨ ਸਿੰਘ ਜੀ ਨਾਲ ਰਹਿ ਕੇ ਦਰਦਮੰਦਾਂ ਦੇ ਜ਼ਖ਼ਮਾਂ 'ਤੇ ਮਰਹਮਪੱਟੀ ਤੇ ਫਾਹਿ ਰੱਖਦੇ ਰਹੇ।

ਜਿਸ ਕਰਕੇ ਉਨ੍ਹਾਂ ਨੂੰ ਸ੍ਰ. ਮਾਨ ਸਿੰਘ ਨੇ ਆਪਣੀ ਕਿਤਾਬ "ਦਸ਼ਮੇਸ਼ ਦੇ ਸ਼ੇਰ" ਵਿਚ ਸੰਤ ਕਹਿ ਕੇ ਸੰਬੋਧਿਤ ਕੀਤਾ ਅਤੇ ਭਗਤ ਪੂਰਨ ਸਿੰਘ ਜੀ ਦਾ ਕਰੀਬੀ ਸਾਥੀ ਹਮਸਫ਼ਰ ਦੱਸਿਆ।

ਪਿਤਾ ਜੀ ਵਲੋਂ ਭਗਤ ਪੂਰਨ ਪਿੰਗਲਵਾੜਾ ਅੰਮ੍ਰਿਤਸਰ ਵਿਖੇ ਸੇਵਾ ਕਰਨ ਤੋਂ ਬਾਅਦ ਇਹ ਸੇਵਾ ਬੇਟੇ ਜਸਵੀਰ ਸਿੰਘ ਨੇ ਆਪ ਨਿਭਾਉਣੀ ਸ਼ੁਰੂ ਕਰ ਦਿੱਤੀ ਅਤੇ ਲੂਲੇ-ਲੰਗੜਿਆਂ ਬੇਜ਼ੁਬਾਨਾਂ ਤੇ ਪ੍ਰੇਸ਼ਾਨ ਮਨੁੱਖਾਂ ਨੂੰ ਬਾਬੇ ਨਾਨਕ ਸਾਹਿਬ ਦਾ ਰੂਪ ਜਾਣਕੇ ਉਨ੍ਹਾਂ ਦੀ ਖਿਦਮਤ ਵਿਚ ਡਟਿਆ ਰਿਹਾ, ਆਕਾਸ਼ ਵਿਚ 1984 ਦਾ ਨੀਲਾ ਤਾਰਾ ਚੜ੍ਹਿਆ ਜਿਸ ਨੇ ਜਸਵੀਰ ਸਿੰਘ ਨੂੰ ਵੀ ਬਾਕੀ ਸਿੱਖਾਂ ਵਾਂਗ ਆਪਣੀ ਲਪੇਟ ਵਿਚ ਲੈ ਲਿਆ। ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ, ਥਾਣਿਆਂ ਦੀ ਸੈਰ, ਬਿਨਾਂ ਕਿਸੇ ਇਲਜ਼ਾਮ ਤੋਂ ਰਿਹਾਈ ਪਰ ਪੰਜਾਬ ਦੇਸ਼ ਦੀ ਧਰਤੀ ਉਤੇ ਸਿੱਖਾਂ ਨੂੰ ਬੁੱਚੜਖਾਨਿਆਂ ਵਿਚ ਦਿੱਤੇ ਜਾ ਰਹੇ ਤਸੀਹੇ, ਅੱਖੀਂ ਵੇਖ ਕੇ ਭਲਾ ਜਸਵੀਰ ਸਿੰਘ ਅੱਖਾਂ ਕਿਵੇਂ ਬੰਦ ਕਰ ਲੈਂਦਾ ਬਸ ਫਿਰ ਕੀ ਸੀ....ਉਹ ਇਸ ਜ਼ੁਲਮ ਖਿਲਾਫ਼ ਜੂਝਣ ਵਾਲੇ ਨੌਜਵਾਨਾਂ ਨਾਲ ਹਮਦਰਦੀ ਭਰਿਆ ਵਿਵਾਰ ਕਰਦਿਆਂ ਉਨ੍ਹਾਂ ਦੇ ਲੰਗਰ ਪਾਣੀ ਦੇ ਪ੍ਰਬੰਧ ਆਦਿ ਦੀ ਸੇਵਾ ਨਿਭਾਉਣ ਲੱਗ ਪਿਆ, ਨਤੀਜਾ ਫਿਰ ਗ੍ਰਿਫ਼ਤਾਰੀ ਅਣਮਨੁੱਖੀ ਤਸੀਹੇ ਅਤੇ ਖਾੜਕੂਆਂ ਦੇ ਠਿਕਾਣਿਆਂ ਬਾਰੇ ਪੁੱਛਤਾਛ....ਇਸ ਵੇਰਾਂ ਸ਼ਾਂਤ ਚਿੱਤ ਭਗਤ ਪੂਰਨ ਸਿੰਘ ਜੀ ਵੀ ਜਸਵੀਰ ਸਿੰਘ ਨੂੰ ਨਜਾਇਜ਼ ਤਸੀਹੇ ਅਤੇ ਗ੍ਰਿਫ਼ਤਾਰ ਕਰਕੇ ਰੱਖਣ ਦੇ ਖਿਲਾਫ਼ ਸਰਕਾਰ ਪੰਜਾਬ ਨੂੰ ਲਾਹਨਤਾਂ ਪਾਉਂਦਿਆਂ ਵੰਗਾਰ ਉਠੇ, "ਇਸ ਬੱਚੇ ਨੂੰ ਪੰਜਾਬ ਪੁਲਿਸ ਫੋਰਸ ਰਿਹਾਅ ਨਹੀਂ ਕਰਦੀ ਤਾਂ ਉਹ ਭੁੱਖ ਹੜਤਾਲ 'ਤੇ ਬੈਠ ਜਾਣਗੇ।"

ਇੰਨੀ ਵੱਡੀ ਸ਼ਖਸੀਅਤ ਦਾ ਇਹ ਧਮਕੀ ਦੇਣਾ ਸਰਦਾਰ ਨੂੰ ਹੱਥਾਂ ਪੈਰਾਂ ਦੀ ਪਾ ਗਿਆ ਤੇ ਉਨ੍ਹਾਂ ਨੇ ਆਪਣੀ ਨੱਕ ਬਚਾਉਣ ਲਈ ਜਸਵੀਰ ਸਿੰਘ ਨੂੰ ਰਿਹਾਅ ਕਰ ਦਿੱਤਾ, ਇਹ ਗੱਲ 1987-88 ਦੀ ਹੈ। ਭਗਤ ਜੀ ਨੇ ਨੌਜਵਾਨ ਜਸਵੀਰ ਸਿੰਘ ਨੂੰ ਇਨ੍ਹਾਂ ਸ਼ਬਦਾਂ ਰਾਹੀਂ ਜੰਮੂ ਅਪੜ ਜਾਣ ਲਈ ਕਿਹਾ, "ਪੰਜਾਬ ਪੁਲਿਸ ਦੇ ਦੰਦਾਂ ਤੇ ਨਹੁਆਂ ਨੂੰ ਤੇਰੇ ਖ਼ੂਨ ਦਾ ਸੁਆਦ ਲੱਗ ਚੁੱਕਿਆ ਹੈ, ਇਹ ਤੈਨੂੰ ਬਾਰ-ਬਾਰ ਤਸੀਏ ਦੇਣਗੇ, ਪੁੱਤ ਬੇਹਤਰ ਹੈ, ਤੂੰ ਆਪਣੇ ਘਰੀਂ ਚਲਾ ਜਾ" ਹੁਣ ਜਸਵੀਰ ਸਿੰਘ ਜੰਮੂ ਵਿਚ ਸੀ ਅਤੇ ਗੁਜਰਾਨ ਵਜੋਂ ਉਸਨੇ ਕੈਮਿਸਟ (ਦਵਾਈਆਂ) ਦੀ ਦੁਕਾਨ ਖੋਲ੍ਹ ਲਈ, ਇਹ ਦੁਕਾਨ ਨੈਸ਼ਨਲ ਹਾਈਵੇ ਡਿਗਿਆਨਾਂ ਵਿਚ ਸੀ, ਜਿਸ ਕਰਕੇ ਲੋਕ ਉਸ ਨੂੰ ਡਾਕਟਰ ਕਹਿਣ ਲੱਗ ਪਏ ਸਨ। ਡਿਗਿਆਨਾ ਹੀ ਭਾਈ ਅਮਰਪਾਲ ਸਿੰਘ ਮਾਸਟਰ ਵੀ ਰਹਿੰਦਾ ਸੀ, ਦੋਸਤੀ ਪੁਰਾਣੀ ਸੀ, ਸਿੰਘਾ ਦਾ ਡਾਕਟਰ ਕੋਲ ਆਉਣਾ-ਜਾਣਾ ਲੱਗਾ ਰਹਿੰਦਾ। ਇਲਾਕੇ ਦੇ ਹੀ ਇਕ ਪੁਲਸੀਏ ਕੈਟ ਨੂੰ ਇਹ ਗਵਾਰਾ ਨਾ ਹੋਇਆ ਤੇ ਉਹ ਇਕ ਦਿਨ ਦੁਕਾਨ 'ਤੇ ਜਾ ਕੇ ਧਮਕਾਉਣ ਲੱਗਾ "ਡਾਕਟਰ ਤੇਰੇ ਕੋਲ ਬੰਦੇ ਗਲਤ ਆਉਂਦੇ ਹਨ, ਖ਼ਬਰ ਮਿਲੀ ਹੈ, ਜਿਸ ਦਿਨ ਮੈਂ ਵੇਖ ਲਿਆ ਤੇਰਾ ਨੰਬਰ ਲੱਗ ਜਾਣਾ ਹੈ, ਉਨ੍ਹਾਂ ਨਾਲ ਦੋਸਤੀ ਛੱਡਦੇ।" ਡਾਕਟਰ : ਗੱਲਬਾਤ ਤਾਂ ਮੈਂ ਤੇਰੇ ਨਾਲ ਵੀ ਕਰ ਰਿਹਾ ਹਾਂ, ਉਹ ਤਾਂ ਫਿਰ ਦੋਸਤ ਹੋਏ, ਤੂੰ ਜੋ ਕਰਨਾ ਕਰ ਲਵੀਂ। "ਸਰਕਾਰੀ ਹਥਿਆਰਾਂ ਨੂੰ ਮੋਢੇ ਤੇ ਚੁੱਕੀ ਫਿਰਦਾ ਇਹ ਸਪਾਟਾ ਆਪਣੀ ਬੇਇੱਜ਼ਤੀ ਸਮਝ ਕੇ ਤੁਰ ਗਿਆ। ਇਕ ਦਿਨ ਨਸ਼ੇ ਵਿਚ ਚੂਰ ਹੋਏ ਨੇ, ਭਾਈ ਡਾਕਟਰ ਨੂੰ ਦੁਕਾਨ 'ਤੇ ਇਕੱਲਾ ਵੇਖ ਕੇ ਸਰਕਾਰੀ ਹਥਿਆਰਾਂ ਨਾਲ ਪੇਟ ਵਿਚ ਗੋਲੀ ਮਾਰ ਦਿੱਤੀ, ਲਹੂ ਲੁਹਾਨ ਭਾਈ ਡਾਕਟਰ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿਥੇ ਅਪ੍ਰੇਸ਼ਨ ਕਰਨਾ ਪਿਆ, ਅਪ੍ਰੇਸ਼ਨ ਚਲ ਰਿਹਾ ਸੀ, ਭੇਸ ਬਦਲ ਕੇ ਭਾਈ ਰਣਜੀਤ ਸਿੰਘ ਨੀਤਾ, ਭਾਈ ਮਾਸਟਰ ਆਦਿ ਸਿੰਘ ਉਥੇ ਪੁੱਜ ਗਏ, ਭਾਈ ਡਾਕਟਰ ਦੇ ਅਪ੍ਰੇਸ਼ਨਤੋਂ ਪਹਿਲਾਂ, ਦੂਜਾ ਅਪ੍ਰੇਸ਼ਨ ਕਰ ਕੇ ਮੁਖਬਰੀ ਦੀ ਬਿਮਾਰੀ ਜੜ੍ਹੋਂ ਪੁੱਟਣ ਦਾ ਨਿਸ਼ਚਾ ਕੀਤਾ ਗਿਆ, ਭਾਈ ਮਾਸਟਰ ਨੇ ਸਾਥੀ ਸਿੰਘਾਂ ਨੂੰ ਮੋਟਰ ਸਾਈਕਲ ਡਿਗਿਆਨਾ ਮੋੜਨ ਲਈ ਕਿਹਾ,



DR.JASBIR SINGH KHAISA
(11.8.1969-19.10.1994)

ਛੇਤੀ ਹੀ ਪਤਾ ਲੱਗ ਗਿਆ ਕਿ (ਹਾਂਡੂ) ਸਿਪਾਹੀ ਇਕ ਰੇੜ੍ਹੀ ਤੋਂ ਚੌਂਕੀ ਡਿਗਿਆਨਾ ਨੇੜੇ ਮੱਛੀ ਖਾ ਰਿਹਾ ਹੈ, ਮੱਛੀ ਖਾਂਦੇ ਨੂੰ ਸਿੰਘਾਂ ਨੇ ਮੱਛੀ ਵਾਂਗ ਭੁੰਨ ਸੁੱਟਿਆ। ਸਾਰਾ ਦੋਸ਼ ਅਪ੍ਰੇਸ਼ਨ ਥੀਏਟਰ 'ਚੋਂ ਬਾਹਰ ਨਿਕਲ ਕੇ ਭਾਈ ਡਾਕਟਰ, ਉਤੇ ਪੈ ਗਿਆ। ਜਦ ਕਿ ਹਾਂਡੂ ਦੀ ਮੌਤ ਵੇਲੇ, ਭਾਈ ਡਾਕਟਰ, ਆਪ ਸਾਹਾਂ ਦੀ ਗਿਣਤੀ-ਮਿਣਤੀ ਪਿਆ ਕਰਦਾ ਸੀ, ਗ੍ਰਿਫ਼ਤਾਰੀ ਜੇਲ੍ਹ, ਹੁਣ ਆਕੀ ਹੋਏ ਨੌਜਵਾਨ ਨੇ ਕਾਨੂੰਨ ਆਪਣੇ ਹੱਥ ਵਿਚ ਲੈਣ ਦਾ ਫੈਸਲਾ ਕਰ ਲਿਆ ਸੀ।

1989 ਤੋਂ ਬਾਅਦ ਜੰਮੂ ਦੇ ਸਿੰਘਾਂ ਦਾ ਪੰਜਾਬ ਤੋਂ ਵੱਧ ਸਮਾਂ ਜੰਮੂ ਵੱਲ ਦੇਣ ਕਰਕੇ ਲਹਿਰ ਦਾ ਮਰਕਜ਼ ਇਥੇ ਹੀ ਬਣ ਗਿਆ। ਜੰਮੂ ਦੇ ਇਕ ਮੁਖ਼ਬਰ ਬੱਬਲੂ ਨੂੰ ਪੰਜਾਬ ਪੁਲਿਸ ਦਾ ਟਾਪ ਕਲਾਸ ਮੁਖਬਰ ਐਲਾਨਨ ਦਾ ਜਦ ਸਿੰਘਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਮੋਟਰਸਾਈਕਲ 'ਤੇ ਹਥਿਆਰ ਤਿਆਰ ਕਰ ਲਏ, ਦੋ ਸਾਲਾਂ ਬਾਅਦ ਡਾਕਟਰ ਵੀ ਜ਼ਮੀਨਤ 'ਤੇ ਆ ਚੁੱਕਿਆ ਸੀ, ਇਹ ਜ਼ਿੰਮੇਵਾਰੀ ਭਾਈ ਡਾਕਟਰ ਤੇ ਭਾਈ ਘੁੱਗੀ ਨੂੰ ਸੌਂਪੀ ਗਈ ਤੇ ਆਖਰ ਸਿੰਘਾਂ ਨੇ ਇਸ ਘਰ ਦੇ ਭੇਤੀ ਨੂੰ ਵੀ ਛੇਤੀ ਠੰਡਾ ਕਰ ਦਿੱਤਾ। ਟਾਕਰੇ, ਅੰਮਬੁਸ਼ ਅਤੇ ਆਹਮਣੇ-ਸਾਹਮਣੇ ਦੀ ਝੜਪਾਂ ਰੋਜ਼ਮਰ੍ਹਾਂ ਦੀ ਗੱਲ ਬੰਨ੍ਹ ਗਈ, ਕਈ ਵਾਰ ਸਿੰਘ ਵੀ ਜ਼ਖ਼ਮੀ ਹੁੰਦੇ ਰਹੇ, ਭਾਈ ਡਾਕਟਰ ਦਾ ਇਲਾਜ ਇਥੇ ਵੀ ਕੰਮ ਆਉਂਦਾ ਰਿਹਾ। ਤਿੰਨ ਚਾਰ ਸਟੇਟਾਂ ਦੀ ਪੁਲਿਸ ਜੰਮੂ ਆਉਣ ਡੇਰੇ ਲਾਈ ਬੈਠੀ ਰਹਿੰਦੀ, ਸ਼ਹਿਰਾਂ ਪਿੰਡਾਂ ਵਿਚ ਸਿੰਘਾਂ ਦੇ ਪੋਸਟਰ ਲਾ ਕੇ ਇਨ੍ਹਾਂ ਨੂੰ ਫੜਾਉਣ ਲਈ ਇਨਾਮ ਤੇ ਲਾਲਚ ਦਿੱਤੇ ਜਾਣ ਲੱਗ ਪਏ। ਸੰਘਰਸ਼ ਵੀ ਮਜ਼ਬੂਤ ਹੋ ਟੁਰਿਆ, ਲਹਿਰ ਨੂੰ ਮਜ਼ਬੂਤ ਆਧਾਰ ਦੇਣ ਦੇ ਕਾਰਜ਼ ਵਜੋਂ ਇਕ ਸਿੰਘ ਨੂੰ ਦੇਸ਼ 'ਚੋਂ ਬਾਹਰ ਭੇਜਣ ਦਾ ਫੈਸਲਾ ਲਿਆ ਗਿਆ, ਭਾਈ ਮਾਸਟਰ ਨੇ ਸਾਫ਼ ਇਨਕਾਰ ਕਰ ਦਿੱਤਾ, ਤਾਂ ਭਾਈ ਡਾਕਟਰ ਨੂੰ ਸਾਰਿਆਂ ਸਾਥੀਆਂ ਨੇ ਮਨਾ ਕੇ, ਹਾਂਗਕਾਂਗ ਭੇਜ ਦਿੱਤਾ, ਪਰ ਕੁਝ ਸਮੇਂ ਬਾਅਦ ਹੀ ਸਾਥੀ ਸਿੰਘਾਂ ਦੀ ਸ਼ਹੀਦੀ ਦੀ ਖ਼ਬਰ ਨੇ ਭਾਈ ਡਾਕਟਰ ਨੂੰ ਮੁੜ ਭਾਰਤ ਖਿੱਚ ਲਿਆਂਦਾ।

ਭਾਈ ਮਾਸਟਰ ਤੇ ਭਾਈ ਘੁੱਗੀ ਦੀ ਸ਼ਹੀਦੀ ਤੋਂ ਬਾਅਦ, ਭਾਈ ਡਾਕਟਰ ਕੇ. ਜੈਡ. ਐਫ. ਦੇ ਚੀਫ਼ ਥਾਪੇ ਗਏ। ਲੰਮੀ ਜਦੋਂ ਜਹਿਦ ਤੋਂ ਬਾਅਦ ਆਖਿਰ ਸਿੰਘਾਂ ਕੋਲ ਹਥਿਆਰ ਤੇ ਪੈਸਾ ਬਿਲਕੁਲ ਖ਼ਤਮ ਹੋ ਚੁੱਕਿਆ ਸੀ, ਜਿਸ ਲਈ ਭਾਈ ਡਾਕਟਰ ਨੇ ਇਕ ਸਰਕਾਰੀ ਅਫ਼ਸਰ ਸਰਬਜੀਤ ਸਿੰਘ ਜੌਹਰ ਜੋ ਕਿ ਤ੍ਰਿਕੁਟਾ ਨਗਰ ਵਿਚ ਰਹਿੰਦਾ ਸੀ। ਇਹ ਪਹਿਲਾਂ ਵੀ ਸਿੰਘਾਂ ਦੀ ਮਦਦ ਕਰਦਾ ਰਹਿੰਦਾ ਸੀ, ਪਰ ਉਸ ਦਿਨ ਭਾਈ ਡਾਕਟਰ ਤੇ ਸਾਥੀ ਭਾਈ ਸੁਰਜੀਤ ਸਿੰਘ ਮਿੰਟਾ ਤੇ ਮਹਿੰਦਰ ਸਿੰਘ ਖ਼ਾਲਸਾ, ਉਥੇ ਪੁੱਜੇ, ਕੋਠੀ ਵਿਚ ਗੱਲਬਾਤ ਚੱਲ ਰਹੀ ਸੀ ਕਿ ਅਚਾਨਕ ਭਾਈ ਮਿੰਟਾ ਪਹਿਰੇ 'ਤੇ ਖੜ੍ਹਾ ਦੇਖ ਕੇ ਕਹਿਣ ਲੱਗਾ ਧੋਖਾ ਹੋ ਗਿਆ ਜੇ, ਇਥੇ ਤਾਂ ਪਹਿਲਾਂ ਤੋਂ ਹੀ ਘੇਰਾਬੰਦੀ ਹੋਈ ਪਈ ਹੈ।

ਜਿਥੇ ਭਾਰਤ ਅੰਦਰ ਆਪ ਫੌਜਾਂ ਦੇ ਕਮਾਂਡਰ ਆਪਣੇ ਜੂਨੀਅਰ ਨੂੰ ਅੱਗੇ ਲਾ ਕੇ ਤੁਰਦੇ ਹਨ, ਉਥੇ ਹੀ ਭਾਈ ਡਾਕਟਰ ਨੇ ਆਪ ਅੱਗੇ ਹੋ ਕੇ ਤੁਰਨ ਦਾ ਫੈਸਲਾ ਕਰਦਿਆਂ ਦੋਵੇਂ ਸਾਥੀਆਂ ਨੂੰ ਨਿਕਲ ਜਾਣ ਲਈ ਕਿਹਾ, ਪਰ ਸਿੰਘ ਨਾ ਮੰਨੇ ਆਖਰ ਚੀਫ਼ ਦਾ ਹੁਕਮ ਮੰਨਣਾ ਹੀ ਪਿਆ। ਪਹਿਲਾਂ ਜੌਹਰ ਨੂੰ ਗੋਲੀਆਂ ਮਾਰ ਕੇ ਢੇਰ ਕੀਤਾ ਗਿਆ ਤੇ ਫਿਰ ਦੋਵੇਂ ਸਿੰਘਾਂ ਨੂੰ ਘੇਰੇ 'ਚੋਂ ਕੱਢਣ ਲਈ ਕਵਰੇਜ ਡਿਫੈਂਸ ਫਾਇਰ ਵੀ...ਫਿਰ ਲੱਕ ਨਾਲ ਬੰਨ੍ਹੇ, ਅਸਲਾ ਪਾਉਚ 'ਚੋਂ ਹੱਥ ਗੋਲੇ ਸੁੱਟ ਕੇ ਵਿਰੋਧੀ ਫੋਰਸਾਂ ਤੇ ਕਹਿਰ ਬਣ ਕੇ ਡਿੱਗਣ ਲੱਗੇ, ਜਿਸ ਦੀ ਲਪੇਟ ਵਿਚ ਪੁਲਿਸ ਦੀਆਂ ਗੱਡੀਆਂ ਤੇ ਅਫਿਸਰ ਵੀ ਆ ਗਏ। ਅਚਾਨਕ ਇਕ ਗੋਲੀ ਪਿਛਲੇ ਪਾਸਿਓਂ ਆ ਕੇ ਲੱਕ 'ਤੇ ਆ ਵੱਜੀ ਤੇ ਭਾਈ ਡਾਕਟਰ ਨੇ ਜੋ ਹੈਂਡ ਗਰਨੇਡ ਪੁਲਿਸ ਫੋਰਸ ਉਤੇ ਸੁਟਣ ਲਈ ਪਿੰਨ ਕੱਢ ਕੇ ਹੱਥ ਵਿਚ ਫੜਿਆ ਹੋਇਆ ਸੀ, ਉਹ ਨੇੜੇ ਹੀ ਡਿੱਗ ਪਿਆ। ਜਿਸ ਕਾਰਨ ਭਾਈ ਡਾਕਟਰ ਸਖ਼ਤ ਫੱਟੜ ਹਾਲਤ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ, ਉਸ ਵੇਲੇ ਭਾਈ ਡਾਕਟਰ ਦਾ ਪੂਰਾ ਸਰੀਰ ਤਾਰ-ਤਾਰ ਹੋ ਚੁੱਕਿਆ ਸੀ। ਜ਼ਖ਼ਮਾਂ ਤੇ ਹੋਰ ਜ਼ਖ਼ਮ ਦਿੱਤੇ ਗਏ। ਸਾਥੀਆਂ ਨੇ ਨਾਮ-ਪਤੇ ਹਥਿਆਰ ਕੁਝ ਵੀ ਪੁਲਿਸ ਦੇ ਹੱਥ ਨਾ ਲੱਗਿਆ ਆਖਰ, ਮੌਤ ਦੀ ਧਮਕੀ ਦਿੱਤੀ ਗਈ, ਮੌਤ ਜਾਂ ਸਿੱਖੀ (ਜ਼ਿੰਦਗੀ) ਹਸਪਤਾਲ ਦੇ ਸਿਟਰੇਚਰ ਤੇ ਪਏ ਭਾਈ ਡਾਕਟਰ ਨੇ ਜਵਾਬ ਦਿੱਤਾ। ਇਕ ਡਾਕਟਰ ਦੇ ਮਰਿਆਂ ਲਹਿਰ ਮੁੱਕ ਨਹੀਂ ਜਾਣੀ, ਸਾਡੀ ਸ਼ਹੀਦੀ 'ਚੋਂ ਕਈ ਹੋਰ ਡਾਕਟਰ ਪੈਦਾ ਹੋਣਗੇ।"

**"ਇਹ ਕਾਫ਼ਲਾ ਮੰਜ਼ਿਲ ਦੇ ਪਾਂਧੀਆਂ ਦਾ,**
**ਚਲਦਾ ਰਹੇਗਾ ਕਦੇ ਨਹੀਂ ਰੁਕ ਸਕਦਾ।"**

19 ਅਕਤੂਬਰ 1994 ਤ੍ਰਿਕੁਟਾ ਨਗਰ ਥਾਣੇ ਵਿਚ ਭਾਈ ਡਾਕਟਰ ਨੂੰ ਸ਼ਹੀਦ ਕਰਕੇ ਪੁਲਿਸ ਵਲੋਂ ਫਤਹਿਯਾਬੀ ਦੇ ਬਿਆਨ ਦਾਗੇ ਗਏ, ਪਰ ਕਿਸੇ ਅਖ਼ਬਾਰ ਜਾਂ ਜਮਹੂਰੀਅਤ ਦੇ ਭਾਰਤੀ ਮਸੀਹਾ ਨੇ ਪਿੰਗਲਵਾੜੇ ਵਿਚ ਲੂਲੇ-ਲੰਗੜਿਆਂ, ਅਪਾਹਜ਼ਾਂ, ਅਨਾਥਾਂ, ਪਾਗਲਾਂ ਤੇ ਬੇਸਹਾਰਿਆਂ ਨੂੰ ਸਹਾਰਾ ਦੇਣ ਦੇ ਮਲ੍ਹਮ ਪੱਟੀ ਕਰਨ ਵਾਲੇ ਹੱਥਾਂ ਵਿਚ ਏ.ਕੇ. ਸੰਤਾਲੀ ਕਿਨ੍ਹਾਂ ਹਲਾਤਾਂ ਕਰਕੇ ? ਕਿਉਂ ? ਕਿਨ੍ਹਾਂ ਲੋਕਾਂ ਨੇ ਫੜਨ ਲਈ ਮਜ਼ਬੂਤ ਕੀਤਾ, ਉਸਦਾ ਜ਼ਿਕਰ ਕਰਨਾ ਕਿਸੇ ਨੇ ਵੀ ਜ਼ਰੂਰੀ ਨਹੀਂ ਸਮਝਿਆ ਜਦ ਤੱਕ ਇਨ੍ਹਾਂ ਨੌਜਵਾਨਾਂ ਦੇ ਖਾੜਕੂ ਜਾਂ ਖਾਲਿਸਤਾਨੀ ਹੋਣ ਦੇ ਕਾਰਨਾਂ ਦਾ ਪਤਾ ਨਹੀਂ ਲਗਾਇਆ ਜਾਂਦਾ ਅਤੇ ਜਦ ਤੱਕ ਉਨ੍ਹਾਂ ਕਾਰਨਾਂ ਦੇ ਸੁਧਾਰ ਲਈ ਭਾਰਤੀ ਸਿਸਟਮ ਤਬਦੀਲ ਨਹੀਂ ਕੀਤਾ ਜਾਂਦਾ, ਇਹ ਸੱਚ ਹੈ, ਭਾਈ ਡਾਕਟਰ ਵਰਗੇ ਕਈ ਹੋਰ ਨੌਜਵਾਨ ਪੈਦਾ ਹੋਣਗੇ ਤੇ ਇਹ ਮਸਲਾ ਆਖਰ ਤੱਕ ਇਕ ਮਸਲਾ ਹੀ ਬਣਿਆ ਰਹੇਗਾ।

# ਭਾਰਤ ਮਨਾਏਗਾ 79ਵਾਂ ਆਜ਼ਾਦੀ ਦਿਵਸ







ਦੇਸ਼ 15 ਅਗਸਤ ਨੂੰ 79ਵਾਂ ਆਜ਼ਾਦੀ ਦਿਵਸ ਮਨਾਉਣ ਜਾ ਰਿਹਾ ਹੈ। ਹਰ ਸਾਲ 15 ਅਗਸਤ ਸਾਨੂੰ 1947 ਵਿੱਚ 200 ਸਾਲਾਂ ਬਾਅਦ ਬ੍ਰਿਟਿਸ਼ ਸ਼ਾਸਨ ਤੋਂ ਮਿਲੀ ਆਜ਼ਾਦੀ ਦੀ ਯਾਦ ਦਿਵਾਉਂਦਾ ਹੈ। ਇਹ ਦਿਨ ਪੂਰੇ ਭਾਰਤ ਵਿੱਚ ਦੇਸ਼ ਭਗਤੀ ਦੇ ਜੋਸ਼ ਤੇ ਰਸਮੀ ਪ੍ਰੋਗਰਾਮਾਂ ਨਾਲ ਮਨਾਇਆ ਜਾਂਦਾ ਹੈ। ਇਸ ਵਾਰ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਾਲ ਕਿਲ੍ਹੇ ਦੀ ਫਸੀਲ ਤੋਂ ਤਿਰੰਗਾ ਲਹਿਰਾਉਣਗੇ ਤੇ ਰਾਸ਼ਟਰ ਨੂੰ ਸੰਬੋਧਨ ਕਰਨਗੇ। ਤਾਂ ਆਓ ਅੱਜ ਤੁਹਾਨੂੰ ਦੱਸਦੇ ਹਾਂ ਕਿ ਇਸ ਵਾਰ ਆਜ਼ਾਦੀ ਦੇ 79ਵੇਂ ਜਸ਼ਨ ਦਾ ਰੰਗ ਕੀ ਹੋਵੇਗਾ ਤੇ ਇਸ ਵਾਰ ਆਜ਼ਾਦੀ ਦਿਵਸ ਦੇ ਜਸ਼ਨਾਂ ਦਾ ਥੀਮ ਕੀ ਹੈ।

ਇਸ ਵਾਰ ਸਰਕਾਰ ਨੇ ਆਜ਼ਾਦੀ ਦਿਵਸ ਦੇ ਜਸ਼ਨਾਂ ਦੇ ਵਿਸ਼ੇਸ਼ ਮਹਿਮਾਨਾਂ ਵਜੋਂ ਦਿੱਲੀ ਦੇ 50 ਸਭ ਤੋਂ ਵਧੀਆ ਸਫਾਈ ਕਰਮਚਾਰੀਆਂ ਨੂੰ ਸੱਦਾ ਦੇਣ ਦਾ ਫੈਸਲਾ ਕੀਤਾ ਹੈ। ਹਰੇਕ ਜ਼ੋਨਲ ਦਫ਼ਤਰ ਤੋਂ ਪੰਜ ਨਾਮ ਦਿੱਤੇ ਗਏ ਹਨ, ਜਿਨ੍ਹਾਂ ਵਿੱਚ ਤਿੰਨ ਔਰਤਾਂ ਤੇ ਦੋ ਪੁਰਸ਼ ਸ਼ਾਮਲ ਹੋਣਗੇ। ਇਸ ਦੇ ਨਾਲ ਹੀ, ਉਨ੍ਹਾਂ ਦੇ ਜੀਵਨ ਸਾਥੀ ਵੀ ਉਨ੍ਹਾਂ ਨਾਲ ਜਸ਼ਨਾਂ ਵਿੱਚ ਸ਼ਾਮਲ ਹੋ ਸਕਣਗੇ। ਅੰਤਿਮ ਸੂਚੀ ਕਰਮਚਾਰੀਆਂ ਦੇ ਕੰਮ ਤੇ ਸਫਾਈ ਬਣਾਈ ਰੱਖਣ ਵਿੱਚ ਉਨ੍ਹਾਂ ਦੇ ਯੋਗਦਾਨ ਦੇ ਆਧਾਰ 'ਤੇ ਚੁਣੀ ਜਾਵੇਗੀ। ਇਸ ਪ੍ਰਕਿਰਿਆ ਦੀ ਜ਼ਿੰਮੇਵਾਰੀ ਦਿੱਲੀ ਵਾਤਾਵਰਣ ਪ੍ਰਬੰਧਨ ਸੇਵਾਵਾਂ ਨੂੰ ਦਿੱਤੀ ਗਈ ਹੈ।

ਇਸ ਵਾਰ ਆਜ਼ਾਦੀ ਦਿਵਸ ਪ੍ਰੋਗਰਾਮ ਪ੍ਰਧਾਨ ਮੰਤਰੀ ਨੂੰ ਗਾਰਡ ਆਫ਼ ਆਨਰ ਦੇਣ ਨਾਲ ਸ਼ੁਰੂ ਹੋਵੇਗਾ। ਤਿਰੰਗਾ ਲਹਿਰਾਉਣ ਤੋਂ ਬਾਅਦ ਰਾਸ਼ਟਰੀ ਗੀਤ ਤੇ 21 ਤੋਪਾਂ ਦੀ ਸਲਾਮੀ ਦਿੱਤੀ ਜਾਵੇਗੀ। ਭਾਰਤੀ ਹਵਾਈ ਸੈਨਾ ਦੇ ਹੈਲੀਕਾਪਟਰ ਲਾਲ ਕਿਲ੍ਹੇ 'ਤੇ ਫੁੱਲਾਂ ਦੀ ਵਰਖਾ ਕਰਨਗੇ। ਇਸ ਤੋਂ ਬਾਅਦ, ਪ੍ਰਧਾਨ ਮੰਤਰੀ ਦੇਸ਼ ਨੂੰ ਸੰਬੋਧਨ ਕਰਨਗੇ, ਜਿਸ ਵਿੱਚ ਉਹ ਪਿਛਲੇ ਸਾਲ ਦੀਆਂ ਪ੍ਰਾਪਤੀਆਂ ਤੇ ਆਉਣ ਵਾਲੇ ਟੀਚਿਆਂ ਬਾਰੇ ਗੱਲ ਕਰਨਗੇ। ਭਾਸ਼ਣ ਤੋਂ ਬਾਅਦ ਰਾਸ਼ਟਰੀ ਗੀਤ ਦੁਬਾਰਾ ਵਜਾਇਆ ਜਾਵੇਗਾ ਅਤੇ ਪ੍ਰੋਗਰਾਮ ਤਿਰੰਗੇ ਗੁਬਾਰੇ ਛੱਡ ਕੇ ਸਮਾਪਤ ਹੋਵੇਗਾ।



ਲਖਨਊ ਵਿੱਚ 79ਵੇਂ ਆਜ਼ਾਦੀ ਦਿਵਸ ਸਮਾਰੋਹ ਤੋਂ ਪਹਿਲਾਂ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਹਰ ਘਰ ਤਿਰੰਗਾ ਮੁਹਿੰਮ ਦੀ ਸ਼ੁਰੂਆਤ ਕੀਤੀ



ਦਿੱਲੀ ਟਰੈਫਿਕ ਪੁਲਿਸ ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ 79ਵੇਂ ਆਜ਼ਾਦੀ ਦਿਵਸ ਤੋਂ ਪਹਿਲਾਂ ਹਰ ਘਰ ਤਿਰੰਗਾ ਅਭਿਆਨ ਤਹਿਤ ਇੱਕ ਬਾਈਕ ਰੈਲੀ ਦਾ ਆਯੋਜਨ ਕਰਦੀ ਹੋਈ।



ਪਟਨਾ ਦੇ ਗਾਂਧੀ ਮੈਦਾਨ ਵਿਖੇ 79ਵੀਂ ਸੁਤੰਤਰਤਾ ਦਿਵਸ ਪਰੇਡ 2025 ਲਈ ਫੁੱਲ ਡਰੈੱਸ ਰਿਹਰਸਲ ਚੱਲ ਰਹੀ ਹੈ।



ਕੋਲਕਾਤਾ ਦੇ ਰੈੱਡ ਰੋਡ 'ਤੇ 79ਵੇਂ ਆਜ਼ਾਦੀ ਦਿਵਸ ਪਰੇਡ ਲਈ ਫੁੱਲ ਡਰੈੱਸ ਰਿਹਰਸਲ ਚੱਲ ਰਹੀ ਹੈ।



ਸ੍ਰੀਨਗਰ ਦੇ ਬਖਸ਼ੀ ਸਟੇਡੀਅਮ ਵਿਖੇ 79ਵੇਂ ਸੁਤੰਤਰਤਾ ਦਿਵਸ ਪਰੇਡ ਤੋਂ ਪਹਿਲਾਂ ਵਿਦਿਆਰਥੀਆਂ ਨੇ ਫੁੱਲ ਡਰੈੱਸ ਰਿਹਰਸਲ ਵਿੱਚ ਹਿੱਸਾ ਲਿਆ।



ਦਿੱਲੀ ਭਾਜਪਾ ਦੇ ਪ੍ਰਧਾਨ ਵਰਿੰਦਰ ਸਚਦੇਵਾ ਨੇ ਬੁੱਧਵਾਰ ਨੂੰ ਪੁਰਾਣੀ ਦਿੱਲੀ ਦੀ ਜਾਮਾ ਮਸਜਿਦ ਵਿਖੇ ਘੱਟ ਗਿਣਤੀ ਮੋਰਚਾ ਵਰਕਰਾਂ ਦੀ ਤਿਰੰਗਾ ਯਾਤਰਾ ਦੀ ਅਗਵਾਈ ਕੀਤੀ।

# ਆਜ਼ਾਦੀ ਦਾ ਨਿੱਘ ਸਾਰੀ ਵਸੋਂ ਮਾਣੇ

ਡਾ. ਰਣਜੀਤ ਸਿੰਘ

ਦੇਸ਼ ਨੂੰ ਆਜ਼ਾਦ ਹੋਇਆਂ 78 ਵਰ੍ਹੇ ਹੋ ਗਏ ਹਨ ਪਰ ਅਸੀਂ ਆਪਣੇ ਮਨੁੱਖੀ ਵਸੀਲੇ ਵਿਕਸਤ ਨਹੀਂ ਕਰ ਸਕੇ ਹਾਂ। ਆਜ਼ਾਦੀ ਦਿਵਸ ਹਰ ਵਰ੍ਹੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ ਪਰ ਆਜ਼ਾਦੀ ਦਾ ਨਿੱਘ ਸਾਰੀ ਵਸੋਂ ਮਾਣ ਸਕੇ, ਇਸ ਪਾਸੇ ਕੋਈ ਠੋਸ ਪ੍ਰੋਗਰਾਮ ਨਹੀਂ ਉਲੀਕੇ ਗਏ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਛਲੇ 78 ਸਾਲਾਂ ਵਿਚ ਦੇਸ਼ ਨੇ ਹਰ ਖੇਤਰ ਵਿਚ ਤਰੱਕੀ ਕੀਤੀ ਹੈ ਪਰ ਇਹ ਵੀ ਸੱਚ ਹੈ ਕਿ ਦੇਸ਼ ਦੀ ਅੱਧੀ ਤੋਂ ਵੱਧ ਵਸੋਂ ਅਜਿਹੀ ਹੈ ਜਿਸ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਨਹੀਂ ਹੋ ਰਹੀ। ਇਸ ਵਸੋਂ ਨੂੰ ਸੰਤੁਲਿਤ ਭੋਜਨ ਤਾਂ ਦੂਰ, ਢਿੱਡ ਭਰਵੀਂ ਰੋਟੀ ਵੀ ਨਹੀਂ ਮਿਲਦੀ। ਆਪਣਾ ਘਰ ਨਹੀਂ। ਵਿਦਿਆ ਅਤੇ ਸਿਹਤ ਸਹੂਲਤਾਂ ਤੋਂ ਵਾਂਝੇ ਹਨ। ਆਬਾਦੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਸੰਸਾਰ ਦੇ ਭੁੱਖੇ ਅਤੇ ਗਰੀਬ ਲੋਕਾਂ ਦੀ ਅੱਧੀ ਵਸੋਂ ਭਾਰਤ ਵਿਚ ਰਹਿੰਦੀ ਹੈ। ਹੁਣ ਵੀ ਸਰਕਾਰ 80 ਕਰੋੜ ਲੋਕਾਂ ਦਾ ਢਿੱਡ ਭਰਨ ਲਈ ਮੁਫ਼ਤ ਰਾਸ਼ਨ ਦੇ ਰਹੀ ਹੈ।

ਰਾਜਨੀਤੀ ਦੇਸ਼ ਸੇਵਾ ਦੀ ਥਾਂ ਵਪਾਰ ਬਣ ਗਈ ਹੈ। ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਤੇ ਇਸ ਨੂੰ ਪ੍ਰਫੁੱਲਤ ਕਰਨ ਵਿੱਚ ਨੇਤਾ ਮੋਹਰੀ ਹਨ। ਦੇਸ਼ ਲੋਕਰਾਜ ਦੀ ਥਾਂ ਵੋਟ ਰਾਜ ਬਣ ਰਿਹਾ ਹੈ। ਚੋਣਾਂ ਵਿਚ ਵੋਟ ਪ੍ਰਾਪਤੀ ਲਈ ਬੇਤਹਾਸ਼ਾ ਖਰਚ ਕੀਤਾ ਜਾਂਦਾ ਹੈ। ਇਸ ਖਰਚੇ ਦੀ ਭਰਪਾਈ ਲਈ ਗਲਤ ਢੰਗਾਂ ਨਾਲ ਪੈਸਾ ਇਕੱਠਾ ਕੀਤਾ ਜਾਂਦਾ ਹੈ। ਅਸਲ ਵਿਚ ਦੇਸ਼ ਨੂੰ ਕੁਝ ਕੁ ਪੂੰਜੀਪਤੀ ਚਲਾਉਂਦੇ ਹਨ। ਵੋਟਾਂ ਲੈਣ ਲਈ ਲੋਕਾਂ ਨੂੰ ਮੁਫ਼ਤ ਦੀਆਂ ਰਿਉੜੀਆਂ ਵੰਡੀਆਂ ਜਾਂਦੀਆਂ ਹਨ ਜਿਸ ਦਾ ਆਰਥਿਕਤਾ ਉਤੇ ਬੁਰਾ ਪ੍ਰਭਾਵ ਪੈਂਦਾ ਹੈ। ਕੇਂਦਰੀ ਸਰਕਾਰ ਤੇ ਰਾਜ ਸਰਕਾਰਾਂ ਕਰਜ਼ੇ ਹੇਠ ਡੁੱਬੀਆਂ ਹੋਈਆਂ ਹਨ। ਲੀਡਰਾਂ ਤੇ ਅਫਸਰਸ਼ਾਹੀ ਨੇ ਆਪਣੇ ਖਰਚੇ ਇਤਨੇ ਵਧਾ ਲਏ ਹਨ ਕਿ ਸਰਕਾਰ ਕੋਲ ਵਿਕਾਸ ਲਈ ਕੋਈ ਪੈਸਾ ਬਚਦਾ ਹੀ ਨਹੀਂ। ਸਰਕਾਰੀ ਖਰਚਿਆਂ ਵਿਚ ਕਟੌਤੀ ਕਰਨ ਲਈ ਸਰਕਾਰੀ ਨੌਕਰੀਆਂ ਖ਼ਤਮ ਕੀਤੀਆਂ ਜਾ ਰਹੀਆਂ ਹਨ। ਇਸ ਨਾਲ ਬੇਰੁਜ਼ਗਾਰੀ ਵਿਚ ਵਾਧਾ ਹੋ ਰਿਹਾ ਹੈ।

ਪ੍ਰਧਾਨ ਮੰਤਰੀ ਦਾ ਸੁਫਨਾ ਹੈ ਕਿ ਭਾਰਤ ਨੂੰ ਵਿਕਸਤ ਦੇਸ਼ ਬਣਾਇਆ ਜਾਵੇ। ਇਸ ਬਾਰੇ ਉਨ੍ਹਾਂ ਪਿਛਲੇ ਆਜ਼ਾਦੀ ਦਿਨ ਮੌਕੇ ਲਾਲ ਕਿਲ੍ਹੇ ਤੋਂ ਚਰਚਾ ਕੀਤੀ ਸੀ। ਇਹ ਟੀਚਾ ਉਨ੍ਹਾਂ ਆਜ਼ਾਦੀ ਦੀ ਸੌਵੀਂ ਵਰ੍ਹੇ ਗੰਢ ਤੱਕ ਪੂਰਾ ਕਰਨ ਦਾ ਵਾਅਦਾ ਕੀਤਾ ਹੈ। ਉਦੋਂ ਤਕ ਆਪਣੀ ਸਰਕਾਰ ਬਣਾਈ ਰੱਖਣ ਦਾ ਯਤਨ ਹੋ ਰਿਹਾ ਹੈ ਪਰ ਇਸ ਵਾਰ ਚੋਣਾਂ ਸਮੇਂ ਸੱਤਾਧਾਰੀ ਪਾਰਟੀ ਨੂੰ ਲੋਕਾਂ ਨੇ ਜਿਹੜਾ ਝਟਕਾ ਦਿੱਤਾ, ਉਸ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਦੇਸ਼ ਵਿਚ ਲੋਕਰਾਜ ਹੈ ਤੇ ਲੋਕਰਾਜ ਦੀ ਸਫਲਤਾ ਲਈ ਮਜ਼ਬੂਤ ਵਿਰੋਧੀ ਧਿਰ ਦੀ ਲੋੜ ਹੁੰਦੀ ਹੈ ਪਰ ਸੱਤਾ ਧਿਰ ਵਿਰੋਧੀ ਪਾਰਟੀਆਂ ਨੂੰ ਕਮਜ਼ੋਰ ਨਹੀਂ, ਖ਼ਤਮ ਕਰਨ ਦਾ ਯਤਨ ਕਰ ਰਹੀ ਹੈ।

ਪ੍ਰਧਾਨ ਮੰਤਰੀ ਸੁੰਦਰਤਾ ਦੇ ਪੁਜਾਰੀ ਹਨ, ਉਨ੍ਹਾਂ ਦੇਸ਼ ਨੂੰ ਸਾਫ ਸੁਥਰਾ ਤੇ ਸੁੰਦਰ ਬਣਾਉਣ ਦਾ ਸੁਫਨਾ ਦੇਖਿਆ ਹੈ। 'ਸਵੱਛ ਭਾਰਤ' ਮੁਹਿੰਮ ਚਲਾਈ ਪਰ ਨਤੀਜੇ ਸਾਹਮਣੇ ਹਨ। ਉਹ ਚਾਹੁੰਦੇ ਹਨ, ਸੜਕਾਂ ਵਧੀਆ ਹੋਣ; ਦੇਸ਼ ਦੇ ਹਵਾਈ ਅੱਡੇ, ਬੰਦਰਗਾਹਾਂ, ਰੇਲਵੇ ਸਟੇਸ਼ਨ, ਸਕੂਲ ਤੇ ਹਸਪਤਾਲ ਏ ਕਲਾਸ ਹੋਣ। ਉਹ ਜਾਣਦੇ ਹਨ ਕਿ ਸਰਕਾਰ ਕੋਲ ਇਤਨੇ ਵਸੀਲੇ ਨਹੀਂ ਹਨ; ਇਸ ਕਰ ਕੇ ਫੈਸਲਾ ਕਰ ਲਿਆ ਕਿ ਇਹ ਸਾਰਾ ਕੁਝ ਪ੍ਰਾਈਵੇਟ ਕੰਪਨੀਆਂ ਹਵਾਲੇ ਕੀਤਾ ਜਾਵੇ। ਸਰਕਾਰ ਦਾ ਕੰਮ ਤਾਂ ਰਾਜ ਕਰਨਾ ਹੈ, ਉਸ ਦਾ ਕੰਮ ਹਵਾਈ ਜਹਾਜ਼ ਜਾਂ ਰੇਲ ਗੱਡੀਆਂ ਚਲਾਉਣਾ ਨਹੀਂ। ਸੜਕਾਂ ਵੀ ਕੰਪਨੀਆਂ ਹੀ ਬਣਾਉਣ ਤੇ ਇਸ ਦੀ ਸਾਂਭ ਸੰਭਾਲ ਕਰਨ। ਲੋਕਾਂ ਨੂੰ ਸੜਕਾਂ ਉਤੇ ਸਫ਼ਰ ਲਈ ਫੀਸ ਦੇਣੀ ਪਵੇਗੀ ਤਾਂ ਜੋ ਕੰਪਨੀਆਂ ਆਪਣਾ ਖਰਚਾ ਪੂਰਾ ਕਰ ਲੈਣ। ਆਲੀਸ਼ਾਨ ਹਸਪਤਾਲ, ਸਕੂਲ ਤੇ ਯੂਨੀਵਰਸਿਟੀਆਂ ਬਣ ਰਹੀਆਂ ਹਨ ਜਿਨ੍ਹਾਂ ਅੰਦਰ ਜਾਣ ਦਾ ਹੌਸਲਾ ਦੇਸ਼ ਦੀ ਅੱਧੀ ਵਸੋਂ ਕੋਲ ਨਹੀਂ। ਇੰਝ ਦੇਸ਼ ਦੋ ਹਿੱਸਿਆਂ ਵਿਚ ਵੰਡਿਆ ਜਾ ਰਿਹਾ ਹੈ। ਅਮੀਰਾਂ ਦਾ ਭਾਰਤ ਤੇ ਗਰੀਬਾਂ ਦਾ ਭਾਰਤ। ਇਹ ਪਾੜਾ ਘੱਟ ਹੋਣ ਦੀ ਥਾਂ ਵਧ ਰਿਹਾ ਹੈ ਜਿਸ ਨਾਲ ਬੇਰੁਜ਼ਗਾਰੀ ਤੇ ਮਹਿੰਗਾਈ ਵਿਚ ਵਾਧਾ ਹੋ ਰਿਹਾ ਹੈ। ਪ੍ਰਾਈਵੇਟ ਕੰਪਨੀਆਂ ਦਾ ਮੰਤਵ ਲੋਕ ਸੇਵਾ ਨਹੀਂ, ਕਮਾਈ ਕਰਨਾ ਹੁੰਦਾ ਹੈ। ਪਹਿਲਾਂ ਵੀ ਗ਼ੈਰ ਸਰਕਾਰੀ ਸਕੂਲ ਤੇ ਹਸਪਤਾਲ ਹੁੰਦੇ ਸਨ ਪਰ ਇਹ ਲੋਕਾਂ ਵੱਲੋਂ ਇਕੱਠੇ ਹੋ ਕੇ ਉਨ੍ਹਾਂ ਥਾਵਾਂ ਉਤੇ ਬਣਾਏ ਜਾਂਦੇ ਸਨ ਜਿਥੇ ਸਰਕਾਰੀ ਸਹੂਲਤਾਂ ਨਹੀਂ ਸਨ, ਇਨ੍ਹਾਂ ਦੀ ਫੀਸ ਸਰਕਾਰੀ ਅਦਾਰਿਆਂ ਵਾਂਗ ਹੀ ਹੁੰਦੀ ਸੀ ਤੇ ਮਿਸ਼ਨ ਲੋਕ ਸੇਵਾ ਹੁੰਦੀ ਸੀ।

ਦਰਅਸਲ, ਸਰਕਾਰ ਨਿੱਜੀਕਰਨ ਨੂੰ ਉਤਸ਼ਾਹਿਤ ਕਰਨ ਲਈ ਵਸੀਲਿਆਂ ਦੀ ਘਾਟ ਦਾ ਬਹਾਨਾ ਬਣਾਉਂਦੀ ਹੈ। ਭਾਰਤ ਵਰਗੇ ਵੱਡੇ ਦੇਸ਼ ਵਿਚ ਵਸੀਲਿਆਂ ਦੀ ਘਾਟ ਦਾ ਮੁੱਖ ਕਾਰਨ ਪ੍ਰਬੰਧਕ ਪ੍ਰਣਾਲੀ ਦੀਆਂ ਘਾਟਾਂ ਹਨ। ਜੇ ਸੁਚੱਜੇ ਢੰਗ ਨਾਲ ਵਸੀਲਿਆਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਦੇਸ਼ ਵਿਚੋਂ ਇਨ੍ਹਾਂ ਦੀ ਘਾਟ ਕਿਸੇ ਹੱਦ ਤੱਕ ਪੂਰੀ ਕੀਤੀ ਜਾ ਸਕਦੀ ਹੈ। ਜਦੋਂ ਤਕ ਦੇਸ਼ ਵਿਚੋਂ ਗਰੀਬੀ ਅਤੇ ਅਨਪੜ੍ਹਤਾ ਦੂਰ ਨਹੀਂ ਹੁੰਦੀ, ਉਦੋਂ ਤਕ ਆਜ਼ਾਦੀ ਦਾ ਨਿੱਘ ਸਾਰੇ ਨਾਗਰਿਕਾਂ ਨੂੰ ਨਹੀਂ ਪਹੁੰਚ ਸਕਦਾ। ਸੰਸਾਰ ਦੀਆਂ ਦੱਬੀਆਂ ਕੁੱਚਲੀਆਂ ਕੌਮਾਂ ਨੂੰ ਦਿਸ਼ਾ ਦਿਖਾਉਣਾ ਭਾਰਤ ਦੀ ਜ਼ਿੰਮੇਵਾਰੀ ਹੈ ਪਰ ਅਸੀ ਤਾਂ ਆਪਣੇ ਦੇਸ਼ ਦੇ ਗਰੀਬਾਂ ਦੀ ਗਰੀਬੀ ਵੀ ਦੂਰ ਨਹੀਂ ਕਰ ਸਕੇ।

ਸਾਨੂੰ ਆਪਣੇ ਦੇਸ਼ ਲਈ ਅਜਿਹਾ ਵਿਕਾਸ ਮਾਡਲ ਤਿਆਰ ਕਰਨਾ ਚਾਹੀਦਾ ਹੈ ਜਿਸ ਦਾ ਆਧਾਰ ਦੇਸ਼ ਦੇ ਵਸੀਲੇ ਹੋਣ। ਦੇਸ਼ ਦਾ ਸੰਤੁਲਿਤ ਅਤੇ ਸਰਬਪੱਖੀ ਵਿਕਾਸ ਦੇਸ਼ ਦਾ ਆਪਣਾ ਵਿਕਾਸ ਮਾਡਲ ਵਿਕਸਤ ਕਰ ਕੇ ਹੀ ਹੋ ਸਕਦਾ ਹੈ। ਜੇ ਆਪਣੇ ਵਸੀਲਿਆਂ ਨੂੰ ਆਧਾਰ ਬਣਾ ਕੇ ਯੋਜਨਾਵਾਂ ਉਲੀਕੀਆਂ ਜਾਣ ਤਾਂ ਸਰਬਪੱਖੀ ਵਿਕਾਸ ਵੱਲ ਕਦਮ ਪੁੱਟੇ ਜਾ ਸਕਦੇ ਹਨ। ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇੰਝ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ। ਘਰੇਲੂ ਉਤਪਾਦ ਆਪਸੀ ਸਾਂਝ, ਆਰਥਿਕ ਆਜ਼ਾਦੀ ਅਤੇ ਬਰਾਬਰੀ ਦਾ ਪ੍ਰਤੀਕ ਹੈ। ਘਰੋਗੀ ਸਨਅਤ ਵਿਕਸਤ ਕਰ ਕੇ ਹੀ ਰੁਜ਼ਗਾਰ ਦੇ ਵਸੀਲੇ ਵਧਾਏ ਜਾ ਸਕਦੇ ਹਨ ਅਤੇ ਦੇਸ਼ ਦੀ ਸਾਰੀ ਵਸੋਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇਉਂ ਅਸੀਂ ਆਪਣੇ ਮਨੁੱਖੀ ਵਸੀਲਿਆਂ ਦਾ ਪੂਰਾ ਲਾਹਾ ਪ੍ਰਾਪਤ ਕਰ ਸਕਦੇ ਹਾਂ ਅਤੇ ਦੇਸ਼ ਦੀ ਗਰੀਬ ਵਸੋਂ ਦਾ ਆਰਥਿਕ ਵਿਕਾਸ ਕੀਤਾ ਜਾ ਸਕਦਾ ਹੈ। ਆਤਮ-ਨਿਰਭਰ ਹੋਣ ਦਾ ਇਹੋ ਹੀ ਰਾਹ ਹੈ।

ਭਾਰਤ ਪਿੰਡਾਂ ਵਿਚ ਵਸਦਾ ਹੈ। ਇਸ ਕਰ ਕੇ ਪਿੰਡਾਂ ਦੇ ਲੋਕਾਂ ਨੂੰ ਹੁਨਰਮੰਦ ਬਣਾ ਕੇ ਆਪਣੇ ਪੈਰਾਂ ਉਤੇ ਖੜ੍ਹਾ ਹੋਣ ਲਈ ਉਤਸ਼ਾਹਿਤ ਕੀਤਾ ਜਾਵੇ। ਇਉਂ ਅਸੀਂ ਆਪਣੀਆਂ ਤਿਆਰ ਕੀਤੀਆਂ ਵਸਤਾਂ ਦੀ ਆਪ ਹੀ ਵਰਤੋਂ ਕਰਨੀ ਸ਼ੁਰੂ ਕਰ ਦੇਵਾਂਗੇ। ਹੁਣ ਵਾਲਾ ਮਾਡਲ ਪਿੰਡਾਂ ਨੂੰ ਵਿਕਸਤ ਕਰਨ ਦੀ ਥਾਂ ਇਨ੍ਹਾਂ ਨੂੰ ਖਾ ਰਿਹਾ ਹੈ। ਇਸੇ ਕਰ ਕੇ ਵਾਹੀ ਹੇਠ ਧਰਤੀ ਘਟ ਰਹੀ ਹੈ ਤੇ ਕਿਸਾਨਾਂ ਦੀ ਗਿਣਤੀ ਵਧ ਰਹੀ ਹੈ। ਉਹ ਗਰੀਬੀ ਭੋਗ ਰਹੇ ਹਨ ਪਰ ਹੋਰ ਕੋਈ ਰਾਹ ਨਾ ਹੋਣ ਕਰ ਕੇ ਮਜਬੂਰੀ ਨੂੰ ਖੇਤੀ ਕਰ ਰਹੇ ਹਨ। ਦੇਸ਼ ਨੂੰ ਨਵੀਂ ਖੇਤੀ ਨੀਤੀ ਦੀ ਲੋੜ ਹੈ ਤਾਂ ਜੋ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋ ਸਕੇ ਅਤੇ ਮੰਡੀ ਵਿਚ ਹੋ ਰਹੀ ਉਨ੍ਹਾਂ ਦੀ ਲੁੱਟ ਰੋਕੀ ਜਾ ਸਕੇ। ਦੇਸ਼ ਵਿਚ ਆਬਾਦੀ ਦਾ ਵਾਧਾ ਰੋਕਣ ਦੇ ਵੀ ਗੰਭੀਰ ਯਤਨਾਂ ਦੀ ਲੋੜ ਹੈ। ਇਸ ਸਮੇਂ ਦੇਸ਼ ਵਿਚ ਸਾਰੀ ਵਸੋਂ ਨੂੰ ਸੰਤੁਲਿਤ ਭੋਜਨ ਹੀ ਪ੍ਰਾਪਤ ਨਹੀਂ ਹੁੰਦਾ; ਹੋਰ ਤਾਂ ਹੋਰ, ਪੀਣ ਲਈ ਸ਼ੁੱਧ ਪਾਣੀ ਵੀ ਨਸੀਬ ਨਹੀਂ ਹੋ ਰਿਹਾ। ਪਾਣੀ ਦੀ ਸਾਂਭ ਸੰਭਾਲ ਲਈ ਵੀ ਸਮੁੱਚੇ ਦੇਸ਼ ਲਈ ਯੋਜਨਾ ਬਣਾਉਣ ਦੀ ਲੋੜ ਹੈ। ਸਰਕਾਰ ਦਾ ਧਿਆਨ ਅਮੀਰ ਗਰੀਬ ਵਿਚ ਵਧ ਰਹੇ ਪਾੜੇ ਨੂੰ ਰੋਕਣ ਵੱਲ ਹੋਣਾ ਜ਼ਰੂਰੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਸ਼ ਦੁਨੀਆ ਦਾ ਪੰਜਵਾਂ ਅਰਥਚਾਰਾ ਬਣ ਗਿਆ ਹੈ ਪਰ ਇਸ ਦਾ ਨਿੱਘ ਬਹੁਗਿਣਤੀ ਵਸੋਂ ਤੋਂ ਦੂਰ ਹੋ ਰਿਹਾ ਹੈ। ਵੱਡੇ ਸੁਫਨੇ ਦੇਖਣਾ ਗ਼ਲਤ ਨਹੀਂ ਪਰ ਆਪਣੇ ਹਾਲਾਤ ਨੂੰ ਦੇਖ ਕੇ ਅਜਿਹੇ ਸੁਫਨੇ ਦੇਖਣੇ ਚਾਹੀਦੇ ਹਨ ਜਿਸ ਨਾਲ ਦੇਸ਼ ਵਿਚੋਂ ਗਰੀਬੀ, ਅਨਪੜ੍ਹਤਾ ਤੇ ਭ੍ਰਿਸ਼ਟਾਚਾਰ ਖ਼ਤਮ ਹੋ ਸਕੇ ਅਤੇ ਆਜ਼ਾਦੀ ਦਾ ਨਿਘ ਦੇਸ਼ ਦੀ ਸਾਰੀ ਵਸੋਂ ਮਾਣ ਸਕੇ।



# ਵਧ ਰਹੀ ਹੈ ਆਰਥਿਕ ਨਾ-ਬਰਾਬਰੀ

ਗੁਰਬਿੰਦਰ ਸਿੰਘ ਮਾਣਕ

ਆਜ਼ਾਦੀ ਲੱਖਾਂ ਨਿਹਮਤਾਂ ਵਿਚੋਂ ਸਭ ਤੋਂ ਵੱਡੀ ਨਿਹਮਤ ਹੈ। ਆਪਣੇ ਦੇਸ਼ ਦੀ ਆਜ਼ਾਦ ਫ਼ ?ਜ਼ਾ ਵਿਚ ਵਿਚਰਨ ਦੇ ਅਨੁਭਵ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ, ਇਸ ਦਾ ਤਾਂ ਕੇਵਲ ਅਹਿਸਾਸ ਹੀ ਕੀਤਾ ਜਾ ਸਕਦਾ ਹੈ। ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਤੇ ਸ਼੍ਰੋਮਣੀ ਢਾਡੀ ਸੋਹਣ ਸਿੰਘ ਸੀਤਲ ਨੇ ਆਪਣੀ ਇਕ ਕਵਿਤਾ ਵਿਚ ਆਜ਼ਾਦੀ ਤੇ ਗੁਲਾਮੀ ਦੇ ਅਹਿਸਾਸ ਸੰਬੰਧੀ ਲਿਖਦਿਆਂ ਬਿਆਨ ਕੀਤਾ ਹੈ ; ਜਿੰਨਾ ਸਰੇ ਸ਼ੇਰਾ ਹੀਲਾ ਕਰਨ ਚੰਗਾ, ਸੀਤਲ ਏਸ ਗੁਲਾਮੀ ਦੇ ਜਿਊਣ ਨਾਲੋਂ, ਲੱਖਾਂ ਹਿੱਸੇ ਆਜ਼ਾਦੀ ਦਾ ਮਰਨ ਚੰਗਾ। ਕਿਸੇ ਦੀ ਗੁਲਾਮੀ ਸਹਿੰਦਿਆਂ ਮਨ ਵਿਚ ਆਜ਼ਾਦੀ ਦੀ ਜਿਹੜੀ ਤੜਪ ਪੈਦਾ ਹੁੰਦੀ ਹੈ, ਉਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਇਸੇ ਕਾਰਨ ਹੀ ਕਿਸੇ ਦੇਸ਼ ਦੀ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਲਈ ਸਿਰਲੱਥ ਯੋਧੇ ਆਪਣੇ ਖ਼ੂਨ ਦੀ ਆਹੂਤੀ ਦੇਣ ਤੋਂ ਵੀ ਕਦੇ ਨਹੀਂ ਝਿਜਕਦੇ।

ਭਾਰਤੀਆਂ ਨੇ ਗੁਲਾਮੀ ਦਾ ਬਹੁਤ ਲੰਮਾ ਜਬਰ ਆਪਣੇ ਪਿੰਡੇ 'ਤੇ ਹੰਢਾਇਆ ਹੈ। ਬਹੁਤ ਲੰਮੀ ਤੇ ਸੰਘਰਸ਼ਪੂਰਨ ਲੜਾਈ ਤੋਂ ਬਾਅਦ ਹੀ ਗੁਲਾਮੀ ਦੀ ਕਾਲੀ ਬੋਲੀ ਰਾਤ ਨੂੰ ਸਿਰਲੱਥ ਯੋਧਿਆਂ ਅਤੇ ਸ਼ਹੀਦਾਂ ਨੇ ਆਪਣੀ ਜਾਨ ਦੀ ਆਹੂਤੀ ਦੇ ਕੇ ਆਜ਼ਾਦੀ ਦੇ ਚਾਨਣ ਵਿਚ ਬਦਲਿਆ। ਫਾਂਸੀਆਂ ਦੇ ਰੱਸੇ ਆਪਣੇ ਗਲਾਂ 'ਚ ਪਾਉਣ ਵਾਲੇ ਸੂਰਬੀਰਾਂ, ਕਾਲੇ ਪਾਣੀਆਂ ਦੀਆਂ ਸਜ਼ਾਵਾਂ ਕੱਟਣ ਵਾਲੇ ਬਹਾਦਰਾਂ, ਗ਼ਦਰੀ ਯੋਧਿਆਂ ਤੇ ਆਜ਼ਾਦੀ ਦੇ ਘੋਲ ਵਿਚ ਸਿਰ ਤਲੀ 'ਤੇ ਧਰ ਕੇ ਸ਼ਹਾਦਤਾਂ ਦੇਣ ਵਾਲੇ ਆਜ਼ਾਦੀ ਦੇ ਪ੍ਰਵਾਨਿਆਂ ਅੱਗੇ ਹਰ ਦੇਸ਼ ਵਾਸੀ ਦਾ ਸਿਰ ਝੁਕਦਾ ਹੈ। ਅਸਲ ਸਵਾਲ ਤਾਂ ਇਹ ਹੈ ਕਿ ਕੀ ਸ਼ਹੀਦਾਂ ਨੇ ਅਜਿਹੀ ਆਜ਼ਾਦੀ ਦੀ ਕਾਮਨਾ ਕੀਤੀ ਸੀ, ਜਿਸ ਤਰ੍ਹਾਂ ਦੀ ਦੇਸ਼ ਦੀ ਸਥਿਤੀ ਬਣੀ ਹੋਈ ਹੈ। ਇਹ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਹਰਗਿਜ਼ ਨਹੀਂ ਹੈ।

ਬਿਨਾਂ ਸ਼ੱਕ ਆਜ਼ਾਦੀ ਤੋਂ ਬਾਅਦ ਦੇਸ਼ ਨੇ ਵਿਕਾਸ ਦੀਆਂ ਕਈ ਮੰਜ਼ਿਲਾਂ ਤੈਅ ਕੀਤੀਆਂ ਹਨ। ਪਰ ਇਹ ਤਰੱਕੀ ਬਹੁਤ ਘੱਟ ਨਜ਼ਰ ਆਉਂਦੀ ਹੈ। ਮਿਹਨਤਕਸ਼, ਕਿਸਾਨ, ਕਿਰਤੀ ਕਾਮਿਆਂ ਦਾ ਜੀਵਨ ਅੱਜ ਵੀ ਸੰਕਟਾਂ ਵਿਚ ਘਿਰਿਆ ਹੋਇਆ ਹੈ। ਆਜ਼ਾਦੀ ਪ੍ਰਾਪਤੀ ਤੋਂ ਬਾਅਦ ਪੌਣੀ ਸਦੀ ਦਾ ਸਮਾਂ ਬੀਤ ਚੁੱਕਾ ਹੈ। ਇਹ ਸਮਾਂ ਭਾਵੇਂ ਬਹੁਤਾ ਨਹੀਂ, ਪਰ ਏਨਾ ਘੱਟ ਵੀ ਨਹੀਂ ਕਿ ਦੇਸ਼ ਦੇ ਕਰੋੜਾਂ ਲੋਕ ਏਨੀ ਲੰਮੀ ਆਜ਼ਾਦੀ ਤੋਂ ਬਾਅਦ ਵੀ ਜ਼ਿੰਦਗੀ ਜਿਊਣ ਦੀਆਂ ਬੁਨਿਆਦੀ ਲੋੜਾਂ ਤੋਂ ਪੂਰੀ ਤਰ੍ਹਾਂ ਵਿਰਵੇ ਰਹਿਣ। ਅੰਤਾਂ ਦੀ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਭਿਆਨਕ ਬਿਮਾਰੀਆਂ ਦੀ ਜਕੜ ਵਿਚ ਆਏ ਕਰੋੜਾਂ ਲੋਕ, ਸਿਆਸੀ ਨੇਤਾਵਾਂ ਅਤੇ ਅਫ਼ਸਰਸ਼ਾਹੀ ਦੇ ਗੱਠਜੋੜ ਦੀ ਬਦੌਲਤ ਸਾਹਮਣੇ ਆਏ ਅਨੇਕਾਂ ਅਨੇਕ ਘੁਟਾਲੇ, ਦੇਸ਼ ਦੀ ਰਗ ਰਗ ਵਿਚ ਸਮਾਇਆ ਭ੍ਰਿਸ਼ਟਾਚਾਰ, ਅਨਪੜ੍ਹਤਾ, ਗ਼ੈਰ-ਵਿਗਿਆਨਕਤਾ ਤੇ ਤਰਕਹੀਣਤਾ, ਜਾਤਪਾਤ ਦੀ ਲਾਹਣਤ, ਧਾਰਮਿਕ ਕੱਟੜਤਾ ਆਦਿ ਨੂੰ ਹੀ ਸਾਡੇ ਨੇਤਾ ਆਜ਼ਾਦੀ ਦੀਆਂ 'ਪ੍ਰਾਪਤੀਆਂ' ਕਹਿਣ ਵਿਚ ਮਾਣ ਮਹਿਸੂਸ ਕਰਦੇ ਹਨ।

ਆਜ਼ਾਦੀ ਦੀ ਪ੍ਰਾਪਤੀ ਦੇ ਲੰਮੇ ਸੰਘਰਸ਼ ਦੌਰਾਨ ਜਾਨਾਂ ਵਾਰਨ ਵਾਲੇ ਸਿਰਲੱਥ ਯੋਧਿਆਂ, ਸ਼ਹੀਦਾਂ, ਗ਼ਦਰੀ ਬਾਬਿਆਂ ਤੇ ਹੋਰ ਅਨੇਕਾਂ ਲਹਿਰਾਂ ਨਾਲ ਜੁੜੇ ਆਜ਼ਾਦੀ ਦੇ ਪਰਵਾਨਿਆਂ ਨੇ, ਗੁਲਾਮੀ ਦੀਆਂ ਜ਼ੰਜੀਰਾਂ ਤੋੜਦਿਆਂ, ਆਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਆਪਣੀ ਧਰਤੀ 'ਤੇ ਆਪਣੇ ਲੋਕਾਂ ਲਈ ਜਿਹੜੇ ਸੁਪਨੇ ਸਿਰਜੇ ਸਨ, ਉਹ ਬਹੁਤ ਹੱਦ ਤੱਕ ਬਿਖਰ ਗਏ ਹਨ। ਇਸ ਆਜ਼ਾਦੀ ਨੇ ਆਮ ਬੰਦੇ ਦੇ ਅੰਦਰਲੇ ਸਭ ਚਾਅ, ਰੀਝਾਂ, ਉਮੰਗਾਂ ਤੇ ਸੁਪਨਿਆਂ ਨੂੰ ਬਹੁਤ ਹੱਦ ਤੱਕ ਮਿੱਟੀ 'ਚ ਮਿਲਾ ਦਿੱਤਾ ਹੈ। ਐਸ਼-ਪ੍ਰਸਤੀ ਦਾ ਜੀਵਨ ਜਿਊਣ ਵਾਲਿਆਂ ਦਾ ਭਾਰਤ ਹੋਰ ਹੈ ਤੇ ਗਰੀਬਾਂ, ਅਣਹੋਇਆਂ, ਨਿਮਾਣਿਆਂ, ਨਿਤਾਣਿਆਂ ਤੇ ਜੀਵਨ ਦੀਆਂ ਮੁੱਢਲੀਆਂ ਲੋੜਾਂ ਤੋਂ ਸੱਖਣੇ ਆਮ ਲੋਕਾਂ ਦਾ ਭਾਰਤ ਹੋਰ ਹੈ। ਸਾਰੇ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਵਾਲੀ ਕਿਸਾਨੀ ਦੀ ਹਾਲਤ ਬਦਤਰ ਹੋ ਚੁੱਕੀ ਹੈ, ਪਰ ਹਕੂਮਤ ਨੂੰ ਕੋਈ ਚਿੰਤਾ ਨਹੀਂ।

ਆਰਥਿਕ ਪਾੜਾ ਏਨਾ ਵਧ ਚੁੱਕਾ ਹੈ ਕਿ ਕਰੋੜਾਂ ਲੋਕ ਗਰੀਬੀ ਦੀ ਦਲਦਲ ਵਿਚ ਧਸੇ ਹੋਏ ਹਨ। ਦੇਸ਼ ਦੀ ਕੁੱਲ ਆਮਦਨ ਦਾ 73 ਫ਼ੀਸਦੀ ਹਿੱਸਾ ਕੇਵਲ 1 ਫ਼ੀਸਦੀ ਅਮੀਰਾਂ ਦੇ ਕੋਲ ਹੈ। ਆਕਸਫੈਮ ਦੀ ਰਿਪੋਰਟ ਅਨੁਸਾਰ ਦੇਸ਼ ਦੇ ਕੇਵਲ 57 ਧਨਾਢਾਂ ਕੋਲ ਦੇਸ਼ ਦੀ 70 ਫ਼ੀਸਦੀ ਆਬਾਦੀ ਦੇ ਬਰਾਬਰ ਦੌਲਤ ਦੇ ਭੰਡਾਰ ਹਨ। ਭਾਰਤ ਮਹਾਨ ਦੇ 1 ਫ਼ੀਸਦੀ ਅਰਬਪਤੀਆਂ ਨੇ ਹੀ ਦੇਸ਼ ਦਾ 58 ਫ਼ੀਸਦੀ ਸਰਮਾਇਆ ਹੜੱਪਿਆ ਹੋਇਆ ਹੈ। ਇਕ ਅਨੁਮਾਨ ਅਨੁਸਾਰ ਭਾਰਤ ਵਿਚ ਦੁਨੀਆ ਦੀ ਸਭ ਤੋਂ ਵੱਧ ਭੁੱਖਮਰੀ ਹੈ। ਸੰਸਾਰ ਭੁੱਖਮਰੀ ਸੂਚਕ ਅੰਕ ਦੇ ਅੰਕੜਿਆਂ ਅਨਸਾਰ ਭਾਰਤ ਮਹਾਨ 2023 ਵਿਚ 125 ਦੇਸ਼ਾਂ ਵਿਚੋਂ 111ਵੇਂ ਸਥਾਨ 'ਤੇ ਸੀ। ਦੇਸ਼ ਵਿਚ 19.44 ਕਰੋੜ ਲੋਕਾਂ ਨੂੰ ਪੌਸ਼ਟਿਕ ਭੋਜਨ ਨਹੀਂ ਮਿਲਦਾ। ਮਨੁੱਖੀ ਵਿਕਾਸ ਸੂਚਕ ਅੰਕ ਸਰਵੇਖਣ ਅਨੁਸਾਰ ਭਾਰਤ 191 ਦੇਸ਼ਾਂ ਵਿਚੋਂ 132ਵੇਂ ਸਥਾਨ ਉੱਤੇ ਹੈ। ਪ੍ਰਤੀ ਵਿਅਕਤੀ ਆਮਦਨ ਦੀ ਦਰਜਾਬੰਦੀ ਦੇ ਪੱਖ ਤੋਂ ਸਾਡਾ ਦੇਸ਼, 193 ਦੇਸ਼ਾਂ ਵਿਚੋਂ 145ਵੇਂ ਨੰਬਰ 'ਤੇ ਹੈ। 40 ਕਰੋੜ ਤੋਂ ਵੱਧ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਦੇ ਦਿਨ ਕੱਟ ਰਹੇ ਹਨ। ਸੰਸਾਰ ਬੈਂਕ ਅਨੁਸਾਰ ਦੁਨੀਆ ਦੇ 49 ਫ਼ੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਜਿਨ੍ਹਾਂ ਵਿਚੋਂ 34 ਫ਼ੀਸਦੀ ਭਾਰਤ ਵਿਚ ਹਨ। ਕਰੋੜਾਂ ਦੇਸ਼ਵਾਸੀ ਅੱਜ ਵੀ ਅਨਪੜ੍ਹਤਾ ਤੇ ਬਿਮਾਰੀਆਂ ਦੀ ਜਕੜ ਵਿਚ ਫਾਥੇ ਹੋਏ ਹਨ।

ਦੇਸ਼ ਵਿਚ ਬੇਰੁਜ਼ਗਾਰੀ ਬਹੁਤ ਵੱਡਾ ਮੁੱਦਾ ਹੈ। ਲੱਖਾਂ ਨੌਜਵਾਨ ਬੇਰੁਜ਼ਗਾਰੀ ਦਾ ਸੰਤਾਪ ਭੋਗਣ ਲਈ ਮਜਬੂਰ ਹਨ। ਕੇਂਦਰੀ ਹਕੂਮਤ ਨੇ ਕੁਝ ਸਾਲ ਪਹਿਲਾਂ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ। ਪਰ ਸਰਕਾਰਾਂ ਨੇ ਨੌਕਰੀਆਂ ਦੇ ਸਭ ਦਰਵਾਜ਼ੇ ਬੰਦ ਕਰ ਦਿੱਤੇ ਹਨ। ਦੇਸ਼ ਵਿਚ ਬੇਰੁਜ਼ਗਾਰੀ ਦੀ ਇੰਤਹਾ ਇਹ ਹੈ ਕਿ ਕੁਝ ਸਾਲ ਪਹਿਲਾਂ ਤਾਮਿਲਨਾਡੂ ਵਿਚ ਟਾਈਪਿਸਟਾਂ, ਪਟਵਾਰੀਆਂ ਤੇ ਸਟੈਨੋਗ੍ਰਾਫਰਾਂ ਦੀਆਂ 9500 ਅਸਾਮੀਆਂ ਲਈ, 20 ਲੱਖ ਨੌਜਵਾਨਾਂ ਨੇ ਅਰਜ਼ੀਆਂ ਦਿੱਤੀਆਂ। ਅਰਜ਼ੀ ਦੇਣ ਵਾਲਿਆਂ ਵਿਚ 990 ਪੀ.ਐਚ.ਡੀ ਸਕਾਲਰ, 23 ਹਜ਼ਾਰ ਐਮ.ਫਿਲ, 2.50 ਲੱਖ ਤੋਂ ਵੱਧ ਪੋਸਟ ਗਰੈਜੂਏਟ ਅਤੇ 8 ਲੱਖ ਗਰੈਜੂਏਟ ਸ਼ਾਮਿਲ ਸਨ। ਇਸ ਤੋਂ ਅਨੁਮਾਨ ਲਾਉਣਾ ਔਖਾ ਨਹੀਂ ਕਿ ਦੇਸ਼ ਵਿਚ ਬੇਰੁਜ਼ਗਾਰੀ ਦੀ ਇਹ ਹਾਲਤ ਕਿੰਨਾ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਸਰਕਾਰ ਡਿਗਰੀਆਂ ਪ੍ਰਾਪਤ ਬੇਰੁਜ਼ਗਾਰਾਂ ਨੂੰ ਪਕੌੜਿਆਂ ਦੀ ਰੇਹੜੀ ਲਾਉਣ ਦੇ ਮਸ਼ਵਰੇ ਦੇ ਕੇ ਇਕ ਤਰ੍ਹਾਂ ਜ਼ਲੀਲ ਕਰ ਰਹੀ ਹੈ। ਦੇਸ਼ ਦੇ 60 ਲੱਖ ਤੋਂ ਵੱਧ ਲੋਕ ਪੀਣ ਵਾਲੇ ਸ਼ੁੱਧ ਤੇ ਸਾਫ ਪਾਣੀ ਲਈ ਤਰਸ ਰਹੇ ਹਨ ਤੇ 2030 ਤੱਕ ਇਸ ਸੰਕਟ ਦੇ ਵਿਕਰਾਲ ਰੂਪ ਧਾਰਨ ਦਾ ਖ਼ਦਸ਼ਾ ਪ੍ਰਗਟ ਕੀਤਾ ਗਿਆ ਹੈ।

ਦੇਸ਼ ਨੂੰ ਮਨਮਾਨੇ ਤੇ ਤਾਨਾਸ਼ਾਹੀ ਢੰਗ ਨਾਲ ਚਲਾਇਆ ਜਾ ਰਿਹਾ ਹੈ। ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਦੀ ਜ਼ੁਬਾਨ ਬੰਦ ਕੀਤੀ ਜਾ ਰਹੀ ਹੈ। ਮਨਮਾਨੇ ਢੰਗ ਨਾਲ ਕਾਲੇ ਕਾਨੂੰਨਾਂ ਦੇ ਹਥਿਆਰ ਨਾਲ ਪੱਤਰਕਾਰਾਂ, ਲੇਖਕਾਂ, ਬੁੱਧੀਜੀਵੀਆਂ ਤੇ ਸਮਾਜਿਕ ਕਾਰਕੁੰਨਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ। ਨਵੀਂ ਸਿੱਖਿਆ ਨੀਤੀ, ਕਿਰਤ ਕਾਨੂੰਨਾਂ ਤੇ ਨਵੀਂ ਨਿਆਂ ਵਿਵਸਥਾ ਵਿਚ ਮਨਮਰਜ਼ੀ ਦੀਆਂ ਸੋਧਾਂ ਕਰਕੇ, ਵਿਰੋਧ ਦੀਆਂ ਆਵਾਜ਼ਾਂ ਬੰਦ ਕਰਨ ਲਈ ਕਾਲੇ ਕਾਨੂੰਨਾਂ ਨੂੰ ਹੋਰ ਸਖ਼ਤ ਕਰਨ ਤੇ ਵਿਰੋਧ ਪ੍ਰਗਟ ਕਰਨ 'ਤੇ ਵੱਖਰੀ ਰਾਇ ਰੱਖਣ ਵਾਲਿਆਂ ਨੂੰ ਬਿਨਾਂ ਕਿਸੇ ਅਪੀਲ ਦਲੀਲ ਦੇ ਜੇਲ੍ਹਾਂ ਵਿਚ ਡੱਕਣ ਜਿਹੀਆਂ ਘਟਨਾਵਾਂ, ਦੇਸ਼ ਦੇ ਲੋਕਤੰਤਰੀ ਸਰੂਪ 'ਤੇ ਸਿੱਧਾ ਹਮਲਾ ਹੈ। ਅਜੇ ਵੀ ਦੇਸ਼ ਵਿਚ ਨਫ਼ਰਤੀ ਮਾਹੌਲ ਵਿਚ ਕੋਈ ਕਮੀ ਨਹੀਂ ਆਈ। ਦੇਸ਼ ਵਿਚ ਧਰਮ ਦੇ ਨਾਂਅ 'ਤੇ ਵੰਡੀਆਂ ਪਾਈਆਂ ਜਾ ਰਹੀਆਂ ਹਨ। ਸਦੀਆਂ ਤੋਂ ਇਕੱਠੇ ਰਹਿ ਰਹੇ ਮੁਸਲਮਾਨਾਂ ਤੇ ਹਿੰਦੂਆਂ ਦੀ ਭਾਈਚਾਰਕ ਸਾਂਝ ਵਿਚ ਤਰੇੜਾਂ ਪਾ ਕੇ, ਵੋਟ ਰਾਜਨੀਤੀ ਦੀ ਗੰਦੀ ਖੇਡ ਖੇਡੀ ਜਾ ਰਹੀ ਹੈ। ਨਵੀਂ ਸਰਕਾਰ ਬਣਾਉਣ ਤੋਂ ਬਾਅਦ ਵੀ ਪਹਿਲਾਂ ਵਾਂਗ ਹੀ ਨਫ਼ਰਤ ਦਾ ਬੋਲਬਾਲਾ ਨਿਰੰਤਰ ਜਾਰੀ ਹੈ। ਦੇਸ਼ ਦੇ ਸੰਵਿਧਾਨ ਦੀ ਭਾਵਨਾ ਦੇ ਉਲਟ ਧਰਮਾਂ ਦੇ ਨਾਂਅ 'ਤੇ ਫਿਰਕੂ ਜ਼ਹਿਰ ਫੈਲਾਇਆ ਜਾ ਰਿਹਾ ਹੈ। ਘੱਟ-ਗਿਣਤੀਆਂ ਤੇ ਦਲਿਤਾਂ ਨੂੰ ਨਿਸ਼ਾਨਾ ਬਣਾ ਕੇ ਦਹਿਸ਼ਤ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਰਾਸ਼ਟਰਵਾਦ ਦੇ ਨਾਂਅ 'ਤੇ ਇਹ ਦਰਸਾਇਆ ਜਾ ਰਿਹਾ ਹੈ ਕਿ ਇਹ ਦੇਸ਼ ਕਿਸੇ ਖਾਸ ਧਰਮ ਵਾਲੇ ਲੋਕਾਂ ਦੀ ਜਗੀਰ ਹੈ। ਆਪਣੇ ਵਿਚਾਰਾਂ ਨੂੰ ਸਹੀ ਸਿੱਧ ਕਰਨ ਦੀ ਧੌਂਸ ਕਾਰਨ ਸਹਿਣਸ਼ੀਲਤਾ ਦੀ ਭਾਵਨਾ ਅਲੋਪ ਹੁੰਦੀ ਜਾ ਰਹੀ ਹੈ। ਇਹ ਦੇਸ਼ ਸਭ ਦਾ ਸਾਂਝਾ ਹੈ। ਸਾਧਾਰਨ ਨਾਗਰਿਕ ਨੇ ਵੀ ਆਪਣੀ ਸਮਰੱਥਾ ਅਨੁਸਾਰ ਇਸ ਦੀ ਸਿਰਜਣਾ ਵਿਚ ਆਪਣਾ ਹਿੱਸਾ ਪਾਇਆ ਹੈ। ਇਹ ਵਰਤਾਰਾ ਸਾਡੇ ਦੇਸ਼ ਦੀ ਸਾਂਝੀ ਵਿਰਾਸਤ ਦੀ ਮੂਲ ਭਾਵਨਾ ਦੇ ਉਲਟ ਹੈ। ਇਸ ਦੇਸ਼ ਨੂੰ ਪਿਆਰ ਕਰਨ ਵਾਲੇ ਹਰ ਬਸ਼ਿੰਦੇ ਨੂੰ ਦੇਸ਼ ਵਿਚ ਵਾਪਰ ਰਹੀਆਂ ਅਣਸੁਖਾਵੀਆਂ ਘਟਨਾਵਾਂ ਦੀ ਫਿਕਰਮੰਦੀ ਹੈ।

ਅੱਜ ਵਿਸ਼ਵੀਕਰਨ ਦੀ ਆੜ ਵਿਚ ਬਹੁਕੌਮੀ ਕੰਪਨੀਆਂ ਦਾ ਜਾਲ ਵਿਛਾਇਆ ਜਾ ਰਿਹਾ ਹੈ। ਚੰਗੇ ਭਲੇ ਚਲਦੇ ਪਬਲਿਕ ਖੇਤਰ ਦੇ ਅਦਾਰੇ ਵੇਚੇ ਜਾ ਰਹੇ ਹਨ। ਖਾਣ ਵਾਲੇ ਪਦਾਰਥਾਂ, ਦਵਾਈਆਂ ਤੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ, ਪਰ ਸਰਕਾਰ ਦੇ ਕੰਨਾਂ 'ਤੇ ਜੂੰਅ ਨਹੀਂ ਸਰਕਦੀ। ਇਸ ਸਮੇਂ ਸਭ ਤੋਂ ਵੱਡੀ ਲੋੜ, ਸ਼ਹਾਦਤਾਂ ਦੇ ਖ਼ੂਨ ਨਾਲ ਸਿੰਜ ਕੇ ਪ੍ਰਾਪਤ ਕੀਤੀ ਆਜ਼ਾਦੀ ਨੂੰ ਬਚਾਉਣ ਦੀ ਹੈ। ਇਸ ਦੇਸ਼ ਨੂੰ ਬਚਾਉਣ ਲਈ ਸਭ ਵੈਰ-ਵਿਰੋਧ ਇਕ ਪਾਸੇ ਰੱਖ ਕੇ ਇੱਕਮੁੱਠ ਹੋ ਕੇ ਦੇਸ਼ ਨੂੰ ਤੋੜਨ ਵਾਲੀਆਂ ਤਾਕਤਾਂ ਦਾ ਮੁਕਾਬਲਾ ਕਰਨ ਦੀ ਲੋੜ ਹੈ। ਇਹ ਦੇਸ਼ ਸਦਾ ਸਲਾਮਤ ਰਹੇ ਤੇ ਦੇਸ਼ ਦਾ ਹਰ ਵਾਸੀ ਇਸ 'ਤੇ ਮਾਣ ਕਰ ਸਕੇ।

# ਆਜ਼ਾਦੀ ਨਹੀਂ ਉਜਾੜਾ



1947 ਵਿਚ ਅੰਗਰੇਜ਼ਾਂ ਵੱਲੋਂ ਹਿੰਦੋਸਤਾਨ ਨੂੰ ਆਜ਼ਾਦੀ ਦੇ ਨਾਂ 'ਤੇ ਦੋ ਟੁਕੜਿਆਂ ਵਿਚ ਵੰਡ ਦਿੱਤਾ ਗਿਆ। ਇਸ ਵੰਡ ਦਾ ਸਭ ਤੋਂ ਵੱਧ ਸੰਤਾਪ ਪੰਜਾਬੀਆਂ ਨੇ ਭੋਗਿਆ। ਲੱਖਾਂ ਪੰਜਾਬੀ ਮਾਰੇ ਗਏ ਤੇ ਬੇਘਰ ਹੋਏ। ਜਿੱਥੇ ਸੰਨ 1947 ਦੇਸ਼ ਵਾਸੀਆਂ ਲਈ ਆਜ਼ਾਦੀ ਦਾ ਜਸ਼ਨ ਸੀ ਉੱਥੇ ਪੰਜਾਬ ਸੂਬੇ ਦੀਆਂ ਖ਼ੂਨੀ ਵਾਰਦਾਤਾਂ ਨਾਲ ਲੱਥ-ਪਥ ਪੀੜਾਂ ਦੀ ਦੁੱਖਾਂ ਭਰੀ ਦਾਸਤਾਨ ਵੀ ਹੈ। ਵੰਡ ਦੇ ਕਰੀਬ 78 ਸਾਲ ਬੀਤ ਜਾਣ ਦੇ ਬਾਵਜੂਦ ਵੰਡ ਦਾ ਦੁੱਖ ਦੇਖਣ ਵਾਲੇ ਪੰਜਾਬੀ ਇਹ ਦੁਖਦ ਪੀੜਾ ਨੂੰ ਭੁੱਲਾ ਨਹੀਂ ਸਕੇ। '47 ਦੀ ਵੰਡ ਦੇਸ਼ ਵਾਸੀਆਂ ਖਾਸ ਕਰ ਪੰਜਾਬੀਆਂ ਦੇ ਅਣਸੀਤੇ ਜ਼ਖ਼ਮਾਂ ਦੀ ਦੁੱਖ ਭਰੀ ਦਾਸਤਾਨ ਹੈ। ਸੰਨ 47 ਦੀ ਵੰਡ ਵਿਚ ਹਿੰਦੂ, ਮੁਸਲਿਮ, ਸਿੱਖਾਂ, ਇਸਾਈਆਂ ਸਮੇਤ ਹਰ ਫਿਰਕੇ ਦੀਆਂ ਮਹਿਲਾਵਾਂ ਤਸ਼ੱਦਦ ਦਾ ਸ਼ਿਕਾਰ ਹੋਈਆਂ। ਦੋਵੇਂ ਪਾਸੇ ਹਜ਼ਾਰਾਂ ਔਰਤਾਂ ਦੇ ਬਲਾਤਕਾਰ ਅਤੇ ਕਤਲ ਹੋਏ।

ਸੰਨ 1947 ਤੋਂ ਬਾਅਦ ਲਹਿੰਦੇ ਪੰਜਾਬ ਤੋਂ ਆਏ ਸਿੱਖ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਅਪਣੀ ਸਹੂਲਤ ਅਨੁਸਾਰ ਜਾ ਵੱਸੇ। ਜਿੱਥੇ ਆਪਣੇ ਪੁਰਖਿਆਂ ਦੇ ਵਸਾਏ ਘਰ ਬਾਰ, ਜ਼ਮੀਨਾਂ-ਜਾਇਦਾਦਾਂ, ਦੌਲਤ-ਸ਼ੋਹਰਤ ਗੁਆ ਕੇ ਆਉਣ ਦਾ ਅਸਹਿ ਤੇ ਅਕਹਿ ਦਰਦ ਸੀ, ਉੱਥੇ ਉਨ੍ਹਾਂ ਨੂੰ ਸਥਾਨਕ ਸਮਾਜ ਅੰਦਰ ਥਾਂ ਬਣਾਉਣ ਲਈ ਵੀ ਲੜਾਈ ਲੜਨੀ ਪਈ। ਉਨ੍ਹਾਂ ਦੇ ਸਿੱਖੀ ਸਰੂਪ ਦਾ ਮਜ਼ਾਕ ਬਣਾਇਆ ਗਿਆ, ਉਨ੍ਹਾਂ ਦੀ ਬੋਲੀ ਤੇ ਕਈ ਤਰਾਂ ਦੇ ਤੰਜ ਕੱਸੇ ਗਏ।

ਪਾਕਿਸਤਾਨ ਵਿੱਚ 14 ਅਗਸਤ ਤੇ ਭਾਰਤ ਵਿੱਚ 15 ਅਗਸਤ, ਜਿਸ ਨੂੰ ਅਜ਼ਾਦੀ ਦੇ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ, ਉਹ ਦੋਵੇਂ ਦਿਨ, ਦੋਵੇਂ ਪਾਸੇ ਵੰਡੇ ਗਏ ਪੰਜਾਬੀਆਂ ਵਾਸਤੇ ਖ਼ੂਨੀ ਹਨੇਰੀ ਦੀ ਤਬਾਹੀ ਭਰੀ ਸ਼ਾਜਿਸ਼ ਤੇ ਬਰਬਾਦੀ ਦੀ ਦਾਸਤਾਨ ਤੋਂ ਵੱਧ ਹੋਰ ਕੁਝ ਵੀ ਨਹੀਂ ਸਨ!

**1 ਕਰੋੜ 82 ਲੱਖ ਪੰਜਾਬੀ ਉੱਜੜਿਆ :** ਇਹਨਾਂ ਦੋ ਦਿਨਾਂ ਤੱਕ ਪਹੁੰਚਦਿਆਂ 1 ਕਰੋੜ 82 ਲੱਖ ਪੰਜਾਬੀ ਉੱਜੜ ਚੁੱਕੇ ਸਨ, 10 ਲੱਖ ਦੇ ਕੁਰੀਬ ਮਾਰੇ ਜਾ ਚੁੱਕੇ ਸਨ। 2.50 ਲੱਖ ਔਰਤਾਂ ਦਾ ਬਲਾਤਕਾਰ ਹੋ ਚੁੱਕਾ ਸੀ। ਮਾਵਾਂ ਦੇ ਪੁੱਤ, ਭੈਣਾਂ ਦੇ ਵੀਰ, ਮਾਪਿਆ ਤੋਂ ਬੱਚੇ ਤੇ ਸੁਹਾਗਣਾਂ ਦੇ ਸੁਹਾਗ ਵਿੱਛੜ ਚੁੱਕੇ ਸਨ। ਪੰਜਾਬ ਦੇ ਦਰਿਆ ਖ਼ੂਨ ਰੱਤੇ ਤੇ ਧਰਤੀ ਖ਼ੂਨ ਨਾਲ ਲੱਥ ਪੱਥ ਹੋਈ।

ਪੰਜਾਬੀ ਬੋਲੀ ਤੇ ਵਿਰਸੇ ਦਾ ਘਾਣ ਹੋਇਆ। ਸਭਿਆਚਾਰ ਦਾ ਮਲੀਆਮੇਟ ਹੋਇਆ। 85 ਫੀਸਦੀ ਕੁਰਬਾਨੀਆਂ ਦੇਣ ਵਾਲਿਆਂ ਨਾਲ ਜ਼ਬਾਨੀ-ਕਲਾਮੀ ਵੱਡੇ ਵੱਡੇ ਵਾਅਦੇ ਕੀਤੇ ਤੇ 15 ਅਗਸਤ ਲਾਲ ਕਿਲੇ 'ਤੇ ਤਿਰੰਗਾ ਝੁਲਦਿਆਂ ਹੀ ਸਭ ਕਾਫ਼ੂਰ ਹੋ ਗਏ। ਜਿਹਨਾਂ ਕੁਰਬਾਨੀਆਂ ਦਿੱਤੀਆਂ, ਉਹ ਰਾਤੋ ਰਾਤ ਫਾਡੀ ਕਰ ਦਿੱਤੇ ਗਏ ਤੇ ਜਿਨ੍ਹਾਂ ਕੁਝ ਵੀ ਨਾ ਕੀਤਾ, ਉਹ ਚੀਚੀ ਨੂੰ ਖ਼ੂਨ ਲਗਾ ਕੇ ਸ਼ਹੀਦ ਬਣ ਗਏ। ਇਸ 15 ਅਗਸਤ ਤੋਂ ਬਾਅਦ ਲਹਿੰਦੇ ਤੇ ਚੜ੍ਹਦੇ ਦੋਹੀਂ ਪਾਸੀਂ ਵਸਦੇ ਪੰਜਾਬੀਆਂ ਨਾਲ ਜੋ ਜੱਗੋਂ ਤੇਰ੍ਹਵੀਂ ਕੀਤੀ/ਕਰਵਾਈ ਗਈ ਤੇ ਅਜੇ ਵੀ ਜਾਰੀ ਹੈ, ਉਸ ਬਾਰੇ ਕੋਈ ਖੁਲਾਸਾ ਕਰਨ ਦੀ ਜ਼ਰੂਰਤ ਨਹੀਂ ਕਿਉਂਕਿ ਪੰਜਾਬ ਦਾ ਬੱਚਾ ਬੱਚਾ ਸਭ ਕੁਝ ਜਾਣਦਾ ਹੈ।

**1947 ਦੀਆਂ ਦਰਦ ਭਰੀਆਂ ਘਟਨਾਵਾਂ :** 1947 ਦੀ ਵੰਡ ਤੋਂ ਪਹਿਲਾਂ ਕਿਲਾ ਦੀਵਾਨ ਸਿੰਘ (ਲਾਹੌਰ) ਦੇ ਸੰਧਾ ਪਰਿਵਾਰ ਜੋ ਕਿ ਵੰਡ ਉਪਰੰਤ ਫਿਰੋਜ਼ਪੁਰ ਦੇ ਪਿੰਡ ਜੀਵਾ ਅਰਾਈਂ ਆ ਵਸੇ ਸਨ ਦੇ ਪਰਿਵਾਰਕ ਮੈਂਬਰ ਡਾ. ਕੁਲਵੰਤ ਸਿੰਘ ਸੰਧਾ ਨੇ ਦੱਸਿਆ ਕਿ ਪਾਕਿਸਤਾਨ ਵਿੱਚ ਉਨ੍ਹਾਂ ਦੇ ਪੁਰਖਿਆਂ ਕੋਲ 800 ਏਕੜ ਦੇ ਕਰੀਬ ਜ਼ਮੀਨ ਸੀ ਅਤੇ ਵੰਡ ਦੇ ਰੌਲੇ ਮੌਕੇ ਉਨ੍ਹਾਂ ਦੇ ਪਰਿਵਾਰ ਦੇ ਕਰੀਬ 48 ਮੈਂਬਰਾਂ ਨੂੰ ਆਪਣੀਆਂ ਜਾਨਾਂ ਗੁਆਉਣੀਆਂ ਪਈਆਂ ਤੇ ਉਨਾਂ ?ਹ ਦੇ ਪਰਿਵਾਰ ਦੇ ਮਰਦ ਮੈਂਬਰਾਂ ਵਿੱਚੋਂ ਸਿਰਫ ਉਹਦੇ ਪਿਤਾ ਫੌਜਦਾਰ ਸਿੰਘ ਸੰਧਾ ਹੀ ਭਾਰਤ ਪਹੁੰਚ ਸਕੇ। ਜ਼ਕਿਰਯੋਗ ਹੈ ਕਿ ਇਹ ਪਰਿਵਾਰ ਮਹਾਰਾਜਾ ਰਣਜੀਤ ਸਿੰਘ ਦੇ ਸੈਨਾਪਤੀ ਬਾਬਾ ਦੀਵਾਨ ਸਿੰਘ ਦੇ ਵੰਸ਼ਿਜ਼ ਹਨ ਡਾਕਟਰ ਕੁਲਵੰਤ

**ਗੁਰਪ੍ਰੀਤ ਸਿੰਘ**

ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਨੂੰ ਚੜ੍ਹਦੇ ਪੰਜਾਬ ਵਿੱਚ ਸਿਰਫ 200 ਏਕੜ ਜ਼ਮੀਨ ਹੀ ਅਲਾਟ ਕੀਤੀ ਗਈ ਸੀ।

ਇਸੇ ਤਰ੍ਹਾਂ ਫਿਰੋਜ਼ਪੁਰ ਸ਼ਹਿਰ ਵਿੱਚ ਵੱਸੇ ਵਿਰਕ ਪਰਿਵਾਰ ਦੇ ਮਹਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਉਨ੍ਹਾਂ ਦਾ ਪਿੰਡ ਸਹਾਰੀ ਲਾਹੌਰ ਜਿਲੇ ਵਿਚ ਸਥਿਤ ਸੀ ਤੇ ਉਸਦੇ ਪਿਤਾ ਠਾਕੁਰ ਸਿੰਘ ਹੋਰਾਂ ਦਾ ਕੂਕਾ ਲਹਿਰ ਅਤੇ ਜੈਤੋ ਦਾ ਮੋਰਚਾ ਵਿੱਚ ਅਹਿਮ ਯੋਗਦਾਨ ਰਿਹਾ ਸੀ। ਸੰਨ 47 ਦੀ ਵੰਡ ਮੌਕੇ ਉਨ੍ਹਾਂ ਦੀ ਉਮਰ ਮਹਿਜ ਡੇਢ ਸਾਲ ਸੀ ਤੇ ਉਨ੍ਹਾਂ ਨੇ ਆਪਣੇ ਵਡੇਰਿਆਂ ਤੋ ਜੋ ਸੁਣਿਆਂ ਉਸ ਮੁਤਾਬਿਕ ਉਨ੍ਹਾਂ ਦੀਆਂ ਉਧਰ ਪਾਕਿਸਤਾਨ ਵਿਚ ਸੈਂਕੜੇ ਏਕੜ ਜ਼ਮੀਨਾਂ, ਬਾਗ, ਘੋੜੀਆਂ ਸਮੇਤ ਸ਼ਾਹੀ ਠਾਠ ਬਾਠ ਸੀ। ਵੰਡ ਦੌਰਾਨ ਬੇਸ਼ੱਕ ਸਾਰਾ ਸੋਨਾ,ਚਾਂਦੀ, ਪੈਸਾ ਅਤੇ ਜਾਇਦਾਦ ਉਧਰ ਰਹਿ ਗਿਆ ਪਰ ਪਰਿਵਾਰਾਂ ਦਾ ਸਾਰਾ ਕਾਫਲਾ ਸਹੀ ਸਲਾਮਤ ਚੜ੍ਹਦੇ ਪੰਜਾਬ ਆ ਗਿਆ ਸੀ। ਪਟਿਆਲਾ ਜਿਲੇ ਵਿੱਚ ਜ਼ਮੀਨ ਅਲਾਟ ਹੋਈ ਪਰ ਸਾਡੀ ਜਾਇਦਾਦ ਦੇ ਮੁਕਾਬਲੇ ਬਹੁਤ ਘੱਟ ਸੀ। ਪਰਿਵਾਰ ਨੇ ਮੇਹਨਤ ਕੀਤੀ ਅੱਜ ਹਰ ਸੁੱਖ ਸਹੂਲਤ ਪ੍ਰਾਪਤ ਹੈ। ਭਾਰਤ ਦੀ ਵੰਡ ਇੱਕ ਮੁਸ਼ਕਲ ਮਸਲਾ ਸੀ, ਜਿਸ ਦੇ ਲਈ ਕਿਸੇ ਇੱਕ ਵਿਅਕਤੀ ਨੂੰ ਜ਼ਿੰਮੇਵਾਰ ਠਹਿਰਾਉਣਾ ਸ਼ਾਇਦ ਜਾਇਜ਼ ਨਹੀ ਹੈ। ਬੇਸ਼ੱਕ ਵੰਡ ਵਿੱਚ ਮੁਸਲਿਮ ਲੀਗ, ਹਿੰਦੂ ਮਹਾਂ ਸਭਾ, ਕਾਂਗਰਸ ਤੇ ਬਰਤਾਨਵੀ ਸ਼ਾਸਨ ਸਮੇਤ ਸਾਰਿਆਂ ਦੀ ਭੂਮਿਕਾ ਹੈ। ਕਿਸੇ ਦੀ ਘੱਟ, ਕਿਸੇ ਦੀ ਵੱਧ, ਇਸ ਬਾਰੇ ਬਹਿਸ ਦੀ ਪੂਰੀ ਗੁੰਜਾਇਸ਼ ਹੈ। ਹਰ ਸਮਾਜ ਵਿੱਚ ਨਾ ਤੇ ਰੋਜ਼ਾਨਾ ਕਲੇਸ਼ ਹੁੰਦਾ ਹੈ, ਨਾ ਹਰ ਰੋਜ਼ ਜੱਫੀਆਂ ਪੈਂਦੀਆਂ ਹਨ ਅਤੇ ਨਾ ਹੀ ਆਮ ਕਤਲੋ-ਗਾਰਦ ਹੁੰਦੇ ਹਨ। ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਇਸਾਈਆਂ ਦੇ ਸਾਂਝੇ ਪੰਜਾਬ ਦੀ ਹਿੱਕ ਤੇ ਖੁੱਭਿਆ 1947 ਦੀ ਵੰਡ ਅਜਿਹਾ ਜਖਮ ਹੈ ਜੋ ਹਮੇਸ਼ਾਂ ਰਿਸਦੇ ਰਹਿਣਾ ਏ। 15 ਅਗਸਤ ਪੰਜਾਬ ਦੇ ਇਤਿਹਾਸ ਦਾ ਸਿਆਹ ਕਾਲਾ ਦਿਨ ਹੈ। ਇਸ ਦਿਨ ਅੰਗਰੇਜ ਤਾਂ ਹਿੰਦੁਸਤਾਨ ਛੱਡ ਕੇ ਬੇਸ਼ਕ ਚਲੇ ਗਏ, ਪਰ ਮੁਲਕ ਅਜ਼ਾਦ ਨਹੀਂ ਹੋਇਆ, ਸਗੋ ਟੋਟੇ ਟੋਟੇ ਹੋਇਆ ਤੇ ਇਸ ਦਿਨ ਟੁਕੜੇ ਹੋਏ ਮੁਲਕ ਨੂੰ ਪਿਛਲੇ 75 ਸਾਲ ਤੋਂ ਕੌਣ ਸ਼ੈਤਾਨ ਕਿਵੇਂ ਆਜ਼ਾਦੀ ਦਾ ਨਾਮ ਦੇ ਕੇ ਹਰ ਸਾਲ ਜਸ਼ਨ ਮਨਾ ਰਿਹਾ ਹੈ, ਇਹ ਬਿਲਕੁਲ ਹੀ ਸਮਝ ਤੋਂ ਪਰੇ ਦੀ ਗੱਲ ਹੈ। ਇਸ ਤੋਂ ਵੀ ਵੱਡੀ ਮੂਰਖਤਾ ਵਾਲੀ ਗੱਲ ਇਹ ਹੈ ਕਿ ਸਾਡੇ ਵਿੱਚੋ ਬਹੁਤਿਆਂ ਨੇ ਕਦੇ ਇਹ ਵਿਚਾਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਜਾਂ ਫੇਰ ਲੋੜ ਹੀ ਨਹੀ ਸਮਝੀ ਕਿ ਅਜ਼ਾਦੀ ਦੀ ਪਰਿਭਾਸ਼ਾ ਕੀ ਹੁੰਦੀ ਹੈ!

# ਗੋਆ ਦੇ ਸ਼ਹੀਦ ਕਰਨੈਲ ਸਿੰਘ ਈਸੜੂ ਨੂੰ ਯਾਦ ਕਰਦਿਆਂ

**ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ,**
**ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ**

ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅਨੇਕਾਂ ਸ਼ਹੀਦੀਆਂ ਪਾਉਣੀਆਂ ਪਈਆਂ। ਪਰ ਗੋਆ ਦੇਸ਼ ਦੀ ਆਜ਼ਾਦੀ ਦੇ ਨਾਲ ਆਜ਼ਾਦ ਨਹੀਂ ਸੀ ਹੋਇਆ, ਕਿਉਂਕਿ ਗੋਆ 'ਤੇ ਅੰਗਰੇਜ਼ਾਂ ਦਾ ਰਾਜ ਨਹੀਂ ਸੀ, ਸਗੋਂ ਗੋਆ ਤਾਂ ਪੁਰਤਗਾਲ ਦੇ ਅਧੀਨ ਸੀ। ਗੋਆ ਨੂੰ ਆਜ਼ਾਦ ਕਰਵਾਉਣ ਲਈ ਆਜ਼ਾਦੀ ਦੇ ਪਰਵਾਨਿਆਂ ਨੂੰ ਹੋਰ ਸ਼ਹੀਦੀਆਂ ਦੇਣੀਆਂ ਪਈਆਂ। ਗੋਆ ਨੂੰ ਪੁਰਤਗਾਲੀਆਂ ਤੋਂ ਆਜ਼ਾਦ ਕਰਵਾਉਣ ਦੀ ਗਾਥਾ ਦੇਸ਼ ਭਰ ਵਿਚ ਕਿਤੇ ਵੀ ਕਹੀ ਜਾਂਦੀ ਹੋਵੇ, ਉਸ ਵਿਚ ਪੰਜਾਬ ਦੇ ਇਕ ਮਹਾਨ ਸਪੂਤ ਦਾ ਜ਼ਿਕਰ ਜ਼ਰੂਰ ਹੁੰਦਾ ਹੈ। ਉਹ ਸਪੂਤ ਹਨ ਸ਼ਹੀਦ ਕਰਨੈਲ ਸਿੰਘ ਈਸੜੂ। ਕਰਨੈਲ ਸਿੰਘ ਈਸੜੂ ਪੰਜਾਬੀ ਦੇ ਪ੍ਰਮੁੱਖ ਸ਼ਾਇਰ, ਪ੍ਰਿੰਸੀਪਲ ਤਖ਼ਤ ਸਿੰਘ ਦੇ ਸਕੇ ਭਰਾ ਸਨ। ਇੱਥੇ ਵਰਨਣਯੋਗ ਹੈ ਕਿ ਸ਼ਹੀਦ ਕਰਨੈਲ ਸਿੰਘ ਈਸੜੂ ਲੁਧਿਆਣਾ ਤੋਂ ਗੋਆ ਜਾਣ ਲਈ ਗੱਡੀ 'ਤੇ ਸਵਾਰ ਹੋਏ ਤਾਂ ਰਸਤੇ ਵਿਚ ਖੰਨਾ ਰੇਲਵੇ ਸਟੇਸ਼ਨ 'ਤੇ ਉਹ 4 ਮਿੰਟ ਲਈ ਰੁਕੀ ਗੱਡੀ ਸਮੇਂ ਆਪਣੇ ਦੋਸਤ ਸੰਤ ਰਾਮ 'ਹਰ' ਨੂੰ ਉਚੇਚਾ ਸੁਨੇਹਾ ਭੇਜ ਕੇ ਮਿਲੇ ਅਤੇ ਆਪਣੇ ਸਾਈਕਲ ਦੀ ਚਾਬੀ ਉਨ੍ਹਾਂ ਨੂੰ ਸੌਂਪੀ ਕਿਉਂਕਿ ਇਹ ਸਾਈਕਲ 'ਹਰ' ਦੇ ਪਿਤਾ ਨੇ ਕਰਨੈਲ ਸਿੰਘ ਨੂੰ ਪਿੰਡੋਂ ਸ਼ਹਿਰ ਆਉਣ ਜਾਣ ਲਈ ਲੈ ਕੇ ਦਿੱਤੀ ਹੋਈ ਸੀ। ਇਸ ਮੌਕੇ ਹੀ ਉਨ੍ਹਾਂ ਨੇ ਆਪਣੇ ਦੋਸਤ ਨੂੰ ਦੱਸਿਆ ਕਿ ਉਹ ਗੋਆ ਨੂੰ ਆਜ਼ਾਦ ਕਰਵਾਉਣ ਲਈ ਜਾ ਰਹੇ ਹਨ ਅਤੇ ਤਦ ਤੱਕ ਵਾਪਸ ਨਹੀਂ ਆਉਣਗੇ ਜਦੋਂ ਤੱਕ ਗੋਆ ਆਜ਼ਾਦ ਨਹੀਂ ਹੋ ਜਾਂਦਾ। 92 ਸਾਲਾ ਸੰਤ ਰਾਮ 'ਹਰ' ਸ਼ਹੀਦ ਕਰਨੈਲ ਸਿੰਘ ਨੂੰ ਯਾਦ ਕਰਦਿਆਂ ਦੱਸਦੇ ਹਨ ਕਿ ਉਹ ਬਹੁਤ ਇਮਾਨਦਾਰ, ਬਹੁਤ ਮਿਹਨਤੀ ਨੌਜਵਾਨ ਸਨ। ਉਸ ਵੇਲੇ ਉਹ 'ਹਰ' ਤੋਂ 4 ਸਾਲ ਵੱਡੇ ਸਨ। ਸ਼ਹੀਦ ਕਰਨੈਲ ਸਿੰਘ ਨੇ 'ਹਰ' ਨੂੰ ਤਾਕੀਦ ਕੀਤੀ ਕਿ ਉਨ੍ਹਾਂ ਦੇ ਸ਼ਹੀਦੀ ਲਈ ਜਾਣ ਦੀ ਗੱਲ ਅਜੇ ਚਾਚਾ ਜੀ ('ਹਰ' ਦੇ ਪਿਤਾ) ਅਤੇ ਮੇਰੀ ਮਾਤਾ ਤੋਂ ਬਿਨਾਂ ਕਿਸੇ ਨੂੰ ਨਹੀਂ ਦੱਸਣੀ। ਕਰਨੈਲ ਸਿੰਘ ਈਸੜੂ ਨੇ ਗੋਆ ਨੂੰ ਆਜ਼ਾਦ ਕਰਵਾਉਣ ਲਈ ਬੇ-ਝਿਜਕ ਆਪਣੀ ਜਾਨ ਵਾਰ ਦਿੱਤੀ, ਜਿਸ ਦੇ ਨਤੀਜੇ ਵਜੋਂ ਹੁਣ ਉਨ੍ਹਾਂ ਦੀ ਯਾਦ ਵਿਚ ਹਰ ਸਾਲ ਉਨ੍ਹਾਂ ਦੇ ਪਿੰਡ ਈਸੜੂ ਵਿਖੇ ਲਗਪਗ ਸਾਰੀਆਂ ਸਿਆਸੀ ਪਾਰਟੀਆਂ ਵਲੋਂ ਸ਼ਹੀਦੀ ਕਾਨਫ਼ਰੰਸਾਂ ਕੀਤੀਆਂ ਜਾਂਦੀਆਂ ਹਨ।

ਕਰਨੈਲ ਸਿੰਘ ਦਾ ਜਨਮ ਜ਼ਿਲ੍ਹਾ ਲਾਇਲਪੁਰ ਦੇ ਪਿੰਡ ਚੱਕ ਨੰਬਰ 50 ਵਿਚ 9 ਸਤੰਬਰ 1930 ਨੂੰ ਹੋਇਆ ਸੀ, ਇਹ ਹੁਣ ਪਾਕਿਸਤਾਨ ਵਿਚ ਹੈ। ਉਨ੍ਹਾਂ ਦੇ ਪਿਤਾ ਦਾ ਨਾਂਅ ਸੁੰਦਰ ਸਿੰਘ ਅਤੇ ਮਾਤਾ ਦਾ ਨਾਂਅ ਹਰਨਾਮ ਕੌਰ ਸੀ। ਕਰਨੈਲ ਸਿੰਘ ਦੀਆਂ ਚਾਰ ਭੈਣਾਂ ਤੇ ਤਿੰਨ ਭਰਾ ਸਨ।

ਕਰਨੈਲ ਸਿੰਘ ਦੇ ਪਿਤਾ ਸੁੰਦਰ ਸਿੰਘ ਬਰਤਾਨਵੀ ਫ਼ੌਜ ਵਿਚ ਸ਼ਾਮਿਲ ਸਨ। ਬਰਤਾਨਵੀ ਸਰਕਾਰ ਵਲੋਂ ਜਦੋਂ ਲਾਇਲਪੁਰ ਦੀਆਂ ਬਾਰਾਂ ਨੂੰ ਆਬਾਦ ਕਰਨ ਲਈ ਜ਼ਮੀਨਾਂ ਅਲਾਟ ਕੀਤੀਆਂ ਗਈਆਂ ਤਾਂ ਕਰਨੈਲ ਸਿੰਘ ਈਸੜੂ ਦੇ ਪਰਿਵਾਰ ਨੂੰ ਵੀ ਇਕ ਮੁਰੱਬਾ ਜ਼ਮੀਨ ਅਲਾਟ ਹੋਈ ਸੀ। ਕਰਨੈਲ ਸਿੰਘ ਨੇ ਸ਼ੁਰੂਆਤੀ ਸਿੱਖਿਆ ਪਿੰਡ ਦੇ ਸਕੂਲ ਅਤੇ ਨੌਵੀਂ ਤੱਕ ਦੀ ਪੜ੍ਹਾਈ ਨੇੜਲੇ ਪਿੰਡ ਖ਼ੁਸ਼ਪੁਰ ਤੋਂ ਕੀਤੀ ਸੀ। ਭਾਰਤ ਦੀ ਆਜ਼ਾਦੀ ਤੋਂ ਬਾਅਦ ਕਰਨੈਲ ਸਿੰਘ ਦਾ ਪਰਿਵਾਰ ਖੰਨਾ ਨੇੜਲੇ ਆਪਣੇ ਪੁਸ਼ਤੈਨੀ ਪਿੰਡ ਈਸੜੂ ਆ ਗਿਆ ਸੀ।

ਕਰਨੈਲ ਸਿੰਘ ਨੇ ਖੰਨੇ ਦੇ ਗੁਰੂ ਗੋਬਿੰਦ ਸਿੰਘ ਖ਼ਾਲਸਾ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ। ਫਿਰ ਐਫ਼. ਏ. ਦਾ ਇਮਤਿਹਾਨ ਪ੍ਰਾਈਵੇਟ ਤੌਰ 'ਤੇ ਦਿੱਤਾ ਅਤੇ ਫਿਰ ਜਗਰਾਓਂ ਵਿਚ ਅਧਿਆਪਨ ਦੀ ਬੇਸਿਕ ਟਰੇਨਿੰਗ ਦੀ ਪੜ੍ਹਾਈ ਕੀਤੀ। ਕੁਝ ਸਮੇਂ ਬਾਦ ਸਰਕਾਰੀ ਸਕੂਲ ਵਿਚ ਨੌਕਰੀ ਮਿਲ ਗਈ। ਕਰਨੈਲ ਸਿੰਘ ਦਾ ਵਿਆਹ 1955 ਵਿਚ 25 ਸਾਲ ਦੀ ਉਮਰ ਵਿਚ ਚਰਨਜੀਤ ਕੌਰ ਨਾਲ ਹੋਇਆ। ਕਰਨੈਲ ਸਿੰਘ ਦੇ ਜੀਵਨ ਉੱਤੇ ਆਜ਼ਾਦੀ ਮੌਕੇ ਹੋਈ ਵੰਡ, ਕਤਲੇਆਮ, ਸ਼ਰਨਾਰਥੀਆਂ ਦੀਆਂ ਸਮੱਸਿਆਵਾਂ, ਔਰਤਾਂ ਅਤੇ ਬੱਚਿਆਂ 'ਤੇ ਹੋਏ ਜ਼ੁਲਮਾਂ ਦਾ ਗਹਿਰਾ ਪ੍ਰਭਾਵ ਪਿਆ। ਭਾਰਤ ਦੀ ਸੋਸ਼ਲਿਸਟ ਪਾਰਟੀ ਵਲੋਂ ਸੰਨ 1955 ਵਿਚ ਗੋਆ, ਦਮਨ ਅਤੇ ਦੀਵ ਨੂੰ ਪੁਰਤਗਾਲ ਤੋਂ ਆਜ਼ਾਦ ਕਰਾਉਣ ਲਈ 'ਗੋਆ ਵਿਮੋਚਨ ਸੰਮਤੀ' ਬਣਾਈ ਗਈ ਅਤੇ ਨੌਜਵਾਨਾਂ ਨੂੰ ਸੱਤਿਆਗ੍ਰਹਿ ਵਿਚ ਸ਼ਾਮਿਲ



ਹੋਣ ਲਈ ਕਿਹਾ ਗਿਆ। ਕਰਨੈਲ ਸਿੰਘ ਨੂੰ ਇਸ ਸੱਤਿਆਗ੍ਰਹਿ ਵਿਚ ਸੱਤਿਆਗ੍ਰਹੀ ਬਣਨ ਦੀ ਇਜਾਜ਼ਤ ਨਾ ਮਿਲੀ। ਪਰ ਇਸ ਦੇ ਬਾਵਜੂਦ ਉਹ ਆਪਣੀ ਘੜੀ ਤੇ ਹੋਰ ਸਾਮਾਨ ਵੇਚ ਕੇ ਅਤੇ ਕੁੱਝ ਮਿੱਤਰਾਂ ਤੋਂ ਪੈਸੇ ਲੈ ਕੇ ਬੰਬਈ ਪਹੁੰਚ ਗਏ। 12 ਅਗਸਤ 1955 ਨੂੰ ਉਹ ਬੰਬਈ ਰੇਲਵੇ ਸਟੇਸ਼ਨ 'ਤੇ ਪੰਜਾਬੀ ਸੱਤਿਆਗ੍ਰਹੀਆਂ ਦੀ ਟੋਲੀ ਵਿਚ ਸ਼ਾਮਿਲ ਹੋ

**ਹਰਜਿੰਦਰ ਸਿੰਘ ਲਾਲ**

ਗਏ। 13 ਅਗਸਤ ਨੂੰ ਇਹ ਟੋਲੀ ਪੂਨੇ (ਪੁਣੇ) ਜਾ ਪਹੁੰਚੀ ਅਤੇ ਆਜ਼ਾਦੀ ਦੇ ਸੱਤਿਆਗ੍ਰਹੀ ਜਥੇ ਵਿਚ ਸ਼ਾਮਿਲ ਹੋ ਗਈ। ਇਸ ਸੱਤਿਆਗ੍ਰਹੀ ਜਥੇ ਦੀ ਕਮਾਂਡ ਬੰਗਾਲੀ ਨੇਤਾ ਕਾਮਰੇਡ ਚੇਤਲੇ ਕਰ ਰਹੇ ਸਨ।

15 ਅਗਸਤ 1955 ਨੂੰ ਭਾਰਤ ਦੇ ਵੱਖ-ਵੱਖ ਇਲਾਕਿਆਂ ਤੋਂ ਆਏ ਹੋਏ 12 ਸੱਤਿਆਗ੍ਰਹੀ ਗੋਆ ਵੱਲ ਰਵਾਨਾ ਹੋਏ। ਉਨ੍ਹਾਂ ਨੇ ਗੋਆ ਦੀ ਸਰਹੱਦ ਦੇ ਇਕ ਪਿੰਡ ਪਿਤਰਾਦੇਵੀ ਵੱਲ ਚੱਲਣਾ ਸ਼ੁਰੂ ਕੀਤਾ। 15 ਅਗਸਤ 1955 ਈ. ਨੂੰ ਸਾਰੇ ਵਲੰਟੀਅਰ ਗੋਆ ਦੀ ਸਰਹੱਦ ਤੋਂ ਅੱਧਾ ਕਿੱਲੋਮੀਟਰ ਦੀ ਦੂਰੀ ਉੱਤੇ ਇਕੱਠੇ ਹੋ ਗਏ ਅਤੇ ਕਾਮਰੇਡ ਚੇਤਲੇ ਦੀ ਅਗਵਾਈ ਅਧੀਨ ਚਾਰ-ਚਾਰ ਦੀਆਂ ਕਤਾਰਾਂ ਬਣਾ ਕੇ ਗੋਆ ਦੀ ਹੱਦ ਵਿਚ ਦਾਖ਼ਲ ਹੋਣ ਲੱਗ ਗਏ। ਉਸ ਵੇਲੇ ਸੈਂਕੜੇ ਲੋਕਾਂ ਦਾ ਇਕੱਠ ਉਨ੍ਹਾਂ ਦੇ ਨਾਲ ਚੱਲ ਰਿਹਾ ਸੀ, ਜਿਨ੍ਹਾਂ ਵਿਚ ਵਿਦੇਸ਼ੀ ਪੱਤਰਕਾਰ ਵੀ ਸਨ। ਜਦੋਂ ਨਿਹੱਥੇ ਸੱਤਿਆਗ੍ਰਹੀ ਅੱਗੇ ਵਧ ਰਹੇ ਸਨ ਤਾਂ ਪੁਰਤਗਾਲੀ ਫ਼ੌਜ ਨੇ ਬਿਨਾਂ ਚਿਤਾਵਨੀ ਦੇ ਹੀ 5 ਪਾਸਿਓਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਪੁਰਤਗਾਲੀ ਸਿਪਾਹੀਆਂ ਦੀਆਂ ਗੋਲੀਆਂ ਕਾਮਰੇਡ ਚੇਤਲੇ ਅਤੇ ਮਧੁਕਰ ਚੌਧਰੀ ਨੂੰ ਲੱਗੀਆਂ। ਇਕ ਗੋਲੀ ਸਾਹੋਦਰਾ ਦੇਵੀ ਨੂੰ ਵੀ ਲੱਗੀ। ਜਦੋਂ ਕੌਮੀ ਤਿਰੰਗਾ ਝੰਡਾ ਕਾਮਰੇਡ ਚੇਤਲੇ ਦੇ ਹੱਥੋਂ ਡਿਗਣ ਹੀ ਲੱਗਾ ਸੀ ਕਿ ਕਰਨੈਲ ਸਿੰਘ ਨੇ ਅੱਗੇ ਵਧ ਕੇ ਝੰਡਾ ਆਪਣੇ ਹੱਥਾਂ ਵਿਚ ਫੜ ਲਿਆ। ਕਰਨੈਲ ਸਿੰਘ ਨੂੰ ਵੀ ਦੋ ਗੋਲੀਆਂ ਵੱਜੀਆਂ ਅਤੇ ਉਹ 'ਇਨਕਲਾਬ ਜ਼ਿੰਦਾਬਾਦ', 'ਭਾਰਤ ਮਾਤਾ ਦੀ ਜੈ' ਅਤੇ 'ਬੋਲੇ ਸੋ ਨਿਹਾਲ' ਦੇ ਨਾਅਰੇ ਮਾਰਦਾ ਗੋਆ ਦੀ ਆਜ਼ਾਦੀ ਲਈ ਸ਼ਹੀਦ ਹੋ ਗਿਆ। ਇਨ੍ਹਾਂ ਦਾ ਸਸਕਾਰ ਪੂਨੇ ਵਿਚ ਹੀ ਕੀਤਾ ਗਿਆ।

ਉਦੋਂ ਤੋਂ ਹਰ ਸਾਲ 15 ਅਗਸਤ ਨੂੰ ਆਜ਼ਾਦੀ ਦਿਵਸ 'ਤੇ ਪਿੰਡ ਈਸੜੂ ਵਿਚ ਸ਼ਹੀਦ ਕਰਨੈਲ ਸਿੰਘ ਦਾ ਸ਼ਹੀਦੀ ਦਿਨ ਵੀ ਮਨਾਇਆ ਜਾਂਦਾ ਹੈ। ਸਾਰੀਆਂ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਇਸ ਦਿਨ ਬੜੀ ਸ਼ਰਧਾ ਨਾਲ ਇਕੱਠ ਕਰਦੀਆਂ ਹਨ ਅਤੇ ਸ਼ਹੀਦ ਨੂੰ ਸ਼ਰਧਾਂਜਲੀਆਂ ਅਰਪਿਤ ਕਰਦੀਆਂ ਹਨ। ਗ਼ੌਰਤਲਬ ਹੈ ਕਿ ਜਿੱਥੇ ਸ਼ਹੀਦ ਕਰਨੈਲ ਸਿੰਘ ਦਾ ਇਕ ਬੁੱਤ ਉਨ੍ਹਾਂ ਦੇ ਪਿੰਡ ਈਸੜੂ ਵਿਚ ਲਾਇਆ ਗਿਆ ਹੈ ਉੱਥੇ ਇਕ ਬੁੱਤ ਗੋਆ ਦੇ ਪਿੰਡ ਪਿਤਰਾਦੇਵੀ ਵਿਚ ਵੀ ਸਾਲ 2015 ਵਿਚ ਲਗਾਇਆ ਗਿਆ ਹੈ। ਖੰਨਾ ਦੇ ਕਈ ਲੋਕਾਂ ਦਾ ਵਿਚਾਰ ਹੈ ਕਿ ਸ਼ਹੀਦ ਕਰਨੈਲ ਸਿੰਘ ਈਸੜੂ ਦੀ ਯਾਦ ਵਿਚ ਕੋਈ ਵੱਡੀ ਯਾਦਗਾਰ ਨਹੀਂ ਬਣਾਈ ਗਈ। ਇਸ ਲਈ ਖੰਨਾ ਦਾ ਨਾਂਅ ਸ਼ਹੀਦ ਕਰਨੈਲ ਸਿੰਘ ਨਗਰ ਰੱਖ ਕੇ ਇਸ ਨੂੰ ਜ਼ਿਲ੍ਹਾ ਬਣਾਇਆ ਜਾਵੇ।


**ਜਦ ਡੁੱਲ੍ਹਦਾ ਖ਼ੂਨ ਸ਼ਹੀਦਾਂ ਦਾ,**
**ਤਕਦੀਰ ਬਦਲਦੀ ਕੌਮਾਂ ਦੀ।**
**ਰੰਬੀਆਂ ਨਾਲ ਖੋਪਰ ਲਹਿੰਦੇ ਜਾਂ**
**ਤਸਵੀਰ ਬਦਲਦੀ ਕੌਮਾਂ ਦੀ।**

**ਗੋਆ ਕਿਵੇਂ ਹੋਇਆ ਆਜ਼ਾਦ**

ਸ਼ਹੀਦ ਕਰਨੈਲ ਸਿੰਘ ਦੀ ਸ਼ਹੀਦੀ ਦੇ ਨਾਲ ਹੀ ਗੋਆ ਆਜ਼ਾਦ ਨਹੀਂ ਹੋ ਗਿਆ, ਸਗੋਂ ਇਹ ਆਜ਼ਾਦੀ ਦਸੰਬਰ 1961 ਵਿਚ ਹੀ ਮਿਲ ਸਕੀ। ਗੋਆ ਦੀ ਆਜ਼ਾਦੀ ਤੋਂ ਪਹਿਲਾਂ ਗੋਆ ਵਾਸੀਆਂ ਨੇ ਕਰੀਬ 451 ਸਾਲ ਪੁਰਤਗਾਲੀਆਂ ਦੀ ਗੁਲਾਮੀ ਸਹੀ। ਪੁਰਤਗਾਲ ਦਾ ਸਮੁੰਦਰੀ ਜਹਾਜ਼ਾਂ ਦਾ ਪ੍ਰਸਿੱਧ ਕਮਾਂਡਰ ਵਾਸਕੋ ਡੀ ਗਾਮਾ 'ਕੇਪ ਆਫ ਗੁਡਹੋਪ' ਜਹਾਜ਼ ਰਾਹੀਂ 1498 ਵਿਚ ਗੋਆ ਪਹੁੰਚਿਆ ਸੀ ਅਤੇ 12 ਸਾਲਾਂ ਵਿਚ ਹੀ ਪੁਰਤਗਾਲੀ ਗੋਆ ਉਤੇ ਕਬਜ਼ਾ ਕਰਕੇ ਹੁਕਮਰਾਨ ਬਣ ਗਏ ਸਨ। 1955 ਵਿਚ ਸ਼ਹੀਦ ਕਰਨੈਲ ਸਿੰਘ ਦੇ ਸਾਥੀਆਂ ਦੀ ਸ਼ਹੀਦੀ ਤੋਂ 6 ਸਾਲ ਬਾਅਦ 1961 ਵਿਚ, 19 ਦਸੰਬਰ ਨੂੰ ਗੋਆ ਨੂੰ ਪੁਰਤਗਾਲ ਤੋਂ ਆਜ਼ਾਦੀ ਮਿਲੀ। ਇਹ ਆਜ਼ਾਦੀ ਦੀ ਲੜਾਈ ਸੌਖੀ ਨਹੀਂ ਸੀ ਕਿਉਂਕਿ ਕਾਂਗਰਸ ਅਤੇ ਦੇਸ਼ ਦੇ ਵੱਡੇ ਨੇਤਾ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਭਾਰਤ ਦੇ ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਗੋਆ ਦੀ ਆਜ਼ਾਦੀ ਵੱਲ ਧਿਆਨ ਨਹੀਂ ਦੇ ਰਹੇ ਸਨ। ਪੁਰਤਗਾਲ ਗੋਆ ਨੂੰ ਆਸਾਨੀ ਨਾਲ ਛੱਡਣ ਦੇ ਮੂਡ ਵਿਚ ਨਹੀਂ ਸੀ। ਉਹ 'ਨਾਟੋ' (ਉਤਰੀ ਅਟਲਾਂਟਿਕ ਸੰਧੀ ਸੰਗਠਨ) ਦਾ ਮੈਂਬਰ ਸੀ ਅਤੇ ਨਹਿਰੂ ਫ਼ੌਜੀ ਟਕਰਾਅ ਤੋਂ ਝਿਜਕਦੇ ਸਨ। ਪਰ ਨਵੰਬਰ 1961 'ਚ ਪੁਰਤਗਾਲੀ ਫ਼ੌਜੀਆਂ ਨੇ ਗੋਆ ਦੇ ਮਛੇਰਿਆਂ 'ਤੇ ਗੋਲੀਬਾਰੀ ਕੀਤੀ, ਜਿਸ 'ਚ ਇਕ ਵਿਅਕਤੀ ਮਾਰਿਆ ਗਿਆ। ਇਸ ਤੋਂ ਬਾਅਦ ਭਾਰਤ ਨੂੰ ਮੌਕਾ ਮਿਲ ਗਿਆ। ਭਾਰਤ ਦੇ ਤਤਕਾਲੀ ਰੱਖਿਆ ਮੰਤਰੀ ਕੇ. ਵੀ. ਕ੍ਰਿਸ਼ਨਾ ਮੈਨਨ ਅਤੇ ਨਹਿਰੂ ਨੇ ਸਲਾਹ ਕਰਕੇ 17 ਦਸੰਬਰ ਨੂੰ ਭਾਰਤ ਨੇ ਆਪਰੇਸ਼ਨ 'ਵਿਜੇ' ਅਧੀਨ ਗੋਆ ਵਿਚ 30 ਹਜ਼ਾਰ ਦੀ ਜ਼ਮੀਨੀ, ਹਵਾਈ ਅਤੇ ਜਲ ਸੈਨਾ ਭੇਜ ਦਿੱਤੀ। ਪੁਰਤਗਾਲੀ ਸਿਰਫ਼ 36 ਘੰਟੇ ਹੀ ਮੁਕਾਬਲਾ ਕਰ ਸਕੇ। ਪੁਰਤਗਾਲ ਨੇ ਗੋਆ ਤੋਂ ਕਬਜ਼ਾ ਛੱਡਣ ਦਾ ਫ਼ੈਸਲਾ ਕਰ ਲਿਆ ਅਤੇ ਗੋਆ ਆਜ਼ਾਦ ਹੋ ਗਿਆ।

# 14-15 ਅਗਸਤ 1947 : ਆਜ਼ਾਦੀ ਨਹੀਂ, ਉਜਾੜਾ

## ਸਦੀ ਦੇ 'ਮਹਾਂ-ਦੁਖਾਂਤ' ਨੂੰ 'ਜਸ਼ਨ' ਵਜੋਂ ਮਨਾਉਣਾ ਬੌਧਿਕ ਦੀਵਾਲੀਆਪਣ





ਡਾ. ਗੁਰਵਿੰਦਰ ਸਿੰਘ
604 825 1550



ਵੀਹਵੀਂ ਸਦੀ ਦੇ ਆਰੰਭ ਵਿੱਚ ਗ਼ਦਰ ਪਾਰਟੀ ਨੇ ਕੈਨੇਡਾ-ਅਮਰੀਕਾ ਦੀ ਧਰਤੀ ਤੋਂ ਭਾਰਤ ਨੂੰ ਬ੍ਰਿਟਿਸ਼ ਸਾਮਰਾਜ ਤੋਂ ਆਜ਼ਾਦ ਕਰਵਾਉਣ ਦਾ ਬਿਗਲ ਬਜਾਇਆ ਸੀ। ਗ਼ਦਰੀ ਬਾਬਿਆਂ ਨੇ ਆਜ਼ਾਦ ਦੇਸ਼ ਲਈ ਨਾਂ 'ਯੂਨਾਈਟਿਡ ਸਟੇਟਸ ਆਫ਼ ਇੰਡੀਆ' ਦਿੱਤਾ ਸੀ, ਜਿਸ ਦਾ ਭਾਵ ਸੀ 'ਮਜ਼ਬੂਤ ਸੰਘੀ ਢਾਂਚਾ' ਭਾਵ ਦੇਸ਼ ਦੇ ਸਮੂਹ ਰਾਜ, ਉਥੋਂ ਦੇ ਭਾਈਚਾਰੇ, ਮੂਲਵਾਸੀ ਤੇ ਘੱਟ ਗਿਣਤੀਆਂ ਆਪਣਾ ਸਭਿਆਚਾਰ, ਪਹਿਰਾਵੇ, ਖਾਣ-ਪੀਣ, ਬੋਲ-ਚਾਲ ਅਤੇ ਰਹਿਣ- ਸਹਿਣ ਦਾ ਪੂਰਨ ਆਨੰਦ ਮਾਣ ਸਕਣ। ਇਸ ਦਾ ਭਾਵ ਇਹ ਵੀ ਸੀ ਕਿ ਨਾ ਤਾਂ ਸੱਤਾ ਦਾ ਭਾਰੀ 'ਕੇਂਦਰੀਕਰਨ' ਹੋਵੇ ਅਤੇ ਨਾ ਹੀ ਰਾਜਨੀਤੀ ਦਾ 'ਧਰੁਵੀਕਰਨ'। ਸੰਘੀ ਢਾਂਚੇ 'ਚ ਕੇਂਦਰ ਆਪਣੇ ਸੂਬਿਆਂ ਦੀਆਂ ਸਰਕਾਰਾਂ ਨਾਲ ਧੱਕੇਸ਼ਾਹੀ ਨਾ ਕਰੇ ਅਤੇ ਕੇਂਦਰੀ ਸਰਕਾਰ ਸੁਆਰਥ ਲਈ, ਸਿਆਸੀ ਵਿਰੋਧੀਆਂ ਦਾ ਅੰਤ ਨਾ ਕਰੇ। ਗ਼ਦਰੀ ਬਾਬਿਆਂ ਦੀ ਇਸ ਸੋਚ ਨਾਲ ਅੱਜ ਜਿਵੇਂ ਖਿਲਵਾੜ ਹੋ ਰਿਹਾ ਹੈ, ਜਿਸ ਦੀਆਂ ਅਨੇਕਾਂ ਮਿਸਾਲਾਂ ਮੌਜੂਦਾ ਆਜ਼ਾਦ ਭਾਰਤ ਦੇ ਸੰਘੀ ਢਾਂਚੇ 'ਤੇ ਸੁਆਲ ਖੜੇ ਕਰਦੀਆਂ ਹਨ। 'ਸ਼ੇਰਾਂ ਦੀ ਮਾਰਾਂ ਤੇ ਗਿੱਦੜਾਂ ਦੀਆਂ ਕਲੋਲਾਂ' ਵਾਂਗ ਜਿਹੜੇ ਆਰਐਸਐਸ ਦੇ ਸੰਘੀ ਕੋੜਮੇ ਨੇ ਆਜ਼ਾਦੀ 'ਚ ਹਿੱਸਾ ਪਾਉਣ ਦੀ ਥਾਂ, ਅੰਗਰੇਜ਼ਪ੍ਰਸਤੀ ਕੀਤੀ, ਅੱਜ ਉਹ ਆਜ਼ਾਦੀ ਦੇ ਪ੍ਰਵਾਨਿਆਂ ਤੋਂ 'ਦੇਸ਼ ਪਿਆਰ' ਦੇ ਪ੍ਰਮਾਣ ਮੰਗ ਰਹੇ ਹਨ। ਸਿਤਮਜ਼ਰੀਫੀ ਇਹ ਹੈ ਕਿ ਆਰਐਸਐਸ ਦੇ ਮੋਹਨ ਭਾਗਵਤ ਵਰਗਿਆਂ ਦੇ ਦਰਬਾਰ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਤਾਬਿਆਦਾਰ ਬਣ ਕੇ ਜਵਾਬਦੇਹ ਹੋ ਰਹੇ ਹਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਆਰਐਸਐਸ ਦੇ ਮੌਜੂਦਾ ਭਾਰਤ ਵਿੱਚ ਵਿਦਿਆ ਦਾ ਭਗਵਾਂਕਰਨ ਕਿਸ ਪੱਧਰ ਤੱਕ ਜਾ ਜਾਵੇਗਾ? ਆਰਐਸਐਸ ਦੇ ਨਕਸ਼ੇ ਕਦਮਾਂ ਤੇ ਚੱਲਣ ਵਾਲੀ ਬੀਜੇਪੀ ਸਰਕਾਰ ਦੇ ਸਿਆਸੀ ਵਿਰੋਧ ਕਾਰਨ ਵੱਖ-ਵੱਖ ਸੂਬੇ ਅਤੇ ਸਿਆਸੀ ਪਾਰਟੀਆਂ ਕੇਂਦਰ ਵੱਲੋਂ ਕੁਚਲੇ ਜਾ ਰਹੇ ਰਹੇ ਹਨ। ਮਨੀਪੁਰ ਦੀ ਸਥਿਤੀ ਇਸਦੀ ਮੂੰਹ ਬੋਲਦੀ ਤਸਵੀਰ ਹੈ, ਜਿੱਥੇ ਘੱਟ ਗਿਣਤੀ ਕੂਕੀ ਇਸਾਈ ਭਾਈਚਾਰੇ ਦੀਆਂ ਔਰਤਾਂ ਦੀ ਨਗਨ ਪਰੇਡ, ਸਮੂਹਿਕ ਬਲਾਤਕਾਰ ਅਤੇ ਸ਼ਰੇ- ਬਾਜ਼ਾਰ ਕਤਲ ਬਹੁਗਿਣਤੀਵਾਦ ਦੀ ਸਿਆਸੀ ਚਾਲ ਅਤੇ ਫਿਰਕੂਵਾਦ ਦਾ ਨਤੀਜਾ ਹੈ। ਹਿੰਦੂਤਵ ਦੇ ਏਜੰਡੇ ਅਧੀਨ 'ਹਿੰਦੀ, ਹਿੰਦੂ ਅਤੇ ਹਿੰਦੁਸਤਾਨ' ਦਾ ਢੰਡੋਰਾ ਪਿਟਦੇ ਦੇਸ਼ ਦੇ ਹਾਕਮ ਘੱਟ ਗਿਣਤੀਆਂ ਤੇ ਅੱਤਿਆਚਾਰ, ਧਾਰਾ 370 ਦਾ ਖਾਤਮਾ, ਸੀ.ਏ.ਏ. ਵਰਗੇ ਐਕਟਾਂ ਰਾਹੀਂ ਵੋਟਾਂ ਦੇ ਧਰੁਵੀਕਰਨ ਲਈ ਜ਼ਮੀਨ ਤਿਆਰ ਕਰ ਰਹੇ ਹਨ। ਸੱਚ ਤਾਂ ਇਹ ਹੈ ਕਿ ਗ਼ਦਰੀ ਬਾਬਿਆਂ ਦੇ ਸੁਪਨਿਆਂ ਨਾਲ ਉਦੋਂ ਹੀ ਖਿਲਵਾੜ ਹੋ ਗਿਆ ਸੀ, ਜਦੋਂ 14-15 ਅਗਸਤ 1947 ਨੂੰ ਦੇਸ਼ ਪੰਜਾਬ ਦੇ ਦੋ ਟੁਕੜੇ ਹੋਏ ਸਨ। ਲੱਖਾਂ ਲੋਕ ਮਾਰੇ ਗਏ ਸਨ। ਪੰਜਾਬ ਦੋ ਹਿੱਸਿਆਂ 'ਚ ਵੰਡਣ ਦਰਦ ਪਾਕਿਸਤਾਨੀ ਪੰਜਾਬ ਦੇ ਕਵੀ ਉਸਤਾਦ 'ਦਾਮਨ' ਇਉਂ ਮਹਿਸੂਸ ਕਰਦੇ ਹਨ;

**'ਇਸ ਮੁਲਕ ਦੀ ਵੰਡ ਕੋਲੋਂ ਯਾਰੋ,**
**ਖੋਏ ਤੁਸੀਂ ਵੀ ਓ, ਖੋਏ ਅਸੀਂ ਵੀ ਹਾਂ।**
**ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਣਾ,**
**ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ।**
**ਜਿਉਂਦੀ ਜਾਨ ਈ ਮੌਤ ਦੇ ਮੂੰਹ ਅੰਦਰ,**
**ਢੋਏ ਤੁਸੀਂ ਵੀ ਓ, ਢੋਏ ਅਸੀਂ ਵੀ ਆਂ।**
**ਲਾਲੀ ਅੱਖੀਆਂ ਦੀ ਪਈ ਦਸਦੀ ਏ,**
**ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।'**

ਅੰਗਰੇਜ਼ਾਂ ਖ਼ਿਲਾਫ਼ ਆਜ਼ਾਦੀ ਦੇ ਸੰਘਰਸ਼ ਵਿਚ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਸ਼ਹੀਦੀਆਂ ਪਾਉਣ, ਉਮਰ ਕੈਦ ਕੱਟਣ ਅਤੇ ਕਾਲੇ ਪਾਣੀਆਂ ਦਾ ਦਰਦ ਝੱਲਣ ਵਾਲੇ ਪੰਜਾਬੀਆਂ ਨੂੰ ਹੀ ਦੇਸ਼ ਦੀ ਵੰਡ ਦਾ ਦਰਦ, ਸਭ ਤੋਂ ਵੱਧ ਹੰਢਾਉਣਾ ਪਿਆ। ਇਕ ਅੰਦਾਜ਼ੇ ਅਨੁਸਾਰ ਫ਼ਿਰਕੂ ਨਫ਼ਰਤ ਦੇ ਭਾਂਬੜ ਬਾਲ ਕੇ, ਪੰਜਾਬ ਨੂੰ ਦੋ ਟੋਟਿਆਂ 'ਚ ਵੰਡੇ ਜਾਣ ਦੌਰਾਨ 10 ਲੱਖ ਤੋਂ ਵੱਧ ਪੰਜਾਬੀਆਂ ਦੇ ਕਤਲ ਹੋਏ। ਸਦੀ ਦੇ ਮਹਾਂ-ਦੁਖਾਂਤ ਨੂੰ ਜਸ਼ਨ ਵਜੋਂ ਮਨਾਉਣਾ ਬੌਧਿਕ ਦੀਵਾਲੀਆਪਣ ਨਹੀਂ, ਤਾਂ ਹੋਰ ਕੀ ਹੈ? ਅਜਿਹੇ ਦੁਖਾਂਤ 'ਤੇ ਮਾਤਮ ਮਨਾਉਣ ਦੀ ਲੋੜ ਹੈ, ਨਾ ਕਿ ਜਸ਼ਨ ਮਨਾਉਣ ਦੀ, ਜਿਵੇਂ ਕਿ ਮਹਾਨ ਸ਼ਾਇਰ ਡਾ ਹਰਭਜਨ ਸਿੰਘ ਇਹ ਦਰਦ ਬਿਆਨ ਕਰਦੇ ਸਨ;

**'ਸੌਂ ਜਾ ਮੇਰੇ ਮਾਲਕਾ ਵੇ ਵਰਤਿਆ ਹਨੇਰ**
**ਵੇ ਕਾਲਖਾਂ 'ਚ ਤਾਰਿਆਂ ਦੀ ਡੁੱਬ ਗਈ ਸਵੇਰ।**
**ਹੈ ਖੂਹਾਂ ਵਿੱਚ ਆਦਮੀ ਦੀ ਜਾਗਦੀ ਸੜ੍ਹਾਂਦ**
**ਤੇ ਸੌਂ ਗਏ ਨੇ ਆਦਮੀ ਤੋਂ ਸੱਖਣੇ ਗਵਾਂਢ।**
**ਵੇ ਸੀਤ ਨੇ ਮੁਆਤੇ ਤੇ ਗਸ਼ ਹੈ ਜ਼ਮੀਨ,**
**ਵੇ ਸੀਨਿਆਂ ਵਿੱਚ ਸੁੰਨ ਦੋਵੇਂ ਖ਼ੂਨ ਤੇ ਸੰਗੀਨ।**
**ਵੇ ਜ਼ਿੰਦਗੀ ਬੇਹੋਸ਼ ਤੇ ਖ਼ਾਮੋਸ਼ ਕਾਇਨਾਤ**
**ਵਿਹਲਾ ਹੋ ਕੇ ਸੌਂ ਗਿਆ ਐ ਲੋਹਾ ਇਸਪਾਤ।**
**ਸੌਂ ਜਾ ਮੇਰੇ ਮਾਲਕਾ ਵੀਰਾਨ ਹੋਈ ਰਾਤ।'**

'ਆਜ਼ਾਦੀ' ਅਜਿਹਾ ਸ਼ਬਦ ਹੈ, ਜੋ ਆਪਣੇ ਵਿਸ਼ਾਲ ਕਲਾਵੇ ਵਿੱਚ ਅਨੇਕਾਂ ਮਹੱਤਵਪੂਰਨ ਸੰਕਲਪਾਂ ਨੂੰ ਸਮੋਈ ਬੈਠਾ ਹੈ। ਬਹੁ ਪੱਖੀ ਤੇ ਬਹੁ-ਪਸਾਰੀ ਸ਼ਬਦ ਆਜ਼ਾਦੀ ਦਾ ਲਫ਼ਜ਼ੀ ਅਰਥ ਹੈ- 'ਸਰੀਰਕ, ਮਾਨਸਿਕ, ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਪੱਖੋਂ ਕਿਸੇ ਵਿਅਕਤੀ, ਸਮਾਜ ਅਤੇ ਦੇਸ਼ ਦੀ ਪੂਰਨ ਸੁਤੰਤਰਤਾ, ਸੰਸਾਰ ਦੇ ਹਰ ਪ੍ਰਾਣੀ ਦਾ ਜਮਾਂਦਰੂ ਹੱਕ ਹੈ। ਜ਼ਿੰਦਗੀ ਵਾਸਤੇ ਆਜ਼ਾਦੀ ਉਨੀ ਹੀ ਲਾਜ਼ਮੀ ਹੈ, ਜਿੰਨੇ ਸਰੀਰ ਲਈ ਅੰਨ, ਪਾਣੀ ਅਤੇ ਹਵਾ ਆਦਿ। ਜਿਥੇ ਅਧਿਆਤਮਕ ਸ਼ੈਲੀ ਵਿੱਚ ਬਾਬਾ ਫ਼ਰੀਦ "ਬਾਰਿ ਪਰਾਇਐ ਬੈਸਣਾ" ਵਿੱਚ ਆਤਮਿਕ ਗੁਲਾਮੀ ਦੀ ਸਥਿਤੀ ਨਾਲੋਂ ਮੌਤ ਨੂੰ ਪਹਿਲ ਦਿੰਦੇ ਹਨ, ਉਥੇ ਵਿਸ਼ਵ ਦੇ ਪ੍ਰਸਿੱਧ ਫਿਲਾਸਫ਼ਰ ਪੈਟਕਿਰ ਹੈਨਰੀ ਦੇ ਸ਼ਬਦ ਹਨ "ਜੇ ਤੁਸੀ ਮੈਨੂੰ ਆਜ਼ਾਦੀ ਨਹੀਂ ਦੇ ਸਕਦੇ, ਤਾਂ ਇਸ ਨਾਲੋਂ ਬਿਹਤਰ ਹੈ ਕਿ ਤੁਸੀ ਮੈਨੂੰ ਮੌਤ ਦੇ ਦਿਓ।" ਦੁਨੀਆ ਦੇ ਹਰ ਮੁਲਕ ਵਿੱਚ ਹਰ ਕੌਮ ਵੱਲੋਂ, ਆਜ਼ਾਦੀ ਪ੍ਰਾਪਤੀ ਲਈ ਨਿਰੰਤਰ ਜਦੋ-ਜਹਿਦ ਹੁੰਦੀ ਰਹੀ ਹੈ ਅਤੇ ਤਦ ਤੱਕ ਜਾਰੀ ਰਹੀ ਹੈ, ਜਦ ਪੂਰਨ ਆਜ਼ਾਦੀ ਪ੍ਰਾਪਤ ਨਹੀਂ ਹੋਈ।

ਭਾਰਤ ਨੂੰ ਗੁਲਾਮੀ ਦੇ ਸ਼ਿਕੰਜੇ ਤੋਂ ਖਲਾਸੀ ਦਿਵਾਉਣ ਦੀ ਗੌਰਵਮਈ ਇਤਿਹਾਸਕ ਗਾਥਾ ਵਿੱਚ ਵੀ ਪੰਜਾਬੀਆਂ, 'ਖ਼ਾਸਕਰ ਸਿੱਖਾਂ' ਵੱਲੋਂ ਸਭ ਤੋਂ ਵੱਧ ਦਿੱਤੀਆਂ ਗਈਆਂ ਕੁਰਬਾਨੀਆਂ ਦੀ ਦਾਸਤਾਨ ਮੌਜੂਦ ਹੈ। ਮਹਾਨ ਸਿੱਖ ਸੂਰਵੀਰਾਂ ਦੀਆਂ ਸ਼ਹੀਦੀਆਂ ਦੇ ਸਿੱਟੇ ਵਜੋਂ ਹੀ ਕਦੇ ਨਾ ਅਸਤ ਹੋਣ ਵਾਲਾ 'ਬ੍ਰਿਟਿਸ਼ ਸਾਮਰਾਜ ਦਾ ਸੂਰਜ', ਸਦਾ ਲਈ ਛਿਪ ਗਿਆ ਸੀ। ਬਦਲੇ ਵਿੱਚ ਸਿੱਖਾਂ ਨੂੰ ਕੀ ਮਿਲਿਆ- 'ਗੁਲਾਮੀ'। ਧੱਕੇਸ਼ਾਹੀਆਂ ਅਤੇ ਜਬਰ ਤੋਂ ਤੰਗ ਆ ਕੇ ਸਿੱਖ ਆਪਣੇ ਆਜ਼ਾਦ ਦੇਸ਼ ਦੀ ਮੰਗ ਨਾ ਕਰਨ ਤਾਂ ਹੋਰ ਕੀ ਕਰਨ?

ਵਰਤਮਾਨ ਸਮੇਂ ਆਖਣ ਨੂੰ ਤਾਂ ਭਾਰਤ ਨੂੰ ਆਜ਼ਾਦੀ ਹੋਇਆ 78 ਵਰ੍ਹੇ ਬੀਤ ਚੁੱਕੇ ਹਨ, ਪਰ ਵਿਚਾਰਯੋਗ ਗੱਲ ਇਹ ਹੈ ਕਿ ਇਸ ਸਮੇਂ ਦੌਰਾਨ ਦੇਸਵਾਸੀਆਂ ਨੇ 'ਆਜ਼ਾਦੀ ਦਾ ਨਿੱਘ' ਮਾਣਿਆਂ ਵੀ ਹੈ ਕਿ ਨਹੀਂ? ਕੁਰਬਾਨੀਆਂ ਦੇ ਇਤਿਹਾਸ ਪੱਖੋਂ ਦੇਸ਼ ਲਈ 95 ਫੀਸਦੀ ਸ਼ਹਾਦਤਾਂ ਦੇਣ ਵਾਲੀ ਪੰਜਾਬੀਆਂ ਨੂੰ 5 ਫੀਸਦੀ ਆਜ਼ਾਦ ਵਾਯੂ-ਮੰਡਲ ਵੀ ਨਸੀਬ ਨਹੀਂ ਹੋਇਆ। ਬੀਤੀ ਪੌਣੀ ਸਦੀ ਦੌਰਾਨ ਪੰਜਾਬੀਆਂ, 'ਖ਼ਾਸਕਰ ਸਿੱਖਾਂ' ਨੇ ਆਪਣੇ ਪਿੰਡੇ 'ਤੇ ਜੋ ਦਰਦ ਹੰਢਾਇਆ, ਉਸ ਬਾਰੇ ਸੋਚਦਿਆਂ ਉਹ ਕਿਵੇਂ ਤਿਰੰਗੇ ਨੂੰ ਸਲਾਮੀ ਦੇ ਸਕਦੇ ਹਨ? ਸੱਚ ਤਾਂ ਇਹ ਹੈ:

**ਨਸਲਕੁਸ਼ੀ ਜੋ ਕਰ ਰਹੇ, ਸੱਤਾ ਵਿਚ ਮ਼ਗਰੂਰ।**
**ਕਹਿਣ 'ਤਿਰੰਗਾ ਚਾੜਿਓ', ਸਾਨੂੰ ਨਾ ਮਨਜ਼ੂਰ ।**

ਅੱਜ ਭਾਰਤ ਦੀ ਦਸ਼ਾ ਇਹ ਹੈ ਕਿ ਆਰਥਿਕ ਪੱਖੋਂ ਦੇਸ਼ ਦਾ 5 ਫੀਸਦੀ ਵਸ਼ਿਸ਼ਟ ਤੇ ਅਮੀਰ (ਅਡਾਨੀ, ਅੰਬਾਨੀ) ਵਰਗ 95 ਫੀਸਦੀ ਧਨ 'ਤੇ ਕਾਬਿਜ਼ ਹੋਇਆ ਬੈਠਾ ਹੈ, ਜਦ ਕਿ ਮੁਲਕ ਦੀ ਪਚਾਨਵੇਂ ਫੀਸਦੀ ਆਬਾਦੀ ਪੰਜ ਫੀਸਦੀ ਸਰੋਤਾਂ 'ਤੇ ਜ਼ਿੰਦਗੀ ਬਸਰ ਕਰ ਰਹੀ ਹੈ। ਕੁੱਲੀ, ਗੁੱਲੀ ਤੇ ਜੁੱਲੀ ਲਈ ਤਰਸਦੇ ਗਰੀਬੀ ਦਾ ਸ਼ਿਕਾਰ ਲੋਕਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੁੰਦੀ ਤੇ ਮਾਸੂਮ ਬੱਚੇ ਭੁੱਖੇ ਪੇਟ ਰੋਂਦਿਆਂ ਸੌਂ ਜਾਂਦੇ ਹਨ, ਅਜਿਹੇ ਦੁਖਿਆਰਿਆਂ ਲਈ ਆਜ਼ਾਦੀ ਕੋਈ ਅਰਥ ਨਹੀਂ ਰੱਖਦੀ। ਸੱਚ ਤਾਂ ਇਹ ਹੈ ਕਿ ਬਹੁਤੇ ਦੇਸ਼-ਵਾਸੀਆਂ ਨੂੰ ਤਾਂ ਇਲਮ ਹੀ ਨਹੀਂ ਕਿ ਆਜ਼ਾਦੀ ਕਿਸ ਸ਼ੈਅ ਦਾ ਨਾਂ ਹੈ, ਬਲਕਿ ਹੈਰਾਨੀ ਭਰੇ ਲਹਿਜੇ 'ਚ ਉਹ ਕਵੀ ਗੁਰਦਾਸ ਰਾਮ 'ਆਲਮ' ਵਾਂਗ ਇਉਂ ਸੁਆਲ-ਜੁਆਬ ਕਰਦੇ ਹਨ ;

**"ਕਿਉਂ ਬਈ ਨਿਹਾਲਿਆ! ਆਜ਼ਾਦੀ ਨਹੀਂ ਵੇਖੀ?**
**ਨਾ ਬਈ ਭਰਾਵਾ, ਨਾ ਖਾਧੀ ਨਾ ਵੇਖੀ।**
**ਆਈ ਨੂੰ ਭਾਵੇਂ ਕਈ ਸਾਲ ਬੀਤੇ,**
**ਪਰ ਅਸੀਂ ਤਾਂ ਅਜੇ ਤੱਕ ਦਰਸ਼ਨ ਨਹੀਂ ਕੀਤੇ।**
**ਅਖ਼ਬਾਰਾਂ 'ਚੋਂ ਪੜ੍ਹਿਆ ਜਰਵਾਣੀ ਜਿਹੀ ਏ,**
**ਕੋਈ ਸੋਹਣੀ ਨਹੀਂ, ਐਵੇਂ 'ਕਾਣੀ' ਜਿਹੀ ਏ।"**

1947 ਵਿੱਚ ਪਾਕਿਸਤਾਨ ਤੇ ਹਿੰਦੁਸਤਾਨ ਦੀ ਫਿਰਕੂ ਵੰਡ ਦੌਰਾਨ ਲੱਖਾਂ ਬੇਗੁਨਾਹ ਮਾਰੇ ਗਏ, ਪਰ 'ਆਜ਼ਾਦੀ' ਮਗਰੋਂ ਦੇਸ਼ ਦੀ ਫਿਰਕੂ ਰਾਜਨੀਤੀ ਦੇ ਸਿੱਟੇ ਵਜੋਂ ਇਹ ਫਸਾਦ ਘਟੇ ਨਹੀਂ, ਲਗਾਤਾਰ ਵੱਧਦੇ ਰਹੇ ਹਨ। ਦੇਸ਼ ਵਿੱਚ ਜੂਨ1984 ਵਿੱਚ ਦੁਖਾਂਤ ਤੇ ਮਗਰੋਂ ਬਾਬਰੀ ਮਸਜਿਦ ਦੁਖਾਂਤ ਅਜਿਹੀਆ ਫਿਰਕੂ ਅਤੇ ਦਰਦਨਾਕ ਘਟਨਾਵਾਂ ਹਨ, ਜੋ ਭਾਰਤ ਦੇ ਇਤਿਹਾਸ ਵਿੱਚ ਵੀਹਵੀਂ ਸਦੀ ਦੇ ਸਭ ਤੋਂ ਵੱਡੇ ਦੁਖਾਂਤ ਵਜੋਂ ਜਾਣੀਆਂ ਜਾਂਦੀਆਂ ਰਹਿਣਗੀਆਂ। ਸੱਤਾ ਦੇ ਧਰੁਵੀਕਰਨ ਦੀ ਕੋਹਝੀ ਤਸਵੀਰ ਦੇਖਣੀ ਹੋਵੇ, ਤਾਂ ਨਵੰਬਰ 1984 ਵਿੱਚ 'ਸਿੱਖ ਨਸਲਕੁਸ਼ੀ' ਦੇ ਦੁਖਾਂਤ ਹੋ ਸਪੱਸ਼ਟ ਹੋ ਜਾਂਦੀ ਹੈ। ਆਜ਼ਾਦ ਭਾਰਤ 'ਚ ਸਰਕਾਰੀ-ਤੰਤਰ ਦੀ ਆੜ 'ਚ ਹਜ਼ਾਰਾਂ ਸਿੱਖਾਂ ਦਾ ਕਤਲ ਹੋਇਆ, ਪਰ ਜਵਾਬ 'ਚ ਬਹੁਗਿਣਤੀ ਵੱਲੋਂ ਉਸ ਸਮੇਂ ਦੀ 'ਕਾਂਗਰਸ' ਨੂੰ ਸਭ ਤੋਂ ਵੱਡਾ ਬਹੁਮਤ ਹਾਸਿਲ ਹੋਇਆ। ਇਸ ਵਰਤਾਰੇ ਨੂੰ ਦੁਹਰਾਉਂਦੇ ਹੋਏ, ਸੰਨ 2002 ਵਿੱਚ ਗੁਜਰਾਤ ਅੰਦਰ ਮੁਸਲਿਮ ਕਤਲੇਆਮ ਹੋਇਆ, ਉਸ ਮਗਰੋਂ 'ਭਾਰਤੀ ਜਨਤਾ ਪਾਰਟੀ' ਨੂੰ ਬਹੁ-ਗਿਣਤੀ ਵੱਲੋਂ ਭਾਰੀ ਬਹੁਮਤ ਨਾਲ ਨਿਵਾਜਿਆ ਗਿਆ। ਦੇਸ਼ ਵਿੱਚ ਸਿਆਸਤਦਾਨਾਂ ਵੱਲੋਂ ਮਾਨਵਵਾਦ ਉਤੇ ਫਿਰਕੂਵਾਦ ਅਤੇ ਲੋਕਤੰਤਰ ਉਤੇ ਫਾਸ਼ੀਵਾਦ ਦੀ ਜਿੱਤ ਦਾ ਨੰਗਾ-ਚਿੱਟਾ ਪ੍ਰਚਾਰ ਕੀਤਾ ਜਾ ਰਿਹਾ ਹੈ। ਸ਼ਾਇਰ ਸ਼ੌਕ ਬਹਿਰਾਇਚੀ ਦਾ ਇਹ ਮਸ਼ਹੂਰ ਸ਼ੇਅਰ 'ਆਜ਼ਾਦੀ ਦੇ 78 ਸਾਲ' ਗੁਜ਼ਰ ਜਾਣ ਮਗਰੋਂ ਨਜ਼ਰ ਆ ਰਹੇ ਹਾਲਾਤ 'ਤੇ ਪੂਰਾ ਢੁਕਦਾ ਹੈ।

**"ਬਸ ਏਕ ਹੀ ਉੱਲੂ ਕਾਫ਼ੀ ਥਾ,**
**ਬਰਬਾਦ ਗੁਲਸਿਤਾਂ ਕਰਨੇ ਕੋ**
**ਹਰ ਸ਼ਾਖ਼ ਪੇ ਉਲੂ ਬੈਠਾ ਹੈ,**
**ਅੰਜਾਮ -ਏ-ਗੁਲਸਿਤਾਂ ਕਿਆ ਹੋਗਾ?"**

ਢਾਂਚਾਗਤ ਨਸਲਵਾਦ ਦਾ ਬੋਲਬਾਲਾ ਸਿਖ਼ਰਾਂ ਨੂੰ ਛੂਹ ਰਿਹਾ ਹੈ। ਬਹੁ-ਸੰਖਿਆਵਾਦ ਦੀ ਦਹਿਸ਼ਤਗਰਦੀ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਆਪਣੇ ਵਿੱਚ ਜਜ਼ਬ ਕਰਨ ਜਾਂ ਮੂਲੋਂ ਹੀ ਮਿਟਾਉਣ 'ਤੇ ਤੁਲੀ ਹੋਈ ਹੈ। ਸਰਕਾਰ ਦੀ ਅਲੋਚਨਾ ਕਰਨਾ ਸਭ ਤੋਂ ਵੱਡਾ ਜੁਰਮ ਹੈ। ਸੰਵਿਧਾਨ ਵਿਚਲੇ 'ਸੈਕੁਲਰਿਜ਼ਮ' ਭਾਵ ਧਰਮ ਨਿਰਪੱਖਤਾ ਦੇ ਸ਼ਬਦ ਚਾਹੇ ਲਿਖਤੀ ਰੂਪ 'ਚ ਅਜੇ ਹਟਾਏ ਨਹੀਂ ਗਏ, ਪਰ ਸੱਤਾ ਤੇ ਸਥਾਪਤੀ ਨੇ ਆਪਣੇ ਵਿਹਾਰ ਤੇ ਕਿਰਦਾਰ ਵਿਚੋਂ ਇਹ ਕਦੋਂ ਦੇ ਖਤਮ ਕਰ ਦਿੱਤੇ ਹਨ। ਜਦੋਂ 'ਵਾੜ ਹੀ ਖੇਤ ਨੂੰ ਖਾਣ' ਲੱਗ ਪਵੇ ਅਤੇ ਰੱਖਿਅਕ ਹੀ ਭੱਖਿਅਕ ਬਣ ਜਾਣ, ਤਾਂ ਪੀੜਤ ਦੇ ਬਚ ਸਕਣ ਦੀ ਆਸ ਮੁੱਕ ਜਾਂਦੀ ਹੈ। ਬਹੁ-ਸੰਖਿਆਵਾਦ ਦੀ ਦਹਿਸ਼ਤਗਰਦੀ ਹੋਰਨਾਂ ਕੌਮਾਂ ਦੀ ਜ਼ੁਬਾਨ ਅਤੇ ਪਛਾਣ ਨੂੰ ਆਪਣੇ ਵਿੱਚ ਜਜ਼ਬ ਕਰਨ ਜਾਂ ਮੂਲੋਂ ਹੀ ਮਿਟਾਉਣ 'ਤੇ ਤੁਲੀ ਹੋਈ ਹੈ। ਦੇਸ਼ ਦੇ ਸੈਂਕੜੇ 'ਬੁੱਧੀਜੀਵੀ' ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨਾਂ ਅਧੀਨ ਜੇਲ੍ਹਾਂ 'ਚ ਡੱਕੇ ਹੋਏ ਹਨ। 'ਸਿੱਖ ਕੈਦੀ' ਉਮਰ ਕੈਦਾਂ ਕੱਟਣ ਮਗਰੋਂ ਵੀ ਜੇਲ੍ਹਾਂ 'ਚ ਧੱਕੇ ਨਾਲ ਬੰਦ ਹਨ, ਜਿਹਨਾਂ ਦੀਆਂ ਰਿਹਾਈਆਂ ਨਹੀਂ ਹੋ ਰਹੀਆਂ।

**ਚਿੰਤਕ ਜੇਲ੍ਹੀਂ ਬੰਦ ਨੇ, ਬੋਲਣ ਦਾ ਵੀ ਦੋਸ਼।**
**ਜਨਤਾ ਕੀਤੀ ਹਾਕਮਾਂ, ਸਿਵਿਆਂ ਵਾਂਗ ਖ਼ਾਮੋਸ਼।**

1975 ਵਿੱਚ ਭਾਰਤ 'ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਲਾ ਕੇ ਲੋਕਰਾਜੀ ਤਾਕਤਾਂ ਨਸ਼ਟ ਕਰਨਾ ਅਜਿਹੀ ਮੰਦਭਾਗੀ ਕਾਰਵਾਈ ਸੀ, ਜਿਸਨੇ ਆਜ਼ਾਦੀ ਦਾ ਸਿਧਾਂਤ ਹੀ ਬਰਬਾਦ ਕਰ ਦਿੱਤਾ। ਅੱਜ ਵੀ ਦੇਸ਼ 'ਚ ਵੱਖ-ਵੱਖ ਸੂਬਿਆਂ ਅੰਦਰ ਕੇਂਦਰ ਦੇ ਨੁਮਾਇੰਦੇ ਰਾਜਪਾਲਾਂ ਰਾਹੀ, ਸਰਕਾਰਾਂ ਤੋੜਨ ਅਤੇ ਸਿਆਸੀ ਖਰੀਦੋ-ਫ਼ਰੋਖ਼ਤ ਦਾ ਧੰਦਾ ਜ਼ੋਰਾ ਤੇ ਚਲ ਰਿਹਾ ਹੈ। ਅੱਜ ਦੀ 'ਅਣ-ਐਲਾਨੀ ਐਮਰਜੈਂਸੀ' ਹੋਰ ਵੀ ਵਧੇਰੇ ਖ਼ਤਰਨਾਕ ਹੈ। ਐਮਰਜੈਂਸੀ ਵੇਲੇ ਇੰਦਰਾ ਗਾਂਧੀ ਬਾਰੇ ਪ੍ਰਸਿੱਧ ਸ਼ਾਇਰ ਡਾ ਦੁਸ਼ਯੰਤ ਕੁਮਾਰ ਤਿਆਗੀ ਨੇ ਜੋ ਲਿਖਿਆ ਸੀ, ਅੱਜ ਉਹ ਮੋਦੀ ਸਰਕਾਰ 'ਤੇ ਵੀ ਪੂਰਾ ਢੁੱਕਦਾ ਹੈ;

**'ਏਕ 'ਗੁੜੀਆ' ਕੀ ਕਈ ਕਠਪੁਤਲੀਓਂ ਮੇਂ ਜਾਨ ਹੈ।**
**ਆਜ ਸ਼ਾਇਰ ਯੇਹ ਤਮਾਸ਼ਾ ਦੇਖ ਕੇ ਹੈਰਾਨ ਹੈ।**
**ਮਸਲ ਹਤ ਆਮੇਜ਼ ਹੋਤੇ ਹੈ ਸਿਆਸਤ ਕੇ ਕਦਮ**
**ਤੂ ਨਾ ਸਮਝੇਗਾ ਅਭੀ ਤੂ ਅਭੀ ਇਨਸਾਨ ਹੈ।**
**ਕੱਲ੍ਹ ਨੁਮਾਇਸ਼ ਮੇਂ ਮਿਲਾ ਵੋਹ ਚੀਥੜੇ ਪਹਿਨੇ ਹੋਏ**
**ਮੈਨੇ ਪੂਛਾ ਨਾਮ ਬੋਲਾ 'ਹਿੰਦੋਸਤਾਨ' ਹੈ।'**

ਇਹ ਉਹੀ ਪੀੜਾ ਹੈ, ਜਿਹੜੀ ਲੋਕਾਂ ਅੰਦਰ ਫਿਰਕੂ ਸਾਂਝ ਨੂੰ ਤੋੜਨ ਅਤੇ ਤਣਾਓ ਵਧਾਓਣ ਦੀ ਹਾਲਤ 'ਚ ਨਾਸੂਰ ਬਣਦੀ ਹੈ। ਦਰਅਸਲ ਇਹ 'ਆਜ਼ਾਦੀ ਦਾ ਮਹਾਂਉਤਸਵ' ਨਹੀਂ, ਸਗੋਂ 'ਦੇਸ਼ ਨੂੰ ਹਿੰਦੂ ਰਾਸ਼ਟਰ' ਬਣਾਉਣ ਦਾ ਆਖ਼ਰੀ ਪੜਾਅ ਹੈ, ਜਿਸ ਵਿੱਚ ਵੰਨ-ਸੁਵੰਨਤਾ ਨੂੰ ਮਲੀਆਮੇਟ ਕਰਨ ਲਈ 'ਇਕ ਦੇਸ਼ ਇਕ ਭਾਸ਼ਾ' ਵਰਗੇ ਨਾਅਰੇ ਦਿੱਤੇ ਜਾ ਰਹੇ ਹਨ। ਫਿਰਕੂ ਪੱਧਰ 'ਤੇ ਭਾਈਚਾਰਿਆਂ ਨੂੰ ਵੰਡਣ ਵਾਲੇ ਕਾਨੂੰਨ ਅਤੇ ਕਈ ਹੋਰ ਘੁਣਤਰਾਂ ਹੋ ਰਹੀਆਂ ਹਨ। ਦੇਸ਼ ਦੇ ਕੱਟੜ ਫ਼ਿਰਕੂ ਸ਼ਾਸਕ ਜੋ ਤਬਾਹੀ ਕਰ ਰਹੇ ਹਨ, ਉਹ ਵੇਖਦਿਆਂ ਪ੍ਰੋ. ਮੋਹਨ ਸਿੰਘ ਦੇ ਬੋਲ ਯਾਦ ਆ ਰਹੇ ਹਨ ਕਿ ਕਿਸ ਤਰ੍ਹਾਂ ਵਤਨ ਵੀਰਾਨ ਹੋ ਗਿਆ ਤੇ ਰਾਖਾ ਸ਼ੈਤਾਨ ਬਣ ਗਿਆ ਹੈ ;

**'ਆ ਬਾਬਾ ਤੇਰਾ ਵਤਨ ਹੈ ਵੀਰਾਨ ਹੋ ਗਿਆ,**
**ਰੱਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ**
**'ਕਲਯੁੱਗ ਹੈ ਰੱਥ ਅਗਨ ਦਾ', ਤੂੰ ਆਪ ਆਖਿਆ,**
**ਮੁੜ ਕੂੜ ਓਸ ਰੱਥ ਦਾ, ਰਥਵਾਨ ਹੋ ਗਿਆ ।**
**ਉਹ ਝੁਲੀਆਂ ਤੇਰੇ ਦੇਸ਼ ਤੇ ਮਾਰੂ ਹਨੇਰੀਆਂ,**
**ਉਡ ਕੇ ਅਸਾਡਾ ਆਹਲਣਾ ਕੱਖ ਕਾਨ ਹੋ ਗਿਆ**
**ਇਕ ਪਾਸੇ ਪਾਕ, ਪਾਕੀ, ਪਾਕਿਸਤਾਨ ਹੋ ਗਿਆ,**
**ਇਕ ਪਾਸੇ ਹਿੰਦੂ, ਹਿੰਦੀ, ਹਿੰਦੁਸਤਾਨ ਹੋ ਗਿਆ।'**

ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ, ਆਜ਼ਾਦੀ ਮਗਰੋਂ ਇਕ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਪੁੱਛਿਆ ਇਹ ਸਵਾਲ ਕਿ ਬਾਬਾ ਜੀ, ਤੁਹਾਡੀ ਕਮਰ ਝੁਕ ਗਈ ਹੈ, ਦੇ ਜਵਾਬ 'ਚ ਬਾਬਾ ਭਕਨਾ ਨੇ ਕਿਹਾ ਸੀ ਕਿ ਅੰਗਰੇਜ਼ ਤਾਂ ਉਨ੍ਹਾਂ ਦੀ ਪਿੱਠ 'ਚ ਕੁੱਬ ਨਾ ਪਾ ਸਕੇ, ਪਰ ਆਜ਼ਾਦ ਦੇਸ਼ ਦੀ ਆਪਣੀ ਸਰਕਾਰ ਨੇ ਜ਼ਰੂਰ ਪਾ ਦਿੱਤਾ। ਅੱਜ 74 ਵਰ੍ਹੇ ਬੀਤਣ ਮਗਰੋਂ ਜੇਲ੍ਹਾਂ ਅੰਦਰ ਤਾੜੇ ਬੁੱਧੀਜੀਵੀ, ਸਿੱਖ ਅਤੇ ਮੁਸਲਿਮ ਨੌਜਵਾਨ ਤੇ ਸਿਆਸੀ ਆਲੋਚਕ ਵੀ ਬਾਬਾ ਭਕਨਾ ਵਾਂਗ ਹੀ ਮਹਿਸੂਸ ਕਰ ਰਹੇ ਹਨ। 'ਸ਼ੇਰਾਂ ਦੀ ਮਾਰਾਂ ਤੇ ਗਿੱਦੜਾਂ ਦੀਆਂ ਕਲੋਲਾਂ' ਵਾਂਗ ਜਿਹੜੇ ਕੋੜਮੇ ਨੇ ਆਜ਼ਾਦੀ 'ਚ ਹਿੱਸਾ ਪਾਉਣ ਦੀ ਥਾਂ, ਅੰਗਰੇਜ਼-ਪ੍ਰਸਤੀ ਕੀਤੀ, ਅੱਜ ਉਹ ਆਜ਼ਾਦੀ ਦੇ ਪ੍ਰਵਾਨਿਆਂ ਤੋਂ 'ਦੇਸ਼ ਪਿਆਰ' ਦੇ ਪ੍ਰਮਾਣ ਮੰਗ ਰਹੇ ਹਨ। ਦੇਸ਼ ਅੰਦਰ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ, ਸਿਆਸਤ ਦਾ ਅਪਰਾਧੀਕਰਨ, ਭ੍ਰਿਸ਼ਟਾਚਾਰ, ਜਬਰ- ਜਿਨਾਹ ਅਤੇ ਥਾਂ-ਥਾਂ ਮਨੁੱਖੀ ਕਤਲੇਆਮ ਹੋ ਰਹੇ ਹਨ। ਜਦੋਂ ਦੇਸ਼ ਦੀ ਸਰਕਾਰ ਦੇ ਖ਼ਿਲਾਫ਼ ਕਿਸਾਨ, ਮਜ਼ਦੂਰ, ਘੱਟ ਗਿਣਤੀਆਂ, ਸਾਰੇ ਹੀ ਸੜਕਾਂ 'ਤੇ ਰੋਸ ਪ੍ਰਗਟਾ ਰਹੇ ਹੋਣ ਅਜਿਹੇ ਸਮੇਂ ਜਸ਼ਨ ਨਹੀਂ ਮਨਾਏ ਜਾਂਦੇ, ਸਗੋਂ ਵਿਰੋਧ ਕੀਤਾ ਜਾਂਦਾ ਹੈ। ਅਜਿਹੀ ਹਾਲਤ 'ਚ ਹਰ ਬਸ਼ਰ ਦੇ ਜ਼ਿਹਨ 'ਚ ਅਲਾਮਾ ਇਕਬਾਲ ਦਾ ਇਹ ਸ਼ੇਅਰ ਚੋਟਾਂ ਮਾਰ ਰਿਹਾ ਹੈ,

**"ਮੁੱਦਤੇਂ ਗੁਜ਼ਰੀ ਹੈਂ ਇਤਨੀਂ**
**ਰੰਜੋ ਗ਼ਮ ਸਹਿਤੇ ਹੂਏ।**
**ਸ਼ਰਮ ਸੀ ਆਤੀ ਹੈ**
**ਇਸ ਵਤਨ ਕੋ ਵਤਨ ਕਹਿਤੇ ਹੂਏ।"**

**ਕੋਆਰਡੀਨੇਟਰ, ਪੰਜਾਬੀ ਸਹਿਤ ਸਭਾ ਮੁਢਲੀ**
**ਐਬਟਸਫੋਰਡ ਬੀ ਸੀ ਕੈਨੇਡਾ**

# ਉਤਰਾਖੰਡ 'ਚ ਕਿਉਂ ਵਾਪਰਦੇ ਹਨ ਕੁਦਰਤੀ ਕਹਿਰ ?





ਧਰਾਲੀ ਖਿੱਤੇ ਨੂੰ 'ਗੰਗਾ ਦੇ ਪੇਕੇ' ਕਿਹਾ ਜਾਂਦਾ ਹੈ ਕਿਉਂਕਿ ਗੋ-ਮੁੱਖ ਜਿਥੋਂ ਗੰਗਾ ਉੱਗਮਦੀ ਹੈ ਲਾਗਲੇ, ਗੰਗੋਤਰੀ ਮੰਦਿਰ ਦੇ ਸਰਦੀਆਂ ਵਿਚ ਬੰਦ ਹੋਣ ਉਪਰੰਤ ਗੰਗਾ ਜੀ ਦੀ ਪ੍ਰਾਚੀਨ ਮੂਰਤੀ ਨੂੰ ਧਰਾਲੀ ਪਿੰਡ ਦੇ ਬਸੀਮੇ ਵਸੇ ਪਿੰਡ ਮੁਖਬਾ ਵਿਖੇ ਸਥਾਪਿਤ ਕਰ ਦਿੱਤਾ ਜਾਂਦਾ ਹੈ ਪਰ ਧਰਾਲੀ ਰੁਕਣ-ਵਸਣ ਲਈ ਵੱਧ ਸੁਖਾਵਾਂ ਤੇ ਅਲੌਕਿਕ ਹੈ। ਸੋ, ਮੁਖਬਾ ਦੀ ਬਜਾਏ ਧਰਾਲੀ ਵੱਧ ਉੱਘਾ ਹੈ। ਧਰਾਲੀ, ਉੱਤਰਾਖੰਡ ਦੇ ਉੱਤਰਕਾਸ਼ੀ ਜਿਲ੍ਹੇ ਵਿਚ ਪੈਂਦਾ ਹੈ ਜਿਹੜਾ ਦੇਹਰਾਦੂਨ-ਗੰਗੋਤਰੀ ਮਾਰਗ 'ਤੇ ਦੇਹਰਾਦੂਨ ਤੋਂ 28 ਕਿ.ਮੀ. ਪਰ੍ਹੇ, ਗੰਗੋਤਰੀ ਤੋਂ 13 ਕਿ.ਮੀ. ਉਰੇ ਅਤੇ ਇਸੇ ਮਾਰਗ 'ਤੇ ਪੈਂਦੀ ਹਰਸ਼ਿਲ ਛਾਉਣੀ ਤੋਂ 8 ਕਿ. ਮੀ. ਅੱਗੇ ਹੈ। ਗੰਗੋਤਰੀ ਜਾਂਦਿਆਂ ਇਹ ਵਿਸ਼ੇਸ਼ ਠਹਿਰਾਅ, ਅਰਥਾਤ ਯਾਤਰੀ-ਪੜਾਅ ਹੈ। ਸਰ-ਸਬਜ਼ ਸੂਰਤ ਅਤੇ ਰਮਣੀਕ ਸੁਹੱਪਣ ਬਦੌਲਤ ਇਹ ਸਹੂਲਤਾਂਮਈ ਠਹਿਰਾਂ, ਵੱਡੇ ਹੋਟਲਾਂ, ਰੈਸਤਰਾਂ ਅਤੇ ਹੋਮ-ਸਟੇਅਰਜ਼ ਨਾਲ ਉੱਘਾ ਸੈਲਾਨੀ ਕੇਂਦਰ ਵਜੋਂ ਸਥਾਪਿਤ ਹੋ ਚੁੱਕਾ ਹੈ। ਸਿੱਟੇ ਵਜੋਂ ਸਥਾਨਕ ਵਸਨੀਕਾਂ ਤੇ ਸਰਕਾਰ ਨੂੰ ਇਸ ਨੇ ਯਥਾਯੋਗ ਦੌਲਤ ਨਾਲ ਨਿਵਾਜਿਆ ਹੈ ਪਰ, ਧਨ-ਕੁਬੇਰਾਂ ਵਲੋਂ ਕੁਦਰਤ ਨੂੰ ਮਤੂੰਛ ਕੇ ਦੌਲਤਾਂ ਦੇ ਅੰਬਾਰ ਖੜ੍ਹੇ ਕਰਨ ਦੀ ਬਿਰਤੀ ਅਤੇ 'ਧਾਰਮਿਕ ਤੇ ਸੈਲਾਨੀ ਭੀੜਾਂ' ਦੀ ਹੂੜ-ਮਤ ਕਾਰਨ ਅਜਿਹੇ ਸਥਾਨਾਂ ਨੂੰ ਅਕਸਰ ਤ੍ਰਾਸਦਿਕ ਕੀਮਤ ਚੁਕਾਉਣੀ ਪੈਂਦੀ ਹੈ ਜਿਹੜੀ ਧਰਾਲੀ ਨੂੰ ਵੀ ਭੁਗਤਣੀ ਪਈ। ਬੀਤੇ ਦਿਨੀਂ, ਇਸੇ ਧਰਾਲੀ ਨਾਲ ਬੜਾ ਮਾੜਾ ਵਾਪਰਿਆ। ਹੋਇਆ ਇਹ ਕਿ 'ਸੁੱਖੀ ਟਾਪ' ਅਤੇ 'ਖੀਰ ਗੰਗਾ ਕੇਚਮੈਂਟ' ਦੇ ਪੁਰਾਤਨ 'ਕਲਪਾ ਮੰਦਿਰ' ਵਿਚ ਬੱਦਲ ਫਟਣ ਨਾਲ ਕੁਝ ਸੈਕਿੰਟਾਂ ਵਿਚ ਹੀ ਉਸ ਮੰਦਿਰ ਸਮੇਤ ਇਸ ਖ਼ੂਬਸੂਰਤ ਨਗਰ ਦਾ ਬਹੁਤਾ ਹਿੱਸਾ ਮਲਬੇ ਦੇ ਅੰਬਾਰਾਂ ਹੇਠ ਦੱਬਿਆ ਗਿਆ। ਜਾਨੀ-ਮਾਲੀ ਨੁਕਸਾਨ ਸਮੇਤ ਭਾਰੀ-ਭਰਕਮ ਇਮਾਰਤਾਂ, ਅਸਲ ਵਿਚ ਜਿਨ੍ਹਾਂ 'ਚੋਂ ਬਹੁਤੀਆਂ ਮੁੱਖ ਜਲ-ਵਹਿਣ ਦੇ ਪਾਟ ਵਿਚ ਘੁਸੜ ਕੇ ਜਾਂ ਤਿੱਖੇ ਮੋੜਾਂ ਨਾਲ ਖਹਿਦੀਆਂ ਉਸਾਰੀਆਂ ਹੋਈਆਂ ਸਨ, ਤਾਸ਼ ਦੇ ਪੱਤਿਆ ਵਾਂਗ ਢਹਿ-ਢੇਰੀ ਹੋ ਗਈਆਂ। ਅਫਸੋਸ! ਦੂਰ ਪੈਂਦੇ ਮਹਾਰਾਸ਼ਟਰ ਜਾਂ ਵਾਇਨਾਡ (ਕੇਰਲਾ) ਦੀ ਤਾਂ ਗੱਲ ਹੀ ਛੱਡੋ, ਇਸੇ ਉੱਤਰਾਖੰਡ 'ਚ ਸੰਨ 2013 ਦੀ, ਲਾਗਲੇ ਜੋਸ਼ੀ ਮੱਠ (ਕੇਦਾਰਨਾਥ) 'ਚ ਬੱਦਲ ਫਟਣ ਨਾਲ ਹੋਈ ਤ੍ਰਾਸਦੀ ਅਤੇ 2021 'ਚ ਚਮੋਲੀ ਗਲੇਸ਼ੀਅਰ ਦੇ ਯੱਕਦਮ-ਪਘਲਾਅ ਉਪਰੰਤ ਹੋਏ ਘਾਣ ਤੋਂ ਕਿਸੇ ਨੇ ਸਬਕ ਨਾ ਸਿੱਖਿਆ, ਖਾਸ ਕਰਕੇ ਨਿਜ਼ਾਮ ਨੇ।

ਬੱਦਲਾਂ ਦਾ ਫਟਣਾਂ ਕੁਦਰਤੀ ਕਿਰਿਆ-ਪ੍ਰਕਿਰਿਆ ਹੈ। ਪਹਿਲੇ ਸਮਿਆਂ 'ਚ ਇਹ ਇਕ ਆਮ ਅਤੇ ਸੀਮਿਤ ਵਰਤਾਰਾ ਸੀ। ਜਾਨ-ਮਾਲ ਦਾ ਹਰਜ਼ਾ ਵੀ ਘੱਟ ਅਤੇ ਨਾ-ਗੌਲਣਯੋਗ ਹੁੰਦਾ ਸੀ। ਇਸ ਤੋਂ ਇਹ ਭਾਵ ਨਾ ਲਿਆ ਜਾਵੇ ਕਿ ਉਦੋਂ 'ਰੱਬ' ਸਾਡੇ 'ਤੇ ਵੱਧ ਦਿਆਲ ਸੀ। ਦਰ-ਹਕੀਕਤ, ਉਦੋਂ ਕੁਦਰਤੀ ਸਾਵਾਂਪਨ ਐਨਾ ਭਰਿਆ-ਪਰੁੰਨਿਆ ਸੀ ਕਿ ਕੁਦਰਤ ਖੁਦ ਹੀ ਕਦੇ-ਕਦਾਈਂ, ਕੁਦਰਤ ਦੀ, ਕੁਢਰ ਚਾਲ ਨੂੰ ਸਾਂਭਣ-ਸੰਭਾਲਣ ਦੇ ਸਮਰੱਥ ਸੀ। ਸਾਨੂੰ ਬਹੁਤਿਆਂ ਨੂੰ 'ਬੱਦਲ ਫਟਣ' ਦੀ ਪਰਿਭਾਸ਼ਾ ਅਤੇ ਇਸ ਦੀ ਕਿਰਿਆ-ਪ੍ਰਕਿਰਿਆ ਬਾਰੇ ਨਹੀਂ ਪਤਾ। ਦੋ-ਹਰਫੀ ਵਿਗਿਆਨਕ ਭਾਸ਼ਾ 'ਚ ਇਸ ਨੂੰ 'ਵਰਖਾ ਦੇ ਬੱਦਲਾਂ ਦਾ ਆਕਾਸ਼ੀ ਉਡਾਣ (ਐਰੋਗਰਾਫਿਕ ਲਿਫਟ) ਤਹਿਤ ਬਹੁਤ ਹੀ ਘੱਟ ਸਮੇਂ ਵਿਚ ਵਰਖੇਈ-ਪਾਣੀ ਦੀਆਂ ਪੰਡਾਂ ਦਾ ਬੇਹੱਦ ਸੀਮਿਤ ਖੇਤਰ ਉੱਤੇ ਇਕ ਦਮ ਖੁੱਲ੍ਹ ਜਾਣਾ ਅਤੇ ਢੇਰ ਨੁਕਸਾਨ ਕਰ ਜਾਣ ਦਾ ਵਰਤਾਰਾ' ਕਿਹਾ ਜਾਂਦਾ ਹੈ। ਵਰਖਾ ਰੁੱਤੇ ਨਮ-ਬੱਦਲ, ਅਕਸਰ, ਗਰਮੀ ਕਾਰਨ ਜ਼ਿਆਦਾ ਉਤਾਂਹ ਉੱਠ ਜਾਂਦੇ ਹਨ। ਖਲਾਅ-ਠੰਢਕ ਨਾਲ ਇਹ ਬੇਹੱਦ ਘਣੇ ਤੇ ਵੇਗਮਈ ਹੋ ਜਾਂਦੇ ਹਨ, ਜਿਨ੍ਹਾਂ ਨੂੰ ਅਸੀਂ 'ਆਕਾਸ਼ੀ ਦਰਿਆ' ਆਖ ਸਕਦੇ ਹਾਂ। ਇਨ੍ਹਾਂ ਵਿਚਲੀਆਂ ਜਲ-ਬੂੰਦਾਂ ਦਾ ਆਕਾਰ ਵੀ ਨਾ ਸਿਰਫ ਮੋਟਾ ਤੇ ਭਾਰੀ-ਭਰਕਮ, ਕਰੀਬ 25 ਐਮ.ਐਮ. ਗੁਲਾਈ ਦਾ ਹੋ ਜਾਂਦਾ ਹੈ, ਸਗੋਂ ਬੱਦਲ-ਚਾਲ ਵੀ ਭਟਕ ਜਾਂਦੀ ਹੈ। ਨਤੀਜਾ, ਇਹ ਡਗਮਗਾ ਕੇ ਫਟ-ਡਿੱਗ ਪੈਂਦੇ ਹਨ। ਇਸ ਸਥਿਤੀ ਵਿਚ ਇਕ ਸੀਮਤ ਖੇਤਰ ਵਿਚ ਇਹ ਆਕਾਸ਼ੀ ਦਰਿਆ ਪਾਣੀ ਦੀਆਂ ਧਰਾਲਾਂ, ਅਮੂਨਨ 25000 ਮੀਟ੍ਰਿਕ ਟਨ ਪ੍ਰਤੀ ਵਰਗ ਕਿਲੋਮੀਟਰ ਸੁੱਟ ਦਿੰਦੇ ਹਨ। ਧਰਾਲੀ ਦਾ ਤਾਂ ਹਾਲੇ ਪਤਾ ਨਹੀਂ ਪਰ ਪਹਿਲਿਆਂ ਵਿਚ ਅਜਿਹੀ ਭੀਸ਼ਣ ਵਰਖਾ ਦੀ ਬੇਹੱਦ ਉੱਚ ਗਤੀ 100 ਐਮ.ਐਮ. (4 ਇੰਚ) ਪ੍ਰਤੀ ਸੈਕਿੰਡ ਸੀ, ਜਿਸਨੇ ਤੁਰਤ-ਫੁਰਤ ਡਰਾਉਣੇ ਜਲ ਸੈਲਾਬ ਸਿਰਜ ਦਿੱਤੇ।

ਬੇਕਿਰਕ ਜਲ-ਸੈਲਾਬਾਂ ਦਾ ਇਕ ਵੱਡਾ ਕਾਰਨ ਹੈ, 'ਗਲੋਬਲ ਵਾਰਮਿੰਗ (ਆਲਮੀ ਤਪਸ਼)।' ਵਿਗਿਆਨੀਆਂ ਮੁਤਾਬਿਕ, 'ਆਲਮੀ ਤਪਸ਼ ਕਾਰਨ ਬੇ-ਜੋੜ ਜਲ-ਵਾਸ਼ਪ ਹੋ ਰਿਹਾ ਹੈ, ਜਿਸ ਦੇ ਫਲਸਰੂਪ ਉਚੇਰੇ ਖਲਾਅ ਵਿਚ ਉੱਡਦੇ ਦਰਿਆਵਾਂ ਦੀ ਸਿਰਜਣਾ ਹੋ ਰਹੀ ਹੈ, ਜਿਹੜੇ ਬੱਦਲਾਂ ਵਾਂਗ ਨੰਗੀ ਅੱਖ ਨਾਲ ਨਹੀਂ ਦਿਸਦੇ। ਮੌਕਾ-ਮੇਲ ਨਾਲ ਇਹ ਜ਼ਮੀਨ ਉੱਤੇ ਅਣ-ਮਿਣਵਾਂ ਪਾਣੀ ਸੁੱਟਦੇ ਹਨ। ਪਹਿਲਾਂ ਮੌਨਸੂਨੀ ਬੱਦਲਾਂ ਦੇ ਫਟਣ ਦੀਆਂ ਘਟਨਾਵਾਂ ਸਿਰਫ ਉਚੇਰੇ ਪਹਾੜਾਂ ਵਿਚ ਹੀ ਵਾਪਰਦੀਆਂ ਸਨ, ਹੁਣ ਇਹ ਭਾਣੇ ਕਿਤੇ ਵੀ ਵਰਤ ਜਾਣ ਦੇ ਸਮਰੱਥ ਹਨ। ਮੌਨਸੂਨ ਦੌਰਾਨ ਭਾਰਤੀ ਉਪ-ਮਹਾਂਦੀਪ ਵਿਚ ਅਜਿਹਾ ਹੋਣ ਵੀ ਲੱਗ ਪਿਆ ਹੈ। ਪਹਾੜਾਂ 'ਚ ਇਸ ਆਮ ਵਰਤਾਰੇ ਵਿਚ ਤਾਂ, ਲਗਾਤਾਰ ਤਿੱਖਾ ਵਾਧਾ ਹੋਣ ਲੱਗ ਪਿਆ ਹੈ। ਹੇਠਲੇ ਪਹਾੜਾਂ ਵਿਚ ਵੀ ਸਾਡੀ, ਖਾਸ ਕਰਕੇ ਨਿਜ਼ਾਮ ਹਿਤੂ ਧਨ-ਕੁਬੇਰਾਂ ਦੀ ਬੇਕਿਰਕ ਦਖ਼ਲਅੰਦਾਜ਼ੀ ਕਾਰਨ ਵੱਡੇ ਭਾਣੇ ਵਾਪਰਨ ਲੱਗ ਪਏ ਹਨ।

ਪਹਾੜ ਕੁਦਰਤ ਦਾ ਸਿਰਮੌਰ ਅੰਗ ਹਨ, ਸਾਡੇ ਮੂਕ-ਸੇਵਾਦਾਰ। ਸਾਡੀਆਂ ਆਪ-ਹੁਦਰੀਆਂ ਕਾਰਨ, ਜਦ, ਇਹ ਰੁੱਸਦੇ ਹਨ ਤਦ ਭੀਸ਼ਣ ਦੁਖਾਂਤ ਸਾਡੇ ਪੱਲੇ ਪੈਂਦੇ ਹਨ। ਵਿਰਾਟ ਰੂਪ ਧਾਰ ਇਹ ਕੁੱਢਰ-ਚਾਲੇ ਵਹਿ ਤੁਰਦੇ ਹਨ, ਲਾਲਚੀ ਨਿਜ਼ਾਮ ਅਤੇ ਬੇ-ਸਮਝ ਬੰਦੇ ਦਾ ਸਿਰਜਿਆ ਸਭ ਕੁਝ ਢਹਿ-ਢੇਰੀ ਕਰ ਦਿੰਦੇ ਹਨ। ਹੁਣ, ਜਿਵੇਂ ਅਸੀਂ ਪਹਾੜਾਂ ਨੂੰ ਖੋਖਲਾ ਕਰਨਾ ਸ਼ੁਰੂ ਕੀਤਾ ਹੋਇਆ ਹੈ, ਇਸ ਦਾ ਹੀ ਮਾਰੂ ਸਿੱਟਾ ਹੈ, ਪਹਾੜਾਂ ਦਾ ਢਹਿ-ਢੇਰੀ ਹੋ ਵਗ ਪੈਣਾ। ਲੰਘੇ ਸਮੇਂ ਸੁਰੰਗ ਦੁਖਾਂਤ ਇਸ ਦੀ ਭਖਵੀਂ ਉਦਾਹਰਨ ਸੀ। ਇਸ ਤੋਂ ਪਹਿਲਾਂ ਕਲੌਂਗ, ਫਿਰ ਵਾਇਨਾਡ ਤੇ ਹੁਣ ਧਰਾਲੀ। ਪਹਾੜ, ਨਿਰੇ ਮਿੱਟੀ ਦੇ ਢੇਰ ਨਹੀਂ ਹੁੰਦੇ। ਇਨ੍ਹਾਂ ਦਾ ਆਪਣਾ ਇਕ ਜੀਵੰਤ ਸੰਸਾਰ ਹੈ, ਬੇਹੱਦ ਸੂਖਮ ਅਤੇ ਬੇਹੱਦ ਜਟਿਲ। ਬਹੁਤ ਕੁਝ ਹੈ ਇਨ੍ਹਾਂ ਉੱਤੇ ਅਤੇ ਇਨ੍ਹਾਂ ਵਿਚ। ਜਰਖੇਜ਼ ਮਿੱਟੀ ਦੀਆਂ ਪਰਤਾਂ, ਬੇਸ਼-ਕੀਮਤੀ ਖਣਿਜ, ਵਿਲੱਖਣ ਜੀਵ-ਜੰਤੂ ਅਤੇ ਮਨ-ਭਾਉਂਦੇ ਜੰਗਲ-ਬੇਲੇ। ਕਿਤੇ-ਕਿਤੇ ਗਲੇਸ਼ੀਅਰ ਅਤੇ ਕਿਤੇ ਨਿਰੇ ਪਠਾਰ ਤੇ ਉੱਤਮ ਦ੍ਰਿਸ਼। ਜਿਹੜੇ ਰਲ-ਮਿਲ ਪੌਣ-ਪਾਣੀ, ਮਨੁੱਖੀ ਜ਼ਿੰਦਗੀ ਅਤੇ ਤਰੱਕੀ ਵਿਚ ਅਹਿਮ ਰੋਲ ਨਿਭਾਉਂਦੇ ਹਨ।

ਸਾਵੀਂ-ਪੱਧਰੀ ਜ਼ਿੰਦਗੀ ਜਿਊਣ ਲਈ ਮਿੱਟੀ-ਪਾਣੀ, ਹਵਾ-ਆਕਾਸ਼, ਜੰਗਲ-ਬੇਲੇ, ਦਰਿਆਵਾਂ ਸਮੇਤ ਸਰ-ਸ਼ਬਜ ਪਹਾੜਾਂ ਦੀ ਵੀ ਓਨੀ ਹੀ ਲੋੜ ਹੈ, ਜਿੰਨੀ ਕੁੱਲੀ-ਗੁੱਲੀ-ਜੁੱਲੀ ਦੀ। ਅਸੀਂ ਪਹਾੜਾਂ ਦੀ ਮਹੱਤਤਾ, ਦੇਣ ਅਤੇ ਇਨ੍ਹਾਂ ਪ੍ਰਤੀ ਆਪਣੇ ਫਰਜ਼ਾਂ

**ਵਿਜੈ ਬੰਬੇਲੀ**

ਨੂੰ ਭੁੱਲ-ਭੁਲਾਅ ਗਏ ਹਾਂ। ਪਹਾੜਾਂ ਦੀ ਅਪਾਰ ਕ੍ਰਿਪਾ ਭੁੱਲ ਕੇ ਅਸੀਂ ਇਨ੍ਹਾਂ ਨੂੰ ਮਹਿਜ਼ 'ਆਮਦਨ' ਅਤੇ ਸੈਰ-ਸਪਾਟੇ ਦੇ ਸਾਧਨ ਮਾਤਰ ਸਮਝ ਲਿਆ ਹੈ। ਦਰ-ਹਕੀਕਤ, ਜੰਗਲਾਂ ਪਹਾੜਾਂ 'ਚ ਨਿਗੂਣੀਆਂ ਆਮਦਨਾਂ ਅਤੇ 'ਵਿਕਾਸ ਅਤੇ ਮਨੋਰੰਜਨ' ਅਤੇ 'ਧਾਰਮਿਕ ਆਸਥਾ' ਦੇ ਨਾਂਅ 'ਤੇ ਕੁਦਰਤੀ ਸਮਤੋਲ ਵਿਚ ਦਿੱਤਾ ਬੇ-ਲੋੜਾ ਦਖ਼ਲ, ਪਹਾੜਾਂ-ਜੰਗਲਾਂ ਨੂੰ ਢਹਿ-ਢੇਰੀ ਕਰਕੇ ਅਣਸਾਵੀਂ ਵਰਖਾ ਅਤੇ ਤਿੱਖੀ ਭੌਂ-ਖੋਰ ਤੇ ਜਲ ਸੈਲਾਬ ਸਾਡੇ ਪੱਲੇ ਪਾਉਣ ਲੱਗ ਪਿਆ ਹੈ। ਅਸੀਂ, ਜੰਗਲਾਂ-ਪਹਾੜਾਂ 'ਚ ਪੈਟਰੋ-ਕੈਮੀਕਲਜ਼ ਅਤੇ ਪਲਾਸਟਿਕ ਲੈ ਵੜੇ ਹਾਂ, ਜਿਸਦੇ ਚੌਗਿਰਦੇ, ਕੁਦਰਤੀ ਸੋਮਿਆਂ ਤੇ ਭੂ-ਸਮਤੋਲ ਅਤੇ ਆਬੋ-ਹਵਾ ਉੱਪਰ ਭੈੜੇ ਅਸਰ ਪ੍ਰਤੱਖ ਨਜ਼ਰ ਆਉਂਦੇ ਹਨ।

ਮਿੱਟੀ ਸਿਰਜਣ ਅਤੇ ਪਹਾੜਾਂ ਨੂੰ ਜਕੜ-ਬੰਦ ਰੱਖਣ ਵਿਚ ਲੱਖਾਂ ਹੀ ਸਾਲਾਂ ਦੀ ਕੁਦਰਤੀ ਕਿਰਿਆ-ਪ੍ਰਕਿਰਿਆ ਅਤੇ ਬਨਸਪਤੀ ਦਾ ਵੱਡਾ ਯੋਗਦਾਨ ਹੈ। ਪਹਾੜ ਅੰਬਰੋਂ ਨਹੀਂ ਸਨ ਡਿੱਗੇ, ਇਕ ਲੰਬੀ ਦਾਸਤਾਂ ਹੈ ਇਨ੍ਹਾਂ ਦੇ ਉੱਗਮਣ ਅਤੇ ਸਭ ਦੀ ਸਰਬ-ਸਾਂਝੀ ਮਾਲਕੀ ਦੀ। ਹਾਂ, ਇਹ ਸੂਖਮ ਰੂਪ 'ਚ ਵਹਿੰਦੇ ਵੀ ਹਨ। ਮੱਲੜ-ਮਿੱਟੀ ਦਾ ਸਹਿਜ ਰੂਪ 'ਚ ਵਹਿਣਾ ਕੁਦਰਤ ਅਤੇ ਮਨੁੱਖ ਪੱਖੀ ਹੈ। ਕੁਦਰਤੀ ਜਾਂ ਬੰਦੇ ਦੀਆਂ ਲੋੜਾਂ ਕਾਰਨ ਇਹ ਅੱਗੇ ਵੀ ਜਾਰੀ ਰਹੇਗੀ। ਕੁਦਰਤੀ ਸਮਤੋਲ ਜਾਂ ਭੌਂ-ਖੋਰ ਰੋਕੂ ਕਾਰਜਾਂ ਤਹਿਤ ਇਹ ਸੀਮਤ ਅਤੇ ਕੰਟਰੋਲ ਵਿਚ ਹੁੰਦੀ ਸੀ ਪਰ ਹੁਣ ਅਜਿਹਾ ਨਹੀਂ ਹੈ। ਹਕੂਮਤੀ ਸ਼ਹਿ 'ਤੇ ਧਨ-ਕੁਬੇਰਾਂ ਨੇ ਖਣਿਜ-ਪਦਾਰਥਾਂ, ਖੇਤੀ ਅਤੇ ਉਸਾਰੀਆਂ ਹਿੱਤ ਜਿਵੇਂ ਪਹਾੜਾਂ ਨੂੰ ਖੋਖਲਾ ਕਰਨਾ ਸ਼ੁਰੂ ਕੀਤਾ ਹੋਇਆ ਹੈ, ਉਸ ਦੇ ਮਾਰੂ ਸਿੱਟੇ ਸਭ ਨੂੰ ਭੁਗਤਣੇ ਪੈ ਰਹੇ ਹਨ ਅਤੇ ਅੱਗੋਂ ਵੀ ਭੁਗਤਣੇ ਪੈਣਗੇ। ਭੀਸ਼ਣ ਮਿੱਟੀ ਅਤੇ ਜਲ ਸੈਲਾਬ ਇਸ ਦਾ ਵਿਰਾਟ ਰੂਪ ਹਨ ਜਿਹੜੇ ਪਰਬਤਾਂ ਅਤੇ ਉਥੇ ਵਸਦੇ ਲੋਕਾਂ ਨੂੰ ਲੈ ਬਹਿੰਦੇ ਹਨ। ਭਾਰਤ ਨੂੰ ਦਰਪੇਸ਼ ਖ਼ਤਰਿਆਂ ਵਿਚੋਂ ਹੜ੍ਹ, ਭੌਂ ਖੋਰ ਅਤੇ ਜਲ-ਸੰਕਟ ਤੇ ਜਲ-ਸੈਲਾਬ ਹੁਣ ਵੱਡੇ ਖ਼ਤਰੇ ਹਨ। ਦਰ-ਹਕੀਕਤ, ਹੜ੍ਹਾਂ ਅਤੇ ਜਲ ਸੈਲਾਬਾਂ ਦਾ ਇਤਿਹਾਸ ਉਦੋਂ ਹੀ ਸ਼ੁਰੂ ਹੋਇਆ, ਜਦੋਂ ਅਸੀਂ ਜੰਗਲ ਫਨਾਹ ਕਰਨੇ, ਬੇ-ਕਿਰਕ ਖਣਨ, ਕੁਦਰਤ ਨਾਲ ਅਣ-ਮੇਚਵਾਂ ਵਿਕਾਸ, ਪਹਾੜਾਂ ਨਾਲ ਖਿਲਵਾੜ, ਕੁਦਰਤੀ ਟੋਏ ਢਾਬਾਂ, ਛੰਬ-ਦਲਦਲਾਂ ਤਬਾਹ ਕਰਨੇ ਜਾਂ ਇਨ੍ਹਾਂ 'ਤੇ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ ਅਤੇ ਜਲ-ਵਹਿਣਾ ਦੇ ਲਾਂਘੇ ਰੋਕ ਦਿੱਤੇ।

ਪਹਾੜੀ ਅਤੇ ਜੰਗਲੀ ਖਿੱਤਿਆਂ ਵਿਚ ਕੁਦਰਤ ਨਾਲ ਤਾਲਮੇਲ ਬਿਠਾਏ ਬਿਨਾਂ ਕੀਤੇ ਗਏ ਵਿਕਾਸ ਦੀ ਭਿਆਨਕ ਕੀਮਤ ਚੁਕਾਉਣੀ ਪੈਂਦੀ ਹੈ। ਬੀਤੇ ਡੇਢ ਦਹਾਕੇ ਵਿਚ, ਬਹੁਤਾ ਕਰਕੇ ਵੋਟ ਰਾਜਨੀਤੀ ਤਹਿਤ, ਉੱਤਰਾਖੰਡ ਵਿਚ ਤੀਹ ਹਜ਼ਾਰ ਮੀਲ ਚਾਰ-ਮਾਰਗੀ ਸੜਕਾਂ ਬਣਾਈਆਂ ਗਈਆਂ। ਪਹਾੜਾਂ ਨੂੰ ਧਾਰਾਸ਼ਾਈ ਕਰਦਿਆਂ, ਕਰੀਬ ਦੋ ਅਰਬ ਘਣ ਮੀਟਰ ਮਲਬਾ ਖੱਡਾਂ-ਮੁਹਾਣਿਆਂ ਵੱਲ ਧੱਕ ਦਿੱਤਾ ਗਿਆ ਜਿਸ ਨੇ ਜਲ-ਵਹਿਣਾਂ ਦੇ ਲਾਂਘੇ ਰੋਕ ਲਏ, ਮਗਰੋਂ ਇਹ ਗਾਰ ਬਣ ਕੇ ਵਹਿ ਤੁਰਿਆ। ਇਸੇ ਰਾਜ ਦੀ, ਪੰਜ ਜ਼ਿਲਿਆਂ ਨੂੰ ਜੋੜਦੀ ਚਾਰ ਧਾਮ 100 ਮੀਲ ਲੰਬੀ ਰੇਲ ਲਾਈਨ ਉੱਤੇ ਕਈ ਵਿਰਾਟ ਪੁਲ ਅਤੇ ਸੁਰੰਗਾਂ ਬਣਨਗੀਆਂ, ਮਲਬਾ ਕਿਥੇ ਤੇ ਕਿਵੇਂ ਸੁਰੱਖਿਅਤ ਬਿਲੇ ਲਾਉਣਾ ਹੈ ਅਤੇ ਮਧੋਲ਼ੀ ਜਾ ਰਹੀ ਕੁਦਰਤ ਕਿਵੇਂ ਮੁੜ-ਬਹਾਲ ਕਰਨੀ ਹੈ, ਕਿਸੇ ਦੇ ਚਿੱਤ-ਚੇਤੇ ਨਹੀਂ। ਇਸੇ ਕਾਹਲ ਹੇਠ ਲੱਗਪੱਗ 60 ਹਜ਼ਾਰ ਦਰੱਖਤ ਕੱਟੇ ਜਾ ਚੁੱਕੇ ਹਨ, ਬਾਕੀਆਂ ਦੀ ਵਾਰੀ ਹੈ। ਇੰਜ, ਜਲ ਸੈਲਾਬ ਹੀ ਪੱਲੇ ਨਹੀਂ ਪੈਂਦਾ, ਸਗੋਂ ਜਲ ਸੋਮੇ ਵੀ ਸੁੱਕ ਜਾਂਦੇ ਹਨ।

ਪਹਾੜਾਂ ਵਿਚ 60 ਫ਼ੀਸਦੀ ਹਿੱਸੇ ਦੇ ਹਿਸਾਬ ਨਾਲ ਰੁੱਖ ਨਾ ਲੱਗੇ ਹੋਣ ਤਾਂ ਮੀਂਹ ਪਹਾੜਾਂ-ਮੈਦਾਨਾਂ ਦੀ ਮਿੱਟੀ ਨੂੰ ਖੋਰਦਾ-ਰੋੜ੍ਹਦਾ ਹੈ। ਹਰ ਸਾਲ 6 ਕਰੋੜ ਟਨ ਮਿੱਟੀ ਜਲ ਕੁੰਡਾਂ ਨੂੰ ਜਾ ਰਹੀ ਹੈ। ਜਦੋਂ ਪਾਣੀ ਢਲਾਣ ਤੋਂ ਉਤਰਦਾ ਹੈ, ਉਥੇ ਜੇ ਧਰਤੀ ਨੰਗੀ ਹੋਵੇ ਜਾਂ ਮੂਹਰੇ ਅੜਿੱਕੇ ਨਾ ਹੋਣ ਤਾਂ ਤਿੱਖੀ ਗਤੀ ਹਜ਼ਾਰਾਂ ਟਨ ਮਲਬਾ ਵੀ ਲੈ ਤੁਰਦੀ ਹੈ। ਨੰਗੀ, ਖੋਖਲੀ ਅਤੇ ਤਿੱਖੀ ਢਾਲੂ ਜ਼ਮੀਨ 'ਤੇ ਪਾਣੀ ਦੀ ਮਹਿਜ਼ ਦੁੱਗਣੀ ਗਤੀ ਹੀ ਚੌਗਣੀ ਕੱਟ-ਵੱਢ, ਭਾਰ ਚੁੱਕਣ ਦੀ ਸਮੱਰਥਾ 32 ਅਤੇ ਧੱਕਾ ਦੇਣ ਦੀ ਸ਼ਕਤੀ 64 ਗੁਣਾ ਅਖਤਿਆਰ ਕਰ ਕੇ, ਜਲ-ਸਲਾਬ ਦਾ ਰੂਪ ਧਾਰ ਕੇ ਸਾਨੂੰ ਮਿੱਧ ਅਤੇ ਦਰੜਕੇ ਰੱਖ ਦਿੰਦੀ ਹੈ। ਤਿੱਗਣੀ ਜਲ ਗਤੀ ਦੀ, ਸਿੱਧੀ-ਖੜ੍ਹਵੀਂ ਕਟਾਈ ਜਾਂ ਢਾਲ 'ਤੇ, ਰੋੜੂ ਤਾਕਤ 729 ਗੁਣਾ ਹੋ ਜਾਂਦੀ ਹੈ। ਸਿੱਟੇ ਵਜੋਂ, ਪਹਾੜ ਖਿਸਕਦੇ ਅਤੇ ਵਹਿ ਤੁਰਦੇ ਹਨ। ਬਨਸਪਤਨ-ਜੜ੍ਹਾਂ ਅਤੇ ਕੁਦਰਤੀ ਤੇ ਮਸਨੂਈ ਰੋਕਾਂ ਹੀ ਸਾਡੀ ਮਿੱਟੀ ਨੂੰ ਰੁੜ੍ਹਨੋਂ-ਉੱਡਨੋਂ ਬਚਾਉਂਦੀਆਂ ਹਨ। ਹੁਣ ਭੂਮੀ ਅਤੇ ਜੰਗਲਾਂ-ਪਹਾੜਾਂ ਦੀ ਵਰਤੋਂ ਉਸ ਦੀ ਯੋਗਤਾ ਅਤੇ ਕੁਦਰਤੀ ਸਮਤੋਲ ਦੇ ਮੱਦੇਨਜ਼ਰ ਨਹੀਂ ਹੋ ਰਹੀ, ਜਿਸ ਕਾਰਨ ਰੁੱਤ ਵਿਗਾੜ, ਬੱਦਲਾਂ ਦਾ ਵਿਰਾਟ-ਫਟਣਾ, ਭੂਮੀ ਖੋਰ, ਮਾਰੂਥਲੀਕਰਨ, ਜਲ-ਸੰਕਟ ਅਤੇ ਜਲ-ਸੈਲਾਬ ਵਧ ਰਹੇ ਹਨ। ਮੁੱਕਦੀ ਗੱਲ, ਬੱਦਲ ਫਟਣ ਜਿਹੀਆਂ ਘਟਨਾਵਾਂ ਵਿਚ ਵਾਧਾ, ਗਲੇਸ਼ੀਅਰਾਂ ਦਾ ਪਿਘਲਣਾ ਆਦਿ ਸਭ ਨਾਕਾਰਤਮਿਕ ਤਬਦੀਲੀਆਂ ਵਿਚ ਵਾਧਾ ਇਸ ਕੁਦਰਤ ਵਿਰੋਧੀ ਮੁਨਾਫਾਖੋਰ ਢਾਂਚੇ ਦਾ ਸਿੱਟਾ ਹੈ। ਧਰਾਲੀ ਦਾ ਦੁਖਾਂਤ ਅੰਨ੍ਹੇਵਾਹ ਬਣਾਈਆਂ ਜਾ ਰਹੀਆਂ ਸ਼ਾਹਰਾਹਾਂ, ਪੁਲਾਂ, ਸੁਰੰਗਾਂ, ਮੋਟਲਾਂ-ਹੋਟਲਾਂ ਵਾਲੇ ਅਖੌਤੀ ਵਿਕਾਸ ਮਾਡਲ ਨੂੰ ਕਟਹਿਰੇ ਵਿਚ ਖੜ੍ਹਾ ਕਰਦਾ ਹੈ। ਉੱਤਰਾਖੰਡ ਵਿਚ ਪਿਛਲੇ ਵਰ੍ਹਿਆਂ ਵਿਚ 'ਸੈਰ-ਸਪਾਟਿਆਂ' ਅਤੇ 'ਧਾਰਮਿਕ ਪਰਪੰਚਾਂ' ਦੀਆਂ ਭੀੜਾਂ 'ਚ ਵੱਡਾ ਵਾਧਾ ਹੋਇਆ ਹੈ। 'ਚਾਰ ਧਾਮ ਪ੍ਰੋਜੈਕਟਾਂ' ਤਹਿਤ ਬਣਾਏ ਜਾ ਰਹੇ ਸ਼ਾਹੀ ਰਾਹਾਂ, ਧੜਵੈਲ ਸੁਰੰਗਾਂ ਅਤੇ ਉਸਾਰੀਆਂ ਨੇ ਇਸ ਖੇਤਰ ਦੇ ਕੁਦਰਤ ਲਬਰੇਜ਼ ਖ਼ੂਬਸੂਰਤ ਖਿੱਤੇ ਦੀ ਜੜ੍ਹ ਪੱਟ ਦਿੱਤੀ ਹੈ। ਇਹ ਲੋਕ ਅਤੇ ਕੁਦਰਤ ਵਿਰੋਧੀ 'ਵਿਕਾਸ' ਮਾਡਲ ਪੂਰੀ ਹਿਮਾਲਿਆਈ ਪੱਟੀ ਵਿਚ ਦੁਹਰਾਇਆ ਅਤੇ ਦ੍ਰਿੜਰਾਇਆ ਜਾ ਰਿਹਾ ਹੈ, ਜਿਸ ਨੇ ਕੁਦਰਤੀ ਸਾਵਾਂਪਨ ਦਰੜ ਕੇ ਰੱਖ ਦਿੱਤਾ ਹੈ। ਸਿੱਟੇ ਵਜੋਂ ਮਨੁੱਖ ਖੁਦ ਦਰੜਿਆ ਜਾ ਰਿਹਾ ਹੈ। ਧਨ-ਕੁਬੇਰਾਂ ਪੱਖੀ ਇਹ ਮਾਡਲ ਵਿਕਾਸ ਨਹੀਂ, ਵਿਨਾਸ਼ ਸਿਰਜ ਰਿਹਾ ਹੈ। ਧਾਰਾਲੀ ਵਰਗੀਆਂ ਤ੍ਰਾਸਦੀਆਂ ਇਸ ਦਾ ਘਿਨਾਉਣਾ ਰੂਪ ਹਨ।

## ਉੱਤਰਕਾਸ਼ੀ 'ਚ ਬੱਦਲ ਫਟਣ ਦੀ ਵੱਡੀ ਤ੍ਰਾਸਦੀ

ਉੱਤਰਕਾਸ਼ੀ ਜ਼ਿਲ੍ਹੇ ਦੇ ਖੀਰ ਗੰਗਾ ਖੇਤਰ 'ਚ ਬੱਦਲ ਫਟਣ ਦੀ ਘਟਨਾ ਨੇ ਇਕ ਵਾਰ ਮੁੜ ਇਸ ਪਹਾੜੀ ਸੂਬੇ ਦੀ ਕਮਜ਼ੋਰੀ ਨੂੰ ਉਜਾਗਰ ਕੀਤਾ ਹੈ। ਇਹ ਘਟਨਾ ਉੱਤਰਾਖੰਡ ਦੇ ਇਤਿਹਾਸ ਵਿਚ ਬੱਦਲ ਫਟਣ ਦੀਆਂ ਘਟਨਾਵਾਂ ਦੀ ਇਕ ਲੰਮੀ ਲੜੀ ਦਾ ਹਿੱਸਾ ਹੈ ਜੋ ਇਸ ਖੇਤਰ ਦੀ ਭੂਗੋਲਿਕ ਤੇ ਮੌਸਮੀ ਸੰਵੇਦਨਸ਼ੀਲਤਾ ਨੂੰ ਦਰਸਾਉਂਦੀ ਹੈ। ਬੱਦਲ ਫਟਣਾ ਇਕ ਅਜਿਹੀ ਮੌਸਮੀ ਘਟਨਾ ਹੈ ਜਿਸ 'ਚ ਥੋੜ੍ਹੇ ਸਮੇਂ ਵਿਚ ਭਾਰੀ ਮੀਂਹ ਪੈਂਦਾ ਹੈ, ਜੋ ਅਕਸਰ ਹੜ੍ਹਾਂ ਤੇ ਜ਼ਮੀਨ ਖਿਸਕਣ ਦਾ ਕਾਰਨ ਬਣਦਾ ਹੈ। ਉੱਤਰਾਖੰਡ ਵਰਗੇ ਪਹਾੜੀ ਰਾਜਾਂ 'ਚ, ਜਿੱਥੇ ਭੂਗੋਲਿਕ ਢਾਂਚਾ ਨਾਜ਼ੁਕ ਹੈ ਤੇ ਨਦੀਆਂ ਦਾ ਵਹਾਅ ਤੇਜ਼ ਹੁੰਦਾ ਹੈ, ਅਜਿਹੀਆਂ ਘਟਨਾਵਾਂ ਜਾਨ-ਮਾਲ ਦਾ ਵੱਡਾ ਨੁਕਸਾਨ ਕਰਦੀਆਂ ਹਨ। ਇਤਿਹਾਸਕ ਤੌਰ 'ਤੇ ਉੱਤਰਾਖੰਡ ਨੇ ਕਈ ਵੱਡੀਆਂ ਆਫ਼ਤਾਂ ਦਾ ਸਾਹਮਣਾ ਕੀਤਾ ਹੈ ਜਿਨ੍ਹਾਂ 'ਚ 2013 ਦੀ ਕੇਦਾਰਨਾਥ ਤ੍ਰਾਸਦੀ ਸਭ ਤੋਂ ਵੱਧ ਵਿਨਾਸ਼ਕਾਰੀ ਸੀ। ਇਸ ਆਫ਼ਤ ਨੇ ਹਜ਼ਾਰਾਂ ਲੋਕਾਂ ਦੀ ਜਾਨ ਸੀ ਲਈ ਅਤੇ ਲੱਖਾਂ ਸ਼ਰਧਾਲੂਆਂ ਨੂੰ ਪ੍ਰਭਾਵਿਤ ਕੀਤਾ ਸੀ।

ਇਸ ਤੋਂ ਪਹਿਲਾਂ ਅਤੇ ਬਾਅਦ 'ਚ ਵੀ ਉੱਤਰਾਖੰਡ ਵਿਚ ਬੱਦਲ ਫਟਣ ਦੀਆਂ ਕਈ ਘਟਨਾਵਾਂ ਵਾਪਰੀਆਂ। ਸੰਨ 2021 ਵਿਚ ਚਮੋਲੀ ਜ਼ਿਲ੍ਹੇ 'ਚ ਗਲੇਸ਼ੀਅਰ ਟੁੱਟਣ ਤੇ ਬੱਦਲ ਫਟਣ ਦੀ ਘਟਨਾ ਨੇ ਹੜ੍ਹ ਲਿਆਂਦਾ ਜਿਸ ਨਾਲ 200 ਤੋਂ ਵੱਧ ਲੋਕ ਲਾਪਤਾ ਹੋ ਗਏ ਅਤੇ ਹਾਈਡਰੋ ਪਾਵਰ ਪ੍ਰਾਜੈਕਟਾਂ ਨੂੰ ਵੱਡਾ ਨੁਕਸਾਨ ਪਹੁੰਚਿਆ।

ਇਸੇ ਤਰ੍ਹਾਂ 2024 ਵਿਚ ਵੀ ਉੱਤਰਕਾਸ਼ੀ ਤੇ ਹੋਰ ਜ਼ਿਲ੍ਹਿਆਂ 'ਚ ਬੱਦਲ ਫਟਣ ਦੀਆਂ ਘਟਨਾਵਾਂ ਨੇ ਸਥਾਨਕ ਲੋਕਾਂ ਤੇ ਸੈਲਾਨੀਆਂ ਨੂੰ ਪ੍ਰਭਾਵਿਤ ਕੀਤਾ। ਤਾਜ਼ਾ ਘਟਨਾ ਨੇ ਗੰਗੋਤਰੀ ਧਾਮ ਦੇ ਰਸਤੇ 'ਚ ਸਥਿਤ ਧਾਰਲੀ ਪਿੰਡ ਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਭਾਰੀ ਤਬਾਹੀ ਮਚਾਈ। ਇਸ ਨਾਲ ਗੰਗੋਤਰੀ ਵਰਗੇ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਤੇ ਪਹੁੰਚਯੋਗਤਾ 'ਤੇ ਸਵਾਲ ਉੱਠੇ। ਇਸ ਦਾ ਪ੍ਰਭਾਵ ਸਥਾਨਕ ਲੋਕਾਂ, ਸੈਲਾਨੀਆਂ ਅਤੇ ਸਮੁੱਚੇ ਖੇਤਰ ਦੀ ਆਰਥਿਕਤਾ 'ਤੇ ਪਿਆ। ਇਸ ਘਟਨਾ ਨੇ ਸਪਸ਼ਟ ਕਰ ਦਿੱਤਾ ਕਿ ਅਜਿਹੀਆਂ ਆਫ਼ਤਾਂ ਤੋਂ ਬਚਾਅ ਲਈ ਬਹੁਤ ਸਾਰੇ ਖੇਤਰਾਂ 'ਚ ਸੁਧਾਰ ਦੀ ਲੋੜ ਹੈ।

ਦਰਅਸਲ, ਮੌਸਮ ਵਿਭਾਗ ਦੀਆਂ ਚਿਤਾਵਨੀਆਂ ਦੇ ਬਾਵਜੂਦ ਸਥਾਨਕ ਲੋਕ ਤੇ ਸੈਲਾਨੀ ਅਕਸਰ ਅਜਿਹੀਆਂ ਘਟਨਾਵਾਂ ਲਈ ਤਿਆਰ ਨਹੀਂ ਹੁੰਦੇ। ਪਹਾੜੀ ਖੇਤਰਾਂ ਵਿਚ ਗ਼ੈਰ-ਯੋਜਨਾਬੱਧ ਨਿਰਮਾਣ ਤੇ ਜੰਗਲਾਂ ਦੀ ਕਟਾਈ ਨੇ ਵਾਤਾਵਰਨ ਦੀ ਸੰਵੇਦਨਸ਼ੀਲਤਾ ਨੂੰ ਹੋਰ ਵਧਾ ਦਿੱਤਾ ਹੈ। ਹਾਲਾਂਕਿ ਸਰਕਾਰ ਨੇ ਕਈ ਨੀਤੀਆਂ ਤੇ ਯੋਜਨਾਵਾਂ ਬਣਾਈਆਂ ਹਨ ਪਰ ਉਨ੍ਹਾਂ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਅਜੇ ਵੀ ਇਕ ਚੁਣੌਤੀ ਹੈ।

ਵੈਸੇ ਉੱਤਰਾਖੰਡ ਵਿਚ ਬੱਦਲ ਫਟਣ ਤੇ ਹੜ੍ਹਾਂ ਦੀਆਂ ਘਟਨਾਵਾਂ ਨੂੰ ਪੂਰੀ ਤਰ੍ਹਾਂ ਰੋਕਣਾ ਸੰਭਵ ਨਹੀਂ ਹੈ ਪਰ ਸਹੀ ਯੋਜਨਾਬੰਦੀ ਤੇ ਤਿਆਰੀ ਨਾਲ ਨੁਕਸਾਨ ਨੂੰ ਘਟਾਇਆ ਜਾ ਸਕਦਾ ਹੈ। ਭਾਰਤੀ ਮੌਸਮ ਵਿਭਾਗ ਨੂੰ ਅਤਿ-ਆਧੁਨਿਕ ਤਕਨੀਕ ਨਾਲ ਲੈਸ ਕਰ ਕੇ ਸਥਾਨਕ ਪੱਧਰ 'ਤੇ ਸਹੀ ਅਤੇ ਸਮੇਂ ਸਿਰ ਚਿਤਾਵਨੀਆਂ ਜਾਰੀ ਕਰਨੀਆਂ ਚਾਹੀਦੀਆਂ ਹਨ।

ਪਹਾੜੀ ਖੇਤਰਾਂ ਵਿਚ ਸੜਕਾਂ, ਪੁਲਾਂ ਤੇ ਇਮਾਰਤਾਂ ਦਾ ਨਿਰਮਾਣ ਆਫ਼ਤ-ਰੋਧਕ ਤਕਨੀਕਾਂ ਨਾਲ ਕੀਤਾ ਜਾਣਾ ਚਾਹੀਦਾ ਹੈ। ਜੰਗਲਾਂ ਦੀ ਕਟਾਈ ਨੂੰ ਰੋਕਣ ਅਤੇ ਵੱਡੇ ਪੱਧਰ 'ਤੇ ਪੌਦੇ ਲਗਾਉਣ ਦੀਆਂ ਮੁਹਿੰਮਾਂ ਸ਼ੁਰੂ ਕੀਤੀਆਂ ਜਾਣੀਆਂ ਚਾਹੀਦੀਆਂ। ਸਥਾਨਕ ਲੋਕਾਂ ਨੂੰ ਆਫ਼ਤ ਪ੍ਰਬੰਧਨ ਤੇ ਮੁੱਢਲੀ ਸਹਾਇਤਾ ਦੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਸੈਲਾਨੀਆਂ ਨੂੰ ਮੌਸਮ ਦੀਆਂ ਚਿਤਾਵਨੀਆਂ ਤੇ ਸੁਰੱਖਿਆ ਨਿਯਮਾਂ ਬਾਰੇ ਜਾਗਰੂਕ ਕਰਨ ਲਈ ਜਨਤਕ ਮੁਹਿੰਮਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ।

# ਅੰਮ੍ਰਿਤਸਰ ਦੇ ਪੰਜਾਬੀ ਲੇਖਕਾਂ ਦੀ ਸਿੱਖ ਸਾਹਿਤ ਨੂੰ ਦੇਣ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਕੁਲਦੀਪ ਸਿੰਘ ਅਰਸ਼ੀ (1935)**

ਕੁਲਦੀਪ ਸਿੰਘ ਅਰਸ਼ੀ, ਜਿਨ੍ਹਾਂ ਦਾ ਜਨਮ 25 ਫਰਵਰੀ 1935 ਨੂੰ ਹਲਵਾਰਾ (ਲੁਧਿਆਣਾ) ਵਿੱਚ ਹੋਇਆ, ਇੱਕ ਉਤਸ਼ਾਹੀ ਅਤੇ ਬਹੁ-ਪੱਖੀ ਲੇਖਕ ਹਨ। ਉਹ ਬੀ.ਏ., ਬੀ.ਐੱਡ., ਪ੍ਰਭਾਕਰ, ਗਿਆਨੀ ਅਤੇ ਫ਼ਾਰਸੀ-ਉਰਦੂ ਭਾਸ਼ਾਵਾਂ ਦੇ ਗਿਆਨ ਨਾਲ ਯੁਕਤ ਹਨ। ਉਹ ਤਿੰਨ ਦਹਾਕਿਆਂ ਤੋਂ ਤ੍ਰੈਮਾਸਿਕ ਪੱਤ੍ਰਿਕਾ 'ਰਾਹ ਦਸੇਰਾ' ਦੇ ਸੰਪਾਦਕ ਹਨ। ਉਨ੍ਹਾਂ ਦੀ ਰਚਨਾਵਲੀ ਵਿੱਚ 'ਸਾਡੇ ਰਾਹ ਦਸੇਰੇ', 'ਅਮਰ ਰਾਹ ਦਸੇਰੀਆਂ', 'ਰੁਮਾਂਟਿਕ ਰਾਹ ਦਸੇਰੇ', 'ਪਵਿੱਤਰ ਅਰਸ਼ ਉਡਾਰੀਆਂ', 'ਕੌਸ਼-ਏ-ਕਜ਼ਾ' ਆਦਿ ਪ੍ਰਮੁੱਖ ਕਾਵਿ, ਕਹਾਣੀ ਅਤੇ ਸਫ਼ਰਨਾਮਾ ਗ੍ਰੰਥ ਹਨ। ਉਹ ਨਵੀਂ ਲਿਖਾਰੀ ਨੂੰ ਉਤਸ਼ਾਹਿਤ ਕਰਕੇ ਸਾਹਿਤਕ ਰੁਖ ਲਹਿਰਾਉਣ ਦੇ ਹਮੀ ਹਨ। ਉਨ੍ਹਾਂ ਦੀ ਲਿਖਤ ਵਿੱਚ ਉਰਦੂ-ਫ਼ਾਰਸੀ ਸ਼ਬਦਾਵਲੀ ਦੀ ਛਾਂ ਮਿਲਦੀ ਹੈ ਅਤੇ ਉਹ ਸੁੰਤਿਆਂ ਸਾਹਮਣੇ ਗ਼ਜ਼ਲਾਂ ਪੇਸ਼ ਕਰਕੇ ਵਾਤਾਵਰਣ ਨੂੰ ਰਸਮਗਨ ਕਰਦੇ ਹਨ।

**ਡਾ. ਹਰਜੀਤ ਸਿੰਘ ਗਿੱਲ (1935)**

ਡਾ. ਹਰਜੀਤ ਸਿੰਘ ਗਿੱਲ (ਜਨਮ: 1935, ਅੰਮ੍ਰਿਤਸਰ) ਅੰਤਰਰਾਸ਼ਟਰੀ ਖਿਆਤਿ ਪ੍ਰਾਪਤ ਭਾਸ਼ਾ ਵਿਗਿਆਨੀ ਸਨ। ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਏ. (1953) ਉਪਰੰਤ ਉਨ੍ਹਾਂ ਨੇ ਪੈਰਿਸ ਅਤੇ ਹੋਰ ਵਿਦੇਸ਼ੀ ਸੰਸਥਾਵਾਂ ਵਿੱਚ ਭਾਸ਼ਾ ਵਿਗਿਆਨ ਦੀ ਉੱਚ ਪੜ੍ਹਾਈ ਕੀਤੀ। ਦੱਖਣ ਕਾਲਜ ਪੂਨਾ, ਨੈਸ਼ਨਲ ਸਾਇੰਸ ਫ਼ਾਉਂਡੇਸ਼ਨ (ਯੂ.ਐੱਸ.ਏ.) ਅਤੇ ਫ਼ਰਾਂਸ ਵਿੱਚ ਉਹ ਰਿਸਰਚ ਫੈਲੋਸ਼ਿਪ ਅਤੇ ਖੇਤਰੀ ਕਾਰਜ ਨਾਲ ਜੁੜੇ ਰਹੇ। ਫ਼ਰਾਂਸ ਤੋਂ ਵਾਪਸੀ ਉਪਰੰਤ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਮਾਨਵ ਭਾਸ਼ਾ ਵਿਗਿਆਨ ਵਿਭਾਗ ਦੀ ਸਥਾਪਨਾ ਕੀਤੀ ਅਤੇ ਮੁੱਖੀ ਰਹੇ। ਉਨ੍ਹਾਂ ਦੀਆਂ ਮਹੱਤਵਪੂਰਨ ਕਿਤਾਬਾਂ ਵਿੱਚ Reference Grammar of Punjabi (1962), Structural Analysis of Punjabi Phonology, Linguistic Atlas of the Punjab, A Start in Punjabi, Nanak Bani, Sufi Rhythms ਅਤੇ Conceptualism in Buddhist and French Tradition ਸ਼ਾਮਲ ਹਨ। ਸੇਵਾ ਮੁਕਤੀ ਤੋਂ ਬਾਅਦ ਉਹ ਜਵਾਹਰਲਾਲ ਨੇਹਰੂ ਯੂਨੀਵਰਸਿਟੀ ਦਿੱਲੀ ਵਿੱਚ ਪ੍ਰੋਫ਼ੈਸਰ ਐਮੇਰਿਟਸ ਬਣੇ।

**ਡਾ. ਸ਼ਮੀਰ ਸਿੰਘ (1935)**

ਡਾ. ਸ਼ਮੀਰ ਸਿੰਘ (ਜਨਮ: 1 ਅਕਤੂਬਰ 1935, ਪਿੰਡ ਬੱਲ ਸੁਚੰਦਰ, ਅੰਮ੍ਰਿਤਸਰ) ਹਿੰਦੀ ਦੇ ਪ੍ਰਸਿੱਧ ਵਿਦਵਾਨ, ਲੇਖਕ ਅਤੇ ਆਲੋਚਕ ਸਨ। ਉਨ੍ਹਾਂ ਨੇ ਐਮ.ਏ. ਅਤੇ ਪੀ.ਐਚ.ਡੀ. ਕੀਤੀ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਅਧਿਆਪਕ ਵਜੋਂ ਸੇਵਾ ਨਿਭਾਈ। ਉਨ੍ਹਾਂ ਦੀਆਂ ਮੁੱਖ ਪੁਸਤਕਾਂ ਵਿੱਚ ਗੁਰੂ ਤੇਗ ਬਹਾਦਰ ਜੀ: ਜੀਵਨ, ਕਾਵਯ ਵ ਚਿੰਤਨ (1976), ਸ੍ਰੀ ਸ਼ਾਸਤਰ ਨਾਮ ਮਾਲਾ ਪੁਰਾਣ (1986), ਕ੍ਰਿਸ਼ਨਾਵਤਾਰ ਕਾ ਤੁਲਨਾਤਮਕ ਅਧਿਐਨ (1989), ਗੁਰਮੁਖੀ ਲਿਪੀ ਵਿੱਚ ਹਿੰਦੀ ਕੇ ਹਸਤ ਲਿਖਤ ਗ੍ਰੰਥ, ਗੁਰਮੁਖੀ ਲਿਪੀ ਮੇਂ ਉਪਲਬਧ ਹਿੰਦੀ ਸਾਹਿਤ ਕਾ ਵਿਸ਼ੇਸ਼ ਅਧਿਐਨ, ਸਵਤੰਤਰ ਯੁਗ ਕੀ ਹਿੰਦੀ ਕਵਿਤਾ ਆਦਿ ਸ਼ਾਮਲ ਹਨ। ਉਨ੍ਹਾਂ ਦਾ ਯੋਗਦਾਨ ਹਿੰਦੀ-ਪੰਜਾਬੀ ਸਾਹਿਤਕ ਸਬੰਧਾਂ ਦੇ ਅਧਿਐਨ ਵਿੱਚ ਮਹੱਤਵਪੂਰਨ ਰਹਿਆ।

**ਹਰਬੀਰ ਸਿੰਘ ਭੰਵਰ (1938)**

ਹਰਬੀਰ ਸਿੰਘ ਭੰਵਰ (ਜਨਮ : 27 ਅਗਸਤ 1938, ਪੱਖੋਵਾਲ, ਲੁਧਿਆਣਾ) ਪੰਜਾਬੀ ਪੱਤਰਕਾਰਤਾ ਅਤੇ ਲੇਖਨ ਦੇ ਖੇਤਰ ਵਿਚ ਇਕ ਨਿਰਪੱਖ ਤੇ ਸਚੇ ਸਾਹਿਤਕਾਰ ਦੇ ਰੂਪ ਵਿਚ ਜਾਣੇ ਜਾਂਦੇ ਹਨ। ਉਹ ਸ. ਹਰਨਾਮ ਸਿੰਘ ਤੇ ਸ੍ਰੀਮਤੀ ਗੁਰਬਚਨ ਕੌਰ ਦੇ ਸਪੁੱਤਰ ਹਨ। ਉਨ੍ਹਾਂ ਨੇ ਐਮ.ਏ. ਅਤੇ ਜਰਨਲਿਜ਼ਮ ਵਿਚ ਡਿਪਲੋਮਾ ਕੀਤਾ। ਉਨ੍ਹਾਂ ਦੀ ਰਿਹਾਇਸ਼ ਅੰਮ੍ਰਿਤਸਰ ਵਿੱਚ ਹੈ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਹਨ : ਸੋਭਾ ਸਿੰਘ : ਜੀਵਨ, ਸ਼ਖ਼ਸੀਅਤ ਅਤੇ ਕਲਾ, ਕੀ ਖਾਲਿਸਤਾਨ ਬਣੇਗਾ?, ਨਾਰੀਅਲ ਦੀ ਧਰਤੀ 'ਤੇ, ਪੰਜਾਬ ਦਾ ਲੋਕ ਨਾਇਕ (ਸੰਤ ਹਰਚੰਦ ਸਿੰਘ ਲੌਂਗੋਵਾਲ) ਅਤੇ ਡਾਇਰੀ ਦੇ ਪੰਨੇ। ਭੰਵਰ ਨੇ 1984 ਦੇ ਦੁਖਾਂਤਕਾਲ ਦੌਰਾਨ ਆਪਣੇ ਨਜ਼ਰੀਏ ਅਤੇ ਪੱਤਰਕਾਰਿਕ ਫਰਜ਼ਾਂ ਨੂੰ ਨਿਰਭੀਕਤਾ ਨਾਲ ਨਿਭਾਇਆ। ਉਨ੍ਹਾਂ ਨੇ ਅਣਮਿੱਟ ਦੁੱਖ ਅਤੇ ਤਬਾਹੀ ਦੇ ਦ੍ਰਿਸ਼ ਅੱਖੀਂ ਵੇਖੇ, ਪਰ ਸੱਚ ਦੇ ਪ੍ਰਤੀ ਆਪਣੀ ਵਫ਼ਾਦਾਰੀ ਤੋਂ ਕਦੇ ਹਟੇ ਨਹੀਂ। ਉਨ੍ਹਾਂ ਦੀ ਲਿਖਤ 1984 ਦੇ ਇਤਿਹਾਸਕ ਵਿਲੱਖਣ ਪਲਾਂ ਦੀ ਪ੍ਰਮਾਣਿਕ ਦਸਤਾਵੇਜ਼ੀ ਸੂਰਤ ਹੈ।



**ਡਾ. ਜਸਬੀਰ ਸਿੰਘ ਸਰਨਾ**

**ਡਾ. ਮੋਹਨਜੀਤ (1938)**

ਡਾ. ਮੋਹਨਜੀਤ ਸਿੰਘ (7 ਮਈ 1938), ਪਿਤਾ ਠਾਕਰ ਸਿੰਘ, ਮਾਤਾ ਹਰਬੰਸ ਕੌਰ, ਪਿੰਡ ਤੇ ਡਾਕ ਘਰ ਅਦਲੀ ਵਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ, ਇੱਕ ਉਲੇਖਣੀ ਪੰਜਾਬੀ ਸਾਹਿਤਕਾਰ, ਅਨੁਵਾਦਕ ਅਤੇ ਆਲੋਚਕ ਹਨ। ਉਨ੍ਹਾਂ ਨੇ ਦੇਸ਼ ਬੰਧੂ ਕਾਲਜ, ਕਾਲਕਾ ਜੀ (ਦਿੱਲੀ ਵਿਸ਼ਵਵਿਦਿਆਲਯ) ਵਿੱਚ ਰੀਡਰ ਵਜੋਂ ਸੇਵਾ ਨਿਭਾਈ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਵਿੱਚ ਸਹਿਕਦਾ ਸ਼ਬਦ (1974), ਵਰਵਰੀਕ (1976), ਤੁਰਦੇ ਫਿਰਦੇ ਮਸਖ਼ਰੇ (1976, ਵਿਅਕਤੀ-ਚਿੱਤਰ), ਗੂੜ੍ਹੀ ਲਿਖਤ ਵਾਂ ਵਰਕਾ (1986, ਵਿਅਕਤੀ-ਚਿੱਤਰ) ਸ਼ਾਮਲ ਹਨ। ਕਾਵਿ-ਸੰਗ੍ਰਹਾਂ ਵਿੱਚ ਆਰੰਭ (1974, ਨਵ-ਕਰਾਂਤੀਕਾਰੀ ਕਵਿਤਾਵਾਂ), ਅੰਬਰ ਜੇਡਾ ਕਾੜ੍ਹੀਆ (1988, ਪੂਰਨ ਸਿੰਘ ਬਾਰੇ) ਤੇ ਸਾਧਨਾ ਤੇ ਸਿਰਜਣਾ (1997, ਡਾ. ਮਹਿੰਦਰ ਕੌਰ ਗਿੱਲ ਦੇ ਰਚਨਾਤਮਕ ਸੰਸਾਰ ਤੇ) ਮਹੱਤਵਪੂਰਣ ਹਨ। ਉਨ੍ਹਾਂ ਦੀਆਂ ਵਿਸ਼ਲੇਸ਼ਣਾਤਮਕ ਰਚਨਾਵਾਂ ਗੁਰੂ ਤੇਗ ਬਹਾਦਰ — ਜੀਵਨ ਅਤੇ ਸਿਰਜਣਾ (1976) ਅਤੇ ਸਿਮਰਤੀ ਤੇ ਸਿਰਜਣਾ (1999, ਸ਼ਾਇਰ ਹਰਨਾਮ ਤੇ ਹੋਰ ਸਮਕਾਲੀ ਕਵਿਤਾ) ਵਿਸ਼ੇਸ਼ ਧਿਆਨਯੋਗ ਹਨ। ਅਨੁਵਾਦਕ ਵਜੋਂ ਉਨ੍ਹਾਂ ਨੇ ਡਬਲਿਊ ਐਚ ਮੈਕਲੋਡ ਦੀ ਪੁਸਤਕ ਦਾ ਹਿੱਸਾ (ਗੁਰੂਆਂ ਦੇ ਉਦੇਸ਼), ਜਗਤਾਰ ਸਿੰਘ ਗਰੇਵਾਲ ਦੀ From Guru Nanak to Maharaja Ranjit Singh, ਮੁਹੰਮਦ ਹਬੀਬ ਦੀ ਮਹਿਮੂਦ ਗਜ਼ਨਵੀ, ਅੰਮ੍ਰਿਤ ਲਾਲ ਨਾਗਰ ਦੀ ਬੂੰਦ ਔਰ ਸਮੁੱਦ੍ਰ (ਬੂੰਦ ਤੇ ਸਮੁੰਦਰ, 1975), ਸ਼ਕਤੀ ਐਮ. ਗੁਪਤਾ ਦੀ Birbal Sahni (1992) ਅਤੇ ਹੋਰ ਕਈ ਮਹੱਤਵਪੂਰਣ ਰਚਨਾਵਾਂ ਪੰਜਾਬੀ ਵਿਚ ਲਿਆਂਦੀਆਂ। ਉਨ੍ਹਾਂ ਨੂੰ 1986 ਵਿੱਚ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰ ਮਿਲ ਚੁੱਕਾ ਹੈ। ਮੋਹਨਜੀਤ ਸਿੰਘ ਦੀ ਰਚਨਾ ਅਤੇ ਅਨੁਵਾਦਕ ਯਾਤਰਾ ਪੰਜਾਬੀ ਸਾਹਿਤ ਵਿੱਚ ਉਚ ਕੋਟਿ ਦੀ ਸੇਵਾ ਵਜੋਂ ਮੰਨੀ ਜਾਂਦੀ ਹੈ।

**ਬਲਕਾਰ ਸਿੰਘ (1940)**

ਆਪ ਦਾ ਜਨਮ 13 ਮਾਰਚ 1940, ਪਿੰਡ ਬਚੀਵਿੰਡ, ਜ਼ਿਲ੍ਹਾ ਅੰਮ੍ਰਿਤਸਰ ਵਿਚ ਪਾਲ ਕੌਰ ਤੇ ਸ਼ਿੰਗਾਰਾ ਸਿੰਘ ਦੇ ਘਰ ਹੋਇਆ। ਉਨ੍ਹਾਂ ਨੇ ਗੁਰਮਤਿ, ਸਿੱਖ ਧਰਮ ਅਤੇ ਭਗਤੀ ਵਿਸ਼ਿਆਂ ਤੇ ਵਧੀਆ ਅਕਾਦਮਿਕ ਯੋਗਦਾਨ ਪਾਇਆ। ਉਹ ਲੰਬੇ ਸਮੇਂ ਤੱਕ ਗੁਰੂ ਅਰਜਨ ਦੇਵ ਕਾਲਜ (1966-70), ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ (1970-83) ਅਤੇ ਰੀਡਰ ਰੂਪ ਵਿੱਚ ਵੱਖ-ਵੱਖ ਸੰਸਥਾਵਾਂ (1983-90) ਨਾਲ ਸੰਬੰਧਤ ਰਹੇ। ਬਾਅਦ ਵਿੱਚ ਮੈਕਸੀਕੋ ਅਤੇ ਅਮਰੀਕਾ ਦੇ ਸਿੱਖ ਅਧਿਐਨ ਕੇਂਦਰਾਂ ਨਾਲ ਜੁੜੇ।

(ਚਲਦਾ)

# ਭਾਰਤੀ ਆਰਥਿਕਤਾ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ ਟਰੰਪ

**ਅਭੈ ਕੁਮਾਰ ਦੂਬੇ**

ਇਸ ਸਮੇਂ ਗੰਗਾ-ਜਮੁਨਾ ਵਿਚ ਪਾਣੀ ਤੇਜ਼ੀ ਨਾਲ ਵਹਿ ਰਿਹਾ ਹੈ, ਭਾਵ ਮੁਹਾਵਰੇ ਜ਼ਰੀਏ ਕਿਹਾ ਜਾ ਸਕਦਾ ਹੈ ਕਿ ਸਿਆਸੀ ਘਟਨਾਕ੍ਰਮ ਦੇ ਅੱਗੇ ਵਧਣ ਦੀ ਰਫ਼ਤਾਰ ਬਹੁਤ ਤੇਜ਼ ਹੈ। ਅਜਿਹਾ ਲੱਗਦਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ ਅਰਥਵਿਵਸਥਾ 'ਤੇ ਹਮਲਾ ਕਰ ਦਿੱਤਾ ਹੈ। ਭਾਰਤ 1990 ਦੇ ਭੂਮੰਡਲੀਕਰਨ ਦੀ ਸ਼ੁਰੂਆਤ ਤੋਂ ਹੀ ਨਿਰਯਾਤ ਆਧਾਰਿਤ ਵਿਕਾਸ ਦੇ ਰਾਹ 'ਤੇ ਚੱਲ ਰਿਹਾ ਹੈ। ਭਾਰਤ ਨੂੰ ਇਸ ਰਾਹ 'ਤੇ ਨਰਸਿਮ੍ਹਾ ਰਾਊ, ਮਨਮੋਹਨ ਸਿੰਘ ਤੇ ਚਿਦੰਬਰਮ ਦੀ ਤਿਕੜੀ ਨੇ ਪਾਇਆ ਸੀ। ਫਿਰ ਅਟਲ ਬਿਹਾਰੀ ਵਾਜਪਾਈ ਸਮੇਤ ਗੈਰ-ਕਾਂਗਰਸੀ ਪ੍ਰਧਾਨ ਮੰਤਰੀਆਂ ਨੇ ਇਸ ਰਾਹ ਨੂੰ ਹੋਰ ਵੀ ਪੱਕਾ ਕੀਤਾ। ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਪਿਛਲੇ 11 ਸਾਲ ਤੋਂ ਇਸੇ ਰਾਹ 'ਤੇ ਚੱਲ ਰਹੇ ਹਨ। ਮਤਲਬ ਟਰੰਪ ਚੰਗੀ ਤਰ੍ਹਾਂ ਜਾਣਦਾ ਹੈ ਕਿ ਜੇਕਰ ਭਾਰਤ ਦੀ ਅਰਥਵਿਵਸਥਾ ਨੂੰ ਨਿਰਯਾਤ ਤੋਂ ਹੋਣ ਵਾਲੀ ਆਮਦਨੀ 'ਤੇ ਸੱਟ ਮਾਰੀ ਜਾਵੇ ਤਾਂ ਭਾਰਤ ਆਰਥਿਕ ਰੂਪ ਵਿਚ ਅਸਥਿਰ ਹੋ ਸਕਦਾ ਹੈ ਅਤੇ ਉਸ ਨੂੰ ਆਪਣੀਆਂ (ਅਮਰੀਕਾ) ਦੀਆਂ ਸ਼ਰਤਾਂ 'ਤੇ ਵਪਾਰ ਸਮਝੌਤਾ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ। ਇਸ ਲਈ ਟਰੰਪ ਨੇ ਬੜੀ ਚਲਾਕੀ ਨਾਲ ਪਹਿਲਾਂ 21 ਦਿਨ ਦਾ ਸਮਾਂ ਦਿੱਤਾ, ਜਿਸ ਦੇ ਬਾਅਦ ਉਸ ਨੇ ਕਿਹਾ ਸੀ ਕਿ ਸਜ਼ਾ ਵਜੋਂ 25 ਫ਼ੀਸਦੀ ਟੈਰਿਫ਼ ਲਾਗੂ ਕਰ ਦਿੱਤਾ ਜਾਏਗਾ। ਇਸ ਦੌਰਾਨ ਭਾਰਤ ਆਪਣਾ ਹਿਸਾਬ-ਕਿਤਾਬ ਕਰਕੇ ਪਤਾ ਲਗਾ ਸਕਦਾ ਹੈ ਕਿ ਟਰੰਪ ਦੇ ਟੈਰਿਫ਼ਾਂ ਨਾਲ ਉਸ ਨੂੰ ਕਿੰਨਾ ਕੁ ਨੁਕਸਾਨ ਹੋਣ ਵਾਲਾ ਹੈ। ਇਹ ਯਕੀਨੀ ਹੈ ਕਿ ਜੇਕਰ ਭਾਰਤ ਨੇ ਟਰੰਪ ਦੀ ਗੱਲ ਨਾ ਮੰਨੀ ਤਾਂ ਇਹ ਟੈਰਿਫ਼ ਜ਼ਰੂਰ ਲੱਗਣਗੇ। ਜਿਸ ਦਵਾਈ ਉਦਯੋਗ 'ਤੇ ਇਹ 'ਪੈਨਲਟੀ' ਨਹੀਂ ਲੱਗੀ, ਦੂਸਰੇ ਦੌਰ 'ਚ ਉਸ 'ਤੇ ਵੀ ਲੱਗ ਸਕਦੀ ਹੈ। ਉਸ ਨੇ ਆਪਣੇ ਕਹੇ ਮੁਤਾਬਿਕ ਪਹਿਲਾਂ 25 ਫ਼ੀਸਦੀ ਅਤੇ ਬਾਅਦ ਵਿਚ 25 ਫ਼ੀਸਦੀ ਹੋਰ ਕੁੱਲ 50 ਫ਼ੀਸਦੀ ਟੈਰਿਫ਼ ਭਾਰਤ 'ਤੇ ਲਾਉਣ ਦਾ ਐਲਾਨ ਵੀ ਕਰ ਦਿੱਤਾ ਹੈ।

ਟਰੰਪ ਤੇ ਰਾਹੁਲ ਗਾਂਧੀ ਨੇ ਕੁਝ ਵੀ ਕਿਹਾ ਹੋਵੇ, ਪਰ ਉਸ ਸਵਾਲ 'ਤੇ ਬਹਿਸ ਕਰਨਾ ਬੇਮਤਲਬ ਹੈ ਕਿ ਕੀ ਭਾਰਤ ਦੀ ਅਰਥਵਿਵਸਥਾ ਮਰ ਚੁੱਕੀ ਹੈ ਜਾਂ ਜਿਉਂਦੀ ਹੈ। ਦਰਅਸਲ ਇਕ ਬਹੁਮੁਖੀ ਤੇ ਡੂੰਘੀਆਂ ਜੜ੍ਹਾਂ ਵਾਲੀ ਭਾਰਤੀ ਅਰਥਵਿਵਸਥਾ ਦੇ ਮਰਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਜੇਕਰ ਕਦੇ ਇਸ ਦੇ ਇਕ-ਦੋ ਸੈਕਟਰ ਖਰਾਬ ਪ੍ਰਦਰਸ਼ਨ ਕਰਦੇ ਹਨ ਤਾਂ ਹੋਰ ਸੈਕਟਰਾਂ ਦਾ ਚੰਗਾ ਪ੍ਰਦਰਸ਼ਨ ਇਸ ਨੂੰ ਸੰਭਾਲ ਲੈਂਦਾ ਹੈ। ਰਾਸ਼ਟਰਪਤੀ ਟਰੰਪ ਤੇ ਭਾਰਤੀ ਸੰਸਦ ਵਿਚ ਵਿਰੋਧੀ ਧਿਰ ਦੇ ਆਗੂ ਵੀ ਇਸ ਹਕੀਕਤ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਦਰਅਸਲ ਟਰੰਪ ਇਸ ਗੱਲ ਕਰਕੇ ਖਿਝ ਰਿਹਾ ਹੈ, ਕਿਉਂਕਿ ਉਹ ਅਜੇ ਤੱਕ ਭਾਰਤ ਨਾਲ ਆਪਣੀ ਮਨਮਰਜ਼ੀ ਦਾ ਵਪਾਰਕ ਸਮਝੌਤਾ ਕਰਨ ਵਿਚ ਨਾਕਾਮ ਰਿਹਾ ਹੈ। ਉਨ੍ਹਾਂ ਦੀਆਂ ਕੋਸ਼ਿਸ਼ਾਂ ਅਜੇ ਵੀ ਜਾਰੀ ਹਨ ਤੇ 25 ਫ਼ੀਸਦੀ ਟੈਰਿਫ਼ ਦਾ ਐਲਾਨ ਵੀ ਦਬਾਅ ਬਣਾਉਣ ਦੇ ਹੱਥਕੰਡੇ ਵਜੋਂ ਦੇਖਿਆ ਜਾ ਸਕਦਾ ਹੈ। ਰਾਹੁਲ ਗਾਂਧੀ ਆਪ੍ਰੇਸ਼ਨ ਸੰਧੂਰ ਦੌਰਾਨ ਟਰੰਪ ਦੀ ਭੂਮਿਕਾ ਦੇ ਤਿੱਖੇ ਆਲੋਚਕ ਹਨ, ਪਰ ਇਸ ਮਾਮਲੇ ਵਿਚ ਉਨ੍ਹਾਂ ਦੀ ਸਹਿਮਤੀ ਕਿਸੇ ਮਸਲੇ ਨੂੰ ਤਿੱਖੇ ਢੰਗ ਨਾਲ ਰੇਖਾਂਕਿਤ ਕਰ ਕੇ ਚਰਚਾ ਦੇ ਕੇਂਦਰ ਵਿਚ ਲਿਆਉਣ ਦੇ ਲਈ ਉਕਸਾਊ ਬਿਆਨ ਦੇਣ ਦੀ ਚਾਲ ਦੇ ਰੂਪ ਵਿਚ ਦੇਖੀ ਜਾਣੀ ਚਾਹੀਦੀ ਹੈ। ਵਿਰੋਧੀ ਧਿਰ ਲਈ ਅਜਿਹਾ ਕਰਨਾ ਉਸ ਸਮੇਂ ਜ਼ਰੂਰੀ ਹੋ ਜਾਂਦਾ ਹੈ, ਜਦੋਂ ਸੱਤਾ ਧਿਰ ਲਗਾਤਾਰ ਅਰਥਵਿਵਸਥਾ ਦੇ ਮਜ਼ਬੂਤ ਹੋਣ ਦੀ ਤਸਵੀਰ ਪੇਸ਼ ਕਰਨ ਵਿਚ ਲੱਗੀ ਹੋਵੇ ਅਤੇ ਮੀਡੀਆ ਵੀ ਉਕਤ ਤਸਵੀਰ ਬਾਰੇ ਠੀਕ ਢੰਗ ਨਾਲ ਸਵਾਲ ਨਾ ਉਠਾ ਰਿਹਾ ਹੋਵੇ।

ਦਰਅਸਲ ਅਸੀਂ ਅਰਥਵਿਵਸਥਾ ਦੇ 'ਮਰਨ' ਤੇ ਉਸ ਦੇ 'ਅੰਮ੍ਰਿਤਕਾਲ' ਦੇ ਵਿਚਾਲੇ ਖੜ੍ਹੇ ਹਾਂ। ਅਰਥਵਿਵਸਥਾ ਵਿਚ ਉੱਨਤੀ ਦੀਆਂ ਸੰਭਾਵਨਾਵਾਂ ਮੌਜੂਦ ਹਨ, ਪਰ ਇਹ ਸੰਭਾਵਨਾਵਾਂ ਭਵਿੱਖ ਦੇ ਗਰਭ ਵਿਚ ਹਨ ਅਤੇ ਇਨ੍ਹਾਂ ਦਾ ਵਰਤਮਾਨ ਮੁਸ਼ਕਿਲਾਂ ਤੇ ਸੰਕਟਾਂ ਨਾਲ ਭਰਿਆ ਪਿਆ ਹੈ। ਇਹ ਇਕ ਅਜਿਹਾ ਮੁਕਾਮ ਹੈ, ਜਿਸ ਵਿਚ ਹੋਣ ਵਾਲੀ ਕੋਈ ਵੀ ਢਿੱਲ-ਮੱਠ ਸਾਡੇ ਭਵਿੱਖ ਨੂੰ ਹਾਸ਼ੀਏ 'ਤੇ ਲੈ ਜਾਵੇਗੀ। ਸਰਕਾਰ, ਉਸ ਦਾ ਥਿੰਕਟੈਂਕ ਤੇ ਸਮਰਥਕ, ਜਿਨ੍ਹਾਂ ਅੰਕੜਿਆਂ ਦੇ ਸ਼ੀਸ਼ੇ ਵਿਚ ਅਰਥਵਿਵਸਥਾ ਨੂੰ




ਦੁਨੀਆ ਦੇ ਪੈਮਾਨੇ 'ਤੇ ਉੱਚਾਈਆਂ ਛੂਹੰਦੀ ਦਿਖਾਉਣਾ ਚਾਹੁੰਦੇ ਹਨ, ਉਨ੍ਹਾਂ ਦੀ ਕਮਜ਼ੋਰੀ ਥੋੜ੍ਹੀ ਜਿਹੀ ਉੱਪਰਲੀ ਪਰਤ ਨੂੰ ਖੁਰਚਣ ਨਾਲ ਹੀ ਸਪੱਸ਼ਟ ਹੋ ਜਾਂਦੀ ਹੈ। ਅਕਸਰ ਕਿਹਾ ਜਾਂਦਾ ਹੈ ਕਿ ਭਾਰਤ ਦੇ ਸੇਵਾ ਖੇਤਰ ਨੇ ਨਿਰਯਾਤ (ਜਿਵੇਂ ਆਈ.ਟੀ) ਦੇ ਮਾਮਲੇ ਵਿਚ ਸ਼ਾਨਦਾਰ ਕਾਮਯਾਬੀ ਹਾਸਿਲ ਕੀਤੀ ਹੈ। ਪਰ ਜੇਕਰ 'ਗਲੋਬਲ ਟ੍ਰੇਡ' ਦੇ ਸੰਦਰਭ ਵਿਚ ਦੇਖਿਆ ਜਾਵੇ ਤਾਂ ਭਾਰਤ ਦੀ ਇਸ ਵਿਚ ਹਿੱਸੇਦਾਰੀ ਸਿਰਫ਼ 4.6 ਫ਼ੀਸਦੀ ਹੈ। ਇਹ ਹਾਲਤ ਮਾਲ ਜਾਂ ਵਸਤੂਆਂ ਦੇ ਨਿਰਯਾਤ ਦੀ ਹੈ। ਵਿਸ਼ਵਵਿਆਪੀ ਕਾਰੋਬਾਰ ਵਿਚ ਇਹ 2 ਫ਼ੀਸਦੀ ਤੋਂ ਵੀ ਘੱਟ ਹੈ। ਅਸੀਂ ਜਾਣਦੇ ਹਾਂ ਕਿ 90 ਦੇ ਦਹਾਕੇ ਤੋਂ ਹੀ ਭਾਰਤੀ ਅਰਥਵਿਵਸਥਾ ਨੂੰ ਨਿਰਯਾਤ ਆਧਾਰਿਤ ਵਿਕਾਸ ਦੇ ਪੈਟਰਨ 'ਤੇ ਚਲਾਇਆ ਜਾ ਰਿਹਾ ਹੈ। ਟਰੰਪ ਦੁਆਰਾ ਭਾਰਤੀ ਨਿਰਯਾਤ 'ਤੇ ਭਾਰੀ ਟੈਰਿਫ਼ ਲਗਾਉਣ ਨਾਲ ਪੈਦਾ ਹੋਈ ਬੇਚੈਨੀ ਦਾ ਇਹੀ ਕਾਰਨ ਹੈ। ਇਸ ਟੈਰਿਫ਼ ਨਾਲ ਗਲੋਬਲ ਵਪਾਰ ਵਿਚ ਇਹ ਮਾਮੂਲੀ ਤੋਂ ਫ਼ੀਸਦੀ ਹੋਰ ਹੇਠਾਂ ਚਲੇ ਜਾਣਗੇ।

ਕਈ ਗੱਲਾਂ ਇਕ ਅਜੀਬ ਤਰ੍ਹਾਂ ਦੇ ਰਾਸ਼ਟਰਵਾਦੀ ਮਾਣ ਦੇ ਨਾਲ ਇਕਤਰਫਾ ਅੰਦਾਜ਼ ਵਿਚ ਬਿਆਨ ਕੀਤੀਆਂ ਜਾਂਦੀਆਂ ਹਨ। ਜਿਵੇਂ 2024 ਦੇ ਅੰਤ ਵਿਚ ਪ੍ਰੈੱਸ ਇਨਫਾਰਮੇਸ਼ਨ ਬਿਊਰੋ ਨੇ ਦਾਅਵਾ ਕੀਤਾ ਸੀ ਕਿ ਸਾਲ 2000 ਦੇ ਬਾਅਦ ਤੋਂ ਭਾਰਤ ਦਾ ਪ੍ਰਤੱਖ ਵਿਦੇਸ਼ੀ ਨਿਵੇਸ਼ (ਐੱਫ.ਡੀ.ਆਈ.) ਇਕ ਲੱਖ ਕਰੋੜ (ਟ੍ਰਿਲੀਅਨ) ਡਾਲਰ ਤੱਕ ਪੁੱਜ ਗਿਆ ਹੈ। ਇਹ ਅੰਕੜੇ ਸੁਣਨ ਵਿਚ ਕਿੰਨੇ ਵੀ ਆਕਰਸ਼ਕ ਲੱਗਣ, ਪਰ ਗਲੋਬਲ ਐੱਫ.ਡੀ.ਆਈ.ਦਾ ਸਿਰਫ਼ ਢਾਈ ਫ਼ੀਸਦੀ ਹਨ। ਜਦੋਂ ਕੋਰੋਨਾ ਵਾਇਰਸ ਫੈਲਣ ਕਾਰਨ ਬਦਨਾਮੀ ਹੋਣ ਕਰਕੇ ਚੀਨ ਤੋਂ ਨਿਵੇਸ਼ ਦੀ ਹਿਜਰਤ ਹੋ ਰਹੀ ਸੀ ਤਾਂ ਸਰਕਾਰੀ ਨੈਰੇਟਿਵ ਇਹ ਚਲਾਇਆ ਗਿਆ ਕਿ ਇਸ ਨਾਲ ਭਾਰਤ ਨੂੰ ਬਹੁਤ ਫਾਇਦਾ ਹੋਵੇਗਾ। ਪਰ ਕੀ ਕੋਈ ਅਜਿਹਾ ਫਾਇਦਾ ਹੋਇਆ? ਭਾਰਤ ਵਿਚ ਸਿਰਫ਼ 10 ਤੋਂ 15 ਫ਼ੀਸਦੀ ਨਿਵੇਸ਼ ਹੋਇਆ। ਭਾਰਤ ਦੇ ਵਿਸ਼ਾਲ ਮੱਧ ਵਰਗ ਦੀਆਂ ਸੁਨਹਿਰੀ ਤਸਵੀਰਾਂ ਬਹੁਤ ਉਭਾਰੀਆਂ ਜਾਂਦੀਆਂ ਹਨ, ਪਰ ਉਨ੍ਹਾਂ ਦੀ ਕਮਜ਼ੋਰ ਖ਼ਰੀਦ ਸ਼ਕਤੀ ਸਾਡੇ ਬਾਜ਼ਾਰ ਨੂੰ ਖਪਤ ਦੀਆਂ ਉੱਚਾਈਆਂ 'ਤੇ ਪਹੁੰਚਾਉਣ ਵਿਚ ਅਸਮਰੱਥ ਹੈ। ਭਾਰਤ ਵਿਚ ਖਪਤ ਵਧਣ ਦੀ ਰਫ਼ਤਾਰ ਸਿਰਫ਼ 3 ਫ਼ੀਸਦੀ ਹੈ, ਇਸੇ ਲਈ ਉਸ ਦੀ ਨਿਰਭਰਤਾ ਨਿਰਯਾਤ 'ਤੇ ਵਧ ਜਾਂਦੀ ਹੈ। ਸੈਰ-ਸਪਾਟੇ (ਟੂਰਿਜ਼ਮ) ਨੂੰ ਵਿਦੇਸ਼ ਮੁਦਰਾ ਵਧਾਉਣ ਦਾ ਇਕ ਵੱਡਾ ਜ਼ਰੀਆ ਮੰਨਿਆ ਜਾਂਦਾ ਹੈ, ਪਰ ਭਾਰਤ ਵਿਚ ਆਉਣ ਵਾਲੇ ਅੰਤਰਰਾਸ਼ਟਰੀ ਸੈਲਾਨੀਆਂ ਦੀ ਵਾਧਾ ਦਰ ਸਿਰਫ਼ 1.5 ਫ਼ੀਸਦੀ ਹੈ। ਪ੍ਰਧਾਨ ਮੰਤਰੀ ਨੇ ਹਾਲ ਹੀ 'ਚ ਦਾਅਵਾ ਕੀਤਾ ਹੈ ਕਿ ਭਾਰਤ ਦਾ ਰੱਖਿਆ ਬਜਟ ਪਿਛਲੇ 10 ਸਾਲਾਂ ਦੌਰਾਨ ਕਈ ਗੁਣਾ ਵਧ ਗਿਆ ਹੈ, ਪਰ ਜੀ.ਡੀ.ਪੀ. ਦੇ ਸੰਦਰਭ ਵਿਚ ਇਹ ਬਜਟ ਦੀ ਵਾਧਾ ਦਰ 2 ਫ਼ੀਸਦੀ 'ਤੇ ਰੁਕੀ ਹੋਈ ਹੈ। ਜਿੱਥੋਂ ਤੱਕ ਵਿਗਿਆਨ ਤੇ ਤਕਨਾਲੋਜੀ ਵਿਚ ਨਵੇਂ ਮੁਕਾਮ ਹਾਸਿਲ ਕਰਨ ਦਾ ਸਵਾਲ ਹੈ, ਭਾਰਤ ਪਤਾ ਨਹੀਂ ਕਦੋਂ ਤੋਂ ਇਸ ਖੇਤਰ ਵਿਚ ਪੂਰੀ ਤਰ੍ਹਾਂ ਅਪ੍ਰਸੰਗਿਕ ਬਣਿਆ ਹੋਇਆ ਹੈ।

ਅਰਥਵਿਵਸਥਾ ਦੀ ਪ੍ਰਗਤੀ ਨੂੰ ਨਾਪਣ ਦਾ ਇਕ ਮਾਪਦੰਡ 'ਨਾਮੀਨਲ ਜੀ.ਡੀ.ਪੀ.' ਹੈ, ਮਤਲਬ ਇਕ ਸਾਲ ਵਿਚ ਸਾਰੀਆਂ ਉਤਪਾਦਤ ਚੀਜ਼ਾਂ ਤੇ ਸੇਵਾਵਾਂ ਦਾ ਕੁੱਲ ਮੁੱਲ ਜਿਸ ਨੂੰ ਵਰਤਮਾਨ ਮੁੱਲਾਂ ਦੇ ਆਧਾਰ 'ਤੇ ਜੋੜਿਆ ਜਾਂਦਾ ਹੈ। ਸਾਨੂੰ ਮਾਣ ਹੈ ਦੇ ਅੰਦਾਜ਼ ਵਿਚ ਦਾਅਵਾ ਕੀਤਾ ਜਾ ਚੁੱਕਾ ਹੈ ਕਿ 'ਨਾਮੀਨਲ ਜੀ.ਡੀ.ਪੀ.' ਵਿਚ ਅਸੀਂ ਬਰਤਾਨੀਆ ਦੇ ਬਰਾਬਰ ਹੋ ਗਏ ਹਾਂ। ਅਸਲੀਅਤ ਕੀ ਹੈ? ਭਾਰਤ ਦੀ 2021 'ਚ ਪ੍ਰਤੀ ਵਿਅਕਤੀ ਸਾਲਾਨਾ ਆਮਦਨ 2,250 ਡਾਲਰ ਸੀ, ਜਦਕਿ ਬਰਤਾਨੀਆ ਦੀ 46,115 ਡਾਲਰ ਸੀ ਅਤੇ 2025 ਤੱਕ ਬਰਤਾਨੀਆ ਦੇ ਅੰਕੜੇ ਵਧ ਕੇ 54,949 ਡਾਲਰ ਤੇ ਭਾਰਤ ਦੇ 2,879 ਡਾਲਰ ਹੋ ਗਏ। ਮਤਲਬ ਬਰਤਾਨੀਆ ਨੇ ਇਸ ਸਮੇਂ ਦੌਰਾਨ ਪ੍ਰਤੀ ਵਿਅਕਤੀ ਸਾਲਾਨਾ ਆਮਦਨ 8000 ਡਾਲਰ ਤੱਕ ਵਧਾ ਲਈ ਤੇ ਭਾਰਤ ਵਿਚ ਸਿਰਫ਼ 600 ਡਾਲਰ ਦਾ ਹੀ ਵਾਧਾ ਹੋ ਸਕਿਆ। ਭਾਰਤੀ ਅਰਥਵਿਵਸਥਾ 2011-12 ਤੋਂ ਪਹਿਲਾਂ (ਯੂ.ਪੀ.ਏ. ਦੇ ਸ਼ਾਸਨ ਦੌਰਾਨ) ਕਈ ਸਾਲਾਂ ਤੱਕ 8-9 ਫ਼ੀਸਦੀ ਦੀ ਬਿਹਤਰੀਨ ਦਰ ਨਾਲ ਵਧੀ ਸੀ। ਪਰ 2014 ਤੋਂ ਬਾਅਦ ਇਹ ਵਾਧਾ ਦਰ ਔਸਤਨ 6 ਕੁ ਫ਼ੀਸਦੀ ਦੇ ਨੇੜੇ-ਤੇੜੇ ਚੱਲ ਰਹੀ ਹੈ।

ਹੁਣ ਜ਼ਰਾ ਆਪਣੇ ਗੁਆਂਢੀ ਚੀਨ ਦੀ ਉੱਨਤੀ 'ਤੇ ਗੌਰ ਕਰੋ। 1987 ਵਿਚ ਭਾਰਤ ਤੇ ਚੀਨ ਦੀ 'ਨਾਮੀਨਲ ਜੀ.ਡੀ.ਪੀ.' ਤਕਰੀਬਨ ਬਰਾਬਰ ਸੀ। ਚੀਨ 1990 ਤੋਂ ਥੋੜ੍ਹਾ ਅੱਗੇ ਵਧਣ ਲੱਗਾ ਤੇ ਇਸ ਸਮੇਂ 2025 ਵਿਚ ਉਸ ਦੀ ਜੀ.ਡੀ.ਪੀ. ਭਾਰਤ ਨਾਲੋਂ 4.6 ਗੁਣਾ ਵਧੇਰੇ ਹੈ। ਉਹ ਇਕ ਉਤਪਾਦਕ ਦੈਂਤ ਬਣ ਚੁੱਕਾ ਹੈ। ਤਕਨਾਲੋਜੀ ਦੀ ਖੋਜ ਤੇ ਵਿਕਾਸ ਮਾਮਲੇ ਵਿਚ ਚੀਨ ਦੀ ਤੁਲਨਾ ਅੱਜ ਅਮਰੀਕਾ ਨਾਲ ਹੁੰਦੀ ਹੈ। ਭਾਰਤੀ ਅਰਥਵਿਵਸਥਾ ਦੀਆਂ ਸਮੱਸਿਆਵਾਂ ਬਹੁਤ ਪੁਰਾਣੀਆਂ ਹਨ, ਜਿਨ੍ਹਾਂ ਦਾ ਹੱਲ ਸਿਰਫ਼ 'ਅੰਮ੍ਰਿਤਕਾਲ' ਦਾ ਨੈਰੇਟਿਵ ਚਲਾਉਣ ਨਾਲ ਨਹੀਂ ਹੋ ਸਕਦਾ। ਇਸ ਲਈ ਠੋਸ ਨੀਤੀਆਂ ਤੇ ਅਮਲਾਂ ਦੀ ਲੋੜ ਹੈ।

# ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਦੀ ਤਲਾਸ਼



ਭਾਰਤ ਦੇ ਪ੍ਰਧਾਨ ਮੰਤਰੀ ਪਵਿੱਤਰ ਨਿਸ਼ਾਨੀਆਂ ਦਾ ਸਵਾਗਤ ਕਰਦੇ ਹੋਏ। ਨਾਲ ਹਨ ਸਰਦਾਰ ਬਹਾਦਰ ਉਜਲ ਸਿੰਘ ਤੇ ਹੋਰ ਪਤਵੰਤੇ।



ਗੁਰੂ ਗੋਬਿੰਦ ਸਿੰਘ ਜੀ ਦੀਆਂ ਪਵਿੱਤਰ ਨਿਸ਼ਾਨੀਆਂ ਜੋ ਅੱਜ ਕੱਲ੍ਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਹਨ।

**ਡਾ. ਮੋਹਿੰਦਰ ਸਿੰਘ**

1966 ਦਾ ਨਵਾਂ ਸਾਲ ਸਿੱਖ ਭਾਈਚਾਰੇ ਲਈ ਇਕ ਕੀਮਤੀ ਤੋਹਫ਼ਾ ਲੈ ਕੇ ਆਇਆ-1849 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ਾਖਾਨਾ ਵਿਚੋਂ ਭਾਰਤ ਦੇ ਉਸ ਵੇਲੇ ਦੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਪਵਿੱਤਰ ਨਿਸ਼ਾਨੀਆਂ ਦੀ ਵਾਪਸੀ। ਭਾਰਤ ਸਰਕਾਰ, ਜਿਸ ਦੀ ਅਗਵਾਈ ਇਕ ਨੇਕ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਕਰ ਰਹੇ ਸਨ, ਦੀਆਂ ਕੋਸ਼ਿਸ਼ਾਂ ਰਾਹੀਂ ਇਨ੍ਹਾਂ ਪਵਿੱਤਰ ਨਿਸ਼ਾਨੀਆਂ ਦੀ ਵਾਪਸੀ ਨੇੜੇ ਦੇ ਸਿੱਖ ਇਤਿਹਾਸ ਵਿਚ ਇਕ ਮੀਲ-ਪੱਥਰ ਸੀ। ਬਰਤਾਨੀਆ ਤੋਂ ਪਵਿੱਤਰ ਨਿਸ਼ਾਨੀਆਂ ਦੀ ਵਾਪਸੀ ਦੀ ਖ਼ਬਰ ਦਾ ਉਤਸ਼ਾਹ ਇੰਨਾ ਜ਼ਿਆਦਾ ਸੀ ਕਿ ਇਨ੍ਹਾਂ ਨਿਸ਼ਾਨੀਆਂ ਦੇ ਦਰਸ਼ਨਾਂ ਲਈ ਮੈਂ ਉਚੇਚਾ ਪਟਿਆਲਾ ਤੋਂ ਦਿੱਲੀ ਗਿਆ, ਇਹ ਜਾਣਦਿਆਂ ਹੋਇਆਂ ਵੀ ਕਿ ਇਸ ਕੀਮਤੀ ਵਿਰਾਸਤ ਨੂੰ ਮੇਰੇ ਸ਼ਹਿਰ ਵਿਚੋਂ ਵੀ ਜਲੂਸ ਦੇ ਰੂਪ 'ਚ ਲਿਜਾਇਆ ਜਾਣਾ ਹੈ। ਸਫ਼ਦਰਜੰਗ ਹਵਾਈ ਅੱਡੇ 'ਤੇ ਏਅਰ ਇੰਡੀਆ ਦੇ ਵਿਸ਼ੇਸ਼ ਹਵਾਈ ਜਹਾਜ਼-ਆਕਾਸ਼ ਦੂਤ-ਦੇ ਆਉਣ ਨੂੰ ਦੇਖਣਾ ਇਕ ਅਜਿਹਾ ਅਨੁਭਵ ਸੀ ਜਿਸ ਨੂੰ ਸੀਮਤ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ। ਪ੍ਰਧਾਨ ਮੰਤਰੀ ਨੇ ਇਨ੍ਹਾਂ ਪਵਿੱਤਰ ਨਿਸ਼ਾਨੀਆਂ ਨੂੰ ਸਤਿਕਾਰ ਸਹਿਤ ਪ੍ਰਾਪਤ ਕਰਕੇ ਉਸ ਸਮੇਂ ਦੇ ਪੰਜਾਬ ਦੇ ਗਵਰਨਰ ਸਰਦਾਰ ਬਹਾਦਰ ਉੱਜਲ ਸਿੰਘ ਨੂੰ ਸੌਂਪਿਆ। ਇਨ੍ਹਾਂ ਪਵਿੱਤਰ ਨਿਸ਼ਾਨੀਆਂ ਨੂੰ ਸਿੱਖ ਰੈਜੀਮੈਂਟ ਰਾਹੀਂ 'ਗਾਰਡ ਆਫ਼ ਆਨਰ' ਦਿੱਤਾ ਜਾਣਾ ਵੇਖਣਾ ਮੇਰੇ ਲਈ ਬੜੀ ਸੰਤੁਸ਼ਟੀ ਅਤੇ ਖ਼ੁਸ਼ੀ ਦੇ ਪਲ ਸਨ। ਕੌਮੀ ਰਾਜਧਾਨੀ ਦੇ ਵੱਖ-ਵੱਖ ਹਿੱਸਿਆਂ ਅਤੇ ਪੰਜਾਬ ਦੇ ਮਹੱਤਵਪੂਰਨ ਸ਼ਹਿਰਾਂ ਵਿਚ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਲਿਜਾਣ ਤੋਂ ਬਾਅਦ ਇਸ ਕੀਮਤੀ ਵਿਰਾਸਤ ਨੂੰ ਖਾਲਸਾ ਪੰਥ ਦੀ ਸਿਰਜਣਾ ਭੂਮੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਥਾਈ ਰੂਪ 'ਚ ਸੰਭਾਲ ਲਿਆ ਗਿਆ। ਜਿਥੇ ਸਿੱਖ ਭਾਈਚਾਰਾ ਆਪਣੀ ਬਹੁਮੁੱਲੀ ਵਿਰਾਸਤ ਦੀ ਭਾਰਤ ਵਾਪਸੀ ਕਰਕੇ ਖ਼ੁਸ਼ ਸੀ, ਉਥੇ ਨਿਰਾਸ਼ਾ ਇਸ ਗੱਲ ਦੀ ਸੀ ਕਿ ਕਲਗੀਧਰ ਪਾਤਸ਼ਾਹ ਦੀ ਕਲਗੀ ਇਨ੍ਹਾਂ ਪਵਿੱਤਰ ਨਿਸ਼ਾਨੀਆਂ ਵਿਚ ਸ਼ਾਮਲ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ਾਖਾਨੇ ਵਿਚ ਸੁਰੱਖਿਅਤ ਕਲਗੀ ਅਤੇ ਹੋਰ ਪਵਿੱਤਰ ਨਿਸ਼ਾਨੀਆਂ ਦੇ ਸਪੱਸ਼ਟ ਸਬੂਤ ਹਨ। ਤੋਸ਼ਾਖਾਨਾ ਦੇ ਇੰਚਾਰਜ ਮਿਸਰ ਮੇਘ ਰਾਮ ਦੀ ਅਰਜ਼ੀ (ਪਟੀਸ਼ਨ) ਦੇ ਬਿਰਤਾਂਤ ਅਨੁਸਾਰ ਵੈਰੋਵਾਲ ਦੇ ਇਕ ਸਾਹਿਬਜ਼ਾਦੇ (ਗੁਰੂ ਨਾਨਕ ਦੇਵ ਜੀ ਦੇ ਵੰਸ਼ਜ਼) ਰਾਹੀਂ 7 ਚੇਤ 1881 ਬਿ: (1824 ਈ.) ਨੂੰ ਮਹਾਰਾਜਾ ਰਣਜੀਤ ਸਿੰਘ ਨੂੰ ਹੇਠ ਲਿਖੀਆਂ ਵਸਤਾਂ ਭੇਂਟ ਕੀਤੀਆਂ ਗਈਆਂ ਸਨ: ਦਾਏ ਆਹਿਣੀ, ਨੇਜਾ, ਚੱਕਰ-ਏ-ਆਹਿਣੀ, ਸ਼ਮਸ਼ੀਰ ਤੇਗ਼, ਕਲਗੀ-ਏ-ਕੁਚ (ਚਾਂਦੀ ਦੇ ਕੇਸ ਵਿਚ ਕੱਚ ਦਾ ਇਕ ਕਰੈਸਟ), ਬਰਛੀ, ਬਰਛਾ।

ਨੈਸ਼ਨਲ ਆਰਕਾਈਵਜ਼ ਆਫ ਇੰਡੀਆ ਦੀਆਂ ਫਾਈਲਾਂ ਵਿਚ ਮੈਨੂੰ ਭਾਰਤ ਦੇ ਗਵਰਨਰ ਲਾਰਡ ਡਲਹੌਜ਼ੀ ਦਾ ਇਕ ਹੱਥਲਿਖਤ ਨੋਟ ਵੀ ਮਿਲਿਆ ਜਿਸ ਵਿਚ ਲਿਖਿਆ ਸੀ, 'ਇਹ ਪਵਿੱਤਰ ਨਿਸ਼ਾਨੀਆਂ ਬਹਾਦਰ ਸਿੱਖ ਕੌਮ ਦਾ ਅਮੁੱਲ ਵਿਰਸਾ ਹੈ ਤੇ ਇਹ ਕਿਸੇ ਵੀ ਸਿੱਖ ਸੰਸਥਾ ਨੂੰ ਤੋਹਫੇ ਦੇ ਰੂਪ 'ਚ ਜਾਂ ਨਿਲਾਮੀ ਰਾਹੀਂ ਵੇਚਣਾ ਨੀਤੀਨਿਪੁੰਨ ਨਹੀਂ ਹੋਵੇਗਾ। ਬਹਾਦਰ ਸਿੱਖ ਕੌਮ ਲਈ ਗੁਰੂ ਸਾਹਿਬ ਦੀਆਂ ਇਹ ਪਵਿੱਤਰ ਨਿਸ਼ਾਨੀਆਂ ਬੇਸ਼ਕੀਮਤੀ ਹਨ ਜਿਸ ਕਰਕੇ ਲਾਰਡ ਡਲਹੌਜ਼ੀ ਨੇ ਲੰਦਨ ਭੇਜਣ ਤੋਂ ਪਹਿਲਾਂ ਨਿਸ਼ਾਨੀਆਂ ਦਾ ਬੀਮਾ ਕਰਵਾਉਣ ਵਿਚ ਨਿੱਜੀ ਦਿਲਚਸਪੀ ਲਈ। ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਕਲਗੀ ਮਹਾਰਾਜੇ ਦੇ ਤੋਸ਼ਾਖਾਨਾ ਵਿਚ ਮੌਜੂਦ ਸੀ, ਇਸ ਗੱਲ ਦੀ ਪ੍ਰੋੜ੍ਹਤਾ ਪ੍ਰਸਿੱਧ ਬਿਰਤਾਂਤਾਂ ਦੁਆਰਾ ਵੀ ਕੀਤੀ ਜਾਂਦੀ ਹੈ, ਜਿਨ੍ਹਾਂ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਸਵੇਰ ਦੇ ਇਸ਼ਨਾਨ ਤੋਂ ਬਾਅਦ ਮਹਾਰਾਜਾ ਉਸ ਆਦਿ ਗ੍ਰੰਥ ਤੋਂ ਵਾਕ ਲੈਂਦੇ ਸਨ (ਜਿਸ ਨੂੰ ਗੁਰੂ ਅਰਜਨ ਸਾਹਿਬ ਨੇ ਭਾਈ ਗੁਰਦਾਸ ਦੁਆਰਾ ਤਿਆਰ ਕਰਵਾਇਆ ਸੀ) ਅਤੇ ਨਿੱਤਨੇਮ ਕਰਨ ਤੋਂ ਪਹਿਲਾਂ ਕਲਗੀ ਨੂੰ ਮਸਤਕ 'ਤੇ ਛੁਆਉਂਦੇ ਸਨ। ਕਲਗੀ ਦੇ ਲਾਰਡ ਡਲਹੌਜ਼ੀ ਦੇ ਵੰਸ਼ਜਾਂ ਦੇ ਕਬਜ਼ੇ ਵਿਚ ਮੌਜੂਦ ਹੋਣ ਦਾ ਤੱਥ ਡਲਹੌਜ਼ੀ ਪਰਿਵਾਰ ਦੇ ਕਰਨਲ ਡਬਲਿਊ.ਐਚ. ਬ੍ਰਾਊਨ ਅਤੇ ਲੰਡਨ ਦੇ ਸਾਊਥ ਕੈਨਸਿੰਗਟਨ ਮਿਊਜ਼ੀਅਮ ਦੇ ਸੇਸਿਲ ਸਮਿਥ ਵਿਚਕਾਰ ਹੋਏ ਪੱਤਰ ਵਿਹਾਰ ਤੋਂ ਬਿਨਾਂ-ਸ਼ੱਕ ਸਾਬਤ ਹੁੰਦਾ ਹੈ, ਜਿਸ ਵਿਚ ਸਪੱਸ਼ਟ ਤੌਰ 'ਤੇ ਇਸ ਕੀਮਤੀ ਨਿਸ਼ਾਨੀ ਨੂੰ 28 ਅਗਸਤ 1918 ਨੂੰ ਭਾਰਤ ਦੇ ਬੇਸ਼ਕੀਮਤੀ ਹੀਰੇ-ਜਵਾਹਰਾਤ ਅਤੇ ਹਥਿਆਰਾਂ ਦੀ ਪ੍ਰਦਰਸ਼ਨੀ ਵਿਚ ਪ੍ਰਦਰਸ਼ਿਤ ਕਰਨ ਲਈ ਮਿਊਜ਼ੀਅਮ ਨੂੰ ਉਧਾਰ ਦਿੱਤੇ ਜਾਣ ਦਾ ਜ਼ਿਕਰ ਹੈ।

ਜਨਵਰੀ 1966 ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਪਵਿੱਤਰ ਨਿਸ਼ਾਨੀਆਂ ਦੀ ਭਾਰਤ ਵਾਪਸੀ ਤੋਂ ਬਾਅਦ ਸਰਕਾਰਾਂ ਜਾਂ ਸਿੱਖ ਸੰਸਥਾਵਾਂ ਰਾਹੀਂ ਗੁੰਮ ਹੋਈ ਕਲਗੀ ਨੂੰ ਲੱਭਣ ਲਈ ਕੋਈ ਗੰਭੀਰ ਯਤਨ ਨਹੀਂ ਕੀਤੇ ਗਏ। ਬਾਅਦ ਵਿਚ ਪੰਜਾਬ ਦੇ ਮੁੱਖ-ਮੰਤਰੀ ਗਿਆਨੀ ਜ਼ੈਲ ਸਿੰਘ ਨੇ ਇਕ ਉਚ-ਪੱਧਰੀ ਕਮੇਟੀ ਦਾ ਗਠਨ ਕੀਤਾ ਜਿਸ ਵਿਚ ਡਾ. ਗੰਡਾ ਸਿੰਘ, ਪ੍ਰੋ. ਹਰਬੰਸ ਸਿੰਘ, ਪ੍ਰੋ. ਪ੍ਰੀਤਮ ਸਿੰਘ, ਗਿਆਨੀ ਨਾਹਰ ਸਿੰਘ ਐਮ.ਏ. ਅਤੇ ਸ. ਤਰਲੋਚਨ ਸਿੰਘ ਅਤੇ ਸੂਬੇ ਦੇ ਮੁੱਖ ਸਕੱਤਰ ਮੈਂਬਰ ਵਜੋਂ ਸ਼ਾਮਿਲ ਸਨ। ਚੂੰਕਿ ਮੈਂ ਇੰਗਲੈਂਡ ਵਿਚ ਆਪਣੀ ਡਾਕਟਰੇਟ ਖੋਜ ਲਈ ਇਸ ਕਲਗੀ ਨੂੰ ਲੱਭਣ ਵਿਚ ਕੁਝ ਸਮਾਂ ਬਿਤਾਇਆ ਸੀ, ਇਸ ਲਈ ਮੈਨੂੰ ਵਾਪਸੀ 'ਤੇ ਕਮੇਟੀ ਵਿਚ ਵੀ ਸ਼ਾਮਲ ਕੀਤਾ ਗਿਆ ਸੀ। ਮੁੱਖ ਮੰਤਰੀ ਦੇ ਦਫਤਰ ਵਿਚ 5 ਅਕਤੂਬਰ, 1976 ਨੂੰ ਹੋਈ ਮੀਟਿੰਗ ਵਿਚ ਕਮੇਟੀ ਨੇ ਇਸ ਮਹੱਤਵਪੂਰਨ ਨਿਸ਼ਾਨੀ ਨੂੰ ਲੱਭਣ ਅਤੇ ਵਾਪਸ ਲਿਆਉਣ ਦੇ ਉਦੇਸ਼ ਨਾਲ ਹੋਰ ਖੋਜ ਕਰਨ ਦੇ ਤਰੀਕਿਆਂ ਅਤੇ ਸਾਧਨਾਂ 'ਤੇ ਗੰਭੀਰਤਾ ਸਹਿਤ ਵਿਚਾਰ-ਵਟਾਂਦਰਾ ਕੀਤਾ। ਮੈਨੂੰ ਹੈਰਾਨੀ ਹੋਈ ਕਿ ਮੁੱਖ-ਮੰਤਰੀ ਨੇ ਸੁਝਾਅ ਦਿੱਤਾ ਕਿ ਮੈਨੂੰ ਹੋਰ ਖੋਜ ਕਰਨ ਅਤੇ ਕਲਗੀ ਨੂੰ ਵਾਪਸ ਲਿਆਉਣ ਲਈ ਲੰਦਨ ਜਾਣਾ ਚਾਹੀਦਾ ਹੈ। ਚੂੰਕਿ ਮੈਂ ਯੂ.ਕੇ. ਵਿਚ ਆਪਣਾ ਖੇਤਰੀ ਕੰਮ ਪੂਰਾ ਕਰਨ ਤੋਂ ਬਾਅਦ ਹੁਣੇ ਹੀ ਵਾਪਸ ਆਇਆ ਸੀ ਅਤੇ ਆਪਣਾ ਡਾਕਟਰੇਟ ਦਾ ਥੀਸਿਸ ਪੂਰਾ ਕਰਨ ਲਈ ਉਤਸੁਕ ਸੀ, ਮੈਂ ਇਸ ਉਦਾਰ ਪੇਸ਼ਕਸ਼ ਨੂੰ ਸਵੀਕਾਰ ਕਰਨ ਵਿਚ ਆਪਣੀ ਅਸਮਰੱਥਾ ਜ਼ਾਹਿਰ ਕੀਤੀ।

ਕਲਗੀ ਵਿਚ ਮੇਰੀ ਦਿਲਚਸਪੀ ਅਚਾਨਕ ਉਦੋਂ ਮੁੜ ਸੁਰਜੀਤ ਹੋਈ ਜਦੋਂ ਸ਼੍ਰੋਮਣੀ ਕਮੇਟੀ ਨੇ ਸ. ਕਮਲਜੀਤ ਸਿੰਘ ਬੋਪਾਰਾਏ ਦੇ ਯਤਨਾਂ ਸਦਕਾ 'ਗੁੰਮ ਹੋਈ ਕਲਗੀ ਦੇ ਵਾਪਸ ਆਉਣ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਸ ਦੇ ਪ੍ਰਦਰਸ਼ਨ ਦਾ ਐਲਾਨ ਕੀਤਾ ਅਤੇ ਹੋਰ ਪਵਿੱਤਰ ਨਿਸ਼ਾਨੀਆਂ ਦੇ ਨਾਲ ਇਸ ਨੂੰ ਅਕਾਲ ਤਖ਼ਤ 'ਤੇ ਪ੍ਰਦਰਸ਼ਿਤ ਕੀਤਾ। ਜਿਵੇਂ ਹੀ ਕਲਗੀ ਦੀ ਪ੍ਰਮਾਣਿਕਤਾ 'ਤੇ ਵਿਵਾਦ ਖੜ੍ਹਾ ਹੋਇਆ, ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਦੀ ਜਾਂਚ ਕਰਨ ਅਤੇ ਰਿਪੋਰਟ ਦੇਣ ਲਈ ਵਿਦਵਾਨਾਂ ਦੀ ਇਕ ਕਮੇਟੀ ਬਣਾਈ। ਜਦੋਂ ਮੈਂ ਕਮੇਟੀ ਵਿਚ ਸੇਵਾ ਕਰਨ ਤੋਂ ਅਸਮਰੱਥਾ ਜ਼ਾਹਿਰ ਕੀਤੀ, ਤਾਂ ਮੇਰੇ ਪੁਰਾਣੇ ਅਧਿਆਪਕ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਨੇ ਮੈਨੂੰ ਜ਼ਿੰਮੇਵਾਰੀ ਕਬੂਲ ਕਰਨ ਅਤੇ ਸ਼੍ਰੋਮਣੀ ਕਮੇਟੀ ਨੂੰ ਇਸ ਗੁੰਝਲ ਤੋਂ ਬਾਹਰ ਕੱਢਣ ਵਿਚ ਮਦਦ ਕਰਨ ਲਈ ਮਨਾ ਲਿਆ। ਜਦੋਂ ਮੈਂ ਮੀਟਿੰਗ ਲਈ ਪਹੁੰਚਿਆ ਤਾਂ ਮੈਨੂੰ ਕਈ ਟੀਵੀ ਚੈਨਲਾਂ ਅਤੇ ਹੋਰ ਗੈਰ-ਮੈਂਬਰਾਂ ਨੂੰ ਪਹਿਲਾਂ ਹੀ ਬੈਠੇ ਅਤੇ ਮੁੱਦੇ 'ਤੇ ਚਰਚਾ ਕਰਦੇ ਹੋਏ ਵੇਖ ਕੇ ਹੈਰਾਨੀ ਹੋਈ। ਮੇਰੀ ਬੇਨਤੀ 'ਤੇ ਟੀਵੀ ਚੈਨਲ ਅਤੇ ਗ਼ੈਰ-ਮੈਂਬਰ ਕਮੇਟੀ ਰੂਮ ਤੋਂ ਬਾਹਰ ਚਲੇ ਗਏ ਤਾਂ ਜੋ ਇਸ ਮੁੱਦੇ ਦੀ ਗੰਭੀਰ ਅਤੇ ਅਰਥਪੂਰਨ ਚਰਚਾ ਅਤੇ ਹੱਲ ਨੂੰ ਯਕੀਨੀ ਬਣਾਇਆ ਜਾ ਸਕੇ। ਚੂੰਕਿ ਮੈਂ ਲੰਦਨ ਅਤੇ ਬਾਅਦ ਵਿਚ ਨੈਸ਼ਨਲ ਆਰਕਾਈਵਜ਼ ਆਫ਼ ਇੰਡੀਆ, ਨਵੀਂ ਦਿੱਲੀ ਵਿਚ ਇਸ ਵਿਸ਼ੇ 'ਤੇ ਕੁਝ ਕੰਮ ਕਰ ਚੁੱਕਾ ਸਾਂ, ਇਸ ਲਈ ਮੈਂ ਸ੍ਰੀ ਬੋਪਾਰਾਏ ਨੂੰ ਇਕ ਸਧਾਰਨ ਸਵਾਲ ਪੁੱਛਿਆ ਕਿ ਇੰਗਲੈਂਡ ਵਿਚ ਲਾਰਡ ਡਲਹੌਜ਼ੀ ਦੇ ਵੰਸ਼ਜਾਂ ਕੋਲ ਪਈ ਇਹ ਕਲਗੀ ਡਾ. ਚੰਨਣ ਸਿੰਘ ਦੀ ਧੀ ਕੋਲ ਕੈਨੇਡਾ ਕਿਵੇਂ ਪਹੁੰਚੀ ਅਤੇ ਜਿਸ ਦੀ ਪ੍ਰਮਾਣਿਕਤਾ ਸ਼ੱਕੀ ਸੀ। ਕੋਈ ਵੀ ਤਰਕਪੂਰਨ ਜਵਾਬ ਦੇਣ ਦੀ ਬਜਾਏ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਕਲਗੀ ਲਾਹੌਰ ਵਿਚ ਰਾਜਕੁਮਾਰੀ ਬੰਬਾ ਦੇ ਸੰਗ੍ਰਹਿ ਤੋਂ ਮਿਲੀ ਸੀ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਸੰਨ 2000 ਵਿਚ ਆਪਣੀ ਖੋਜਾਰਥੀਆਂ ਦੀ ਟੀਮ ਨਾਲ ਲਾਹੌਰ ਕਿਲ੍ਹੇ ਦੇ ਅਜਾਇਬ ਘਰ ਵਿਚ ਬੰਬਾ ਸੰਗ੍ਰਹਿ ਦੇਖਿਆ ਸੀ। ਮੈਂ ਉਨ੍ਹਾਂ ਨੂੰ ਇਸ ਸੰਗ੍ਰਹਿ ਦਾ ਛਪਿਆ ਕੈਟਾਲਾਗ ਵੀ ਦਿਖਾਇਆ, ਜਿਸ ਵਿਚ ਸਪੱਸ਼ਟ ਤੌਰ 'ਤੇ ਇਸ ਦਾ ਜ਼ਿਕਰ ਮਹਾਰਾਜਾ ਰਣਜੀਤ ਸਿੰਘ ਦੇ ਘੋੜੇ ਦੀ ਕਲਗੀ ਵਜੋਂ ਕੀਤਾ ਗਿਆ ਹੈ ਜਿਸ ਵਿਚ ਹੇਠ ਲਿਖੇ ਵੇਰਵੇ ਹਨ:

'ਸਰ ਬੰਦ : 77 ਛੋਟੇ ਅਤੇ 6 ਦਰਮਿਆਨੇ ਆਕਾਰ ਦੇ ਫੁੱਲਾਂ ਨਾਲ ਸੈੱਟ, ਸੋਨੇ ਦੀ ਪਲੇਟ 'ਚ, ਅੱਠ ਪੱਤੀਆਂ ਦੇ ਨਾਲ, ਹਰੇਕ ਪੱਤੀ ਫਿਰੋਜ਼ੀ ਨਾਲ ਜੁੜੀ ਹੋਈ; ਇਕ ਟਿੱਕਾ ਭਾਰ 10 ਤੋਲਾ ਸੋਨਾ, ਜਿਸ ਵਿਚ 100 ਕੈਰੇਟ ਦੇ ਦਸ ਪੈਂਡੈਂਟ ਹਨ; ਇਕ ਕਲਗੀ ਅਤੇ ਦੋ ਠੋਸ ਸੋਨੇ ਦੇ ਬੱਕਲ- ਟਿੱਕਾ ਅਤੇ ਕਲਗੀ ਹੀਰਿਆਂ ਨਾਲ ਭਰਪੂਰ ਹਨ।' ਅਸਲ ਕੈਟਾਲਾਗ ਦੇਖਣ ਅਤੇ ਉਸ ਵਿਚ ਦਿੱਤੇ ਵੇਰਵੇ ਪੜ੍ਹਨ ਤੋਂ ਬਾਅਦ ਬੋਪਾਰਾਇ ਅਤੇ ਉਨ੍ਹਾਂ ਦੇ ਸਾਥੀ ਸ. ਹਰਪ੍ਰੀਤ ਸਿੰਘ ਸਿੱਧੂ ਨੂੰ ਆਪਣਾ ਬਚਾਅ ਕਰਨਾ ਮੁਸ਼ਕਿਲ ਹੋ ਗਿਆ। ਗੱਲਬਾਤ ਜਾਰੀ ਰੱਖਣ ਦੀ ਬਜਾਇ ਉਹ ਅਚਾਨਕ ਮੀਟਿੰਗ ਵਿਚੋਂ ਚਲੇ ਗਏ। ਕਮੇਟੀ ਦੇ ਪ੍ਰਧਾਨ ਅਤੇ ਹੋਰ ਮੈਂਬਰ ਸੰਤੁਸ਼ਟ ਸਨ ਕਿ ਮੈਂ ਤੱਥਾਂ ਦੇ ਆਧਾਰ 'ਤੇ ਬੋਪਾਰਾਇ ਅਤੇ ਉਸ ਦੀ ਟੀਮ ਦੇ ਬੇਬੁਨਿਆਦ ਦਾਅਵਿਆਂ ਨੂੰ ਖਾਰਜ ਕੀਤਾ ਹੈ। ਇਹ ਯਕੀਨੀ ਬਣਾਉਣ ਲਈ ਕਿ ਇਹ ਮੁੱਦਾ ਮੁੜ ਨਾ ਉੱਭਰੇ, ਮੈਂ ਕਮੇਟੀ ਦੇ ਅਧਿਕਾਰੀਆਂ ਨੂੰ 'ਕਲਗੀ' ਅਕਾਲ ਤੋਂ ਲਿਆਉਣ ਦੀ ਬੇਨਤੀ ਕੀਤੀ ਤਾਂ ਜੋ ਸਾਰੇ ਮੈਂਬਰ ਇਸ ਨੂੰ ਆਪਣੇ ਆਪ ਦੇਖ-ਪਰਖ ਸਕਣ ਕਿ ਕੀ ਇਹ ਕਲਗੀ ਗੁਰੂ ਸਾਹਿਬ ਦੀ ਹੋ ਸਕਦੀ ਹੈ। ਸਾਰੇ ਮੈਂਬਰਾਂ ਦੀ ਸੰਤੁਸ਼ਟੀ ਹੋਣ ਤੋਂ ਬਾਅਦ ਮੇਰੀ ਬੇਨਤੀ 'ਤੇ ਇਸ ਵਿਵਾਦਿਤ ਕਲਗੀ ਨੂੰ ਮਾਲਖਾਨੇ ਭੇਜ ਦਿੱਤਾ ਗਿਆ।

ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਨੂੰ ਲੰਦਨ ਭੇਜਣ ਅਤੇ ਡਲਹੌਜ਼ੀ ਪਰਿਵਾਰ ਰਾਹੀਂ 9 ਜੂਨ, 1898 ਨੂੰ ਲੰਦਨ ਵਿਚ ਇਕ ਪ੍ਰਦਰਸ਼ਨੀ ਵਿਚ ਪ੍ਰਦਰਸ਼ਿਤ ਕਰਨ ਲਈ ਦੱਖਣੀ ਕੇਨਸਿੰਗਟਨ ਮਿਊਜ਼ੀਅਮ ਨੂੰ ਉਧਾਰ ਦੇਣ ਦੇ ਵਿਕਟੋਰੀਆ ਅਤੇ ਅਲਬਰਟ ਮਿਊਜ਼ੀਅਮ ਦੀ ਡਾਇਰੈਕਟਰ ਨੇ ਉਸ ਸਾਰੇ ਖਤੋ-ਖਿਤਾਬ ਦੀ ਨਕਲ ਮੈਨੂੰ ਭੇਜੀ, ਜਿਸ ਤੋਂ ਇਹ ਗਲ ਬਹੁਤ ਸਾਫ ਹੋ ਜਾਂਦੀ ਹੈ ਕਿ ਗੁਰੂ ਸਾਹਿਬ ਦੀ ਪਵਿੱਤਰ ਕਲਗੀ ਲਾਰਡ ਡਲਹੌਜ਼ੀ ਨੇ ਬਰਤਾਨੀਆ ਭੇਜੀ ਤੇ ਇਹ ਉਨ੍ਹਾਂ ਦੇ ਪਰਿਵਾਰ ਕੋਲ ਸੁਰੱਖਿਅਤ ਸੀ। ਮਿਊਜ਼ੀਅਮ ਦੇ ਰਿਕਾਰਡ ਵਿਚ ਅੱਜ ਵੀ ਇਸ ਗੱਲ ਦਾ ਸਬੂਤ ਹੈ ਕਿ ਇਹ ਪਵਿੱਤਰ ਕਲਗੀ ਤੇ ਹੋਰ ਬੇਸ਼ਕਿਮਤੀ ਨਿਸ਼ਾਨੀਆਂ ਲਾਰਡ ਡਲਹੌਜੀ ਦੇ ਪਰਿਵਾਰਕ ਮੈਂਬਰ ਡਬਲਿਊ.ਐਚ. ਬਰਾਊਨ ਨੇ 9 ਜੂਨ 1898 ਨੂੰ ਕੈਨਜ਼ਿੰਗਟਨ ਮਿਊਜ਼ੀਅਮ (ਅੱਜਕਲ੍ਹ ਵਿਕਟੋਰੀਆ ਅਤੇ ਅਲਬਰਟ ਮਿਊਜ਼ੀਅਮ) ਨੂੰ ਉਧਾਰ ਦਿੱਤੀ। ਪਰ ਨਾ ਤਾਂ ਇਸ ਪਵਿੱਤਰ ਕਲਗੀ ਦੀ ਵਾਪਸੀ ਅਤੇ ਨਾ ਹੀ ਇਸ ਦੀ ਨਿਲਾਮੀ ਸੰਬੰਧੀ ਕੋਈ ਸਬੂਤ ਮਿਲਦਾ ਹੈ ਤਾਂ ਇਹ ਕਲਗੀ ਕਿੱਥੇ ਹੈ, ਇਹ ਬੁਝਾਰਤ ਅਜੇ ਤੱਕ ਅਣਸੁਲਝੀ ਹੈ।


## NAME OF CHANGE

I, BHAGWAN SINGH KHELA S/O S. GAJJAN SINGH RESIDENT OF VPO KHELA, TEHSIL PHILLAUR, DISTT. JALANDHAR PUNJAB INDIA, PRESENTLY RESIDING AT 549 CORAL ST TULARE, CA USA HAS CHANGED MY NAME FROM BHAGWAN SINGH KHELA TO BHAGWAN SINGH. ALL CONCERNED PLEASE NOTE.

## ਨਾਂ ਦੀ ਬਦਲੀ

ਮੈਂ, ਭਗਵਾਨ ਸਿੰਘ ਖੇਲਾ ਪੁੱਤਰ ਸ੍ਰ. ਗੱਜਣ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਖੇਲਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਪੰਜਾਬ (ਭਾਰਤ) ਦਾ ਨਿਵਾਸੀ ਹਾਂ। ਇਸ ਸਮੇਂ ਮੈਂ 549 ਕੋਰਲ ਸੇਂਟ ਤੁਲਾਰੇ, CA USA ਰਹਿ ਰਿਹਾ ਹਾਂ। ਮੈਂ ਆਪਣਾ ਨਾਮ ਭਗਵਾਨ ਸਿੰਘ ਖੇਲਾ ਤੋਂ ਬਦਲ ਕੇ ਭਗਵਾਨ ਸਿੰਘ ਰੱਖ ਲਿਆ ਹੈ। ਸਬੰਧਤ ਨੋਟ ਕਰਨ।

# ਰਿਸ਼ਤਿਆਂ ਦੀ ਡੋਰ



ਬਿਕਰਮ ਸਿੰਘ

ਸਮਾਜ-ਸੱਭਿਆਚਾਰ ਪ੍ਰਬੰਧ ਵਿੱਚ ਸਾਨੂੰ ਬਹੁਤ ਸਾਰੇ ਰਿਸ਼ਤੇ ਮਿਲ ਜਾਂਦੇ ਹਨ। ਕੁਝ ਮਨੁੱਖੀ ਰਿਸ਼ਤੇ ਸਾਡੇ ਦਿਲ ਦੇ ਬਹੁਤ ਕਰੀਬ ਹੁੰਦੇ ਹਨ, ਅਸੀਂ ਇਨ੍ਹਾਂ ਰਿਸ਼ਤਿਆਂ ਤੋਂ ਮੁਨਕਰ ਨਹੀਂ ਹੋ ਸਕਦੇ। ਰਿਸ਼ਤੇ ਸਾਡੇ ਦਿਲ ਵਿੱਚ ਇੱਕ ਵੱਖਰਾ ਸਥਾਨ ਬਣਾਉਂਦੇ ਹਨ। ਆਧੁਨਿਕ ਸਮੇਂ ਵਿੱਚ ਅਸੀਂ ਵੱਖ-ਵੱਖ ਮੁਲਕਾਂ ਵਿੱਚ ਬੈਠੇ ਹਾਂ, ਪਰ ਇਹ ਰਿਸ਼ਤੇ ਸਾਡੇ ਦਿਲੋ-ਦਿਮਾਗ਼ ਵਿੱਚ ਹਮੇਸ਼ਾਂ ਰਹਿੰਦੇ ਹਨ। ਜਦੋਂ ਤੁਸੀਂ ਕਿਸੇ ਨਾਲ ਰਿਸ਼ਤਾ ਬਣਾਉਂਦੇ ਹੋ ਤਾਂ ਤੁਸੀਂ ਉਸ ਲਈ ਖ਼ਾਸ ਬਣ ਜਾਂਦੇ ਹੋ। ਸਭ ਤੋਂ ਪਹਿਲਾਂ ਖ਼ੂਨ ਦੇ ਰਿਸ਼ਤੇ ਦਾ ਵਰਣਨ ਕਰਦੇ ਹੋਏ ਇਸ ਦੀਆਂ ਕਿਸਮਾਂ 'ਤੇ ਨਜ਼ਰ ਮਾਰਦੇ ਹਾਂ। ਮਾਂ-ਧੀ ਦਾ ਰਿਸ਼ਤਾ ਵੀ ਬਹੁਤ ਕਰੀਬੀ ਹੁੰਦਾ ਹੈ। ਇਸ ਰਿਸ਼ਤੇ ਵਿੱਚ ਮਾਵਾਂ ਧੀਆਂ ਇੱਕ ਦੂਜੇ ਦੀਆਂ ਰਾਜ਼ਦਾਰ ਹੁੰਦੀਆਂ ਹਨ। ਇਹ ਬਹੁਤ ਹੀ ਮੋਹ ਮੁਹੱਬਤ ਭਰਿਆ, ਨਿੱਘਾ ਤੇ ਸਕੂਨ ਦੇਣ ਵਾਲਾ ਰਿਸ਼ਤਾ ਹੁੰਦਾ ਹੈ। ਜਦੋਂ ਵੀ ਧੀ ਨੂੰ ਕੋਈ ਦੁੱਖ ਹੁੰਦਾ ਹੈ ਤਾਂ ਉਹ ਮਨ ਦੀ ਸਾਰੀ ਭੜਾਸ ਆਪਣੀ ਮਾਂ ਕੋਲ ਕੱਢਦੀ ਹੈ। ਲੋਕ ਸਾਹਿਤ ਵਿੱਚ ਮਾਂ-ਧੀ ਦੇ ਰਿਸ਼ਤੇ ਬਾਰੇ ਬਹੁਤ ਕੁਝ ਰਚਿਆ ਮਿਲਦਾ ਹੈ:

**ਸ਼ੱਕਰ ਪਾਵਾਂ ਸੁੱਕਣੀ ਕੋਈ ਲੋਕ ਕਹਿਣ ਵਸਾਰ ਵੇ,**
**ਲੋਕ ਭਲੇ ਕੀ ਜਾਣਦੇ ਮਾਵਾਂ ਧੀਆਂ ਦੀ ਸਾਰ ਵੇ।**

ਪਿਉ ਤੇ ਧੀ ਦਾ ਰਿਸ਼ਤਾ ਵੀ ਮੋਹ-ਮੁਹੱਬਤ ਅਤੇ ਪਿਆਰ, ਸਤਿਕਾਰ ਤੇ ਅਪਣੱਤ ਭਰਿਆ ਹੁੰਦਾ ਹੈ। ਪਿਉ ਆਪਣੀ ਧੀ ਨੂੰ ਪੁੱਤਾਂ ਨਾਲੋਂ ਘੱਟ ਨਹੀਂ ਸਮਝਦਾ। ਪਿਉ ਆਪਣੀ ਧੀ ਨੂੰ ਉਹ ਹਰ ਸਹੂਲਤ ਪ੍ਰਦਾਨ ਕਰਦਾ ਹੈ, ਜੋ ਆਪਣੇ ਪੁੱਤ ਨੂੰ ਦਿੰਦਾ ਹੈ। ਪਿਉ ਆਪਣੀ ਧੀ ਨੂੰ ਸਿਰ ਦਾ ਤਾਜ ਸਮਝਦਾ ਹੈ। ਲੋਕ ਗੀਤਾਂ ਵਿੱਚ ਪਿਉ-ਧੀ ਦੇ ਰਿਸ਼ਤੇ ਵਿਚਲੇ ਨਿੱਘ ਨੂੰ ਕੁਝ ਇਸ ਤਰ੍ਹਾਂ ਦਰਸਾਇਆ ਗਿਆ ਹੈ:

**ਤੈਂ ਸਾਨੂੰ ਦਿੱਤੜਾ ਵੇ ਨਦੀਆਂ ਤੋਂ ਪਾਰ ਆ ਧੀਏ**
**ਮੇਰੀਏ ਨੀਂ ਸੰਜੋਗਾਂ ਦੀਏ ਘੇਰੀਏ**
**ਕਾਨ੍ਹ ਤੇਰਾ ਜਨਮਿਆ ਹੀ ਨਦੀਆਂ ਤੋਂ ਪਾਰ ਆ ਧੀਏ।**

ਚਾਚੇ-ਚਾਚੀ ਦਾ ਰਿਸ਼ਤਾ ਵੀ ਮੋਹ ਤੇ ਪਿਆਰ ਵਾਲਾ ਹੁੰਦਾ ਹੈ। ਪੰਜਾਬੀ ਰਿਸ਼ਤਾ ਨਾਤਾ ਪ੍ਰਣਾਲੀ ਵਿੱਚ ਚਾਚਾ ਪਿਤਾ ਦਾ ਛੋਟਾ ਭਰਾ ਹੁੰਦਾ ਹੈ। ਚਾਚਾ ਆਪਣੇ ਭਤੀਜੇ-ਭਤੀਜੀਆਂ ਨੂੰ ਪਿਆਰ ਕਰਦਾ ਹੈ, ਪਰ ਜਦੋਂ ਕਬੀਲਦਾਰ ਹੋ ਜਾਂਦਾ ਹੈ ਅਤੇ ਆਪਣੇ ਪਰਿਵਾਰ ਵਿੱਚ ਰੁੱਝ ਜਾਂਦਾ ਹੈ ਤਾਂ ਭਤੀਜੇ-ਭਤੀਜੀਆਂ ਨਾਲ ਉਸ ਦਾ ਪਿਆਰ ਘਟ ਜਾਂਦਾ ਹੈ। ਤਾਇਆ-ਤਾਈ ਦਾ ਰਿਸ਼ਤਾ ਵੀ ਝਿਜਕ ਵਾਲਾ ਹੁੰਦਾ ਹੈ। ਤਾਇਆ ਪਿਉ ਦਾ ਵੱਡਾ ਭਰਾ ਹੋਣ ਕਰਕੇ ਖ਼ਾਸ ਆਦਰ ਵਾਲਾ ਰਿਸ਼ਤਾ ਹੁੰਦਾ ਹੈ। ਪਿਤਾ ਦੀ ਮੌਤ ਤੋਂ ਬਾਅਦ ਤਾਇਆ ਹੀ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਚੁੱਕਦਾ ਹੈ। ਪਿਤਾ ਦੀ ਭੈਣ ਨੂੰ ਭੂਆ ਕਿਹਾ ਜਾਂਦਾ ਹੈ, ਭਾਵੇਂ ਉਹ ਵੱਡੀ ਹੋਵੇ ਜਾਂ ਛੋਟੀ। ਭੂਆ ਸਦਾ ਹੀ ਆਪਣੇ ਭਰਾਵਾਂ ਅਤੇ ਭਤੀਜੇ-ਭਤੀਜੀਆਂ ਦੀਆਂ ਖ਼ੁਸ਼ੀਆਂ ਤੇ ਦੁਆਵਾਂ ਮੰਗਦੀ ਹੈ। ਕਾਨੂੰਨਨ ਭੂਆ ਆਪਣੇ ਭਰਾ ਵਾਂਗੂ ਪਿਤਾ ਦੀ ਜਾਇਦਾਦ ਦੀ ਸਿੱਧੀ ਵਾਰਿਸ ਹੁੰਦੀ ਹੈ, ਪਰ ਸਮਾਜਿਕ ਤੌਰ 'ਤੇ ਉਹ ਆਪਣਾ ਹਿੱਸਾ ਨਹੀਂ ਲੈਂਦੀ। ਉਹ ਜ਼ਮੀਨ ਨਾਲੋਂ ਭਰਾਵਾਂ ਦੇ ਪਿਆਰ ਨੂੰ ਜ਼ਿਆਦਾ ਚਾਹੁੰਦੀ ਹੈ। ਪੰਜਾਬੀ ਸਮਾਜ ਵਿੱਚ ਇੱਕ ਕੁੱਖੋਂ ਜਾਏ ਭੈਣ-ਭਰਾ ਦੇ ਰਿਸ਼ਤੇ ਨੂੰ ਬਹੁਤ ਅਹਿਮ ਸਮਝਿਆ ਜਾਂਦਾ ਹੈ। ਇੱਕ ਕੁੱਖ ਜਾਏ ਹੋਣ ਕਰਕੇ ਇਨ੍ਹਾਂ ਵਿੱਚ ਬਹੁਤ ਕੁਝ ਸਾਂਝਾ ਹੁੰਦਾ ਹੈ। ਉਨ੍ਹਾਂ ਵਿੱਚ ਖ਼ੂਨ ਦੀ ਸਾਂਝ ਦੇ ਨਾਲ ਨਾਲ ਇੱਕ ਮਾਂ ਦੇ ਪਵਿੱਤਰ ਦੁੱਧ ਅਤੇ ਲੋਰੀਆਂ ਦੀ ਸਾਂਝ ਵੀ ਹੁੰਦੀ ਹੈ। ਇਸ ਤਰ੍ਹਾਂ ਭੈਣ-ਭਰਾ ਦਾ ਰਿਸ਼ਤਾ ਪਿਆਰ, ਸਾਂਝ ਤੇ ਮਿਲਵਰਤਨ 'ਤੇ ਆਧਾਰਿਤ ਹੁੰਦਾ ਹੈ। ਭੈਣ-ਭਰਾ ਦੇ ਆਪਸੀ ਪਿਆਰ ਵਿੱਚ ਮਾਇਆ ਵੀ ਦਰਾੜ ਨਹੀਂ ਪਾ ਸਕਦੀ। ਜੇ ਭੈਣ-ਭਰਾ ਦੇ ਮੋਹ ਲਈ ਆਪਣੇ ਹਿੱਸੇ ਆਉਂਦੀ ਜ਼ਮੀਨ ਨੂੰ ਤਿਆਗ ਦਿੰਦੀ ਹੈ ਤਾਂ ਭਰਾ ਵੀ ਮੌਕਾ ਪੈਣ 'ਤੇ ਆਪਣੀ ਭੈਣ ਲਈ ਜ਼ਿੰਦਗੀ ਕੁਰਬਾਨ ਕਰਨ ਦੀ ਭਾਵਨਾ ਰੱਖਦਾ ਹੈ। ਰੱਖੜੀ ਵਰਗੇ ਤਿਉਹਾਰ ਵੀ ਸਿਰਫ਼ ਮੋਹ ਦਰਸਾਉਣ ਲਈ ਨਹੀਂ ਸਗੋਂ ਭੈਣ ਦੀ ਇੱਜ਼ਤ ਦੀ ਰਾਖੀ ਵਰਗੇ ਫਰਜ਼ ਨਿਭਾਉਣ ਵਾਲੇ ਵੀ ਹਨ। ਪੰਜਾਬੀ ਸਾਹਿਤ ਵਿੱਚ ਵੀ 'ਇੱਕ ਵੀਰ ਦੇਈਂ ਵੇ ਰੱਬਾ' ਰਾਹੀਂ ਪਰਮਾਤਮਾ ਤੋਂ ਵੀਰ ਦੀ ਕਾਮਨਾ ਕੀਤੀ ਹੈ। ਇੱਕ ਭੈਣ ਆਪਣੇ ਭਰਾ ਦੀ ਜਿੱਤ ਦੀ ਸੁੱਖ ਮੰਗਦੀ ਹੈ। ਜਿਨ੍ਹਾਂ ਭੈਣਾਂ ਦੇ ਵੀਰ ਨਹੀਂ ਹੁੰਦੇ, ਉਨ੍ਹਾਂ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਉਨ੍ਹਾਂ ਦਾ ਪਾਲਣ ਪੋਸ਼ਣ ਵੀ ਚੰਗੀ ਤਰ੍ਹਾਂ ਨਹੀਂ ਕੀਤਾ ਜਾਂਦਾ। ਵਿਆਹ ਉਪਰੰਤ ਵੀ ਭੈਣ ਨੂੰ ਆਪਣੇ ਭਰਾਵਾਂ ਦਾ ਬਹੁਤ ਆਸਰਾ ਰਹਿੰਦਾ ਹੈ। ਇਸ ਆਸਰੇ ਉਸ ਨੂੰ ਆਪਣੇ ਸਹੁਰੇ ਘਰ ਵਸਣਾ ਆਸਾਨ ਹੋ ਜਾਂਦਾ ਹੈ। ਖ਼ਾਸ ਮੌਕਿਆਂ 'ਤੇ ਭੈਣ ਆਪਣੇ ਭਰਾਵਾਂ ਦੀ ਉਡੀਕ ਵੀ ਕਰਦੀ ਹੈ। ਕਿਸੇ ਸਮੱਸਿਆ ਵੇਲੇ ਸਿਆਣਾ ਭਰਾ ਆਪਣੀ ਭੈਣ ਨੂੰ ਕਦੇ ਵੀ ਗ਼ਲਤ ਸਲਾਹ ਨਹੀਂ ਦਿੰਦਾ। ਜੇ ਭੈਣ ਦੀ ਸਹੁਰੇ ਘਰ ਵਿੱਚ ਅਣਬਣ ਹੋਵੇ ਤਾਂ ਉਹ ਹਮੇਸ਼ਾਂ ਗੱਲਬਾਤ ਰਾਹੀਂ ਮਸਲਾ ਸੁਲਝਾਉਣ ਦਾ ਯਤਨ ਕਰਦਾ ਹੈ। ਖ਼ੂਨ ਦੇ ਰਿਸ਼ਤਿਆਂ ਵਿੱਚ ਭੈਣਾਂ-ਭੈਣਾਂ ਦਾ ਰਿਸ਼ਤਾ ਵੀ ਆਪਸੀ ਮੋਹ, ਨਿੱਘ ਤੇ ਮੇਲ ਮਿਲਾਪ 'ਤੇ ਆਧਾਰਿਤ ਹੁੰਦਾ ਹੈ। ਭੈਣਾਂ-ਭੈਣਾਂ ਇੱਕ ਕੁੱਖੋਂ ਜਨਮ ਲੈਂਦੀਆਂ ਹਨ। ਬਚਪਨ ਵਿੱਚ ਸਾਂਝੇ ਖਿਡੌਣਿਆਂ ਨਾਲ ਖੇਡਦੀਆਂ ਹਨ। ਕਈ ਵਾਰ ਭੈਣਾਂ ਨੂੰ ਇੱਕ ਘਰ ਵਿੱਚ ਵਿਆਹ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਦਾ ਰਿਸ਼ਤਾ ਨਵਾਂ ਰੂਪ ਅਖਤਿਆਰ ਕਰਦਾ ਹੈ। ਭੈਣਾਂ-ਭੈਣਾਂ ਹਰ ਦੁੱਖ-ਸੁੱਖ ਵਿੱਚ ਇੱਕ ਦੂਜੀ ਦਾ ਸਾਥ ਦਿੰਦੀਆਂ ਹਨ। ਪੰਜਾਬੀ ਸਮਾਜ ਵਿੱਚ ਭਰਾ-ਭਰਾ ਦਾ ਰਿਸ਼ਤਾ ਵੀ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਭਰਾ ਇੱਕ ਦੂਜੇ 'ਤੇ ਮਾਣ ਕਰਦੇ ਹਨ ਅਤੇ ਹਰ ਔਖੇ ਸੌਖੇ ਵੇਲੇ ਇੱਕ ਦੂਜੇ ਦੇ ਕੰਮ ਆਉਂਦੇ ਹਨ। ਪੰਜਾਬੀ ਸਮਾਜ ਵਿੱਚ ਭਰਾਵਾਂ ਵਰਗੀ ਕੋਈ ਸਾਂਝ ਨਹੀਂ ਹੁੰਦੀ। ਵਾਰਿਸ਼ ਸ਼ਾਹ ਆਪਣੇ ਹੀਰ ਦੇ ਕਿੱਸੇ ਵਿੱਚ ਲਿਖਦਾ ਹੈ:

**ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੇ ਅਤੇ ਭਾਈਆਂ ਬਾਝ ਬਹਾਰ ਨਹੀਂ।**
**ਭਾਈ ਮਰਨ ਤੇ ਪੈਂਦੀਆਂ ਭੱਜ ਬਾਹੀਂ**
**ਬਿਨਾਂ ਭਾਈ ਪਰੇ ਪਰਿਵਾਰ ਨਹੀਂ।**

ਭਰਾਵਾਂ ਦੀ ਸਾਂਝ ਉਸ ਸਮੇਂ ਹੋਰ ਵੀ ਪੀਡੀ ਹੋ ਜਾਂਦੀ ਹੈ ਜਦੋਂ ਉਨ੍ਹਾਂ ਦਾ ਪਿਤਾ ਸਵਰਗਵਾਸ ਹੋ ਜਾਂਦਾ ਹੈ। ਇਸ ਉਪਰੰਤ ਘਰ ਦੀ ਜ਼ਿੰਮੇਵਾਰੀ ਵੱਡਾ ਭਰਾ ਆਪਣੇ ਸਿਰ ਲੈ ਲੈਂਦਾ ਹੈ ਅਤੇ ਆਪਣੇ ਪਿਤਾ ਦੇ ਸਾਰੇ ਫ਼ਰਜ ਨਿਭਾਉਂਦਾ ਹੈ। ਕਈ ਵਾਰ ਭਰਾਵਾਂ ਦਾ ਇਹ ਪਿਆਰ ਸ਼ਰੀਕੇਬਾਜ਼ੀ ਵਿੱਚ ਵੀ ਬਦਲ ਜਾਂਦਾ ਹੈ। ਅਜਿਹਾ ਵਰਤਾਰਾ ਪੂੰਜੀਵਾਦੀ ਯੁੱਗ ਦੀ ਦੇਣ ਹੈ। ਭਾਵੇਂ ਅਜੋਕੇ ਦੌਰ ਵਿੱਚ ਕਿਧਰੇ ਕਿਧਰੇ ਭਰਾਵਾਂ ਵਿੱਚ ਪਿਆਰ ਵੀ ਨਜ਼ਰ ਆਉਂਦਾ ਹੈ, ਪਰ ਸ਼ਰੀਕੇਬਾਜ਼ੀ, ਖਹਿਬਾਜ਼ੀ ਵੱਧ ਗਈ ਹੈ। ਪੂੰਜੀਵਾਦੀ ਦੌਰ ਵਿੱਚ ਮਾਇਆ ਪ੍ਰਧਾਨ ਹੈ, ਜਿਸ ਨੇ ਹਰ ਰਿਸ਼ਤੇ ਦਾ ਰੰਗ ਫਿੱਕਾ ਕਰ ਦਿੱਤਾ ਹੈ। ਅਜਿਹੇ ਦੌਰ ਵਿੱਚ ਘਰਾਂ ਵਿੱਚ ਲੜਾਈ ਕਲੇਸ਼ ਵਧ ਰਿਹਾ ਹੈ। ਭਰਾ ਜਦੋਂ ਕਬੀਲਦਾਰੀਆਂ ਵਿੱਚ ਉਲਝ ਜਾਂਦੇ ਹਨ ਤਾਂ ਉਨ੍ਹਾਂ ਦੇ ਹਿੱਤ ਵੱਖਰੇ ਵੱਖਰੇ ਹੋ ਜਾਂਦੇ ਹਨ। ਉਹ ਭਰਾਵਾਂ ਦੀ ਥਾਂ ਆਪਣੇ ਨਿੱਜੀ ਪਰਿਵਾਰ ਨੂੰ ਜ਼ਿਆਦਾ ਤਰਜੀਹ ਦੇਣ ਲੱਗ ਪੈਂਦੇ ਹਨ। ਭਰਾਵਾਂ ਵਿੱਚ ਫ਼ਰਕ ਪੈਣ ਦਾ ਦੂਸਰਾ ਕਾਰਨ ਆਰਥਿਕ ਹੈ। ਭਰਾਵਾਂ ਨੇ ਆਪਣੇ ਬਾਪ ਦੀ ਹਰ ਚੀਜ਼ ਬਰਾਬਰ ਵੰਡਣੀ ਹੁੰਦੀ ਹੈ ਜਿਸ ਕਰਕੇ ਉਨ੍ਹਾਂ ਵਿੱਚ ਟਕਰਾਅ ਸ਼ੁਰੂ ਹੁੰਦਾ ਹੈ। ਪਰ ਕਈ ਵਾਰ ਦੋ ਭਰਾਵਾਂ ਦੀ ਆਰਥਿਕ ਸਥਿਤੀ ਵਿੱਚ ਵੱਡਾ ਫ਼ਰਕ ਹੁੰਦਾ ਹੈ। ਵੱਡਾ ਭਰਾ ਕਈ ਵਾਰ ਪਰਿਵਾਰ ਵਿੱਚ ਜ਼ਿਆਦਾ ਮਿਹਨਤ ਕਰਦਾ ਹੈ, ਛੋਟਿਆਂ ਨੂੰ ਪੜ੍ਹਾਉਂਦਾ ਹੈ, ਉਨ੍ਹਾਂ ਨੂੰ ਨੌਕਰੀ ਯੋਗ ਬਣਾਉਂਦਾ ਹੈ। ਇਸ ਲਈ ਵੰਡ ਵੰਡਾਈ ਵਿੱਚ ਕਈ ਵਾਰ ਉਹ ਆਸ ਵੀ ਵਧੇਰੇ ਰੱਖਦਾ ਹੈ, ਜਿਸ ਕਾਰਨ ਭਰਾਵਾਂ ਵਿੱਚ ਫਿੱਕ ਪੈਣ ਦੇ ਮੌਕੇ ਵਧ ਜਾਂਦੇ ਹਨ। ਆਮ ਤੌਰ 'ਤੇ ਇਹ ਵੀ ਦੇਖਿਆ ਜਾਂਦਾ ਹੈ ਕਿ ਜਿੱਥੇ ਇੱਕ ਭਰਾ ਨੌਕਰੀ ਪੇਸ਼ਾ ਹੋਣ ਕਰਕੇ ਦੂਰ ਜਾ ਕੇ ਰਹਿਣ ਲੱਗ ਜਾਂਦਾ ਹੈ ਉੱਥੇ ਭਰਾਵਾਂ ਵਿੱਚ ਸ਼ਰੀਕੇਬਾਜ਼ੀ ਘੱਟ ਹੁੰਦੀ ਹੈ। ਪੰਜਾਬੀ ਸਮਾਜ ਵਿੱਚ ਬਣਤਰ ਤੇ ਲੋੜਾਂ ਹੀ ਅਜਿਹੀਆਂ ਹਨ ਕਿ ਹਰ ਕਿਸੇ ਨੂੰ ਭਰਾਵਾਂ ਦੀ ਲੋੜ ਪੈਂਦੀ ਰਹਿੰਦੀ ਹੈ ਤੇ ਮਾਣ ਵੀ ਬਣਿਆ ਰਹਿੰਦਾ ਹੈ।

ਆਪਣੇ ਪਿੰਡ ਜਾਂ ਸ਼ਹਿਰ ਭਾਵ ਦਾਦਕੇ ਤੋਂ ਬਾਅਦ ਬੱਚੇ ਦਾ ਜੇ ਕਿਤੇ ਹੋਰ ਕਰੀਬੀ ਰਿਸ਼ਤਾ ਬਣਦਾ ਹੈ ਤਾਂ ਉਹ ਨਾਨਕੇ ਹੁੰਦੇ ਹਨ। ਇਹ ਇੱਕ ਤਰ੍ਹਾਂ ਨਾਲ ਬੱਚੇ ਦਾ ਦੂਜਾ ਪਿੰਡ ਹੁੰਦਾ ਹੈ। ਮਾਂ ਦੇ ਪੇਕਿਆਂ ਨੂੰ ਨਾਨਕੇ ਕਿਹਾ ਜਾਂਦਾ ਹੈ। ਜਿਵੇਂ ਬੱਚੇ ਦੀ ਜ਼ਿੰਦਗੀ ਵਿੱਚ ਦਾਦਕੇ ਮਹੱਤਵ ਰੱਖਦੇ ਹਨ, ਉਸੇ ਤਰ੍ਹਾਂ ਨਾਨਕਿਆਂ ਦੀ ਵੀ ਖ਼ਾਸ ਮਹੱਤਤਾ ਹੁੰਦੀ ਹੈ। ਨਾਨਕੇ ਪਰਿਵਾਰ ਵਿੱਚ ਨਾਨਾ-ਨਾਨੀ, ਮਾਮਾ-ਮਾਮੀ, ਉਨ੍ਹਾਂ ਦੇ ਬੱਚੇ ਅਤੇ ਨਾਨੇ ਦੀ ਸ਼ਰੀਕਾਚਾਰੀ ਅਤੇ ਬਰਾਦਰੀ ਨਾਲ ਸਬੰਧਿਤ ਲੋਕ ਹੁੰਦੇ ਹਨ। ਨਾਨਕੇ ਸਾਰੀ ਉਮਰ ਜ਼ਿੰਮੇਵਾਰੀ ਨਿਭਾਉਂਦੇ ਹਨ। ਬੱਚੇ ਦੇ ਜਨਮ, ਮੰਗਣੀ ਅਤੇ ਵਿਆਹ ਸਮੇਂ ਹਾਜ਼ਰ ਹੁੰਦੇ ਹਨ। ਪੰਜਾਬੀ ਸਮਾਜ ਵਿੱਚ ਨਾਨਕਿਆਂ ਤੋਂ ਬਿਨਾਂ ਵਿਆਹ ਅਧੂਰਾ ਸਮਝਿਆ ਜਾਂਦਾ ਹੈ। ਨਾਨਕੇ ਪਰਿਵਾਰ ਵਿੱਚ ਹਰੇਕ ਰਿਸ਼ਤਾ ਖ਼ਾਸ ਥਾਂ ਰੱਖਦਾ ਹੈ। ਮਾਂ, ਮਾਮਾ ਤੇ ਮਾਸੀ ਇੱਕ ਕੁੱਖੋਂ ਜਨਮੇ ਹੋਣ ਕਾਰਨ ਉਨ੍ਹਾਂ ਵਿੱਚ ਕਈ ਤਰ੍ਹਾਂ ਦੀ ਸਾਂਝ ਹੁੰਦੀ ਹੈ।

ਇੱਕ ਬੱਚੇ ਦੀ ਜ਼ਿੰਦਗੀ ਵਿੱਚ ਮਾਮੇ, ਮਾਮੀ ਤੇ ਮਾਸੀ ਦੀ ਵਿਸ਼ੇਸ਼ ਅਹਿਮੀਅਤ ਹੁੰਦੀ ਹੈ। ਮਾਮਾ ਤੇ ਮਾਸੀ ਉਸ ਨੂੰ ਬਹੁਤ ਪਿਆਰ ਕਰਦੇ ਹਨ। ਵਿਆਹ ਸਮੇਂ ਮਾਮਾ ਹੀ ਭਾਣਜੇ ਨੂੰ ਖਾਰਿਉਂ ਉਤਾਰਨ ਦੀ ਰਸਮ ਕਰਦਾ ਹੈ। ਮਾਮੀ ਹੋਰ ਮੇਲਣਾ ਨਾਲ ਰਲ ਕੇ ਸਾਰੇ ਪਿੰਡ ਵਿੱਚ ਜਾਗੋ ਕੱਢਦੀ ਹੈ। ਮਾਮੀ ਦਾ ਰਿਸ਼ਤਾ ਵੀ ਬੜਾ ਮੋਹ ਮੁਹੱਬਤ ਤੇ ਨਿੱਘ ਵਾਲਾ ਹੁੰਦਾ ਹੈ। ਮਾਸੀ ਨੂੰ ਮਾਂ ਦਾ ਹੀ ਰੂਪ ਸਮਝਿਆ ਜਾਂਦਾ ਹੈ। ਜੇਕਰ ਦੋਵੇਂ ਭੈਣਾਂ ਇੱਕ ਹੀ ਘਰ ਵਿੱਚ ਵਿਆਹ ਦਿੱਤੀਆਂ ਜਾਣ ਤਾਂ ਸਹੁਰੇ ਘਰ ਵਿੱਚ ਦਰਾਣੀ-ਜਠਾਣੀ ਦੇ ਰਿਸ਼ਤੇ ਵਿੱਚ ਬੱਝ ਜਾਂਦੀਆਂ ਹਨ ਅਤੇ ਬੱਚਿਆਂ ਲਈ ਉਹ ਤਾਈ, ਚਾਚੀ ਤੋਂ ਵਧ ਕੇ ਮਾਸੀ ਦੇ ਰਿਸ਼ਤੇ ਵਿੱਚ ਬੱਝ ਜਾਂਦੀਆਂ ਹਨ। ਭੈਣ ਦੀ ਗੈਰ ਹਾਜ਼ਰੀ ਵਿੱਚ ਉਹ ਬੱਚਿਆਂ ਦਾ ਖ਼ਾਸ ਖਿਆਲ ਰੱਖਦੀਆਂ ਹਨ। ਇਸ ਤਰ੍ਹਾਂ ਇਹ ਰਿਸ਼ਤੇ ਬੱਚੇ ਦੀ ਜ਼ਿੰਦਗੀ ਵਿੱਚ ਅਹਿਮ ਸਥਾਨ ਰੱਖਦੇ ਹਨ।

ਸਮਾਜਿਕ ਰਿਸ਼ਤਿਆਂ ਦਾ ਸਬੰਧ ਖ਼ੂਨ ਦੇ ਰਿਸ਼ਤਿਆਂ ਤੋਂ ਵੱਖਰਾ ਹੁੰਦਾ ਹੈ। ਇਹ ਰਿਸ਼ਤੇ ਕੁਦਰਤੀ ਹੋਣ ਨਾਲੋਂ ਪਸੰਦ ਉੱਤੇ ਜ਼ਿਆਦਾ ਆਧਾਰਿਤ ਹੁੰਦੇ ਹਨ। ਅਜਿਹੇ ਰਿਸ਼ਤੇ ਹਰ ਆਦਮੀ ਨੂੰ ਸੱਭਿਆਚਾਰਕ ਤੇ ਸਮਾਜਿਕ ਵਿਰਸੇ ਵਿੱਚੋਂ ਪ੍ਰਾਪਤ ਹੁੰਦੇ ਹਨ ਜਿਵੇਂ ਕੁੜਮਚਾਰੀ, ਮਤਰੇਏ ਅਤੇ ਵਰਜਿਤ ਰਿਸ਼ਤੇ ਹਨ। ਵਿਆਹ ਕਈ ਕਿਸਮ ਦੇ ਨਵੇਂ ਰਿਸ਼ਤਿਆਂ ਨੂੰ ਜਨਮ ਦਿੰਦਾ ਆ ਰਿਹਾ ਹੈ। ਲੜਕਾ ਪਤੀ ਬਣਨ ਦੀ ਸੂਰਤ ਵਿੱਚ ਨਾਲ ਹੀ ਉਹ ਜਵਾਈ ਦੇ ਰਿਸ਼ਤੇ ਵਿੱਚ ਬੱਝ ਜਾਂਦਾ ਹੈ। ਸੱਸ ਅਤੇ ਸਹੁਰਾ ਜਵਾਈ ਨੂੰ ਪੁੱਤਰ ਦੇ ਬਰਾਬਰ ਦਰਜਾ ਦਿੰਦੇ ਹਨ। ਸੱਸ ਤੇ ਜਵਾਈ ਦਾ ਰਿਸ਼ਤਾ ਖ਼ਾਸ ਸਨੇਹ ਅਤੇ ਸਤਿਕਾਰ ਭਰਿਆ ਰਿਸ਼ਤਾ ਹੈ। ਜਵਾਈ ਦੀ ਸਹੁਰੇ ਘਰ ਆਮਦ ਉਸ ਦਾ ਵਿਸ਼ੇਸ਼ ਆਦਰ ਸਨਮਾਨ ਹੁੰਦਾ ਹੈ। ਸਾਲੇ ਤੇ ਭਣਵੱਈਏ ਦਾ ਰਿਸ਼ਤਾ ਵੀ ਇੱਕ ਦੂਜੇ ਪ੍ਰਤੀ ਵਿਸ਼ੇਸ਼ ਆਦਰ ਸਤਿਕਾਰ ਵਾਲਾ ਰਿਸ਼ਤਾ ਹੈ। ਪੰਜਾਬੀ ਸਮਾਜ ਵਿੱਚ ਸਾਲਾ ਭਣਵੱਈਏ ਦੇ ਆਉਣ 'ਤੇ ਖ਼ਾਸ ਮਹਿਮਾਨ ਨਿਵਾਜੀ ਕਰਦਾ ਹੈ। ਭੈਣ ਦੀ ਖ਼ੁਸ਼ੀ ਲਈ ਸਾਲਾ ਹਰ ਤਰੀਕੇ ਨਾਲ ਆਪਣੇ ਭਣਵੱਈਏ ਨੂੰ ਖ਼ੁਸ਼ ਰੱਖਣ ਦਾ ਯਤਨ ਕਰਦਾ ਹੈ। ਸਾਲੇਹਾਰ ਤੇ ਭਣਵੱਈਏ ਦਾ ਰਿਸ਼ਤਾ ਅੰਤਰ-ਸਬੰਧਿਤ ਹੈ। ਜਿੱਥੇ ਇਸ ਰਿਸ਼ਤੇ ਵਿੱਚ ਮਸਕਰੀ ਹਾਸਾ ਤੇ ਮਜ਼ਾਕ ਹੁੰਦਾ ਹੈ। ਉੱਥੇ ਭੈਣ ਭਰਾ ਦੇ ਰਿਸ਼ਤੇ ਦੀ ਝਲਕ ਦੇਖਣ ਨੂੰ ਮਿਲਦੀ ਹੈ। ਜੀਜੇ ਤੇ ਸਾਲੀ ਦਾ ਰਿਸ਼ਤਾ ਪੰਜਾਬੀ ਸੱਭਿਆਚਾਰ ਵਿੱਚ ਖਾਸ ਰੰਗ ਵਿੱਚ ਰੰਗਿਆ ਹੁੰਦਾ ਹੈ। ਇਹ ਰਿਸ਼ਤਾ ਬੜਾ ਦਿਲਚਸਪ ਹੁੰਦਾ ਹੈ। ਪਤਨੀ ਦੀ ਭੈਣ ਨੂੰ ਸਾਲੀ ਕਿਹਾ ਜਾਂਦਾ ਹੈ। ਵਿਆਹ ਸਮੇਂ ਲੜਕੇ ਦਾ ਪਹਿਲਾ ਵਾਹ ਆਪਣੀਆਂ ਸਾਲੀਆਂ ਨਾਲ ਹੀ ਪੈਂਦਾ ਹੈ। ਵਿਆਹ ਵਿੱਚ ਕਈ ਥਾਵਾਂ 'ਤੇ ਰਸਮਾਂ ਉੱਪਰ ਸਾਲੀਆਂ ਵੱਲੋਂ ਜੀਜੇ ਨੂੰ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ:

**ਕੁੜੀ ਤਾਂ ਸਾਡੀ ਤਿੱਲੇ ਦੀ ਤਾਰ ਵੇ**
**ਮੁੰਡਾ ਤਾਂ ਲੱਗਦਾ ਕੋਈ ਘੁਮਿਆਰ ਵੇ**
**ਜੋੜੀ ਤਾਂ ਫੱਬਦੀ ਨਈ ਵੇ।**


SINGHs TRrAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast WORLDWIDE MONEY TRANSFER
Ph:- 01886-502532
Mob:- 94634-04595



BERKSHIRE HATHAWAY HOMESERVICES BH HS
CJ Singh
License # 24012019
Real Estate Broker
NORTHWEST
REAL ESTATE
BERKSHIRE
HATHAWAY
HOMESERVICES
M. 206-401-4000





Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.


# ਸੁਪਰੀਮ ਕੋਰਟ ਦਾ ਸੰਵੇਦਨਸ਼ੀਲ ਦਖਲ-ਅਵਾਰਾ ਕੁੱਤਿਆਂ ਅਤੇ ਕਬੂਤਰਾਂ ਤੋਂ ਸੁਰੱਖਿਆ 'ਤੇ ਮਹੱਤਵਪੂਰਨ ਫੈਸਲਾ

ਵਿਸ਼ਵ ਪੱਧਰ 'ਤੇ ਭਾਰਤੀ ਨਿਆਂਪਾਲਿਕਾ ਦੀ ਸਾਖ, ਪਾਰਦਰਸ਼ਤਾ ਅਤੇ ਨਿਰਪੱਖਤਾ ਦੀ ਬਿਨਾਂ ਕਿਸੇ ਕਾਰਨ ਪ੍ਰਸ਼ੰਸਾ ਨਹੀਂ ਕੀਤੀ ਜਾਂਦੀ, ਇੱਥੇ ਮਨੁੱਖੀ ਸੰਵੇਦਨਸ਼ੀਲਤਾ ਦੇ ਨਾਲ-ਨਾਲ, ਗੁੰਗੇ ਅਤੇ ਬੋਲੇ ਜਾਨਵਰਾਂ ਦੀ ਰੱਖਿਆ ਦੇ ਨਾਲ-ਨਾਲ, ਮਨੁੱਖਾਂ ਨੂੰ ਉਨ੍ਹਾਂ ਦੀ ਹਿੰਸਾ ਅਤੇ ਸੰਵੇਦਨਸ਼ੀਲਤਾ ਤੋਂ ਬਚਾਉਣ ਲਈ ਖੁਦ ਨੋਟਿਸ ਵੀ ਲਿਆ ਜਾਂਦਾ ਹੈ। ਮੇਰਾ ਮੰਨਣਾ ਹੈ ਕਿ ਭਾਰਤ ਮਾਤਾ ਦੀ ਮਿੱਟੀ ਵਿੱਚ ਜਨਮ ਲੈਣ ਵਾਲੇ ਹਰ ਵਿਅਕਤੀ ਦੇ ਦਿਲ ਵਿੱਚ ਬ੍ਰਹਿਮੰਡ ਵਿੱਚ ਪੈਦਾ ਹੋਏ ਜੀਵਾਂ ਪ੍ਰਤੀ ਡੂੰਘੀਆਂ ਭਾਵਨਾਵਾਂ ਅਤੇ ਸੰਵੇਦਨਸ਼ੀਲਤਾ ਹੁੰਦੀ ਹੈ, ਜੋ ਕਿਸੇ ਨਾ ਕਿਸੇ ਰੂਪ ਵਿੱਚ ਝਲਕਦੀ ਹੈ, ਅਸੀਂ ਆਵਾਰਾ ਕੁੱਤਿਆਂ ਦੇ ਮਾਮਲੇ ਵਿੱਚ ਵੀ ਇਹੀ ਦੇਖਿਆ ਹੈ। ਮਾਣਯੋਗ ਸੁਪਰੀਮ ਕੋਰਟ ਨੇ 11 ਅਗਸਤ 2025 ਨੂੰ ਇੱਕ ਸੰਗਠਨ ਅਤੇ ਮਾਣਯੋਗ ਅਦਾਲਤ ਦੇ ਕਬੂਤਰਾਂ ਸੰਬੰਧੀ ਇੱਕ ਮਹੱਤਵਪੂਰਨ ਫੈਸਲਾ ਦਿੱਤਾ ਹੈ। ਆਵਾਰਾ ਕੁੱਤਿਆਂ ਦੇ ਕੱਟਣ ਨਾਲ ਇੱਕ ਲੜਕੀ ਦੀ ਮੌਤ ਹੋ ਗਈ। ਆਪਣੇ ਆਪ ਨੋਟਿਸ 'ਤੇ, ਬੈਂਚ ਨੇ ਦਿੱਲੀ, ਜੋ ਆਵਾਰਾ ਕੁੱਤਿਆਂ ਦੀ ਸਮੱਸਿਆ ਦਾ ਸਾਹਮਣਾ ਕਰ ਰਹੀ ਹੈ, ਬਾਰੇ ਇੱਕ ਵੱਡਾ ਹੁਕਮ ਦਿੱਤਾ ਹੈ। ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੇ ਕਿਹਾ ਹੈ ਕਿ 8 ਹਫ਼ਤਿਆਂ ਦੇ ਅੰਦਰ ਸਾਰੇ ਆਵਾਰਾ ਕੁੱਤਿਆਂ ਨੂੰ ਫੜ ਕੇ 'ਕੁੱਤਿਆਂ ਦੇ ਆਸਰੇ' ਵਿੱਚ ਤਬਦੀਲ ਕਰ ਦਿੱਤਾ ਜਾਵੇ ਅਤੇ ਇਨ੍ਹਾਂ ਕੁੱਤਿਆਂ ਨੂੰ ਵਾਪਸ ਨਹੀਂ ਛੱਡਿਆ ਜਾਵੇਗਾ। 28 ਜੁਲਾਈ 2025 ਨੂੰ, ਦਿੱਲੀ ਦੇ ਰੋਹਿਣੀ ਨੇੜੇ ਪੂਥ ਕਲਾਂ ਵਿੱਚ ਇੱਕ ਆਵਾਰਾ ਕੁੱਤੇ ਦੇ ਕੱਟਣ ਤੋਂ ਬਾਅਦ ਰੇਬੀਜ਼ ਕਾਰਨ 6 ਸਾਲ ਦੀ ਬੱਚੀ ਦੀ ਮੌਤ ਤੋਂ ਬਾਅਦ ਸੁਪਰੀਮ ਕੋਰਟ ਨੇ ਇਸ ਸਮੱਸਿਆ ਦਾ ਖੁਦ ਨੋਟਿਸ ਲਿਆ। ਇਸ ਬਾਰੇ ਪ੍ਰਕਾਸ਼ਿਤ ਇੱਕ ਮੀਡੀਆ ਰਿਪੋਰਟ ਦਾ ਹਵਾਲਾ ਦਿੰਦੇ ਹੋਏ, ਸੁਪਰੀਮ ਕੋਰਟ ਨੇ ਇਸਨੂੰ 'ਬਹੁਤ ਹੀ ਪ੍ਰੇਸ਼ਾਨ ਕਰਨ ਵਾਲਾ ਅਤੇ ਚਿੰਤਾਜਨਕ' ਦੱਸਿਆ ਸੀ। ਅਦਾਲਤ ਨੇ ਕਿਹਾ ਸੀ ਕਿ ਸ਼ਹਿਰ ਅਤੇ ਇਸਦੇ ਬਾਹਰੀ ਇਲਾਕਿਆਂ ਵਿੱਚ ਹਰ ਰੋਜ਼ ਸੈਂਕੜੇ ਕੁੱਤਿਆਂ ਦੇ ਕੱਟਣ ਦੀਆਂ ਰਿਪੋਰਟਾਂ ਆ ਰਹੀਆਂ ਹਨ। ਕੁੱਤਿਆਂ ਦੇ ਕੱਟਣ ਨਾਲ ਰੇਬੀਜ਼ ਹੋ ਰਿਹਾ ਹੈ। ਆਮ ਤੌਰ 'ਤੇ ਬੱਚੇ ਅਤੇ ਬਜ਼ੁਰਗ ਇਸ ਦਾ ਸ਼ਿਕਾਰ ਹੋ ਰਹੇ ਹਨ। ਸੁਪਰੀਮ ਕੋਰਟ ਨੇ ਦਿੱਲੀ, ਐਮਸੀਡੀ ਅਤੇ ਐਨਡੀਐਮਸੀ ਨੂੰ ਸਾਰੇ ਖੇਤਰਾਂ ਤੋਂ ਆਵਾਰਾ ਕੁੱਤਿਆਂ ਨੂੰ ਤੁਰੰਤ ਫੜਨ ਦਾ ਨਿਰਦੇਸ਼ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਇਹ ਕਦਮ ਬੱਚਿਆਂ ਅਤੇ ਬਜ਼ੁਰਗ ਨਾਗਰਿਕਾਂ ਨੂੰ ਸੁਰੱਖਿਅਤ ਰੱਖਣ ਲਈ ਜ਼ਰੂਰੀ ਹੈ, ਤਾਂ ਜੋ ਉਹ ਬਿਨਾਂ ਕਿਸੇ ਡਰ ਦੇ ਪਾਰਕਾਂ ਅਤੇ ਗਲੀਆਂ ਵਿੱਚ ਜਾ ਸਕਣ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਫੜੇ ਗਏ ਕੁੱਤਿਆਂ ਨੂੰ ਕਿਸੇ ਵੀ ਹਾਲਤ ਵਿੱਚ ਉਸੇ ਖੇਤਰਾਂ ਵਿੱਚ ਵਾਪਸ ਨਹੀਂ ਛੱਡਿਆ ਜਾਵੇਗਾ। ਇਸ ਹੁਕਮ ਦਾ ਉਦੇਸ਼ ਰਾਸ਼ਟਰੀ ਰਾਜਧਾਨੀ ਨੂੰ ਆਵਾਰਾ ਕੁੱਤਿਆਂ ਤੋਂ ਮੁਕਤ ਕਰਨਾ ਹੈ। ਸੁਪਰੀਮ ਕੋਰਟ ਨੇ ਦਿੱਲੀ ਸਰਕਾਰ, ਐਮਸੀਡੀ ਅਤੇ ਐਨਡੀਐਮਸੀ ਨੂੰ 8 ਹਫ਼ਤਿਆਂ ਦੇ ਅੰਦਰ ਲਗਭਗ 5000 ਕੁੱਤਿਆਂ ਲਈ ਆਸਰਾ ਘਰ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਕਿਹਾ ਕਿ ਇਨ੍ਹਾਂ ਆਸਰਾ ਘਰਾਂ ਵਿੱਚ ਕੁੱਤਿਆਂ ਦੀ ਨਸਬੰਦੀ ਅਤੇ ਟੀਕਾਕਰਨ ਲਈ ਲੋੜੀਂਦਾ ਸਟਾਫ ਹੋਣਾ ਚਾਹੀਦਾ ਹੈ। ਅਦਾਲਤ ਨੇ ਅਧਿਕਾਰੀਆਂ ਨੂੰ ਇਹ ਬੁਨਿਆਦੀ ਢਾਂਚਾ ਤਿਆਰ ਕਰਨ ਅਤੇ ਨਿਯਮਤ ਅੰਤਰਾਲਾਂ 'ਤੇ ਇਸਦੀ ਗਿਣਤੀ ਵਧਾਉਣ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਕਿਹਾ ਕਿ ਇਹ ਕਾਰਵਾਈ ਜ਼ਰੂਰੀ ਹੈ ਕਿਉਂਕਿ ਜਦੋਂ ਤੱਕ ਸ਼ੈਲਟਰ ਬਣਾਏ ਜਾਣਗੇ, ਉਦੋਂ ਤੱਕ ਹੋਰ ਲੋਕ ਕੁੱਤਿਆਂ ਦੇ ਕੱਟਣ ਦਾ ਸ਼ਿਕਾਰ ਹੋ ਸਕਦੇ ਹਨ। ਦੂਜੇ ਪਾਸੇ, 11 ਅਗਸਤ 2025 ਨੂੰ ਹੀ, ਸੁਪਰੀਮ ਕੋਰਟ ਨੇ ਮੁੰਬਈ ਵਿੱਚ ਕਬੂਤਰਾਂ ਨੂੰ ਖੁਆਉਣ 'ਤੇ ਪਾਬੰਦੀ ਵਿਰੁੱਧ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਪਟੀਸ਼ਨਕਰਤਾਵਾਂ ਨੂੰ ਹਾਈਕੋਰਟ ਜਾਣ ਲਈ ਕਿਹਾ ਹੈ। ਇੰਨਾ ਹੀ ਨਹੀਂ, ਮਾਣਯੋਗ ਬੈਂਚ ਨੇ ਬੰਬੇ ਹਾਈ ਕੋਰਟ ਦੇ ਫੈਸਲੇ ਵਿਰੁੱਧ ਭੀੜ ਵੱਲੋਂ ਦਾਦਰ ਕਬੂਤਰਖਾਨੇ ਨੂੰ ਜ਼ਬਰਦਸਤੀ ਖੋਲ੍ਹਣ ਅਤੇ ਕਬੂਤਰਾਂ ਨੂੰ ਖੁਆਉਣ ਦੀ ਘਟਨਾ 'ਤੇ ਗੁੱਸਾ ਪ੍ਰਗਟ ਕੀਤਾ ਹੈ ਅਤੇ ਕਿਹਾ ਹੈ ਕਿ ਜੋ ਵੀ ਇਸ ਤਰ੍ਹਾਂ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰ ਰਿਹਾ ਹੈ, ਉਸਨੂੰ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਵਿਰੁੱਧ ਅਪਰਾਧਿਕ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ ਕਿ ਸੁਪਰੀਮ ਕੋਰਟ ਵੱਲੋਂ ਆਪਣੇ ਆਪ ਨੋਟਿਸ ਲੈਣ ਦੇ 14 ਦਿਨਾਂ ਦੇ ਅੰਦਰ ਫੈਸਲਾ ਲੈਣ ਦਾ ਤੇਜ਼ ਰੁਝਾਨ ਜਨਤਕ ਹਿੱਤ ਵਿੱਚ ਐਮਰਜੈਂਸੀ ਸਮੱਸਿਆ ਦੇ ਹੱਲ ਦੀ ਇੱਕ ਸੰਪੂਰਨ ਉਦਾਹਰਣ ਹੈ।

ਦੋਸਤੋ, ਜੇਕਰ ਅਸੀਂ ਅਵਾਰਾ ਕੁੱਤਿਆਂ ਨਾਲ ਸਬੰਧਤ ਖੁਦ ਨੋਟਿਸ 'ਤੇ ਸੁਪਰੀਮ ਕੋਰਟ ਦੇ ਬੈਂਚ ਦੁਆਰਾ ਦਿੱਤੇ ਗਏ ਫੈਸਲੇ ਦੀ ਗੱਲ ਕਰੀਏ, ਤਾਂ ਇਹ ਨੋਟਿਸ 28 ਜੁਲਾਈ 2025 ਨੂੰ ਲਿਆ ਗਿਆ ਸੀ। ਉਸ ਦਿਨ, ਅਦਾਲਤ ਨੇ ਟਾਈਮਜ਼ ਆਫ਼ ਇੰਡੀਆ ਵਿੱਚ ਪ੍ਰਕਾਸ਼ਿਤ 'ਸਿਟੀ ਹਾਊਂਡੇਡ ਬਾਏ ਸਟਰੈਜ਼, ਕਿਡਜ਼ ਪੇ ਪ੍ਰਾਈਸ' ਸਿਰਲੇਖ ਵਾਲੇ ਖ਼ਬਰ ਲੇਖ ਦੇ ਆਧਾਰ 'ਤੇ ਮਾਮਲੇ ਦਾ ਨੋਟਿਸ ਲਿਆ ਅਤੇ ਇਸਨੂੰ 'ਸੁਓ ਮੋਟੋ ਰਿੱਟ ਪਟੀਸ਼ਨ (ਸਿਵਲ) ਨੰਬਰ 5/2025- 'ਸਿਟੀ ਹਾਊਂਡੇਡ ਬਾਏ ਸਟਰੈਜ਼, ਕਿਡਜ਼ ਪੇ ਪ੍ਰਾਈਸ' ਵਜੋਂ ਰਜਿਸਟਰ ਕੀਤਾ। ਅਦਾਲਤ ਨੇ ਦਿੱਲੀ ਸਰਕਾਰ ਅਤੇ ਨਗਰ ਨਿਗਮਾਂ (ਐਮਸੀਡੀ) ਨੂੰ 11 ਅਗਸਤ 2025 ਤੱਕ ਜਵਾਬ ਦਾਇਰ ਕਰਨ ਦੇ ਨਿਰਦੇਸ਼ ਵੀ ਜਾਰੀ ਕੀਤੇ ਸਨ। ਜਿਨ੍ਹਾਂ ਦੇ ਮੁੱਖ ਨੁਕਤੇ ਹੇਠ ਲਿਖੇ ਅਨੁਸਾਰ ਹਨ। (1) ਤੁਰੰਤ ਕਾਰਵਾਈ ਲਈ ਆਦੇਸ਼ ਸੁਪਰੀਮ ਕੋਰਟ ਨੇ ਨਿਰਦੇਸ਼ ਦਿੱਤਾ ਕਿ ਦਿੱਲੀ-ਐਨਸੀਆਰ (ਦਿੱਲੀ-ਐਨਸੀਆਰ) ਸਮੇਤ ਨੋਇਡਾ, ਗੁਰੂਗ੍ਰਾਮ ਅਤੇ ਗਾਜ਼ੀਆਬਾਦ ਦੀਆਂ ਸਾਰੀਆਂ ਸਥਾਨਕ ਸੰਸਥਾਵਾਂ ਨੂੰ ਆਵਾਰਾ ਕੁੱਤਿਆਂ ਨੂੰ ਫੜਨ ਅਤੇ ਉਨ੍ਹਾਂ ਨੂੰ ਆਸਰਾ ਸਥਾਨ 'ਤੇ ਲਿਜਾਣ ਦੀ ਪ੍ਰਕਿਰਿਆ ਤੁਰੰਤ ਸ਼ੁਰੂ ਕਰਨੀ ਚਾਹੀਦੀ ਹੈ, ਭਾਵੇਂ ਉਨ੍ਹਾਂ ਦੀ ਨਸਬੰਦੀ ਕੀਤੀ ਗਈ ਹੋਵੇ ਜਾਂ ਨਾ। ਅਦਾਲਤ ਨੇ ਸਪੱਸ਼ਟ ਨਿਰਦੇਸ਼ ਦਿੱਤੇ ਕਿ 'ਜਨਤਕ ਥਾਵਾਂ 'ਤੇ ਇੱਕ ਵੀ ਕੁੱਤਾ ਨਹੀਂ ਛੱਡਿਆ ਜਾਵੇਗਾ' (2) ਆਸਰਾ ਅਤੇ ਬੁਨਿਆਦੀ ਢਾਂਚੇ ਦੀ ਵਿਵਸਥਾ- ਅਦਾਲਤ ਨੇ ਦਿੱਲੀ ਸਰਕਾਰ, ਐਮਸੀਡੀ ਅਤੇ ਐਨਡੀਐਮਸੀ ਨੂੰ ਅਗਲੇ ਅੱਠ ਹਫ਼ਤਿਆਂ ਦੇ



ਅੰਦਰ ਕਾਫ਼ੀ ਕੁੱਤਿਆਂ ਦੇ ਆਸਰਾ ਸਥਾਪਤ ਕਰਨ ਦੇ ਨਿਰਦੇਸ਼ ਦਿੱਤੇ, ਜਿੱਥੇ ਨਸਬੰਦੀ, ਟੀਕਾਕਰਨ, ਰੱਖ-ਰਖਾਅ ਅਤੇ ਸੁਰੱਖਿਅਤ ਵਾਤਾਵਰਣ ਨੂੰ



ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਈ
9226229318

ਯਕੀਨੀ ਬਣਾਇਆ ਜਾ ਸਕੇ। ਪਿਛਲੇ ਹੁਕਮਾਂ ਦੇ ਉਲਟ, ਇਨ੍ਹਾਂ ਆਸਰਾ ਘਰਾਂ ਵਿੱਚ ਸੀਸੀਟੀਵੀ ਲਗਾਏ ਜਾਣਗੇ ਅਤੇ ਲੋੜੀਂਦੇ ਸਟਾਫ ਤਾਇਨਾਤ ਕੀਤੇ ਜਾਣਗੇ ਤਾਂ ਜੋ ਕੋਈ ਕੁੱਤਾ ਭੱਜ ਨਾ ਸਕੇ। (3) ਰੁਕਾਵਟ ਪਾਉਣ ਵਾਲਿਆਂ ਵਿਰੁੱਧ ਕਾਰਵਾਈ- ਅਦਾਲਤ ਨੇ ਸਖ਼ਤ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਵਿਅਕਤੀ ਜਾਂ ਸੰਗਠਨ ਇਸ ਕੰਮ ਵਿੱਚ ਰੁਕਾਵਟ ਪਾਉਂਦਾ ਹੈ - ਜਿਵੇਂਕਿ ਆਸਰਾ ਸਥਾਪਤ ਕਰਨਾ ਜਾਂ ਕੁੱਤਿਆਂ ਨੂੰ ਫੜਨਾ - ਤਾਂ ਉਨ੍ਹਾਂ ਵਿਰੁੱਧ ਨਿਆਂਇਕ ਕਾਰਵਾਈ ਕੀਤੀ ਜਾਵੇਗੀ। ਇਹ ਸਪੱਸ਼ਟ ਕੀਤਾ ਗਿਆ ਕਿ ਇਹ ਹੁਕਮ ਵੱਡੇ ਜਨਤਕ ਹਿੱਤ ਵਿੱਚ ਹੈ, ਅਤੇ 'ਬੱਚੇ ਅਤੇ ਛੋਟੇ ਬੱਚੇ, ਕਿਸੇ ਵੀ ਕੀਮਤ 'ਤੇ, ਖਰਗੋਸ਼ਾਂ ਦਾ ਸ਼ਿਕਾਰ ਨਹੀਂ ਹੋਣੇ ਚਾਹੀਦੇ।' ਇਹ ਸੁਨੇਹਾ ਬਹੁਤ ਸਖ਼ਤੀ ਨਾਲ ਦਿੱਤਾ ਗਿਆ। (4) ਹੈਲਪਲਾਈਨ ਅਤੇ ਟੀਕਾਕਰਨ ਪ੍ਰਣਾਲੀ- ਅਦਾਲਤ ਨੇ ਹੁਕਮ ਦਿੱਤਾ ਕਿ ਇੱਕ ਹਫ਼ਤੇ ਦੇ ਅੰਦਰ ਇੱਕ ਕੁੱਤੇ ਦੇ ਕੱਟਣ ਵਾਲੀ ਹੈਲਪਲਾਈਨ ਸਥਾਪਤ ਕੀਤੀ ਜਾਵੇ, ਜਿੱਥੇ ਲੋਕ ਕੁੱਤੇ ਦੇ ਕੱਟਣ ਦੀਆਂ ਘਟਨਾਵਾਂ ਦੀ ਰਿਪੋਰਟ ਕਰ ਸਕਣ। ਇਸ ਦੇ ਨਾਲ, ਰਾਜ ਸਰਕਾਰ ਨੂੰ ਟੀਕਿਆਂ ਦੀ ਉਪਲਬਧਤਾ, ਸਟਾਕ ਅਤੇ ਸੰਬੰਧਿਤ ਜਾਣਕਾਰੀ ਬਾਰੇ ਨਿਯਮਤ ਜਾਣਕਾਰੀ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। (5) ਏਬੀਸੀ ਨਿਯਮਾਂ ਦਾ ਵਿਰੋਧ- ਸੁਪਰੀਮ ਕੋਰਟ ਨੇ ਸਪੱਸ਼ਟ ਤੌਰ 'ਤੇ ਇਤਰਾਜ਼ ਜਤਾਇਆ ਕਿ ਪਸ਼ੂ ਜਨਮ ਨਿਯੰਤਰਣ (ਏਬੀਸੀ) ਨਿਯਮ, ਜੋ ਨਸਬੰਦੀ ਕੀਤੇ ਅਤੇ ਟੀਕਾਕਰਨ ਕੀਤੇ ਕੁੱਤਿਆਂ ਨੂੰ ਉਨ੍ਹਾਂ ਦੇ ਅਸਲ ਸਥਾਨ 'ਤੇ ਵਾਪਸ ਛੱਡਣ ਦੀ ਪ੍ਰਥਾ ਦਾ ਅਭਿਆਸ ਕਰਦੇ ਹਨ, ਸਪੱਸ਼ਟ ਤੌਰ 'ਤੇ 'ਬੇਤੁਕੇ' ਅਤੇ 'ਗੈਰ-ਵਾਜਬ' ਹਨ। ਅਦਾਲਤ ਨੇ ਕਿਹਾ, 'ਨਿਯਮਾਂ ਨੂੰ ਭੁੱਲ ਜਾਓ ਅਤੇ ਹਕੀਕਤ ਦਾ ਸਾਹਮਣਾ ਕਰੋ', ਇਹ ਕਹਿੰਦੇ ਹੋਏ ਕਿ 'ਸਮਾਜ ਨੂੰ ਅਵਾਰਾ ਕੁੱਤਿਆਂ ਤੋਂ ਮੁਕਤ ਹੋਣਾ ਚਾਹੀਦਾ ਹੈ, ਭਾਵੇਂ ਉਨ੍ਹਾਂ ਦੀ ਨਸਬੰਦੀ ਕੀਤੀ ਗਈ ਹੋਵੇ ਜਾਂ ਨਾ'। (6) ਜਨਤਕ ਹਿੱਤ ਦੀ ਤਰਜੀਹ- ਅਦਾਲਤ ਨੇ ਇੱਕ ਆਲੋਚਨਾਤਮਕ ਪਹੁੰਚ ਅਪਣਾਈ ਜਿਸ ਵਿੱਚ ਜਨਤਕ ਹਿੱਤ ਨੂੰ ਪਹਿਲ ਦਿੱਤੀ ਗਈ। ਅਦਾਲਤ ਨੇ ਜਾਨਵਰਾਂ ਦੇ ਅਧਿਕਾਰਾਂ 'ਤੇ ਅਧਾਰਤ ਸੰਗਠਨਾਤਮਕ ਦਖਲਅੰਦਾਜ਼ੀ ਨੂੰ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ ਅਤੇ ਕਿਹਾ ਕਿ ਸਿਰਫ ਮਾਹਰ ਸਲਾਹ (ਐਮਿਕਸ ਕਿਊਰੀ) ਅਤੇ ਸਰਕਾਰੀ ਵਿਚਾਰਾਂ ਨੂੰ ਹੀ ਸੁਣਿਆ ਜਾਵੇਗਾ - ਜਾਨਵਰ ਕਾਰਕੁਨਾਂ ਜਾਂ ਹੋਰ ਪਟੀਸ਼ਨਰਾਂ ਨੂੰ ਨਹੀਂ। (7) ਕਾਨੂੰਨੀ ਸਥਿਤੀ: ਹੁਕਮ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਇਹ ਮਾਮਲਾ ਇੱਕ ਖੁਦਮੁਖਤਿਆਰੀ ਰਿੱਟ ਪਟੀਸ਼ਨ ਹੈ, ਜਿਸਦਾ ਵਿਸ਼ਾ ਅਵਾਰਾ ਕੁੱਤਿਆਂ ਦੁਆਰਾ ਬੱਚਿਆਂ ਅਤੇ ਬਜ਼ੁਰਗਾਂ ਲਈ ਪੈਦਾ ਹੋਣ ਵਾਲਾ ਜਾਨਲੇਵਾ ਖ਼ਤਰਾ ਹੈ ਅਤੇ ਅਦਾਲਤ ਨੇ ਟਾਈਮਜ਼ ਆਫ਼ ਇੰਡੀਆ ਵਿੱਚ ਇੱਕ ਖ਼ਬਰ ਰਿਪੋਰਟ ਦੇ ਅਧਾਰ 'ਤੇ ਮਾਮਲੇ ਵਿੱਚ ਦਖਲ ਦਿੱਤਾ। ਇਹ ਫੈਸਲਾ ਨਿਆਂਇਕ ਦਖਲਅੰਦਾਜ਼ੀ ਦੀ ਇੱਕ ਉਦਾਹਰਣ ਹੈ, ਜਿਸ ਵਿੱਚ ਸੁਪਰੀਮ ਕੋਰਟ ਨੇ ਸਮੱਸਿਆ ਦੀ ਗੰਭੀਰਤਾ ਨੂੰ ਦੇਖਦੇ ਹੋਏ ਇੱਕ ਸਰਗਰਮ ਭੂਮਿਕਾ ਨਿਭਾਈ।


ਦੋਸਤੋ, ਜੇਕਰ ਅਸੀਂ 11 ਅਗਸਤ 2025 ਨੂੰ ਕਬੂਤਰਾਂ ਨੂੰ ਦਾਨ ਦੇਣ ਸੰਬੰਧੀ ਸੁਪਰੀਮ ਕੋਰਟ ਦੇ ਫੈਸਲੇ ਦੀ ਗੱਲ ਕਰੀਏ, ਤਾਂ ਸੁਪਰੀਮ ਕੋਰਟ ਨੇ ਬੰਬੇ ਹਾਈ ਕੋਰਟ ਦੇ ਉਸ ਆਦੇਸ਼ ਵਿੱਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ ਜਿਸ ਵਿੱਚ ਕਿਹਾ ਗਿਆ ਸੀ ਕਿ ਕਬੂਤਰਾਂ ਨੂੰ ਖੁਆਉਣਾ ਸਿਹਤ ਲਈ ਗੰਭੀਰ ਖ਼ਤਰਾ ਪੈਦਾ ਕਰਦਾ ਹੈ। ਨਾਲ ਹੀ, ਅਦਾਲਤ ਨੇ ਬ੍ਰਿਹਨਮੁੰਬਈ ਨਗਰ ਨਿਗਮ ਨੂੰ ਉਨ੍ਹਾਂ ਲੋਕਾਂ ਵਿਰੁੱਧ ਅਪਰਾਧਿਕ ਮਾਮਲਾ ਦਰਜ ਕਰਨ ਦਾ ਨਿਰਦੇਸ਼ ਦਿੱਤਾ ਜੋ ਨਿਗਮ ਦੀਆਂ ਹਦਾਇਤਾਂ ਦੀ ਉਲੰਘਣਾ ਕਰਕੇ ਮੁੰਬਈ ਦੇ 'ਕਬੂਤਰ ਘਰਾਂ' ਵਿੱਚ ਕਬੂਤਰਾਂ ਨੂੰ ਖੁਆਉਂਦੇ ਰਹਿੰਦੇ ਹਨ। ਮਾਣਯੋਗ ਦੋ ਜੱਜਾਂ ਦੇ ਬੈਂਚ ਨੇ ਕਿਹਾ 'ਇਸ ਅਦਾਲਤ ਵੱਲੋਂ ਸਮਾਨਾਂਤਰ ਦਖਲਅੰਦਾਜ਼ੀ ਜਾਇਜ਼ ਨਹੀਂ ਹੈ। ਪਟੀਸ਼ਨਕਰਤਾ ਹੁਕਮ ਵਿੱਚ ਸੋਧ ਲਈ ਹਾਈ ਕੋਰਟ ਜਾ ਸਕਦਾ ਹੈ। ਬੰਬੇ ਹਾਈ ਕੋਰਟ ਦੇ ਫੈਸਲੇ ਵਿਰੁੱਧ ਭੀੜ ਵੱਲੋਂ ਦਾਦਰ ਕਬੂਤਰਖਾਨਾ ਨੂੰ ਜ਼ਬਰਦਸਤੀ ਖੋਲ੍ਹਣ ਅਤੇ ਕਬੂਤਰਾਂ ਨੂੰ ਖੁਆਉਣ ਦੀ ਘਟਨਾ 'ਤੇ ਗੁੱਸਾ ਜ਼ਾਹਰ ਕਰਦੇ ਹੋਏ, ਬੈਂਚ ਨੇ ਕਿਹਾ ਹੈ ਕਿ ਜੋ ਕੋਈ ਵੀ ਇਸ ਤਰੀਕੇ ਨਾਲ ਅਦਾਲਤ ਦੇ ਹੁਕਮ ਦੀ ਉਲੰਘਣਾ ਕਰ ਰਿਹਾ ਹੈ, ਉਸਨੂੰ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਵਿਰੁੱਧ ਅਪਰਾਧਿਕ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਪੂਰੇ ਵੇਰਵੇ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਦੇ ਹਾਂ, ਤਾਂ ਅਸੀਂ ਪਾਵਾਂਗੇ ਕਿ ਸੁਪਰੀਮ ਕੋਰਟ ਵੱਲੋਂ 14 ਦਿਨਾਂ ਦੇ ਅੰਦਰ ਅਵਾਰਾ ਕੁੱਤਿਆਂ 'ਤੇ ਆਪਣੇ ਆਪ ਨੋਟਿਸ ਲੈਣਾ ਸੁਪਰੀਮ ਜਸਟਿਸ ਦੀ ਇਤਿਹਾਸਕ ਗੂੰਜ ਹੈ - ਕਬੂਤਰਾਂ ਨੂੰ ਖੁਆਉਣ 'ਤੇ ਵੀ ਸੁਪਰੀਮ ਫੈਸਲਾ, ਸੁਪਰੀਮ ਕੋਰਟ ਦਾ ਸੰਵੇਦਨਸ਼ੀਲ ਦਖਲ - ਅਵਾਰਾ ਕੁੱਤਿਆਂ ਅਤੇ ਕਬੂਤਰਾਂ ਤੋਂ ਸੁਰੱਖਿਆ 'ਤੇ ਮਹੱਤਵਪੂਰਨ ਫੈਸਲਾ, ਸੁਪਰੀਮ ਕੋਰਟ ਵੱਲੋਂ ਆਪਣੇ ਆਪ ਨੋਟਿਸ ਲੈਣ ਦੇ 14 ਦਿਨਾਂ ਦੇ ਅੰਦਰ ਫੈਸਲੇ ਦਾ ਤੇਜ਼ ਟਰੈਕ ਰੁਝਾਨ, ਜਨਤਕ ਹਿੱਤ ਵਿੱਚ ਐਮਰਜੈਂਸੀ ਸਮੱਸਿਆ ਦੇ ਹੱਲ ਦੀ ਇੱਕ ਸੰਪੂਰਨ ਉਦਾਹਰਣ, ਸ਼ਲਾਘਾਯੋਗ।









## ਗੂੰਜ ਬਿਨਾਂ ਗੜਗੱਜ

ਬਿੱਲੀ 'ਨੌਂ ਸੌ ਚੂਹਿਆਂ' ਨੂੰ ਖਾਣ ਵਾਲੀ
ਬੁਰੀ ਲੱਗਣੀ ਕਰਨ ਗਈ ਹੱਜ ਭਾਈ।
'ਧਨੀਂ ਰਾਮ' ਜੇ ਠਨ ਠਨ ਗੋਪਾਲ ਹੋਵੇ
ਲੋਕੀ ਹੱਸਣਗੇ 'ਨਾਮ ਦੇ ਪੱਜ' ਭਾਈ।
'ਦਇਆ ਰਾਮ ਝਟਕਈ' ਦੁਕਾਨ ਉੱਤੇ
ਨਾਮ ਕਿਨਾਂ ਕੁ ਜਾਏਗਾ 'ਸਜ' ਭਾਈ।
ਪਤਨੀ 'ਸ਼ਾਂਤੀ ਦੇਵੀ' ਪਰ 'ਪਤੀ ਉੱਤੇ'
ਪਵੇ ਵਾਂਗ ਬਘਿਆੜੀ ਦੇ ਭੱਜ ਭਾਈ।
ਚੌਕੀਦਾਰ ਵੀ ਮੰਨੋਂ ਨਾ ਹੁਕਮ ਸਿੰਘ ਦੀ
ਕਿੱਦਾਂ ਬਚੇਗੀ 'ਨਾਮ ਦੀ ਲੱਜ' ਭਾਈ।
ਪਾ ਜੋ ਸਕੇ ਨਾ 'ਗੂੰਜ' ਨਿਰਪੱਖ ਹੋ ਕੇ
ਨਾਮ ਰੱਖੇ ਉਹ ਕਿਉਂ 'ਗੜਗੱਜ' ਭਾਈ



-ਤਰਲੋਚਨ ਸਿੰਘ ਦੁਪਾਲ ਪੁਰ
78146-92724

## ਕਾਹਦੀ ਇਹੇ ਆਜ਼ਾਦੀ

ਦਮ ਘੁੱਟਦਾ ਜਾਂਦਾ ਹੈ ਵੀਰਨੋ, ਕਾਹਦੀ ਇਹੇ ਆਜਾਦੀ।
ਹੋਏ ਪਚੱਤਰ ਸਾਲ ਪੂਰੇ, ਸਾਡੇ ਪੱਲੇ ਪਈ ਬਰਬਾਦੀ।

ਸਹੀਦਾਂ ਦੇ ਸੁਪਨਿਆਂ ਨੂੰ, ਅਸੀਂ ਕਰ ਨਾ ਸਕੇ ਹਾਂ ਪੂਰੇ।
ਕਰੀ ਮਿਹਨਤ ਪੂਰੀ ਐ, ਫਿਰ ਵੀ ਰਹਿਗੇ ਚਾਅ ਅਧੂਰੇ।
ਕੀਤੀ ਕਿਰਤ ਜੋ ਹੱਕ ਦੀ ਸੀ, ਓਹ ਸਾਰੀ ਵਿਹਲੜਾਂ ਖਾਧੀ...
ਦਮ ਘੁੱਟਦਾ ਜਾਂਦਾ ਹੈ...

ਨਿੱਤ ਵਧਦੇ ਰੇਟਾਂ ਨੇ, ਲੋਕਾਂ ਦੇ ਨੱਕ ਵਿੱਚ ਦਮ ਹੈ ਕੀਤਾ।
ਪਰ ਵਿਹਲੜ ਲੋਕਾਂ ਨੇ, ਰਲਮਿਲ ਖੂਨ ਕਾਮੇ ਦਾ ਪੀਤਾ।।
ਰਹਿ ਦਿਲ ਦੀਆਂ ਦਿਲ ਗਈਆਂ, ਕਿਉਂਕਿ ਸੁਣਦਾ ਨਾ ਕੋਈ ਸਾਡੀ...
ਦਮ ਘੁੱਟਦਾ ਜਾਂਦਾ ਹੈ...

ਵਾਗਡੋਰ ਦੇਸ ਦੀ ਨੂੰ, ਸਾਂਭੀ ਬੈਠੇ ਅਮੀਰ ਘਰਾਣੇ।
ਹੱਕ ਮੰਗਣ ਵਾਲਿਆਂ ਨੂੰ, ਅੱਜਕਲ੍ਹ ਡੱਕ ਦਿੰਦੇ ਨੇ ਥਾਣੇ।।
ਪਾ ਝੂਠੇ ਕੇਸਾਂ ਨੂੰ, ਸਾਬਤ ਕਰ ਦੇਵਣ ਅਪਰਾਧੀ...
ਦਮ ਘੁੱਟਦਾ ਜਾਂਦਾ ਹੈ...

ਕਾਰਪੋਰੇਟ ਘਰਾਣਿਆਂ ਕੋਲ, ਭਾਰਤ ਦੇਸ ਪਿਆ ਹੈ ਗਹਿਣੇ।
ਹੰਭਲਾ ਮਾਰੋ ਰਲਮਿਲ ਜੇ, ਸਾਥੀਓ ਇਹੋ ਦਿਨ ਨਹੀਂ ਰਹਿਣੇ।
ਦੁੱਖ ਝੱਲਣ ਲਈ ਉਮਰਾਂ ਦੇ, ਕਿਧਰੇ ਹੋ ਨਾ ਜਾਇਓ ਆਦੀ...
ਦਮ ਘੁੱਟਦਾ ਜਾਂਦਾ ਹੈ...

ਹੱਥ ਉੱਤੇ ਹੱਥ ਰੱਖ ਕੇ, ਕਦੇ ਵੀ ਲਏ ਹੱਕ ਨਾ ਜਾਣੇ।
ਇਹ ਗੱਲਾਂ ਖਰੀਆਂ ਨੇ, ਸੱਚੀਆਂ ਕਹਿਗੇ ਲੋਕ ਸਿਆਣੇ।।
ਸਾਥ ਦਿਓ ਸਚਾਈ ਦਾ, ਲਾ ਕੇ ਬੈਠੇ ਕਿਉਂ ਸਮਾਧੀ...
ਦਮ ਘੁੱਟਦਾ ਜਾਂਦਾ ਹੈ...

ਜੋ ਹੱਕਾਂ ਲਈ ਲੜਦਾ ਨਾ, ਓਹ ਕਾਹਦਾ ਜੱਗ ਤੇ ਆਇਆ।
ਇੱਕ ਮੁੱਠ ਹੋ ਉੱਠਣਾ ਪਊ, ਤੁਹਾਨੂੰ ਬੜੀ ਵਾਰ ਸਮਝਾਇਆ।
ਉੱਠੋ ਰਲੋ ਕਾਫਲੇ ਨਾਲ, ਨਹੀਂ ਤਾਂ ਰਹਿ ਜਾਵੋਂਗੇ ਫਾਡੀ...
ਦਮ ਘੁੱਟਦਾ ਜਾਂਦਾ ਹੈ...

ਗੱਲਾਂ ਦੱਦਾਹੂਰੀਏ ਲਿਖੀਆਂ ਨੇ, ਮੰਨੋਂ ਨਾ ਮੰਨੋਂ ਤੁਹਾਡੀ ਮਰਜੀ।
ਕਹੀਆਂ ਸਾਰੀਆਂ ਮਨ ਵਿੱਚੋਂ, ਲਿਖੀ ਕੋਈ ਵੀ ਨਹੀਂ ਹੈ ਫਰਜੀ।।
ਬੱਚਾ ਦੁੱਧ ਨਹੀਂ ਲੈ ਸਕਦਾ, ਮਾਂ ਤੋਂ ਬਣੇ ਬਿਨਾਂ ਫਰਿਆਦੀ...
ਦਮ ਘੁੱਟਦਾ ਜਾਂਦਾ ਹੈ ਵੀਰਨੋ ਕਾਹਦੀ ਇਹੇ ਆਜਾਦੀ।

ਜਸਵੀਰ ਸ਼ਰਮਾ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ

## ਝੰਡਾ ਮੇਰੀ ਜਾਨ

ਗੁਲਾਮੀ ਦੀ ਫਿਤਰਤ ਤੋਂ ਦੂਰ
ਯੋਧੇ ਕਰ ਗਏ ਜ਼ਿੰਦਗੀ ਕੁਰਬਾਨ,
ਸੁੱਖ ਦੀ ਸਾਹ ਝੋਲੀ ਵਿਚ ਪਾ
ਮਿਲੀ ਅਜਾਦੀ ਤੇ ਬਣ ਗਈ ਸ਼ਾਨ

ਝੰਡੇ ਵਿੱਚ ਮੇਰੀ ਜਾਨ ਹੈ ਵੱਸਦੀ
ਕਿੰਨਿਆਂ ਨੇ ਜਾਣ ਆਪਣੀ ਹੈ ਵਾਰੀ,
ਦੁਸਮਣ ਨਾਲ ਟਾਕਰਾ ਕਰਦਿਆਂ
ਦੇ ਗਏ ਅੱਜ ਨੂੰ ਇਹ ਸੀਖ ਕਰਾਰੀ

ਕਦੇ ਹੱਥ ਅੱਡ ਨਾ ਮਿਲਦੀ ਹੈ
ਮਿਲਦੀ ਹੈ ਤਾਂ ਸਿਰਫ ਮਨਮਾਨੀ,
ਆਪਣੇ ਦਮ ਤੇ ਜਿੱਤਣੀ ਪੈਂਦੀ
ਦੇਣੀ ਪਵੇ ਭਾਂਵੇ ਲੱਖ ਕੁਰਬਾਨੀ

ਬੜੇ ਕਹਿ ਗਏ ਤੇ ਬੜਾ ਲਿਖ ਗਏ
ਸਮਝ ਤਾਂ ਸਭ ਨੂੰ ਵਕਤ ਤੇ ਆਉਂਦਾ,
ਦੇਸ ਲਈ ਹਰ ਕੋਈ ਮਿਟਣਾ ਚਾਵੇ
ਅਜਾਦੀ ਦਾ ਗੀਤ ਹਰ ਵੇਲੇ ਗਾਉਂਦਾ

ਅਰਸ ਦੇ ਵੱਲੋਂ ਸਲਾਮ ਸਹੀਦਾਂ ਨੂੰ
ਜਿਨ੍ਹਾਂ ਕਰਕੇ ਅੱਜ ਦੀ ਘੜੀ ਹੈ ਆਈ,
ਰਹਿੰਦੀ ਦੁਨੀਆਂ ਤੱਕ ਬਲਦੀ ਰਹਿਣੀ
ਇੰਕਲਾਬ ਦੀ ਜਿਹੜੀ ਲਹਿਰ ਚਲਾਈ।



ਅਵਤਾਰ ਸਿੰਘ ਢਿੱਲੋਂ

## ਤੋਪਾਂ ਦੇ ਮੂੰਹ ਬੰਦ ਕਰ ਦਿੱਤੇ

ਆਜ਼ਾਦੀ ਦੀ ਜੰਗ ਲੜੀ ਇੰਜ ਅਣਖ ਦੇ ਪਹਿਰੇਦਾਰਾਂ ਨੇ,
ਤੋਪਾਂ ਦੇ ਮੂੰਹ ਬੰਦ ਕਰ ਦਿੱਤੇ ਸਿਰ ਦੇ ਕੇ ਸਰਦਾਰਾਂ ਨੇ।
ਇਨ੍ਹਾਂ ਨੇ ਉਹ ਰੰਗ ਵਿਖਾਇਆ, ਸੁੱਤੀ ਕੌਮ ਨੂੰ ਝੂਣ ਜਗਾਇਆ,
ਜਿਸ 'ਤੇ ਪਿਆ ਇਨ੍ਹਾਂ ਦਾ ਸਾਇਆ, ਉਹ ਲੜਿਆ ਹੋ ਦੂਣ ਸਵਾਇਆ।
ਸ਼ਰਮ ਨਾਲ ਸਿਰ ਨੀਵੇਂ ਕਰ ਲਏ, ਜ਼ੁਲਮ ਦੀਆਂ ਤਲਵਾਰਾਂ ਨੇ,
ਤੋਪਾਂ ਦੇ ਮੂੰਹ ਬੰਦ ਕਰ ਦਿੱਤੇ ਸਿਰ ਦੇ ਕੇ ਸਰਦਾਰਾਂ ਨੇ।
ਹਰ ਦਿਲ ਵਿਚ ਐਸੀ ਅੱਗ ਬਲੀ, ਹਰ ਚੇਹਰੇ 'ਤੇ ਛਾਈ ਲਾਲੀ,
ਬਣੀ ਗੁਲਾਮੀ ਗੰਦੀ ਗਾਲ੍ਹੀ, ਬਣੀ ਸ਼ੇਰਨੀ ਹਰ ਪੰਚਾਲੀ,
ਵੰਗਾਂ ਲਾਹ ਕੇ ਕੜੇ ਪਾ ਲਏ, ਸੋਹਣੀਆਂ ਬਾਂਕੀਆਂ ਨਾਰਾਂ ਨੇ,
ਤੋਪਾਂ ਦੇ ਮੂੰਹ ਬੰਦ ਕਰ ਦਿੱਤੇ ਸਿਰ ਦੇ ਕੇ ਸਰਦਾਰਾਂ ਨੇ।
ਤੁਰੇ ਇਕੱਠੇ ਹੋ ਦੀਵਾਨੇ, ਸ਼ਮ੍ਹਾਂ ਆਜ਼ਾਦੀ ਦੇ ਪਰਵਾਨੇ,
ਜੇਲ੍ਹਾਂ ਬਣ ਗਈਆਂ ਮੈਖ਼ਾਨੇ, ਇਸ਼ਕ ਵਤਨ ਦੇ ਨੇ ਪੈਮਾਨੇ,
ਪੀਤੇ ਭਰ ਭਰ ਜਾਮ ਸ਼ਹੀਦੀ, ਰਲਮਿਲ ਕੇ ਸਭ ਯਾਰਾਂ ਨੇ,
ਤੋਪਾਂ ਦੇ ਮੂੰਹ ਬੰਦ ਕਰ ਦਿੱਤੇ ਸਿਰ ਦੇ ਕੇ ਸਰਦਾਰਾਂ ਨੇ।
ਖੌਰੀਆਂ ਗੋਰੇ ਦੀਆਂ ਜਗੀਰਾਂ, ਰਾਵੀ ਤੇ ਸਤਲੁਜ ਦੇ ਨੀਰਾਂ,
ਤੋੜ ਦਿੱਤੀਆਂ ਸਭ ਜ਼ੰਜੀਰਾਂ, ਰਲ ਕੇ ਹਿੰਦੂ ਮੁਸਲਿਮ ਵੀਰਾਂ,
ਖੋਹਿਆ ਜੀਣ ਦਾ ਹੱਕ ਜ਼ਾਲਿਮ ਤੋਂ ਦੇ ਕੇ ਜਾਨ ਹਕਦਾਰਾਂ ਨੇ,
ਤੋਪਾਂ ਦੇ ਮੂੰਹ ਬੰਦ ਕਰ ਦਿੱਤੇ, ਸਿਰ ਦੇ ਕੇ ਸਰਦਾਰਾਂ ਨੇ।
ਆਜ਼ਾਦੀ ਦੀ ਜੰਗ ਲੜੀ ਇੰਜ ਅਣਖ ਦੇ ਪਹਿਰੇਦਾਰਾਂ ਨੇ,
ਤੋਪਾਂ ਦੇ ਮੂੰਹ ਬੰਦ ਕਰ ਦਿੱਤੇ, ਸਿਰ ਦੇ ਕੇ ਸਰਦਾਰਾਂ ਨੇ।

- ਸਰਦਾਰ ਪੰਛੀ

## ਮੇਰੇ ਦੇਸ ਦਾ ਝੰਡਾ

ਮੈਂ ਸੁਣ ਸੁਣ ਕਿ ਬੜਾ ਹੈਰਾਨ ਹੋਇਆ
ਮੇਰੇ ਦੇਸ ਦਾ ਝੰਡਾ ਨਿਲਾਮ ਹੋਇਆ
ਘਰ ਘਰ ਤਿਰੰਗੇ ਦਾ ਐਲਾਨ ਹੋਇਆ
ਫੱੜ ਹੱਥ ਤਿਰੰਗਾ ਗਰੀਬ ਪ੍ਰੇਸ਼ਾਨ ਹੋਇਆ
ਉਹ ਕਿਵੇਂ ਮਨਾਉਣ ਜੱਸਨ ਆਜਾਦੀ ਦਾ
ਜਿਹਦੇ ਘਰ ਦਾ ਨਾ ਨਿਰਮਾਣ ਹੋਇਆ
ਮੈਂ ਸੁਣ ਸੁਣ ਕਿ ਹੈਰਾਨ ਹੋਇਆ
ਮੇਰੇ ਦੇਸ ਦਾ ਝੰਡਾ ....

ਮੈਂ ਫਿਕਰਾਂ ਵਿਚ ਤੇ ਬੜਾ ਸੋਚਾਂ ਵਿਚ
ਇਥੇ ਵੋਟ ਨੇ ਵਿਕਦੇ ਨੋਟਾਂ ਦੇ ਵਿਚ
ਕੋਈ ਨੱਥ ਨਾ ਪਾਈ ਮਹਿੰਗਾਈ ਨੂੰ
ਕੀ ਕਰਨਾ ਦੇਸ ਦੀ ਚੰਗਿਆਈ ਨੂੰ
ਕੋਈ ਵਾਰਿਸ ਨਾ ਲੋਕਤੰਤਰਤਾ ਦਾ
ਇਥੇ ਗਣਤੰਤਰਤਾ ਦਾ ਘਾਣ ਹੋਇਆ
ਮੈਂ ਸੁਣ ਸੁਣ ਕਿ ਹੈਰਾਨ ਹੋਇਆ
ਮੇਰੇ ਦੇਸ ਦਾ ਝੰਡਾ....

ਕੋਈ ਮੁੱਲ ਨਾ ਤਿਰੰਗੇ ਅਣਮੁੱਲੇ ਦਾ
ਸਾਡੇ ਬੱਲਦਾਨੀਆਂ ਦੇ ਖੂਨ ਡੁੱਲੇ ਦਾ
ਹਰ ਦਿਲ ਦੀ ਧੜਕਣ ਧੜਕ ਰਿਹਾ
ਇਹਦਾ ਮੁੱਲ ਨਾ ਕੋਈ ਵੱਡਮੁੱਲੇ ਦਾ
ਮੇਰਾ ਦੇਸ ਹੀ ਸਭ ਤੋਂ ਪਿਆਰਾ ਹੈ
ਐਵੇਂ ਕਿਉਂ ਨਾਮ ਬਦਨਾਮ ਹੋਇਆ
ਮੈਂ ਸੁਣ ਸੁਣ ਬੜਾ ਹੈਰਾਨ ਹੋਇਆ
ਮੇਰੇ ਦੇਸ ਦਾ ਝੰਡਾ....

ਕਾਸ਼ ਕਿਤੇ ਕੋਈ ਐਸਾ ਜੇ ਆਗਾਜ ਹੁੰਦਾ
ਝੰਡੇ ਦੀ ਥਾਂ ਘਰ-ਘਰ ਜੇ ਰੁਜਗਾਰ ਹੁੰਦਾ
ਬੇਘਰਾਂ ਲਈ ਘਰ-ਘਰ ਜੇ ਮਕਾਨ ਹੁੰਦਾ
ਘਰ -ਘਰ ਸਿੱਖਿਆ ਦਾ ਜੇ ਆਧਾਰ ਹੁੰਦਾ
"ਸਫਰੀ" ਤਿਰੰਗੇ ਦਾ ਕਿੰਨਾ ਸਤਿਕਾਰ ਹੁੰਦਾ
ਪਰ ਐਸਾ ਨਾ ਕੋਈ ਫੁਰਮਾਨ ਹੋਇਆ
ਮੈਂ ਸੁਣ ਸੁਣ ਕਿ ਬੜਾ ਹੈਰਾਨ ਹੋਇਆ
ਮੇਰੇ ਦੇਸ ਦਾ ਝੰਡਾ ਨਿਲਾਮ ਹੋਇਆ

ਪ੍ਰੀਤ ਸਫਰੀ
7508147356

## ਅਜ਼ਾਦੀ ਤੇ ਖੁਦਮੁਖਤਿਆਰੀ

ਕੁਦਰਤ ਨੇ ਸਾਜੀ ਹਰ ਸ਼ੈਅ ਹੈ,
ਨਿਰਵੈਰ ਨਿਡਰ ਤੇ ਨਿਰਭੈ ਹੈ।
ਸਮਝੋਂ ਬਾਹਰ ਇਹ ਹੈ ਮਾਜਰਾ,
ਲੱਭਦੈ ਕਿਉਂ ਦੂਜੇ ਦਾ ਆਸਰਾ।

ਸਾਜੇ ਸੂਰਜ ਤੇ ਧਰਤੀ ਚੰਨ ਨੇ,
ਸਾਇੰਸ ਨੇ ਸਿੱਧ ਕੀਤੇ ਸੱਭ ਨੇ।
ਤਮਾਸ਼ਾ ਜਰਾ ਹੋ ਨੇੜਿਉਂ ਤੱਕ,
ਹਰਿਕ ਚੀਜ਼ ਹੈ ਦੂਜੇ ਤੋਂ ਵੱਖ।

'ਅਕਾਸ਼ ਗੰਗਾ' ਟਿਮਕਦੇ ਤਾਰੇ,
ਆਪਸੀ ਖਿੱਚਾਂ ਨੇ ਰੱਖਦੇ ਸਾਰੇ।
ਇੰਝ ਕਾਇਨਾਤ ਹੈ ਚੱਲੀ ਜਾਵੇ,
ਕਿਉਂ ਨ ਕੋਈ ਅਜ਼ਾਦੀ ਚਾਹਵੇ।

ਉਂਝ ਗੁਲਾਮੀ ਨੂੰ ਨਹੀਂ ਤਿਆਰ,
ਪਰ ਸਾਰੇ ਨੇ ਖੁਦ-ਮੁਖਤਿਆਰ।
ਨਿਜ਼ਾਮ ਰੱਬ ਦਾ ਇੰਝ ਹੈ ਚੱਲੇ,
ਇੱਕ ਦੂਜਾ ਕਦੇ ਰਾਹ ਨਾ ਮੱਲੇ।

ਅਜ਼ਾਦੀ ਜਨਮ ਸਿੱਧ ਅਧਿਕਾਰ,
ਮੁੱਦਾ ਕੌਮਾਂ ਲਈ ਹੈ ਇੱਕ ਵਕਾਰ।
ਹੱਕ ਮੰਗੇ ਤਾਂ ਕਿਉਂ ਸੁਣੇ ਗਦਾਰ
ਖੁਦਮੁਖਤਿਆਰੀ ਚਾਹੁੰਦੈ ਸੰਸਾਰ।



ਸੇਵਾ ਸਿੰਘ 'ਨੂਰਪੁਰੀ'

## ਗੁਰੂ ਤੇਗ ਬਹਾਦਰ ਸਿਮਰਿਐ

ਪਿਤਾ ਹਰਗੋਬਿੰਦ ਸਾਹਿਬ, ਮਾਤਾ ਨਾਨਕੀ ਦੇ ਜਾਏ।
ਸਿਰ ਸਾਂਈ ਗੁਜਰੀ ਦਾ, ਗੋਬਿੰਦ ਜੀ ਦੇ ਪਿਤਾ ਕਹਾਏ।

ਬਕਾਲੇ ਦੀ ਧਰਤੀ ਨੂੰ, ਤੁਸੀਂ ਭਾਗ ਦਾਤਾ ਜੀ ਲਾਏ।
26 ਸਾਲ, 9 ਮਹੀਨੇ, 13 ਦਿਨ, ਤਪ ਭੋਰੇ ਲਾਏ।

ਮੱਖਣ ਸ਼ਾਹ ਦੀ ਸੁਣ ਅਰਦਾਸ ਬੇੜਾ ਪਾਰ ਲੰਘਾਏ।
ਚੜ੍ਹ ਕੋਠੇ ਮੱਖਣ ਸ਼ਾਹ 'ਗੁਰੂ ਲਾਧੋ ਰੇ' ਹੋਕਾ ਲਾਏ।

ਢੋਂਗੀ ਬਾਈ ਮੰਜੀਆਂ ਦੇ, ਪਾਖੰਡ ਸਾਹਮਣੇ ਆਏ।
ਰੱਬੀ ਕਿਰਪਾ ਹੋਈ ਜੀ ਸੱਚੇ ਗੁਰੂ ਪ੍ਰਗਟ ਹੋ ਆਏ।

ਤੇਗ ਦਾ ਧਨੀ ਦਾਤਾ ਜੀ , ਤੇਗ ਦਾ ਮੀਂਹ ਵਰਸਾਏ।
ਤਾਹੀਂ ਤਿਆਗ ਮੱਲ ਤੋਂ ਜੀ ਤੇਗ ਬਹਾਦਰ ਹੋ ਜਾਏ।

ਗੁਰੂ ਪਿਤਾ, ਗੁਰੂ ਬੇਟਾ, ਦਾ ਖਿਤਾਬ ਗੁਰੂ ਜੀ ਪਾਏ।
ਗੁਰੂ ਪਰਉਪਕਾਰੀ ਜੀ, ਅਨੰਦਪੁਰ ਨਗਰ ਵਸਾਏ।

ਪੰਡਤਾਂ ਦੇ ਟੋਲੇ 'ਚੋਂ ਕਿਰਪਾ ਰਾਮ ਨੇ ਦਰਦ ਸੁਣਾਏ।
ਹਿੰਦੂ ਧਰਮ ਦੀ ਰੱਖਿਆ ਲਈ ਲੈ ਫਰਿਆਦ ਆਏ।

ਗੁਰੂ ਪੀਰ ਕੁਰਬਾਨ ਹੋਊ, ਗੁਰੂ ਜੀ ਮੁੱਖੋਂ ਫੁਰਮਾਏ।
ਤੇਰੇ ਤੋਂ ਵੱਡਾ ਕੌਣ ਗੁਰੂ, ਗੋਬਿੰਦ ਰਾਇ ਆਖ ਸੁਣਾਏ।

ਸਾਡਾ ਗੁਰੂ ਤੇਗ ਬਹਾਦਰ ਹੈ, ਦਿੱਲੀ ਸੁਨੇਹਾ ਲਾਏ।
ਮੰਨੇ ਈਨ ਜੇ ਗੁਰੂ ਜੀ, ਮੰਜ਼ੂਰ ਜੋ ਹੁਕਮ ਔਰੰਗੇ ਲਾਏ।

ਗੁਰੂ ਜੀ ਆਗਰੇ ਕੈਦ ਕੀਤਾ, ਫਿਰ ਦਿੱਲੀ ਪਹੁੰਚਾਏ।
ਜੇਲ ਚਾਂਦਨੀ ਚੌਂਕ ਵਿਖੇ, ਗੁਰੂ ਪਿੰਜਰੇ ਕੈਦ ਕਰਾਏ।

ਧਰਮ ਬਦਲੋ ਜਾਂ ਕਰੋ ਕਰਾਮਾਤ ਇਹ ਹੁਕਮ ਸੁਣਾਏ।
ਨਹੀਂ ਮਰਨ ਨੂੰ ਤਿਆਰ ਰਹੋ, ਸ਼ਾਹੀ ਫੁਰਮਾਨ ਆਏ।

ਧੰਨ ਭਾਈ ਮਤੀ ਦਾਸ ਜੀ, ਦੇ ਸੀਸ ਸਿਦਕ ਨਿਭਾਏ।
ਤਨ ਨਾਲ ਆਰੇ ਦੋਫਾੜ ਹੋਆ, ਮੁੱਖੋਂ ਜਪੁਜੀ ਗਾਏ।

ਧੰਨ ਭਾਈ ਦਿਆਲਾ ਜੀ ਹੱਸ ਮੌਤ ਨੂੰ ਗਲੇ ਲਗਾਏ।
ਉਬਲੇ ਦੇਗ ਅਡੋਲ ਬੈਠਾ, ਵੇਖ ਮੌਤ ਵੀ ਭੈਅ ਖਾਏ।

ਧੰਨ ਭਾਈ ਸਤੀ ਦਾਸ, ਵੇਖ ਮੌਤ ਵੀ ਕੰਬਦੀ ਜਾਏ।
ਰੂੰ ਮੜੀ ਕੋਮਲ ਤਨ ਤੇ, ਜਿਉਂਦੇ ਜੀ ਨੂੰ ਲਾਂਬੂ ਲਾਏ।

ਗੁਰੂ ਜੀ ਨੂੰ ਡਰਾਵਣ ਲਈ, ਸਾਰੇ ਹੀਲੇ ਅਪਣਾਏ।
ਗੁਰੂ ਜੀ ਅਡੋਲ ਰਹੇ, ਸ਼ਹਾਦਤ ਦਾ ਮਨ ਬਣਾਏ।

ਕਰ ਇਸ਼ਨਾਨ, ਬੜੇ ਬੈਠੇ, ਗੁਰੂ ਮੁੱਖੋਂ ਜਪੁਜੀ ਗਾਏ।
ਚਿਹਰਾ ਰੂਹਾਨੀ ਹੈ, ਕਰ ਅਰਦਾਸ ਸ਼ੁਕਰ ਮਨਾਏ।

ਜਲਾਦ ਨੇ ਵਾਰ ਕੀਤਾ, ਸੀਸ ਧੜ ਤੋਂ ਵੱਖ ਹੋ ਜਾਏ।
ਧਰਤੀ ਅਸਮਾਨ ਕੰਬੇ, ਮੀਂਹ ਹਨੇਰੀ ਝੱਖੜ ਆਏ।

ਧੰਨ ਭਾਈ ਜੈਤਾ, ਗੁਰੂ ਸੀਸ ਅਨੰਦਪੁਰ ਲਿਆਏ।
'ਰੰਘਰੇਟਾ ਗੁਰੂ ਕਾ ਬੇਟਾ' ਗੁਰੂ ਜੀ ਆਖ ਬੁਲਾਏ।

ਭਾਈ ਉਦੈ, ਗੁਰਦਿੱਤਾ ਜੀ ,ਗੁਰੂ ਧੜ ਚੁੱਕ ਲਿਆਏ।
ਧੜ ਸਸਕਾਰ ਕਰੇ, ਲੱਖੀ ਸ਼ਾਹ ਘਰ ਨੂੰ ਅੱਗ ਲਾਏ।

ਪੰਡਿਤ ਕਿਰਪਾ ਰਾਮ ਜੀ ਗੁਰੂ ਦਾ ਸਿੰਘ ਬਣ ਜਾਏ।
ਚਮਕੌਰ ਜੰਗ ਸ਼ਹੀਦ ਹੋਆ ਆਪਣਾ ਫਰਜ਼ ਨਿਭਾਏ।

ਸ੍ਰੀ ਸੀਸ ਗੰਜ ਸਾਹਿਬ, ਧਰਮੀ ਸਾਕਾ ਯਾਦ ਕਰਾਵੇ।
ਤਿਲਕ ਜੰਞੂ ਦਾ ਰਾਖਾ ਸ਼੍ਰਿਸ਼ਟੀ ਦੀ ਚਾਦਰ ਬਣ ਜਾਵੇ।

ਗੁਰੂ ਸਮੁੱਚੀ ਲੋਕਾਈ ਦਾ ਗੁਰਬਾਣੀ ਰਾਹੀਂ ਸਮਝਾਵੇ।
ਸ੍ਰੀ ਰਕਾਬ ਗੰਜ ਸਾਹਿਬ ਭਾਗਾਂ ਵਾਲਾ ਦਰਸ਼ਨ ਪਾਵੇ।

ਰੂਹਾਨੀ ਬਾਣੀ ਗੁਰੂਆਂ ਦੀ, ਰੱਬ ਨਾਲ ਮੇਲ ਕਰਾਵੇ।
ਇਕਬਾਲ,ਦਾਤਾ ਜੀ, ਗੁਰੂ ਚਰਨਾਂ ਦੀ ਧੂੜ ਹੋ ਜਾਵੇ।

ਇਕਬਾਲ ਸਿੰਘ ਪੁੜੈਣ
8872897500

## ਰੱਖੜੀ ਦਾ ਗੀਤ

ਰੁੱਸਿਆਂ ਨਾ ਕਰ ਵੀਰਾ ਭੈਣਾਂ ਦੇ ਨਾਲ ਵੇ।
ਭੈਣਾਂ ਤਾਂ ਹੁੰਦੀਆਂ ਨੇ ਬੜੀਆਂ ਕਮਾਲ ਵੇ।

ਭੈਣਾਂ ਤਾਂ ਵੀਰਾਂ ਦੀਆਂ ਸੁੱਖਾਂ ਸਦਾ ਮੰਗਦੀਆਂ,
ਗੱਲ ਗੱਲ ਉੱਤੇ ਉਹ ਵੀਰਾਂ ਕੋਲੋਂ ਸੰਗਦੀਆਂ
ਭੈਣਾਂ ਦੀ ਕਰ ਤੂੰ ਸਦਾ ਹੀ ਸੰਭਾਲ ਵੇ,
ਭੈਣਾਂ ਤਾਂ ਹੁੰਦੀਆਂ ਨੇ ਬੜੀਆਂ ਕਮਾਲ ਵੇ।

ਤਿਓਹਾਰ ਰੱਖੜੀ ਦਾ ਜਦ ਸਾਲ ਬਾਅਦ ਆਉਂਦਾ ਵੇ,
ਭੈਣਾਂ ਨਾਲ ਪਿਆਰ ਕਰਨਾ ਵੀਰਾਂ ਨੂੰ ਸਿਖੌਂਦਾ ਵੇ,
ਬਣ ਕੇ ਤੂੰ ਰਹਿਣਾ ਵੀਰਾ ਭੈਣਾਂ ਦੀ ਢਾਲ ਵੇ,
ਭੈਣਾਂ ਤਾਂ ਹੁੰਦੀਆਂ ਨੇ ਬੜੀਆਂ ਕਮਾਲ ਵੇ।

ਸਾਲ ਬਾਅਦ ਰੱਖੜੀ ਦਾ ਤਿਉਹਾਰ ਜਦੋਂ ਆਉਂਦਾ ਵੇ,
ਪਿਆਰ ਨਾਲ ਵੀਰ ਰੱਖੜੀ ਗੁੱਟ 'ਤੇ ਸਜਾਉਂਦਾ ਵੇ,
ਤਿਉਹਾਰ ਲਿਆਵੇ ਖੁਸ਼ੀਆਂ ਬੜੀਆਂ ਬੇਮਿਸਾਲ ਵੇ,
ਭੈਣਾਂ ਤਾਂ ਹੁੰਦੀਆਂ ਨੇ ਬੜੀਆਂ ਕਮਾਲ ਵੇ।

ਰੱਖੜੀ ਤਿਉਹਾਰ ਸਾਲ ਬਾਅਦ ਜਦ ਆਉਂਦਾ ਵੇ,
ਵੀਰ ਦੇ ਮੱਥੇ ਟੀਕਾ ਸੋਹਣਾ ਸਜੌਂਦਾ ਵੇ,
ਦੇਵੇ ਵੀਰ ਰੱਖੜੀ ਬਨਾਈ ਹਰ ਸਾਲ ਵੇ,
ਭੈਣਾਂ ਤਾਂ ਹੁੰਦੀਆਂ ਨੇ ਬੜੀਆਂ ਕਮਾਲ ਵੇ।

ਇਕ ਦਿਨ ਭੈਣ ਡੋਲੀ ਚੜ੍ਹ ਤੁਰ ਜਾਏਗੀ,
ਯਾਦ ਭੈਣ ਦੀ ਵੀਰ ਨੂੰ ਬਹੁਤ ਸਤਾਏਗੀ,
ਭੈਣ ਰੱਖੜੀ ਬੰਨ੍ਹਣ ਲਈ ਆਏ ਬਾਅਦ ਸਾਲ ਵੇ,
ਭੈਣਾਂ ਤਾਂ ਹੁੰਦੀਆਂ ਨੇ ਬੜੀਆਂ ਕਮਾਲ ਵੇ।

'ਹਜ਼ੂਰ' ਕੋਈ ਭੈਣ ਗਰਭ 'ਚੋਂ ਨਾ ਗਿਰਾਏ ਵੇ,
ਤਾਹੀਓਂ ਵਿਆਹ ਵੇਲੇ ਵੀਰ ਨੂੰ ਘੋੜੀ ਚੜ੍ਹਾਏ ਵੇ,
ਇਸ ਗੱਲ ਦੀ ਦੇਖ ਭਾਲ ਕਰਨੀ ਹਰ ਹਾਲ ਵੇ,
ਭੈਣਾਂ ਤਾਂ ਹੁੰਦੀਆਂ ਨੇ ਬੜੀਆਂ ਕਮਾਲ ਵੇ।



ਹਜ਼ੂਰਾ ਸਿੰਘ (ਰਿਟਾ. ਪ੍ਰਿੰਸੀਪਲ)
ਕੋਠੀ ਨੰ. 2426, ਸਾਊਥ ਵਾਸਕੋ ਰੋਡ
ਕੌਵਨ ਵੇ ਲਿਵਰਮੋਰ
925-660-5977

## ਉਜਾੜਾ ਜਾਂ ਆਜ਼ਾਦੀ

ਉਜੜੇ ਪਿੰਡ ਕਈ ਵਸੇ ਵਸਾਏ
ਭੈਣ ਨੂੰ ਨਾ ਵੀਰ ਥਿਆਏ
ਬਾਪੂ ਆ ਢੱਕ ਲੈ ਪਤ ਮੇਰੀ
ਬੈਠੀ ਧੀ ਕੋਈ ਕੁਰਲਾਏ
ਨਾਨੀ ਕੋਲੋਂ ਦੋਹਤੇ ਵਿਛੜੇ
ਵਿਛੜੀ ਪੋਤਿਆਂ ਕੋਲੋਂ ਦਾਦੀ
ਸਾਡੇ ਭਾਅ ਦਾ ਹੋਇਆ ਉਜਾੜਾ
ਥੋਡੇ ਭਾਅ ਦੀ ਮਿਲੀ ਆਜ਼ਾਦੀ

ਇਕ ਪਾਸੇ ਮੱਖਣ, ਸ਼ਿੰਦੇ
ਦੂਜੇ ਪਾਸੇ ਅਹਿਮਦ, ਨੂਰੇ
ਜਫੀਆਂ ਪਾ ਪਾ ਮਿਲਣੇ ਵਾਲੇ
ਬਣਕੇ ਵੈਰੀ ਖੜ ਗਏ ਮੂਹਰੇ
ਹੋਕੇ ਪੱਤੀ ਪੱਤੀ ਖਿੰਡਿਆ
ਸੋਹਣਾ ਖਿੜਿਆ ਫੁੱਲ ਗੁਲਾਬੀ

ਕੈਸੀ ਹੋਈ ਇਹ ਅਣਹੋਣੀ
ਏਹ ਕੈਸਾ ਵਰਤਿਆ ਭਾਣਾ
ਅਮ੍ਰਿਤਸਰ ਰਹਿ ਗਿਆ ਐਧਰ
ਉਧਰ ਰਹਿ ਗਿਆ ਏ ਨਨਕਾਣਾ
ਗਈ ਹਿੰਦ ਪਾਕ ਵਿਚ ਵੰਡੀ
ਸਾਂਝੀ ਮਾਂ ਬੋਲੀ ਪੰਜਾਬੀ

ਜੰਮਣ ਭੋਏਂ ਦੇਖਣ ਲਈ
ਰਹਿ ਗਈਆਂ ਤਰਸਦੀਆਂ ਅੱਖਾਂ
ਲੈ ਸੀਨੇ ਦੇ ਵਿਚ ਪੀੜਾਂ
ਦੁਨੀਆਂ ਤੋਂ ਤੁਰ ਗਏ ਲੱਖਾਂ
ਖਾ ਲਏ ਜੰਗਾਲ ਨੇ ਤਾਲੇ
ਮੁੜ ਕੇ ਨਾ ਲਭੀ ਚਾਬੀ

ਥੋੜਾ ਰਾਜ ਮਿਲੂਗਾ ਥੋਨੂੰ
ਝੂਠੇ ਨਹਿਰੂ ਖਾਬ ਦਿਖਾਏ
ਜਰਾਇਮ ਪੇਸ਼ਾ ਕੌਮ ਦੇ ਤਗਮੇਂ
ਮੁੜ ਸਾਡੀ ਝੋਲੀ ਪਾਏ
ਗੱਲ ਜਦ ਵੀ ਹੱਕ ਦੀ ਕੀਤੀ
ਮਾਰੇ ਕਹਿ ਕਹਿ ਕੇ ਅਤਵਾਦੀ

ਸਾਡੇ ਭਾਅ ਦਾ ਹੋਇਆ ਉਜਾੜਾ
ਥੋਡੇ ਭਾਅ ਦੀ ਹੋਈ ਆਜ਼ਾਦੀ



ਸੋਨੂੰ ਮੰਗਲੀ
8194958011

# ਵਿਆਹ ਦੀਆਂ ਪਰੰਪਰਾਵਾਂ: ਇਤਿਹਾਸ ਤੋਂ ਆਧੁਨਿਕਤਾ ਤੱਕ





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਭਾਵੇਂ ਇਹ ਬਹੁ-ਵਿਆਹ ਹੋਵੇ ਜਾਂ ਬਹੁ-ਪਤੀ, ਦੋਵਾਂ ਪ੍ਰਣਾਲੀਆਂ ਨੂੰ ਸਮਝਣ ਲਈ ਇਤਿਹਾਸਕ, ਸਮਾਜਿਕ ਅਤੇ ਸੱਭਿਆਚਾਰਕ ਦ੍ਰਿਸ਼ਟੀਕੋਣਾਂ ਵਿੱਚ ਡੂੰਘਾਈ ਨਾਲ ਜਾਣਾ ਜ਼ਰੂਰੀ ਹੈ। ਮਨੁੱਖ ਇੱਕ ਸਮਾਜਿਕ ਜਾਨਵਰ ਹੈ, ਇਹ ਇੱਕ ਸਰਵਵਿਆਪੀ ਅਤੇ ਸਰਵਵਿਆਪੀ ਤੌਰ 'ਤੇ ਸਵੀਕਾਰਿਆ ਗਿਆ ਸੱਚ ਹੈ। ਸਮਾਜ ਵੱਖ-ਵੱਖ ਕਿਸਮਾਂ ਦੇ ਸਮਾਜਿਕ ਸਬੰਧਾਂ ਦੀ ਇੱਕ ਗੁੰਝਲਦਾਰ ਬਣਤਰ ਹੈ ਜਿਸ ਵਿੱਚ ਸਮਾਜ ਸ਼ਾਸਤਰੀਆਂ ਨੇ ਪਰਿਵਾਰ ਨੂੰ ਇੱਕ ਬੁਨਿਆਦੀ ਅਤੇ ਮਹੱਤਵਪੂਰਨ ਸੰਸਥਾ ਵਜੋਂ ਪਰਿਭਾਸ਼ਿਤ ਕੀਤਾ ਹੈ। ਪਰਿਵਾਰ ਨੂੰ ਇੱਕ ਸੰਸਥਾ ਵਜੋਂ ਸਵੀਕਾਰ ਕਰਨਾ ਇੱਕ ਬਿਹਤਰ, ਮਜ਼ਬੂਤ ਅਤੇ ਸੱਭਿਅਕ ਸਮਾਜ ਦੇ ਨਿਰਮਾਣ ਵਿੱਚ ਇਸਦੀ ਭੂਮਿਕਾ ਨੂੰ ਰੇਖਾਂਕਿਤ ਕਰਦਾ ਹੈ। ਮਨੁੱਖ ਆਪਣੀ ਸ਼ੁਰੂਆਤੀ ਸਮਾਜਿਕ ਸਿੱਖਿਆ ਪਰਿਵਾਰ ਤੋਂ ਹੀ ਪ੍ਰਾਪਤ ਕਰਦਾ ਹੈ ਅਤੇ ਇਸੇ ਲਈ ਮਾਂ ਨੂੰ ਪਹਿਲਾ ਗੁਰੂ ਕਿਹਾ ਗਿਆ ਹੈ। ਇਸ ਸਮਾਜਿਕ ਬਣਤਰ ਵਿੱਚ, ਵਿਆਹ ਨੂੰ ਇੱਕ ਮਹੱਤਵਪੂਰਨ ਸੰਸਥਾ ਵਜੋਂ ਵੀ ਦੇਖਿਆ ਗਿਆ ਹੈ, ਜੋ ਇੱਕ ਵਿਅਕਤੀ ਨੂੰ ਸਮਾਜਿਕ ਜੀਵਨ ਵਿੱਚ ਪ੍ਰਵੇਸ਼ ਕਰਨ ਲਈ ਇੱਕ ਮਾਧਿਅਮ ਪ੍ਰਦਾਨ ਕਰਦਾ ਹੈ। ਵਿਆਹ ਦਾ ਮੂਲ ਉਦੇਸ਼ ਪ੍ਰਜਨਨ ਅਤੇ ਪਰਿਵਾਰ ਦੀ ਸਥਾਪਨਾ ਹੈ। ਇਸ ਤਰ੍ਹਾਂ, ਵਿਆਹ ਸਮਾਜ ਦੀ ਇੱਕ ਜ਼ਰੂਰੀ ਇਕਾਈ ਹੈ ਜੋ ਪਰਿਵਾਰ ਦੀ ਸੰਸਥਾ ਦੀ ਨੀਂਹ ਰੱਖਦੀ ਹੈ। ਵਿਆਹ ਅਤੇ ਪਰਿਵਾਰ ਦੀਆਂ ਧਾਰਨਾਵਾਂ ਸਮੇਂ, ਸਮੇਂ ਅਤੇ ਹਾਲਾਤਾਂ ਅਨੁਸਾਰ ਲਗਾਤਾਰ ਬਦਲਦੀਆਂ ਰਹੀਆਂ ਹਨ। ਇੱਕ ਸਮੇਂ ਵਿੱਚ ਪ੍ਰਚਲਿਤ ਸੰਯੁਕਤ ਅਤੇ ਸੰਗਠਿਤ ਪਰਿਵਾਰ ਦੀ ਪਰੰਪਰਾ ਹੁਣ ਹੌਲੀ-ਹੌਲੀ ਇੱਕ ਪ੍ਰਮਾਣੂ ਪਰਿਵਾਰ ਵਿੱਚ ਬਦਲ ਗਈ ਹੈ। ਇਹ ਬਦਲਾਅ ਸਿਰਫ਼ ਪਰਿਵਾਰ ਤੱਕ ਹੀ ਸੀਮਤ ਨਹੀਂ ਹੈ, ਸਗੋਂ ਇਸ ਬਦਲਾਅ ਦੇ ਪ੍ਰਵਾਹ ਨਾਲ ਪੂਰਾ ਸਮਾਜਿਕ ਢਾਂਚਾ ਵੀ ਪ੍ਰਭਾਵਿਤ ਹੋਇਆ ਹੈ। ਦਰਅਸਲ, ਬਦਲਾਅ ਕੁਦਰਤ ਦਾ ਨਿਯਮ ਹੈ, ਜੋ ਕਿ ਇੱਕ ਸਦੀਵੀ ਸੱਚ ਹੈ। ਪ੍ਰਾਚੀਨ ਸਮੇਂ ਤੋਂ ਸਾਡੇ ਸਮਾਜ ਵਿੱਚ ਵਿਆਹ ਦੀਆਂ ਕਈ ਪ੍ਰਣਾਲੀਆਂ ਮੌਜੂਦ ਹਨ। ਸਮੇਂ ਦੇ ਨਾਲ, ਇਨ੍ਹਾਂ ਵਿੱਚ ਵੀ ਬਹੁਤ ਸਾਰੇ ਬਦਲਾਅ ਆਏ ਹਨ। ਇੱਕ ਸਮੇਂ, ਬਹੁ-ਪਤਨੀ ਅਤੇ ਬਹੁ-ਪਤਨੀ ਦੀ ਪ੍ਰਥਾ ਸਮਾਜ ਵਿੱਚ ਵਿਆਪਕ ਤੌਰ 'ਤੇ ਪ੍ਰਚਲਿਤ ਸੀ, ਪਰ ਹੌਲੀ-ਹੌਲੀ, ਸਮਾਜਿਕ ਚੇਤਨਾ, ਧਾਰਮਿਕ ਕਦਰਾਂ-ਕੀਮਤਾਂ ਅਤੇ ਕਾਨੂੰਨੀ ਪ੍ਰਣਾਲੀਆਂ ਦੇ ਪ੍ਰਭਾਵ ਕਾਰਨ, ਇਹ ਰੂਪ ਬਦਲਦਾ ਰਿਹਾ ਅਤੇ ਵਰਤਮਾਨ ਵਿੱਚ, ਸਿਰਫ ਇੱਕ ਪਤਨੀ ਅਤੇ ਇੱਕ ਪਤੀ ਵਿਆਹ ਪ੍ਰਣਾਲੀ ਨੂੰ ਸਮਾਜਿਕ ਤੌਰ 'ਤੇ ਮਾਨਤਾ ਪ੍ਰਾਪਤ ਹੈ। ਇਸ ਦੇ ਨਾਲ ਹੀ, ਪੱਛਮੀ ਸੱਭਿਆਚਾਰ ਦੇ ਪ੍ਰਭਾਵ ਕਾਰਨ, ਅੱਜ 'ਲਿਵ ਇਨ ਰਿਲੇਸ਼ਨਸ਼ਿਪ' ਵਰਗੇ ਸੰਕਲਪ ਵੀ ਉਭਰ ਕੇ ਸਾਹਮਣੇ ਆਏ ਹਨ। ਇਹ ਇੱਕ ਅਜਿਹੀ ਪ੍ਰਣਾਲੀ ਹੈ ਜਿਸ ਵਿੱਚ ਦੋ ਲੋਕ ਵਿਆਹ ਤੋਂ ਬਿਨਾਂ ਇਕੱਠੇ ਰਹਿੰਦੇ ਹਨ। ਹਾਲਾਂਕਿ, ਇਸ ਵਿੱਚ ਭਾਵਨਾਤਮਕ ਅਤੇ ਸਰੀਰਕ ਭਾਗੀਦਾਰੀ ਹੈ, ਪਰ ਵਿਆਹੁਤਾ ਵਚਨਬੱਧਤਾ ਅਤੇ ਸਮਾਜਿਕ ਮਾਨਤਾ ਦੀ ਘਾਟ ਹੈ। ਅਜਿਹੀ ਸਥਿਤੀ ਵਿੱਚ, ਇਹ ਵਿਚਾਰਨ ਯੋਗ ਸਵਾਲ ਹੈ ਕਿ ਕੀ ਲਿਵ ਇਨ ਵਰਗੇ ਪ੍ਰਬੰਧ ਵਿਆਹ ਦੀ ਸੰਸਥਾ ਦੇ ਮੂਲ ਉਦੇਸ਼ - ਹਮੇਸ਼ਾ ਲਈ ਵਚਨਬੱਧਤਾ, ਸਮਾਜਿਕ ਜ਼ਿੰਮੇਵਾਰੀ, ਪਰਿਵਾਰ ਦੀ ਸਥਾਪਨਾ ਅਤੇ ਭਾਵਨਾਤਮਕ ਸਥਿਰਤਾ ਆਦਿ ਨੂੰ ਪੂਰਾ ਕਰਨ ਦੇ ਸਮਰੱਥ ਹਨ? ਇਹ ਇੱਕ ਡੂੰਘਾ ਅਤੇ ਗੁੰਝਲਦਾਰ ਸਵਾਲ ਹੈ ਜਿਸ 'ਤੇ ਸਮਾਜ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਜੇਕਰ ਅਸੀਂ ਇਤਿਹਾਸ ਦੇ ਪੰਨੇ ਪਲਟਦੇ ਹਾਂ, ਤਾਂ ਬਹੁ-ਵਿਆਹ (ਇੱਕ ਆਦਮੀ ਦੀਆਂ ਕਈ ਪਤਨੀਆਂ ਹੋਣ) ਦੀਆਂ ਬਹੁਤ ਸਾਰੀਆਂ ਉਦਾਹਰਣਾਂ ਸਾਹਮਣੇ ਆਉਂਦੀਆਂ ਹਨ। ਇੱਕ ਪਾਸੇ, ਪਟਿਆਲਾ ਦੇ ਰਾਜਾ ਭੁਪਿੰਦਰ ਸਿੰਘ ਦੇ 10 ਵਿਆਹਾਂ ਦਾ ਜ਼ਿਕਰ ਹੈ, ਦੂਜੇ ਪਾਸੇ, ਰਾਮਾਇਣ ਵਿੱਚ ਰਾਜਾ ਦਸ਼ਰਥ ਦੀਆਂ ਤਿੰਨ ਪਤਨੀਆਂ ਸਨ, ਜਦੋਂ ਕਿ ਮਹਾਂਭਾਰਤ ਵਿੱਚ, ਪਾਂਡੂ ਦੀਆਂ ਦੋ ਪਤਨੀਆਂ - ਕੁੰਤੀ ਅਤੇ ਮਾਦਰੀ ਦਾ ਜ਼ਿਕਰ ਹੈ। ਇਹ ਵਿਆਹ ਦੀ ਪ੍ਰਾਚੀਨ ਪਰੰਪਰਾ ਸੀ, ਜੋ ਉਸ ਸਮੇਂ ਵਿੱਚ ਕਈ ਸਮਾਜਿਕ, ਰਾਜਨੀਤਿਕ ਅਤੇ ਪਰਿਵਾਰਕ ਕਾਰਨਾਂ ਕਰਕੇ ਪ੍ਰਚਲਿਤ ਸੀ। ਹਾਲਾਂਕਿ, ਸਮੇਂ ਦੇ ਨਾਲ, ਸਮਾਜ ਅਤੇ ਕਾਨੂੰਨ ਦੋਵੇਂ ਬਦਲ ਗਏ। 1955 ਵਿੱਚ ਲਾਗੂ ਹੋਏ ਹਿੰਦੂ ਵਿਆਹ ਐਕਟ ਦੇ ਤਹਿਤ, ਬਹੁ-ਵਿਆਹ ਅਤੇ ਬਹੁ-ਪਤੀ ਪ੍ਰਥਾ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ ਗਿਆ ਸੀ। ਹੁਣ ਇੱਕ ਸਮੇਂ ਵਿੱਚ ਸਿਰਫ਼ ਇੱਕ ਹੀ ਕਾਨੂੰਨੀ ਪਤਨੀ ਨੂੰ ਮਾਨਤਾ ਦਿੱਤੀ ਜਾਂਦੀ ਹੈ। ਜੇਕਰ ਕੋਈ ਵਿਆਹੁਤਾ ਵਿਅਕਤੀ ਦੂਜੀ ਵਾਰ ਵਿਆਹ ਕਰਦਾ ਹੈ, ਤਾਂ ਸਿਰਫ਼ ਪਹਿਲੀ ਪਤਨੀ ਨੂੰ ਹੀ ਕਾਨੂੰਨੀ ਅਧਿਕਾਰ ਮਿਲਦੇ ਹਨ। ਵੱਖ ਹੋਣ (ਤਲਾਕ) ਤੋਂ ਬਾਅਦ ਦੁਬਾਰਾ ਵਿਆਹ ਕਰਨ ਦੀ ਆਜ਼ਾਦੀ ਵੀ ਦਿੱਤੀ ਗਈ ਹੈ। ਇਹ ਕਾਨੂੰਨ ਹਿੰਦੂ, ਬੋਧੀ, ਜੈਨ ਅਤੇ ਸਿੱਖ ਧਰਮਾਂ ਦੇ ਪੈਰੋਕਾਰਾਂ 'ਤੇ ਲਾਗੂ ਹੁੰਦਾ ਹੈ, ਪਰ ਇਹ ਮੁਸਲਮਾਨਾਂ, ਈਸਾਈਆਂ ਜਾਂ ਹੋਰ ਧਰਮਾਂ ਦੇ ਪੈਰੋਕਾਰਾਂ ਲਈ ਲਾਜ਼ਮੀ ਨਹੀਂ ਹੈ। ਜਿੱਥੇ ਇੱਕ ਪਾਸੇ ਬਹੁ-ਪਤੀ ਪ੍ਰਥਾ ਦਾ ਇਤਿਹਾਸ ਵਿਆਪਕ ਹੈ, ਉੱਥੇ ਹੀ ਕੁਝ ਖੇਤਰਾਂ ਵਿੱਚ ਬਹੁ-ਪਤੀ ਪ੍ਰਥਾ (ਇੱਕ ਔਰਤ ਦੇ ਕਈ ਪਤੀ ਹੋਣ) ਵੀ ਪ੍ਰਾਚੀਨ ਪਰੰਪਰਾ ਦਾ ਹਿੱਸਾ ਰਹੀ ਹੈ। ਹਾਲ ਹੀ ਦੇ ਸਮੇਂ ਵਿੱਚ, ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਦੇ ਸ਼ਿਲਾਈ ਖੇਤਰ ਵਿੱਚ ਇਸ ਪ੍ਰਥਾ ਦੀ ਚਰਚਾ ਫਿਰ ਤੋਂ ਸਾਹਮਣੇ ਆਈ ਹੈ, ਜਿਸ ਵਿੱਚ ਇੱਕ ਔਰਤ ਨੇ ਆਪਣੀ ਮਰਜ਼ੀ ਨਾਲ ਦੋ ਅਸਲੀ ਭਰਾਵਾਂ ਨਾਲ ਵਿਆਹ ਕੀਤਾ ਹੈ। ਇਹ ਘਟਨਾ ਸਾਨੂੰ ਪੁਰਾਣੇ ਰੀਤੀ-ਰਿਵਾਜਾਂ ਵੱਲ ਲੈ ਜਾਂਦੀ ਹੈ, ਜਦੋਂ ਕਿ ਨਵੀਂ ਪੀੜ੍ਹੀ ਲਈ ਇਹ ਹੈਰਾਨੀਜਨਕ ਹੈ ਅਤੇ ਉਨ੍ਹਾਂ ਨੂੰ ਸੋਚਣ ਲਈ ਮਜਬੂਰ ਕਰਦੀ ਹੈ। ਭਾਵੇਂ ਅੱਜ ਇਸਦੀ ਪ੍ਰਥਾ ਸੀਮਤ ਹੈ, ਪਰ ਇਸ ਪ੍ਰਥਾ ਨੂੰ ਪਹਿਲਾਂ ਉੱਤਰ ਭਾਰਤ ਦੇ ਪਹਾੜੀ ਖੇਤਰਾਂ ਜਿਵੇਂ ਕਿ ਉੱਤਰਾਖੰਡ ਵਿੱਚ ਜੌਂਸਰ ਬਾਵਰ, ਹਿਮਾਚਲ ਵਿੱਚ ਸ਼ਿਲਈ, ਕਿੰਨੌਰ ਅਤੇ ਸ਼ਿਮਲਾ ਆਦਿ ਵਿੱਚ ਆਮ ਮੰਨਿਆ ਜਾਂਦਾ ਸੀ। ਮਹਾਂਭਾਰਤ ਵਿੱਚ ਪੰਜ ਪਾਂਡਵਾਂ ਨਾਲ ਦ੍ਰੋਪਦੀ ਦਾ ਵਿਆਹ ਇਸ ਪਰੰਪਰਾ ਦੀ ਇੱਕ ਪ੍ਰਾਚੀਨ ਉਦਾਹਰਣ ਹੈ। ਪਾਂਡਵਾਂ ਦੇ ਬਨਵਾਸ ਦੌਰਾਨ ਇਨ੍ਹਾਂ ਖੇਤਰਾਂ ਵਿੱਚ ਨਿਵਾਸ ਦੇ ਸੰਕੇਤ ਮਿਲਦੇ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਬਹੁਪਤੀ ਪ੍ਰਥਾ ਦੀ ਪਰੰਪਰਾ ਉੱਥੋਂ ਪ੍ਰਭਾਵਿਤ ਹੋਈ ਹੋਵੇਗੀ। ਅੱਜ ਬਹੁਪਤੀ ਪ੍ਰਥਾ ਲਗਭਗ ਅਲੋਪ ਹੋ ਗਈ ਹੈ, ਪਰ ਇਸ ਪ੍ਰਥਾ ਦੇ ਸਮਰਥਕ ਅਤੇ ਵਿਰੋਧੀ ਦੋਵੇਂ ਹੀ ਆਪਣੇ-ਆਪਣੇ ਤਰਕ ਪੇਸ਼ ਕਰਦੇ ਹਨ। ਸਮਰਥਕਾਂ ਦਾ ਮੰਨਣਾ ਹੈ ਕਿ ਇਹ ਪ੍ਰਥਾ ਔਰਤਾਂ ਨੂੰ ਆਰਥਿਕ ਅਤੇ ਸਮਾਜਿਕ ਸੁਰੱਖਿਆ ਦਿੰਦੀ ਹੈ। ਬਹੁਤ ਸਾਰੀਆਂ ਔਰਤਾਂ ਇਸਨੂੰ ਵਰਦਾਨ ਮੰਨਦੀਆਂ ਹਨ, ਉਹ ਕਹਿੰਦੀਆਂ ਹਨ ਕਿ ਉਹ 'ਅਕਸ਼ੈ ਸੁਹਾਗਿਨ' ਹਨ, ਉਨ੍ਹਾਂ ਨੂੰ ਵਿਧਵਾ ਹੋਣ ਦਾ ਡਰ ਨਹੀਂ ਹੁੰਦਾ, ਅਤੇ ਉਨ੍ਹਾਂ ਦੇ ਬੱਚੇ ਆਪਣੇ ਪਿਤਾ ਨੂੰ ਨਹੀਂ ਗੁਆਉਂਦੇ। ਦੂਜੇ ਪਾਸੇ, ਇਸਦੇ ਵਿਰੋਧੀ ਇਸਨੂੰ ਔਰਤਾਂ ਦੀ ਆਜ਼ਾਦੀ, ਮਾਣ ਅਤੇ ਮਾਨਸਿਕ ਸਿਹਤ ਦੇ ਵਿਰੁੱਧ ਮੰਨਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਪ੍ਰਥਾ ਆਧੁਨਿਕ ਸਮਾਜ ਵਿੱਚ ਔਰਤਾਂ ਦੀ ਇੱਜ਼ਤ ਅਤੇ ਸਮਾਨਤਾ ਦੇ ਸਿਧਾਂਤਾਂ ਦੇ ਅਨੁਸਾਰ ਨਹੀਂ ਹੈ। ਦਿਲਚਸਪ ਗੱਲ ਇਹ ਹੈ ਕਿ ਇਹ ਪ੍ਰਥਾ ਅਜੇ ਵੀ ਨਾ ਸਿਰਫ਼ ਭਾਰਤ ਦੇ ਕੁਝ ਪਹਾੜੀ ਖੇਤਰਾਂ ਵਿੱਚ ਪ੍ਰਚਲਿਤ ਹੈ, ਸਗੋਂ ਚੀਨ ਦੇ ਸਿਚੁਆਨ ਪ੍ਰਾਂਤ ਵਿੱਚ ਰਹਿਣ ਵਾਲੇ ਗਿਆਂਗ ਕਬੀਲੇ ਵਿੱਚ ਵੀ ਪ੍ਰਚਲਿਤ ਹੈ। ਉੱਥੋਂ ਦੀਆਂ ਔਰਤਾਂ ਇਸਨੂੰ ਆਪਣੇ ਸੱਭਿਆਚਾਰ ਲਈ ਮਾਣ ਵਾਲੀ ਗੱਲ ਸਮਝਦੀਆਂ ਹਨ ਅਤੇ ਇਸਨੂੰ ਖੁਸ਼ੀ ਨਾਲ ਅਪਣਾਉਂਦੀਆਂ ਹਨ।

ਉੱਥੋਂ ਦੀਆਂ ਔਰਤਾਂ ਇਸਨੂੰ ਆਪਣੇ ਸੱਭਿਆਚਾਰ ਦਾ ਮਾਣ ਮੰਨਦੀਆਂ ਹਨ ਅਤੇ ਇਸਨੂੰ ਆਪਣੀ ਮਰਜ਼ੀ ਨਾਲ ਅਪਣਾਉਂਦੀਆਂ ਹਨ। ਵਿਆਹ ਦੀ ਰਿਵਾਜ ਸਮੇਂ, ਸਥਾਨ ਅਤੇ ਸਮਾਜਿਕ ਸੰਦਰਭ ਦੇ ਅਨੁਸਾਰ ਬਦਲਦੀ ਰਹੀ ਹੈ। ਭਾਵੇਂ ਇਹ ਬਹੁ-ਵਿਆਹ ਹੋਵੇ ਜਾਂ ਬਹੁ-ਪਤੀ, ਦੋਵਾਂ ਪ੍ਰਣਾਲੀਆਂ ਨੂੰ ਸਮਝਣ ਲਈ ਇਤਿਹਾਸਕ, ਸਮਾਜਿਕ ਅਤੇ ਸੱਭਿਆਚਾਰਕ ਦ੍ਰਿਸ਼ਟੀਕੋਣਾਂ ਵਿੱਚ ਡੂੰਘਾਈ ਨਾਲ ਜਾਣਾ ਜ਼ਰੂਰੀ ਹੈ। ਅੱਜ ਦੇ ਸਮੇਂ ਵਿੱਚ, ਜਿੱਥੇ ਵਿਅਕਤੀਗਤ ਅਧਿਕਾਰਾਂ ਅਤੇ ਸਮਾਨਤਾ ਦੀ ਗੱਲ ਕੀਤੀ ਜਾਂਦੀ ਹੈ, ਇਨ੍ਹਾਂ ਪਰੰਪਰਾਵਾਂ 'ਤੇ ਮੁੜ ਵਿਚਾਰ ਕਰਨਾ ਬੌਧਿਕ ਬਹਿਸ ਦਾ ਵਿਸ਼ਾ ਬਣ ਗਿਆ ਹੈ, ਕਿਉਂਕਿ ਕਈ ਵਾਰ ਰੂੜੀਵਾਦੀ ਵਿਚਾਰ ਅਤੇ ਕਿਰਿਆਵਾਂ ਆਉਣ ਵਾਲੀ ਪੀੜ੍ਹੀ ਲਈ ਪਰੰਪਰਾ ਦਾ ਰੂਪ ਧਾਰਨ ਕਰ ਲੈਂਦੀਆਂ ਹਨ, ਜਿਸਦੀ ਪਾਲਣਾ ਕਈ ਵਾਰ ਨਾ ਚਾਹੁੰਦੇ ਹੋਏ ਵੀ ਕਰਨੀ ਪੈਂਦੀ ਹੈ। ਸਾਨੂੰ ਇੱਕ ਤਰਕਪੂਰਨ ਪਹੁੰਚ ਦੀ ਲੋੜ ਹੈ, ਰੂੜੀਵਾਦੀ ਵਿਸ਼ਵਾਸਾਂ ਦੀ ਨਹੀਂ।

# ਮੁਲਕ ਦੇ ਬੱਚੇ ਗੰਭੀਰ ਕੁਪੋਸ਼ਣ ਦੇ ਸ਼ਿਕਾਰ

ਡਾ. ਕੇਸਰ ਸਿੰਘ ਭੰਗੂ

ਅੱਜ ਕੱਲ੍ਹ ਭਾਰਤ ਦੇ ਦੁਨੀਆ ਦੀ ਵੱਡੀ ਆਰਥਿਕ ਸ਼ਕਤੀ ਵਜੋਂ ਉਭਰਨ ਅਤੇ ਜਲਦੀ ਹੀ ਦੁਨੀਆ ਦੇ ਵਿਕਸਤ ਦੇਸ਼ ਵਿੱਚ ਸ਼ਾਮਿਲ ਹੋਣ ਦੇ ਸੁਫਨੇ ਦੇਸ਼ ਵਾਸੀਆਂ ਨੂੰ ਦਿਖਾਏ ਜਾ ਰਹੇ ਹਨ। ਪ੍ਰਧਾਨ ਮੰਤਰੀ ਸਮੇਤ ਸਾਰੀ ਸੱਤਾਧਾਰੀ ਧਿਰ ਭਾਰਤ ਦੇ 2047 ਤੱਕ ਵਿਕਸਤ ਦੇਸ਼ਾਂ ਦੀ ਕਤਾਰ ਵਿੱਚ ਸ਼ਾਮਲ ਹੋਣ ਦਾ ਪ੍ਰਚਾਰ ਕਰ ਰਹੇ ਹਨ। ਇਹ ਪ੍ਰਚਾਰ ਇੰਨਾ ਜ਼ਬਰਦਸਤ ਹੈ ਕਿ ਕਈ ਵਾਰ ਭੁਲੇਖਾ ਪੈ ਜਾਂਦਾ ਹੈ ਕਿ ਦੇਸ਼ ਅੱਜ ਹੀ ਵਿਕਸਤ ਦੇਸ਼ ਬਣ ਗਿਆ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਬਹੁਤ ਸਾਰੇ ਨੇਤਾ ਅਤੇ ਸਰਕਾਰੀ ਅਧਿਕਾਰੀ ਵਿਕਸਤ ਭਾਰਤ ਕਹਿ ਕੇ ਹੀ ਸੰਬੋਧਨ ਕਰਨ ਲੱਗ ਪਏ ਹਨ। ਇਹ ਗੱਲ ਵੀ ਬੜੇ ਜ਼ੋਰ-ਸ਼ੋਰ ਨਾਲ ਉਭਾਰੀ ਜਾ ਰਹੀ ਹੈ ਕਿ ਭਾਰਤ ਵਿੱਚ ਆਮਦਨ ਤੇ ਧਨ-ਦੌਲਤ ਦੀ ਵੰਡ ਵਿੱਚ ਇਕਸਾਰਤਾ ਆ ਗਈ ਹੈ ਅਤੇ ਇਨ੍ਹਾਂ ਮਿਆਰਾਂ ਤੇ ਅਤਿ ਗਰੀਬੀ ਦੀ ਘਟਦੀ ਅਨੁਪਾਤ ਦੇ ਮਾਮਲੇ ਵਿੱਚ ਦੇਸ਼ ਦੁਨੀਆ ਦੀ ਚੌਥਾ ਸਭ ਤੋਂ ਵੱਧ ਬਰਾਬਰੀ ਵਾਲਾ ਅਰਥਚਾਰਾ ਬਣ ਗਿਆ ਹੈ। ਕੌਮਾਂਤਰੀ ਸੰਸਥਾਵਾਂ ਦੇ ਅੰਕੜੇ ਵੀ ਤੋੜ-ਮਰੋੜ ਕੇ ਆਪਣੀ ਪ੍ਰਸ਼ੰਸਾ ਲਈ ਵਰਤੇ ਜਾ ਰਹੇ ਹਨ ਪਰ ਜੇ ਦੇਸ਼ ਦੇ ਮਨੁੱਖੀ ਵਿਕਾਸ ਦੀ ਗੱਲ ਕਰੀਏ, ਖ਼ਾਸ ਕਰ ਕੇ ਬੱਚਿਆਂ ਦੇ ਸਰੀਰਕ ਵਿਕਾਸ ਅਤੇ ਤੰਦਰੁਸਤੀ ਦੀ, ਤਾਂ ਹਕੀਕਤ ਵਿੱਚ ਸਾਹਮਣੇ ਕੁਝ ਹੋਰ ਹੀ ਆਉਂਦਾ ਹੈ। ਬੱਚੇ ਕਿਸੇ ਵੀ ਦੇਸ਼ ਦਾ ਭਵਿੱਖ ਹੁੰਦੇ ਹਨ ਤੇ ਉਨ੍ਹਾਂ ਦਾ ਪਾਲਣ ਪੋਸ਼ਣ ਬਹੁਤ ਵਧੀਆ ਤਰੀਕੇ ਨਾਲ ਹੋਣਾ ਚਾਹੀਦਾ ਹੈ। ਉਨ੍ਹਾਂ ਦੇ ਪਾਲਣ ਪੋਸ਼ਣ ਵਿੱਚ ਕਿਸੇ ਕਿਸਮ ਦੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ ਤਾਂ ਕਿ ਦੇਸ਼ ਦਾ ਭਵਿੱਖ ਉੱਜਲ ਹੋ ਸਕੇ। ਕੀ ਭਾਰਤ ਵਿੱਚ ਬੱਚਿਆਂ ਦਾ ਪਾਲਣ ਪੋਸ਼ਣ ਠੀਕ ਢੰਗ ਨਾਲ, ਭਾਵ, ਵਿਸ਼ਵ ਸਿਹਤ ਸੰਗਠਨ ਦੇ ਤੈਅ ਮਿਆਰਾਂ ਅਨੁਸਾਰ ਹੋ ਰਿਹਾ ਹੈ?

ਇਸ ਸਬੰਧੀ ਪੁਣ-ਛਾਣ ਲਈ ਭਾਰਤ ਸਰਕਾਰ ਦੇ ਔਰਤਾਂ ਤੇ ਬਾਲ ਵਿਕਾਸ ਵਿਭਾਗ ਦੇ ਸਰਵੇਖਣ ਨੂੰ ਆਧਾਰ ਬਣਾਇਆ ਗਿਆ ਹੈ। ਇਹ ਵਿਭਾਗ ਪੂਰੇ ਦੇਸ਼ ਵਿੱਚੋਂ 0-5 ਸਾਲ ਦੀ ਉਮਰ ਦੇ ਬੱਚਿਆਂ ਬਾਰੇ ਜਾਣਕਾਰੀ ਇਕੱਠੀ ਕਰ ਕੇ ਅੰਕੜਿਆਂ ਦਾ ਅਧਿਐਨ ਕਰ ਕੇ ਸਮੇਂ-ਸਮੇਂ ਤੇ ਦੇਸ਼ ਵਾਸੀਆਂ ਦੀ ਜਾਣਕਾਰੀ ਹਿੱਤ ਜਾਰੀ ਕਰਦਾ ਹੈ। ਇਸ ਸਰਵੇਖਣ ਨੂੰ ਪੋਸ਼ਣ ਟਰੈਕਰ ਵਜੋਂ ਜਾਣਿਆ ਜਾਂਦਾ ਹੈ ਅਤੇ ਤਾਜ਼ਾ ਸਰਵੇਖਣ ਜੂਨ 2025 ਵਿੱਚ ਜਾਰੀ ਕੀਤਾ ਗਿਆ ਹੈ। ਪੋਸ਼ਣ ਟਰੈਕਰ ਰਾਹੀਂ ਵਿਭਾਗ 0-5 ਸਾਲ ਉਮਰ ਵਾਲੇ ਬੱਚਿਆਂ ਦੀ ਸਿਹਤ ਬਾਰੇ ਜਾਣਕਾਰੀ ਇਕੱਤਰ ਕਰਦਾ ਹੈ। ਇਥੇ ਬੱਚਿਆਂ ਦੇ ਪਾਲਣ ਪੋਸ਼ਣ ਬਾਰੇ ਤਿੰਨ ਮੁੱਦਿਆਂ ਦਾ ਨਿਰੀਖਣ ਕੀਤਾ ਜਾਵੇਗਾ। ਪਹਿਲਾਂ, ਵਾਧਾ ਰੁਕਣ (stunting) ਦਾ ਮਤਲਬ ਹੁੰਦਾ ਹੈ, ਜਦੋਂ ਗੰਭੀਰ ਕੁਪੋਸ਼ਣ ਕਰ ਕੇ ਵਿਸ਼ਵ ਸਿਹਤ ਸੰਗਠਨ ਦੇ ਮਿਆਰਾਂ ਅਨੁਸਾਰ ਉਮਰ ਮੁਤਾਬਿਕ ਕੱਦ ਨਾ ਵਧੇ; ਦੂਜਾ, ਕਮਜ਼ੋਰੀ (wasting) ਦਾ ਮਤਲਬ ਹੁੰਦਾ ਹੈ, ਜਦੋਂ ਬੱਚੇ ਕੁਪੋਸ਼ਣ ਕਾਰਨ ਉਮਰ ਤੇ ਕੱਦ ਮੁਤਾਬਿਕ ਜ਼ਿਆਦਾ ਦੁਬਲੇ ਪਤਲੇ ਹੋਣ ਅਤੇ ਤੀਜਾ, ਔਸਤ ਨਾਲੋਂ ਘੱਟ ਭਾਰ (under-weight) ਦਾ ਭਾਵ, ਜਦੋਂ ਬੱਚਿਆਂ ਦਾ ਭਾਰ ਕੱਦ ਅਤੇ ਉਮਰ ਮੁਤਾਬਕ ਮਿਆਰਾਂ ਨਾਲੋਂ ਕਿਤੇ ਘੱਟ ਹੋਵੇ। ਇਸ ਬਾਰੇ ਭਾਰਤ ਅਤੇ 10 ਰਾਜਾਂ ਦੇ ਅੰਕੜਿਆਂ ਦਾ ਅਧਿਐਨ ਕਰਾਂਗੇ; ਪੰਜ ਰਾਜ ਜਿੱਥੇ ਬੱਚਿਆਂ ਵਿੱਚ ਕੁਪੋਸ਼ਣ ਵੱਡੇ ਪੱਧਰ 'ਤੇ ਹੈ ਅਤੇ ਪੰਜ ਉਹ ਰਾਜ ਜਿੱਥੇ ਬੱਚਿਆਂ ਵਿੱਚ ਕੁਪੋਸ਼ਣ ਮੁਕਾਬਲਤਨ ਘੱਟ ਹੈ। ਇਸ ਦੇ ਨਾਲ ਹੀ ਬੱਚਿਆਂ ਦੇ ਕੁਪੋਸ਼ਣ ਬਾਰੇ ਇਕ-ਦੋ ਹੋਰ ਮੁੱਖ ਪਹਿਲੂਆਂ ਬਾਰੇ ਛਾਣਬੀਣ ਕਰਾਂਗੇ।



ਪੋਸ਼ਣ ਟਰੈਕਰ 2025 ਦੇ ਅੰਕੜੇ ਦੱਸਦੇ ਹਨ ਕਿ 0-5 ਸਾਲ ਦੇ ਬੱਚਿਆਂ ਦੀ ਕੁੱਲ ਆਬਾਦੀ ਦਾ ਇਕ ਤਿਹਾਈ ਤੋਂ ਵੱਧ ਹਿੱਸਾ (37.07%) ਗੰਭੀਰ ਕੁਪੋਸ਼ਣ ਦਾ ਸ਼ਿਕਾਰ ਹੋਣ ਕਾਰਨ ਸਰੀਰਕ ਤੌਰ 'ਤੇ ਮਿਆਰਾਂ ਅਨੁਸਾਰ ਵਿਕਾਸ ਨਹੀਂ ਕਰਦਾ; ਇਹ ਬੱਚੇ ਤੰਦਰੁਸਤ ਨਹੀਂ ਅਤੇ ਇਨ੍ਹਾਂ ਦਾ ਕੱਦ ਛੋਟਾ ਰਹਿ ਜਾਂਦਾ ਹੈ। ਕੁਪੋਸ਼ਣ ਕਰ ਕੇ ਲੱਗਭਗ 5.46% ਬੱਚੇ ਦੁਬਲੇ ਪਤਲੇ ਰਹਿ ਰਹੇ ਹਨ ਅਤੇ 15.93% ਬੱਚਿਆਂ ਦਾ ਉਮਰ ਤੇ ਕੱਦ ਮੁਤਾਬਿਕ ਭਾਰ ਬਹੁਤ ਘੱਟ ਹੈ। ਵੱਧ ਕੁਪੋਸ਼ਣ ਦਾ ਸ਼ਿਕਾਰ ਰਾਜਾਂ ਜਿਵੇਂ ਉੱਤਰ ਪ੍ਰਦੇਸ਼ ਵਿੱਚ 48.83%, ਝਾਰਖੰਡ ਵਿੱਚ 43.26, ਮੱਧ ਪ੍ਰਦੇਸ਼ ਵਿੱਚ 42.09, ਬਿਹਾਰ ਵਿੱਚ 42.68 ਅਤੇ ਅਸਾਮ ਵਿੱਚ 42.94% ਬੱਚੇ ਗੰਭੀਰ ਕੁਪੋਸ਼ਣ ਦਾ ਸ਼ਿਕਾਰ ਹੋਣ ਕਾਰਨ ਕੱਦ ਵਿੱਚ ਛੋਟੇ ਰਹਿ ਜਾਂਦੇ ਹਨ ਅਤੇ ਤੰਦਰੁਸਤ ਨਹੀਂ। ਇਵੇਂ ਹੀ ਇਨ੍ਹਾਂ ਰਾਜਾਂ ਵਿੱਚ 5 ਤੋਂ 9% ਤੱਕ ਬੱਚੇ ਦੁਬਲੇ ਪਤਲੇ ਰਹਿ ਜਾਂਦੇ ਹਨ ਅਤੇ 16 ਤੋਂ 25% ਤੱਕ ਬੱਚਿਆਂ ਦਾ ਉਮਰ ਤੇ ਕੱਦ ਮੁਤਾਬਿਕ ਭਾਰ ਬਹੁਤ ਘੱਟ ਹੈ।

ਜਦੋਂ ਘੱਟ ਕੁਪੋਸ਼ਣ ਵਾਲੇ ਰਾਜਾਂ ਦੀ ਗੱਲ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਕੇਰਲ ਵਿੱਚ 35.75%, ਤਾਮਿਲਨਾਡੂ ਵਿੱਚ 14.23, ਪੰਜਾਬ ਵਿੱਚ 17.14, ਹਰਿਆਣਾ ਵਿੱਚ 23.41 ਅਤੇ ਆਂਧਰਾ ਪ੍ਰਦੇਸ਼ ਵਿੱਚ 18.43% ਬੱਚਿਆਂ ਦਾ ਤੈਅ ਮਿਆਰਾਂ ਅਨੁਸਾਰ ਸਰੀਰਕ ਵਿਕਾਸ ਨਹੀਂ ਹੋ ਰਿਹਾ। ਇਨ੍ਹਾਂ ਰਾਜਾਂ ਵਿੱਚ 3 ਤੋਂ 5% ਬੱਚੇ ਦੁਬਲੇ ਪਤਲੇ ਰਹਿ ਜਾਂਦੇ ਹਨ ਅਤੇ 5 ਤੋਂ 10% ਬੱਚਿਆਂ ਦਾ ਉਮਰ ਤੇ ਕੱਦ ਮੁਤਾਬਿਕ ਭਾਰ ਘੱਟ ਹੈ। ਬੱਚਿਆਂ ਦੀ ਸਿਹਤ ਬਾਰੇ ਦੋ ਹੋਰ ਅਹਿਮ ਮੁੱਦਿਆਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਪਹਿਲਾ, ਨਵਜੰਮੇ ਬੱਚਿਆਂ ਵਿੱਚ ਪਹਿਲੇ 29 ਦਿਨਾਂ ਦੇ ਅੰਦਰ ਮੌਤ ਦੀ ਦਰ (Neo Natal Mortality Rate)। ਜਦੋਂ ਇਸ ਸਬੰਧੀ ਅੰਕੜਿਆਂ 'ਤੇ ਨਿਗ੍ਹਾ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਦੇਸ਼ ਪੱਧਰ 'ਤੇ 1000 ਨਵਜੰਮਿਆਂ ਵਿੱਚੋਂ 19 ਬੱਚਿਆਂ ਦੀ ਮੌਤ ਜਨਮ ਹੋਣ ਤੋਂ ਬਾਅਦ 29 ਦਿਨਾਂ ਦੇ ਅੰਦਰ-ਅੰਦਰ ਹੋ ਜਾਂਦੀ ਹੈ। ਇਹ ਦਰ ਗੰਭੀਰ ਕੁਪੋਸ਼ਣ ਵਾਲਿਆਂ ਰਾਜਾਂ ਜਿਵੇਂ ਮੱਧ ਪ੍ਰਦੇਸ਼ ਵਿੱਚ 29, ਉਤਰ ਪ੍ਰਦੇਸ਼ ਤੇ ਛੱਤੀਸਗੜ੍ਹ ਵਿੱਚ 27 ਅਤੇ ਉੜੀਸਾ ਵਿੱਚ 23 ਹੈ। ਘੱਟ ਕੁਪੋਸ਼ਣ ਵਾਲੇ ਰਾਜਾਂ ਜਿਵੇਂ ਕੇਰਲ ਵਿੱਚ 5, ਤਾਮਿਲਨਾਡੂ ਵਿੱਚ 8, ਮਹਾਰਾਸ਼ਟਰ ਵਿੱਚ 11 ਅਤੇ ਪੰਜਾਬ ਵਿੱਚ 12 ਹੈ। ਦੂਜਾ, ਬੱਚਿਆਂ ਦਾ ਜਨਮ ਹੋਣ ਤੋਂ ਬਾਅਦ ਪੰਜ ਸਾਲ ਪੂਰੇ ਹੋਣ ਤੋਂ ਪਹਿਲਾਂ ਹੀ ਮੌਤ ਹੋਣ ਦੀ ਦਰ (Under E Mortality Rate) ਦਾ ਮੁੱਦਾ ਵੀ ਬਹੁਤ ਮਹੱਤਤਾ ਰੱਖਦਾ ਹੈ। ਅੰਕੜੇ ਦੱਸਦੇ ਹਨ ਕਿ ਇਹ ਮੌਤ ਦਰ ਦੇਸ਼ ਪੱਧਰ 'ਤੇ 1000 ਬੱਚਿਆਂ ਪਿੱਛੇ 30 ਹੈ; ਵੱਧ ਕੁਪੋਸ਼ਣ ਦਾ ਸ਼ਿਕਾਰ ਰਾਜਾਂ ਜਿਵੇਂ ਮੱਧ ਪ੍ਰਦੇਸ਼ ਵਿੱਚ 47, ਉਤਰ ਪ੍ਰਦੇਸ਼ ਵਿੱਚ 42, ਛੱਤੀਸਗੜ੍ਹ ਵਿੱਚ 41 ਅਤੇ ਉੜੀਸਾ ਵਿੱਚ 37 ਹੈ। ਇਹ ਘੱਟ ਕੁਪੋਸ਼ਣ ਵਾਲੇ ਰਾਜਾਂ ਜਿਵੇਂ ਕੇਰਲ ਵਿੱਚ 9, ਤਾਮਿਲਨਾਡੂ ਵਿੱਚ 13, ਮਹਾਰਾਸ਼ਟਰ ਵਿੱਚ 16 ਅਤੇ ਪੰਜਾਬ ਵਿੱਚ 19 ਹੈ। ਦੇਸ਼ ਵਿੱਚ ਬੱਚਿਆਂ ਵਿੱਚ ਗੰਭੀਰ ਕੁਪੋਸ਼ਣ ਦੇ ਕਈ ਕਾਰਨ ਹਨ। ਮੁੱਖ ਕਾਰਨ ਆਮ ਗ਼ਰੀਬੀ ਅਤੇ ਵੱਡੇ ਪੱਧਰ 'ਤੇ ਆਰਥਿਕ ਤੇ ਸਮਾਜਿਕ ਨਾ-ਬਰਾਬਰੀ ਹੈ ਜਿਸ ਕਾਰਨ ਆਬਾਦੀ ਦੇ ਵੱਡੇ ਹਿੱਸੇ ਦੀ ਸੰਤੁਲਿਤ ਭੋਜਨ ਤੇ ਖ਼ੁਰਾਕ ਤੱਕ ਪਹੁੰਚ ਨਹੀਂ। ਇਸੇ ਕਰ ਕੇ ਬਹੁਤੇ ਲੋਕ ਬਿਮਾਰੀਆਂ ਵਿੱਚ ਜਕੜੇ ਜਾਂਦੇ ਹਨ। ਸਿਹਤ ਦੀਆਂ ਹੋਰ ਅਲਾਮਤਾਂ ਬਾਰੇ ਥੋੜ੍ਹਾ ਵੀ ਗਿਆਨ ਨਾ ਹੋਣਾ ਸਮੱਸਿਆ ਨੂੰ ਹੋਰ ਵਧਾ ਦਿੰਦਾ ਹੈ। ਆਬਾਦੀ ਦੇ ਵੱਡੇ ਹਿੱਸੇ ਦਾ ਅਨਪੜ੍ਹ ਅਤੇ ਘੱਟ ਪੜ੍ਹਿਆ ਹੋਣਾ ਵੀ ਇਸ ਸਮੱਸਿਆ ਲਈ ਜ਼ਿੰਮੇਵਾਰ ਹਨ।

ਉਪਰੋਕਤ ਅਧਿਐਨ ਸਪੱਸ਼ਟ ਦਰਸਾਉਂਦਾ ਹੈ ਕਿ ਸਭ ਕੁਝ ਠੀਕ ਨਹੀਂ। ਕੇਂਦਰ ਸਰਕਾਰ ਨੇ ਭਾਵੇਂ ਰਾਜ ਸਰਕਾਰਾਂ ਦੇ ਸਹਿਯੋਗ ਨਾਲ ਆਂਗਨਵਾੜੀ ਸੈਂਟਰਾਂ ਦੇ ਨਾਲ-ਨਾਲ ਹੋਰ ਬਹੁਤ ਸਾਰੀਆ ਸੰਸਥਾਵਾਂ ਅਤੇ ਸੰਗਠਨ ਖੋਲ੍ਹੇ ਹਨ ਪਰ ਬੱਚਿਆਂ ਵਿੱਚ ਕੁਪੋਸ਼ਣ ਦੀਆਂ ਸਮੱਸਿਆਵਾਂ ਦੂਰ ਕਰਨ ਵਿੱਚ ਓਨੀ ਕਾਮਯਾਬੀ ਅਜੇ ਹਾਸਲ ਨਹੀਂ ਹੋਈ। ਪਿਛਲੇ ਸਾਲਾਂ ਨਾਲੋਂ ਬੱਚਿਆਂ ਵਿੱਚ ਕੁਪੋਸ਼ਣ ਦੀ ਸਮੱਸਿਆ ਭਾਵੇਂ ਕੁਝ ਘਟੀ ਹੈ, ਜਿਵੇਂ ਤੈਅ ਮਿਆਰਾਂ ਅਨੁਸਾਰ ਸਰੀਰਕ ਵਿਕਾਸ ਦੇ ਮਾਮਲੇ ਵਿੱਚ ਗਿਣਤੀ ਬੱਚਿਆਂ ਦੀ ਕੁੱਲ ਆਬਾਦੀ ਦਾ ਹਿੱਸਾ 39% ਤੋਂ ਘਟ ਕੇ 37.07 % ਰਹਿ ਗਿਆ ਹੈ ਪਰ ਅਜੇ ਵੀ ਇਹ ਗੰਭੀਰ ਸ਼ ?ਰੇਣੀ ਵਿੱਚ ਹੈ। ਇਹ ਸਭ ਉਦੋਂ ਵਾਪਰ ਰਿਹਾ ਹੈ ਜਦੋਂ ਦੇਸ਼ ਵਾਸੀਆਂ ਨੂੰ ਸਭ ਕੁਝ ਠੀਕ ਹੋਣ ਦੇ ਸਬਜ਼ਬਾਗ ਦਿਖਾਏ ਜਾ ਰਹੇ ਹਨ। ਸਰਕਾਰਾਂ ਨੂੰ ਬੱਚਿਆਂ ਦੀ ਸਿਹਤ ਦੇ ਅਜਿਹੇ ਹਾਲਾਤ ਤੋਂ ਸਬਕ ਸਿੱਖਣਾ ਚਾਹੀਦਾ ਹੈ ਅਤੇ ਕੁਪੋਸ਼ਣ ਦੂਰ ਕਰਨ ਲਈ ਬਜਟ ਵਿੱਚ ਵਧੇਰੇ ਫੰਡਾਂ ਦਾ ਬੰਦੋਬਸਤ ਕਰਨਾ ਚਾਹੀਦਾ ਹੈ, ਹਾਲਤ ਸੁਧਾਰਨ ਲਈ ਸੰਜੀਦਾ ਉਪਰਾਲੇ ਕਰਨੇ ਚਾਹੀਦੇ ਹਨ। ਸਰਕਾਰ ਸਿਹਤ ਸਹੂਲਤਾਂ ਅਤੇ ਸਿੱਖਿਆ ਉਤੇ ਖ਼ਰਚ ਵਧਾ ਕੇ ਆਮ ਲੋਕਾਂ ਨੂੰ ਸਮੇਂ ਦੇ ਹਾਣ ਦੇ ਬਣਾਉਣ ਤਾਂ ਜੋ ਬੱਚਿਆਂ ਵਿੱਚ ਕੁਪੋਸ਼ਣ ਦੀ ਸਮੱਸਿਆ ਵੱਲ ਧਿਆਨ ਦਿੱਤਾ ਜਾ ਸਕੇ।

AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD